Digitized by Arya Samaj Foundation Chennai and eGangotri

ਗੁਰਬਾਣੀ ਸਭਿਆਚਾਰ

ਗੁਰਚਰਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
8205

DONATION

पुस्तकालय
गुरुकुल कांगड़ी विश्वविद्यालय

Forwarded free of Cost, and with the
Compliments of Ministry of Education,
Govt. of India, New Delhi

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਗੁਰਬਾਣੀ ਸਭਿਆਚਾਰ

पुस्तकालय
पुस्तकालय
गुरुकुल कांगड़ी विश्वविद्यालय

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

- ਬਾਣੀ ਕੇਂਦਰ ਤੇ ਵਿਕੇਂਦਰ (ਆਲੋਚਨਾ) 1979
- ਗੁਲੇਰੀਆ-ਕਾਵਿ (ਸੰਪਾਦਨ) 1986
- ਭਾਈ ਵੀਰ ਸਿੰਘ ਦੇ ਪੱਤਰ/ਪ੍ਰਵਚਨ (ਸੰਪਾਦਨਾ) 1990
- ਗੁਰਬਾਣੀ ਦਾ ਰਹਾਓ ਸ਼ਾਸਤਰ (ਆਲੋਚਨਾ) 1992
- ਆਧੁਨਿਕ ਵਾਰਤਕ ਵੰਨਗੀ (ਸੰਪਾਦਨਾ) 1992

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ ਸਭਿਆਚਾਰ
ਦੇ
ਬਦਲਦੇ ਪ੍ਰਤਿਮਾਨ

DONATION

ਪੁਸਤਕਾਲਯ ... ਵਿਸ਼ਵਵਿਦਯਾਲਯ

8305

ਗੁਰਚਰਨ ਸਿੰਘ
ਪੀਐਚ. ਡੀ.

Forwarded free of Cost, and with the Compliments of Deptt. of Education, Govt. of India, New Delhi

ਵਾਰਿਸ ਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Gurbani Sabhyachar De Badlde Pratiman
(Criticism)
by Dr. Gurcharan Singh
Reader
Post-Graduate Department of Punjabi
Delhi University, Delhi

ਪਹਿਲੀ ਵਾਰ : 1993

ਮੁੱਲ : 125 ਰੁਪਏ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਊਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ. ਖਾਲਸਾ ਕਾਲਜ
ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ
ਗੁਰੂ ਨਾਨਕਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋਫੈਸਰ ਤਰਲੋਕ ਸਿੰਘ ਕੰਵਰ

ਦੇ ਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Dr. Gurcharan Singh
I A/37 C, Ashoke Vihar
Delhi—110052

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the Compliments of Deptt of Education, Govt. of India, New Delhi

ਮੁੱਖ ਸ਼ਬਦ

'ਗੁਰਬਾਣੀ ਸਭਿਆਚਾਰ ਦੇ ਬਦਲਦੇ ਪ੍ਰਤਿਮਾਨ' ਡਾ. ਗੁਰਚਰਨ ਸਿੰਘ ਦੀ ਗੁਰਬਾਣੀ-ਪਰੰਪਰਾ ਨੂੰ ਅਧਿਐਨ ਦਾ ਵਿਸ਼ੈ ਬਣਾਉਣ ਵਾਲੀ ਨਵੀਂ ਪੁਸਤਕ ਹੈ। ਆਮ ਤੌਰ ਉਤੇ ਵੇਖਿਆ ਜਾਂਦਾ ਹੈ ਕਿ ਕਿਸੇ ਵਿਦਵਾਨ ਦੀ ਨਵੀਨ ਪੁਸਤਕ ਉਸ ਦੀਆਂ ਪ੍ਰਕਾਸ਼ਨਾਵਾਂ ਦੀ ਗਿਣਤੀ ਵਿਚ ਵਾਧਾ ਮਾਤਰ ਹੁੰਦੀ ਹੈ, ਪਰ ਡਾ. ਗੁਰਚਰਨ ਸਿੰਘ ਗੁਰਬਾਣੀ-ਸਾਹਿਤ ਦਾ ਇਕ ਐਸਾ ਵਿਦਵਾਨ ਹੈ ਜਿਸ ਨੇ ਆਪਣੀ ਅਧਿਐਨ-ਪ੍ਰਕਿਰਿਆ ਦੇ ਹਰ ਬਿੰਦੂ ਉਪਰ ਵਿਕਾਸ ਕੀਤਾ ਹੈ। ਵਿਕਾਸ ਜਦੋਂ ਨਿਯੋਜਿਤ ਹੁੰਦਾ ਹੈ, ਉਸ ਵਿਚ ਰੂਪਾਂਤ੍ਰਣ ਹੁੰਦਾ ਹੈ । ਇਹ ਰੂਪਾਂਤ੍ਰਣ ਅਧਿਐਨ ਦਾ ਵਿਸ਼ਾ ਬਣਨ ਵਾਲੀ ਸਮਗਰੀ ਨੂੰ ਗਿਆਨ-ਵਿਗਿਆਨ ਦੇ ਬਦਲਦੇ ਪਰਿਪੇਖਾਂ ਵਿਚ ਪ੍ਰਸਤੁਤ ਕਰਨ ਨਾਲ ਸੰਬੰਧਿਤ ਹੁੰਦਾ ਹੈ। ਐਸੇ ਬਦਲਦੇ ਪਰਿਪੇਖ ਅਵੱਸ਼ ਹੀ ਕਿਸੇ ਪਰਿਪਾਟੀ ਦੀ ਅਧਿਐਨ ਪ੍ਰਕਿਰਿਆ ਨੂੰ ਅਗਾਂਹ ਤੋਰਨ ਵਾਲੇ ਹੁੰਦੇ ਹਨ ਤੇ ਇਸ ਤਰ੍ਹਾਂ ਵਿਆਖਿਆ ਦੇ ਸੁਨਿਸ਼ਚਿਤ ਹੋਏ ਪ੍ਰਤਿਮਾਨਾਂ ਨਾਲ ਇਕ ਨਵਾਂ ਤੇ ਸਾਰਥਕ ਆਯਾਮ ਵਾਲਾ ਪ੍ਰਤਿਮਾਨ ਜੋੜ ਦਿੰਦੇ ਹਨ। ਡਾ. ਗੁਰਚਰਨ ਦੀ ਇਹ ਪੁਸਤਕ ਸਾਡੀ ਇਸ ਧਾਰਨਾ ਦਾ ਪ੍ਰਮਾਣਿਕ ਸਮਰਥਨ ਹੈ ।

ਪੁਸਤਕ ਦੇ ਪਾਠ ਤੋਂ ਵੀ ਸਾਡਾ ਉਪਰੋਕਤ ਵਿਚ ਬਣਿਆ ਪ੍ਰਸਤਾਵ ਹਰ ਕਦਮ ਉਪਰ ਪ੍ਰੌਢਤਾ ਪ੍ਰਾਪਤ ਕਰਦਾ ਹੈ । ਵਿਦਮਾਨ ਲੇਖਕ ਨੇ ਪੁਸਤਕ ਦੇ ਅਰੰਭਲੇ ਭਾਗ ਵਿਚ ਗੁਰਬਾਣੀ ਸੰਬੰਧੀ ਹੁਣ ਤਕ ਹੋਈ ਆਲੋਚਨਾ-ਵਿਆਖਿਆ ਦੇ ਪ੍ਰਸਤੁਤ ਹੋਏ ਪਰਿਪੇਖਾਂ ਨੂੰ ਘੋਖਿਆ-ਪਰਖਿਆ ਹੈ ਅਤੇ ਉਹਨਾਂ ਦੀ ਪਛਾਣ ਰਤਾ ਉਚੇਰੀ ਪੱਧਰ ਉਪਰ ਨਿਸ਼ਚਿਤ ਕਰਦਿਆਂ ਉਨ੍ਹਾਂ ਨੂੰ ਆਪੋ ਆਪਣੇ ਘੇਰੇ ਵਿਚ ਪਰਪੱਕ ਕਰ ਦਿੱਤਾ ਹੈ। ਅਜਿਹਾ ਕਰਨ ਨਾਲ ਇਕ ਤਾਂ ਪਰੰਪਰਾਈ ਵਿਆਖਿਆ ਵੱਖਰੇ ਪ੍ਰਤਿਮਾਨਾਂ ਵਿਚ ਉਘੜ ਆਈ ਹੈ ਤੇ ਦੂਸਰਾ ਇਸ ਜੁਗਤ ਨੇ ਲੇਖਕ ਦੀ ਆਪਣੀ ਚਿੰਤਨ-ਦਿਸ਼ਾ ਨੂੰ ਉਘਾੜਨ ਵਿਚ ਸੁਵਿਧਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਰਾਹ ਤਿਆਰ ਕਰ ਲਿਆ ਹੈ। ਵਿਦਵਾਨ ਨੂੰ ਇਹ ਹਮੇਸ਼ਾ ਜ਼ਰੂਰਤ ਹੁੰਦੀ ਹੈ ਕਿ ਉਹ ਚਰਚਾ ਦੀ ਆਪਣੀ ਦਿਸ਼ਾ ਨੂੰ ਨਿਖਾਰਨ ਲਈ ਪੂਰਬ-ਪ੍ਰਚਲਿਤ ਵਿਆਖਿਆ-ਵਿਧੀਆਂ ਦਾ ਇਕ ਨਿੱਖੜਵਾਂ ਤੇ ਨਿਖੇੜਵਾਂ ਪ੍ਰਸੰਗ ਤਿਆਰ ਕਰ ਲਵੇ। ਡਾ. ਗੁਰਚਰਨ ਸਿੰਘ ਨੇ ਆਪਣੀ ਇਸ ਯਾਤਰਾ ਵਿਚ ਅਜਿਹਾ ਅਵੱਸ਼ ਹੀ ਕੀਤਾ ਹੈ ਅਤੇ ਅਜਿਹੇ ਕਾਰਜ ਵਿਚ ਉਸ ਨੇ ਅਧਿਐਨ ਦੇ ਜੁਗਤ-ਵਿਗਿਆਨ ਦੀ ਅਚੇਤ ਹੀ ਇਕ ਦਿਸ਼ਾ ਪ੍ਰਸਤੁਤ ਕਰ ਦਿੱਤੀ ਹੈ। ਇਸ ਤੋਂ ਉਪਰੰਤ ਵਿਦਵਾਨ ਨੇ ਆਪਣੇ ਜਿਸ ਪ੍ਰਤਿਮਾਨ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ, ਉਸ ਦਾ ਸੰਬੰਧ ਗੁਰਬਾਣੀ ਨੂੰ ਗੁਰਬਾਣੀ ਰਾਹੀਂ ਜਾਣਨ ਦੀ ਜਗਿਆਸ ਨਾਲ ਜੁੜਿਆ ਹੋਇਆ ਹੈ। ਪਹਿਲੇ ਵਿਦਵਾਨਾਂ ਵਿਚ ਬਾਹਰਲੀਆਂ ਸਿਧਾਂਤਕ ਪਰਪਾਟੀਆਂ ਦੇ ਮਹੱਤਵ ਦੇ ਆਧਾਰ ਉਤੇ ਗੁਰਬਾਣੀ ਨੂੰ ਜਾਣਨ ਬੁੱਝਣ ਦੇ ਪ੍ਰਯਾਸ ਹੋਏ ਹਨ, ਪਰ ਹੱਥਲਾ ਯਤਨ ਗੁਰਬਾਣੀ ਦੇ ਪਾਠ ਦੀਆਂ ਗਹਿਰਾਈਆਂ ਵਿਚ ਪਰਵੇਸ਼ ਕਰਨ ਦਾ ਯਤਨ ਹੈ।

ਅਧਿਐਨ ਦੀ ਇਸ ਦਿਸ਼ਾ ਵਲ ਮੁੜਨ ਦੀ ਗੱਲ ਭਾਵੇਂ ਵੀਹਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਵਿਕਸਿਤ ਹੋਏ ਗਿਆਨ-ਵਿਗਿਆਨ ਦੇ ਨਵੇਂ ਮਾਪਦੰਡਾਂ ਨੇ ਸ਼ੁਰੂ ਕੀਤੀ ਪਰ ਇਨ੍ਹਾਂ ਮਾਪਦੰਡਾਂ ਨੇ ਦੇਸੀ ਪਰੰਪਰਾਵਾਂ ਨੂੰ ਓਪਰੇ ਵਿਚਾਰਾਂ ਸਿਧਾਂਤਾਂ ਉਪਰ ਉਤਾਰਨ ਦੀ ਬਜਾਏ, ਪਰੰਪਰਾਵਾਂ ਦੇ ਅੰਤਰਗਤ ਪਏ ਨੇਮਾਂ ਨੂੰ ਉਘਾੜਨ ਦੀ ਪ੍ਰੇਰਨਾ ਦਿੱਤੀ ਹੈ। ਇਸੇ ਪਰਵਿਰਤੀ ਦੇ ਤਹਿਤ ਡਾ. ਗੁਰਚਰਨ ਸਿੰਘ ਗੁਰਬਾਣੀ-ਵਿਆਖਿਆ ਦੇ ਨਵੇਂ ਪ੍ਰਤਿਮਾਨਾਂ ਨੂੰ ਉਸਾਰਨ ਵਲ ਰੁਚਿਤ ਨਜ਼ਰ ਆਉਂਦਾ ਹੈ ਅਤੇ ਹੱਥਲੀ ਪੁਸਤਕ ਇਸ ਪਾਸੇ ਵਲ ਚੁਕਿਆ ਇਹ ਪੱਕਾ ਤੇ ਪ੍ਰਮਾਣਿਕ ਕਦਮ ਹੈ।

ਤਰਲੋਕ ਸਿੰਘ ਕੰਵਰ,
ਪ੍ਰੋਫੈਸਰ
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਭਾਗ ਪਹਿਲਾ

ਗੁਰਬਾਣੀ ਵਿਆਖਿਆ-ਸਮੀਖਿਆ ਦੇ ਬਦਲਦੇ ਪ੍ਰਤਿਮਾਨ

(ੳ) ਸੰਪਰਦਾਈ ਵਿਆਖਿਆਕਾਰ
(1) ਪੁਰਾਤਨ ਜਨਮ ਸਾਖੀ 11
(2) ਭਾਈ ਗੁਰਦਾਸ 16
(3) ਸੋਢੀ ਮਿਹਰਵਾਨ 24
(4) ਭਾਈ ਮਨੀ ਸਿੰਘ 28
(ਅ) ਸੰਪਰਦਾਈ ਵਿਆਖਿਆ-ਸਮੀਖਿਆ ਦਾ ਨਵੀਨ ਪ੍ਰਸੰਗ
(1) ਭਾਈ ਵੀਰ ਸਿੰਘ 32
(2) ਪ੍ਰੋ. ਸਾਹਿਬ ਸਿੰਘ 36
(3) ਪ੍ਰਿੰ. ਜੋਧ ਸਿੰਘ 41
(4) ਪ੍ਰਿੰ. ਤੇਜਾ ਸਿੰਘ 45
(5) ਡਾ. ਮੋਹਨ ਸਿੰਘ 47
(6) ਡਾ. ਗੋਪਾਲ ਸਿੰਘ 47
(7) ਡਾ. ਸੁਰਿੰਦਰ ਸਿੰਘ ਕੋਹਲੀ 51
(8) ਡਾ. ਤਾਰਨ ਸਿੰਘ 52
(ੲ) ਸਮਾਜ-ਸ਼ਾਸਤ੍ਰੀ ਵਿਆਖਿਆ-ਸਮੀਖਿਆ
(1) ਪ੍ਰਿੰ. ਸੰਤ ਸਿੰਘ ਸੇਖੋਂ 55
(2) ਪ੍ਰੋ. ਕਿਸ਼ਨ ਸਿੰਘ 58
(ਸ) ਸੁਹਜ ਸ਼ਾਸਤ੍ਰੀ/ਕਾਵਿ-ਸ਼ਾਸਤਰੀ ਵਿਆਖਿਆ-ਸਮੀਖਿਆ
(1) ਪ੍ਰੋ. ਹਰਿਭਜਨ ਸਿੰਘ 61
(ਹ) ਸਭਿਆਚਾਰ-ਵਿਗਿਆਨ/ਚਿਹਨ-ਵਿਗਿਆਨ ਆਧਾਰੀ ਵਿਆਖਿਆ ਸਮੀਖਿਆ
(1) ਪ੍ਰੋ. ਤਰਲੋਕ ਸਿੰਘ ਕੰਵਰ 63

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਗ ਦੂਜਾ

ਗੁਰਬਾਣੀ-ਸਭਿਆਚਾਰ : ਪੈਟਰਨ-ਬੱਧ ਪ੍ਰਵਚਨ-ਪ੍ਰਬੰਧ

(ੳ) ਪੈਟਰਨ-ਬੱਧ ਪ੍ਰਵਚਨ-ਪ੍ਰਬੰਧ ਦਾ ਸੰਕਲਪ 69

(ਅ) ਪ੍ਰਾਕਿਰਤਿਕ ਨਿਰੰਤਰਤਾ ਤੇ ਨਿਯੰਤ੍ਰਿਤ ਸਭਿਆਚਾਰ ਦਾ ਪੈਟਰਨ 86

(ੲ) ਗੁਰਬਾਣੀ ਦੀ ਧਰਮ-ਦ੍ਰਿਸ਼ਟੀ : ਜਪੁ ਜੀ ਦੇ ਆਧਾਰ ਉਤੇ 101

(ਸ) ਜਪੁ ਜੀ : ਸਿਧਾਂਤ ਮੁੱਖ ਪੈਟਰਨ-ਪ੍ਰਬੰਧ 114

(ਹ) ਗੁਰਬਾਣੀ ਪ੍ਰਵਚਨ ਦੇ ਪ੍ਰਬੰਧੀ ਪੈਟਰਨ 120

(ਕ) ਗੁਰਬਾਣੀ-ਪ੍ਰਵਚਨ ਦੀ ਵਿਕਾਸ ਯਾਤਰਾ 131

ਸਹਾਇਕ ਪੁਸਤਕ ਸੂਚੀ 153

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਾਣੀ-ਅਧਿਐਨ-ਪਰੰਪਰਾ ਦਾ ਸਰਵੇਖਣ

ਗੁਰਬਾਣੀ-ਸਿਰਜਨ ਦੇ ਨਾਲ ਹੀ ਗੁਰਬਾਣੀ-ਅਧਿਐਨ-ਪਰੰਪਰਾ ਦਾ ਅਰੰਭ ਹੋ ਜਾਂਦਾ ਹੈ। ਇਸ ਅਧਿਐਨ-ਪਰੰਪਰਾ ਦਾ ਇਕ ਇਤਿਹਾਸਕ ਸੰਦਰਭ ਹੈ ਤੇ ਇਕ ਵਰਤਮਾਨ ਪ੍ਰਸੰਗ। ਇਤਿਹਾਸਕ ਸੰਦਰਭ ਦਾ ਸਰਵੇਖਣ ਪਹਿਲਾਂ ਪੇਸ਼ ਕਰਨਾ ਇਸ ਲਈ ਲਾਜ਼ਮੀ ਹੈ ਤਾਕਿ ਪਹਿਲਾਂ ਅਸੀਂ ਗੁਰਬਾਣੀ-ਅਧਿਐਨ ਲਈ ਅੱਜ ਤਕ ਵਰਤੀਆਂ ਜਾ ਚੁੱਕੀਆਂ ਪ੍ਰਣਾਲੀਆਂ ਤੇ ਉਨ੍ਹਾਂ ਦੁਆਰਾ ਦਿੱਤੀਆਂ ਗਈਆਂ ਅੰਤਰ-ਦ੍ਰਿਸ਼ਟੀਆਂ ਨੂੰ ਆਪਣੇ ਸਨਮੁੱਖ ਕਰ ਸਕੀਏ ਤੇ ਫ਼ਿਰ ਆਪਣੇ ਅਜੋਕੇ ਗਿਆਨ-ਵਿਗਿਆਨ ਦੇ ਪ੍ਰਸੰਗ ਵਿਚ ਗੁਰਬਾਣੀ-ਅਧਿਐਨ ਦੀ ਭਵਿਖਾਰਥੀ ਦਿਸ਼ਾ ਨੂੰ ਨਿਸ਼ਚਿਤ ਕਰੀਏ। ਗਿਆਨ-ਵਿਗਿਆਨ ਦੇ ਖੇਤਰ ਵਿਚ ਕਿਸੇ ਪਰੰਪਰਾ ਦੇ ਸਾਂਸਕ੍ਰਿਤਿਕ ਵਿਕਾਸ ਦੀ ਦਿਸ਼ਾ ਵੀ ਇਹੋ ਹੈ।

ਇਸ ਲਈ ਪਹਿਲੇ ਅਧਿਆਇ ਵਿਚ ਅਸੀਂ ਗੁਰਬਾਣੀ-ਅਧਿਐਨ ਦੀਆਂ ਪ੍ਰਮੁੱਖ ਪ੍ਰਣਾਲੀਆਂ ਦੀਆਂ ਪ੍ਰਾਪਤੀਆਂ/ਅਪ੍ਰਾਪਤੀਆਂ ਨੂੰ ਇਸ ਪੱਖੋਂ ਚਰਚਾ ਦਾ ਵਿਸ਼ਾ ਬਣਾਇਆ ਹੈ। ਅਜਿਹੇ ਯਤਨ ਨਾਲ ਅਸੀਂ ਆਪਣੇ ਅਧਿਐਨ ਨੂੰ ਸਹੀ ਦਿਸ਼ਾ ਵੀ ਦੇ ਸਕਾਂਗੇ ਤੇ ਬੇਲੋੜੇ ਦੁਹਰਾਉ ਤੋਂ ਵੀ ਬਚ ਸਕਾਂਗੇ।

ਗੁਰਬਾਣੀ-ਅਧਿਐਨ-ਪਰੰਪਰਾ ਦਾ ਵਿਵੇਚਨ ਅਰੰਭਣ ਤੋਂ ਪਹਿਲਾਂ ਸਮੀਖਿਆ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਕਰ ਲੈਣਾ ਉਚਿਤ ਜਾਪਦਾ ਹੈ। ਸਮੀਖਿਆ ਤੋਂ ਇਥੇ ਸਾਡਾ ਭਾਵ ਅੱਜ ਦੇ ਵਿਗਿਆਨਕ ਯੁਗ ਵਿਚ ਵਿਕਸਿਤ ਹੋਈ ਅਨੁਸ਼ਾਸਨ-ਬੱਧ ਆਲੋਚਨਾ-ਵਿਧੀ ਤੋਂ ਹੀ ਨਹੀਂ, ਸਗੋਂ ਉਸ ਦ੍ਰਿਸ਼ਟੀ-ਸੰਸਕਾਰ ਤੋਂ ਵੀ ਹੈ, ਜੋ ਪੂਰਬ-ਰਚਿਤ ਕਿਰਤ ਨੂੰ ਅਧਿਐਨ ਦਾ ਆਧਾਰ ਬਣਾਉਂਦਾ ਹੈ।

ਮਨੁੱਖ ਦੀਆਂ ਸਾਰੀਆਂ ਸਾਂਸਕ੍ਰਿਤਿਕ ਪ੍ਰਾਪਤੀਆਂ ਇਸੇ ਸੰਸਕਾਰ ਦੁਆਰਾ ਹੀ ਸੰਭਵ ਹੁੰਦੀਆਂ ਹਨ। ਇਉਂ ਸਮੁੱਚੇ ਸਭਿਆਚਾਰ ਵਿਚ ਆਲੋਚਨਾ ਦਾ ਬੜਾ ਮਹੱਤਵ ਹੈ। ਅਸਲ ਵਿਚ, ਮਨੁੱਖ ਦੀ ਚਿੰਤਨ-ਪ੍ਰਕਿਰਿਆ ਦੇ ਅਰੰਭ ਹੋਣ ਦੇ ਨਾਲ ਹੀ ਆਲੋਚਨਾਮਤ-ਸੰਸਕਾਰ ਕਾਰਜਸ਼ੀਲ ਹੋ ਜਾਂਦਾ ਹੈ। ਅੱਖਾਂ ਖੋਲ੍ਹਦਿਆਂ ਹੀ ਮਨੁੱਖ ਆਪਣੇ ਆਪ ਨੂੰ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਮਣੇ ਪਸਰੇ ਵਸਤੂ-ਜਗਤ ਵਿਚ ਖਲਤਾ ਵੇਖਦਾ ਹੈ। ਇਹ ਵਾਸਤਵਿਕਤਾ ਦਾ ਜਗਤ ਹੈ। ਮਨੁੱਖ ਦੀ ਮੁੱਢਲੀ ਸਮਸਿਆ ਵਸਤੂ-ਸੰਸਾਰ ਨੂੰ ਸਮਝਣ-ਸਮਝਾਉਣ ਤੇ ਇਸ ਨੂੰ ਆਪਣੇ ਵਸਗਤ ਕਰ ਲੈਣ ਦੀ ਹੁੰਦੀ ਹੈ। ਇਸ ਲਈ ਮਨੁੱਖ ਇਸ ਦਿਸਦੇ-ਪ੍ਰਪੰਚ ਨਾਲ ਸੰਬੰਧ ਸਥਾਪਿਤ ਕਰਨ ਦੀ ਯਾਤਰਾ ਅਰੰਭ ਕਰਦਾ ਹੈ। ਇਹ ਯਾਤਰਾ ਵਾਸਤਵਿਕਤਾ ਤੋਂ ਮਾਨਸਿਕਤਾ ਵੱਲ ਵਧਣ ਦੀ ਹੈ। ਸਮੀਖਿਆ-ਸੰਸਕਾਰ ਇਸ ਯਾਤਰਾ ਦਾ ਅਨਿਵਾਰ ਅੰਗ ਹੈ। ਵਾਤਾਵਰਨ ਵਿਚ ਖੜੋਤਾ ਮਨੁੱਖ ਉਘੜ-ਦੁਘੜੀ ਸਥਿਤੀ ਵਿਚ ਪਈਆਂ ਵਸਤਾਂ ਨੂੰ ਵੇਖ ਰਿਹਾ ਹੁੰਦਾ ਹੈ। ਇਹ ਧੁੰਧੂਕਾਰ ਦੀ ਅਵਸਥਾ ਹੈ, ਜਿਸ ਵਿਚ ਸਭ ਕੁਝ ਵਿਗਠਨਾਤਮਕ ਸਥਿਤੀ ਵਿਚ ਪਿਆ ਹੁੰਦਾ ਹੈ। ਧੁੰਧੂਕਾਰ ਦਾ ਅਜਿਹਾ ਵਿਗਠਨ ਮਨੁੱਖ ਲਈ ਵੰਗਾਰ ਬਣਦਾ ਹੈ। ਮਨੁੱਖ ਚਿੰਤਨ ਕਰਨਾ ਅਰੰਭ ਕਰਦਾ ਹੈ। ਅਜਿਹੀ ਸਥਿਤੀ ਵਿਚ ਚਿੰਤਨ ਦੀ ਦਿਸ਼ਾ ਧੁੰਧੂਕਾਰ ਤੋਂ ਚਲ ਕੇ ਨਿੱਖਰੀ ਸਾਰਥਕਤਾ ਤਕ ਪੁੱਜਣ ਦੀ ਹੁੰਦੀ ਹੈ। ਇਸ ਯਾਤਰਾ ਨੂੰ ਧੁੰਧੂਕਾਰ ਤੋਂ ਨੇਮ/ਪੈਟਰਨ-ਪਛਾਣ ਤਕ ਦੀ ਯਾਤਰਾ ਕਿਹਾ ਗਿਆ ਹੈ। ਨੇਮ/ਪੈਟਰਨ-ਪਛਾਣ ਦੀ ਪ੍ਰਕਿਰਿਆ ਵਿਚ ਮੁਖ ਕਾਰਜ ਵਿਸ਼ਲੇਸ਼ਣ ਦਾ ਹੈ। ਵਿਸ਼ਲੇਸ਼ਣ ਦੇ ਅਰੰਭ ਹੁੰਦਿਆਂ ਹੀ ਵਸਤੂ-ਜਗਤ ਵਿਚ ਜੋ ਕੁਝ ਪ੍ਰਾਸੰਗਕ ਹੈ ਉਸ ਨੂੰ ਮਨੁੱਖ ਆਪਣੇ ਧਿਆਨ ਦਾ ਕੇਂਦਰ ਬਣਾ ਲੈਂਦਾ ਹੈ ਤੇ ਅਪ੍ਰਾਸੰਗਕ ਨੂੰ ਪਿੱਠ-ਭੂਮੀ ਵਿਚ ਕਰ ਦਿੰਦਾ ਹੈ। ਦੂਸਰੇ ਸ਼ਬਦਾਂ ਵਿਚ ਮਨੁੱਖ ਵਿਗਠਨਾਤਮਕ ਪਿੱਠ-ਭੂਮੀ ਵਿਚੋਂ ਸੰਗਠਨਾਤਮਕ ਨੇਮ/ਪੈਟਰਨ ਨੂੰ ਪਛਾਣਨ ਵੱਲ ਵੱਧ ਰਿਹਾ ਹੁੰਦਾ ਹੈ। ਇਸ ਪ੍ਰਕਿਰਿਆ ਵਿਚ ਮਨੁੱਖ ਦੀ ਵਿਸ਼ਲੇਸ਼ਣ ਬਿਰਤੀ ਵਾਤਾਵਰਨ ਵਿਚਲੇ ਬੇਲੋੜੇ ਤੱਤਾਂ ਨੂੰ ਤਿਆਗ ਕੇ ਪਿੱਠ-ਭੂਮੀ ਵਿਚ ਕਰ ਦਿੰਦੀ ਹੈ ਅਤੇ ਲੋੜੀਂਦੇ ਤੱਤਾਂ ਨੂੰ ਚੁਣ ਕੇ ਨੇਮ/ਪੈਟਰਨ ਵਿਚ ਸੰਗਠਿਤ ਕਰ ਦਿੰਦੀ ਹੈ। ਸਾਰੀ ਪ੍ਰਕਿਰਿਆ ਵਿਚ ਚੁਣਨ ਤੇ ਤਿਆਗਣ, ਜੋੜਨ ਤੇ ਵਿਛੋੜਨ, ਵਿਗਠਨ ਤੇ ਸੰਗਠਨ ਦਾ ਦ੍ਵੈਤ ਕਾਰਜਸ਼ੀਲ ਰਹਿੰਦਾ ਹੈ। ਇਉਂ ਚੋਣ ਤੇ ਤਿਆਗ ਦਾ ਬਿਬੇਕ ਹੀ ਅਸਲ ਵਿਚ ਆਲੋਚਨਾਤਮਕ ਸੰਸਕਾਰ ਹੈ।

ਸਾਡੇ ਇਸ ਅਧਿਆਇ ਦਾ ਉਦੇਸ਼ ਗੁਰਬਾਣੀ ਦੀ ਅਜ ਤਕ ਹੋਈ ਆਲੋਚਨਾ ਦਾ ਅਧਿਐਨ ਪੇਸ਼ ਕਰਨਾ ਹੈ। ਮੱਧਕਾਲ ਵਿਚ ਗੁਰਬਾਣੀ ਇਕ ਮਹੱਤਵ-ਸ਼ਾਲੀ ਵਿਸ਼ਵ-ਦ੍ਰਿਸ਼ਟੀ ਦਾ ਦਰਜਾ ਪ੍ਰਾਪਤ ਕਰ ਜਾਂਦੀ ਹੈ। ਇਹ ਸਾਡੇ ਸਮੁੱਚੇ ਸਭਿਆਚਾਰ ਨੂੰ ਇਕ ਨਵੀਂ ਜੀਵਨ-ਦ੍ਰਿਸ਼ਟੀ ਵਿਚ ਜਗਾ ਦਿੰਦੀ ਹੈ। ਇਹੋ ਕਾਰਣ ਹੈ ਕਿ ਉਸ ਸਮੇਂ ਤੋਂ ਹੀ ਗੁਰਬਾਣੀ-ਅਧਿਐਨ ਦੀ ਇਕ ਸੰਪਰਦਾਇ ਸ਼ੁਰੂ ਹੋ ਜਾਂਦੀ ਹੈ। ਮੱਧਕਾਲ ਵਿਚ ਗੁਰਬਾਣੀ-ਅਧਿਐਨ ਦਾ ਸਭ ਤੋਂ ਪਹਿਲਾ ਯਤਨ ਗੁਰਬਾਣੀ-ਸੰਪਰਦਾਇ ਖ਼ੁਦ ਆਪ ਹੈ। ਸਾਰੀ ਬਾਣੀ ਦਾ ਮੂਲ ਗੁਰੂ ਨਾਨਕ-ਬਾਣੀ ਹੈ। ਬਾਕੀ ਗੁਰੂਆਂ ਦੀ ਬਾਣੀ ਗੁਰੂ ਨਾਨਕ-ਬਾਣੀ ਦੇ ਪੂਰਨਿਆਂ ਉੱਪਰ ਹੀ ਰਚੀ ਗਈ ਹੈ। ਬਾਕੀ ਗੁਰੂ, ਗੁਰੂ ਨਾਨਕ-ਬਾਣੀ ਵਿਚਲੇ ਸੰਦੇਸ਼ ਨੂੰ ਗ੍ਰਹਿਣ ਕਰਕੇ, ਉਸੇ ਸੰਦੇਸ਼ ਦੀ ਵਿਆਖਿਆ ਸਿਰਜਨਾਤਮਕ ਪੱਧਰ ਉੱਤੇ ਪੇਸ਼ ਕਰਦੇ ਹਨ। ਇਉਂ ਬਾਕੀ ਗੁਰੂਆਂ ਦੀ ਬਾਣੀ ਵੀ ਗੁਰੂ ਨਾਨਕ-ਬਾਣੀ ਦਾ ਅਧਿਐਨ ਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਾਤਨ ਜਨਮ-ਸਾਖੀ

ਬਾਣੀ ਤੋਂ ਉਪਰੰਤ ਬਾਣੀ-ਅਧਿਐਨ-ਸੰਪਰਦਾਇ ਵਿਚ ਜਨਮ-ਸਾਖੀ-ਪਰੰਪਰਾ ਦਾ ਖਾਸ ਮਹੱਤਵ ਹੈ। ਓਪਰੇ ਤੌਰ ਤੇ ਵੇਖਿਆਂ ਜਨਮ-ਸਾਖੀ ਪੌਰਾਣਕ ਬਿਰਤਾਂਤ ਜਾਪਦੀ ਹੈ। ਪਰ ਰਤਾ ਕੁ ਗਹੁ ਨਾਲ ਵੇਖਿਆਂ ਪਤਾ ਚਲਦਾ ਹੈ ਕਿ ਜਨਮ-ਸਾਖੀ ਬਾਣੀ-ਵਿਆਖਿਆ ਦੀ ਇਕ ਨਵੀਨ-ਵਿਧੀ ਨੂੰ ਜਨਮ ਦੇਂਦੀ ਹੈ। ਗੁਰਬਾਣੀ ਦੀ ਵਿਆਖਿਆ ਹੁਣ ਤਕ ਅਕਾਦਮਕ ਵਿਧੀ ਨਾਲ ਵੀ ਹੋਈ ਹੈ ਤੇ ਸਿਰਜਨਾਤਮਕ ਵਿਧੀ ਨਾਲ ਵੀ। ਅਕਾਦਮਕ-ਵਿਧੀ ਬਾਣੀ ਦੇ ਸ਼ਬਦ-ਪ੍ਰਬੰਧ ਉਪਰ ਧਿਆਨ ਕੇਂਦ੍ਰਿਤ ਕਰ ਕੇ ਉਸ ਵਿਚਲੇ ਸੰਦੇਸ਼ ਦੀ ਤਾਰਕਿਕ ਵਿਆਖਿਆ ਪੇਸ਼ ਕਰਦੀ ਹੈ। ਇਹ ਆਧੁਨਿਕ ਯੁਗ ਦੀ ਪ੍ਰਾਪਤੀ ਹੈ। ਪਰ ਗੁਰਬਾਣੀ ਦੀ ਮੱਧਕਾਲੀਨ-ਵਿਆਖਿਆ-ਵਿਧੀ ਆਪਣੀ ਬਿਰਤੀ ਵਿਚ ਸਿਰਜਨਾਤਮਕ ਹੀ ਰਹੀ ਹੈ। ਗੁਰਬਾਣੀ ਦੀ ਇਹ ਸੰਪਰਦਾਇਕ ਵਿਆਖਿਆ ਬਾਣੀ ਦੇ ਸ਼ਬਦ-ਪ੍ਰਬੰਧ ਉਪਰ ਧਿਆਨ ਕੇਂਦਰਿਤ ਨਹੀਂ ਕਰਦੀ। ਇਸ ਪਰੰਪਰਾ ਦਾ ਉਦੇਸ਼ ਬਾਣੀ-ਪੈਟਰਨ ਨੂੰ ਸਪਸ਼ਟ ਕਰਨ ਲਈ ਪਿੱਠ-ਭੂਮੀ ਨੂੰ ਉਸਾਰਨ ਵਿਚ ਵੇਖਿਆ ਜਾ ਸਕਦਾ ਹੈ। ਪੁਰਾਤਨ ਜਨਮ-ਸਾਖੀਕਾਰ ਅਜਿਹਾ ਹੀ ਯਤਨ ਕਰਦਾ ਪ੍ਰਤੀਤ ਹੁੰਦਾ ਹੈ। ਉਹ ਗੁਰੂ ਨਾਨਕ-ਬਾਣੀ ਨਾਲ ਸੰਬੰਧਿਤ ਇਕ ਪ੍ਰਸੰਗ ਦਾ ਸਿਰਜਨ ਕਰ ਦਿੰਦਾ ਹੈ, ਜਿਸ ਪ੍ਰਸੰਗ ਵਿਚ ਰਖਿਆਂ ਬਾਣੀ-ਪੈਟਰਨ ਸਾਕਾਰ ਹੋ ਜਾਂਦਾ ਹੈ। ਕਿਸੇ ਪਾਠ-ਪ੍ਰਬੰਧ ਦਾ ਪ੍ਰਸੰਗ ਨਿਸ਼ਚਿਤ ਕਰਨਾ ਉਸ ਪਾਠ-ਪ੍ਰਬੰਧ ਦੀ ਪਿੱਠ-ਭੂਮੀ ਨਿਸ਼ਚਿਤ ਕਰਨ ਦੇ ਸਮਾਨ ਹੈ। ਜੇ ਯੋਗ-ਭਾਂਤ ਪਿੱਠ-ਭੂਮੀ ਨਿਸ਼ਚਿਤ ਹੋ ਜਏ ਤਾਂ ਪਾਠ-ਪ੍ਰਬੰਧ ਦਾ ਹਰ ਸਬਦ ਆਪਣੇ ਕੇਂਦਰੀ ਚਿੰਤਨ-ਬਿੰਦੂ ਵਿਚ ਆਪਣੇ ਆਪ ਜਗਮਗਾ ਪੈਂਦਾ ਹੈ। ਇਸ ਵਿਧੀ ਦਾ ਆਧਾਰ ਅਸਲ ਵਿਚ ਇਕ ਦ੍ਵੰਦ-ਵਿਧਾਨ ਹੈ ਜੋ ਪਾਠ ਤੇ ਪਾਠ-ਪ੍ਰਸੰਗ ਦੇ ਆਪਸੀ ਦ੍ਵੈਤ ਨੂੰ ਤੇਜ਼ ਕਰ ਕੇ ਅਰਥ-ਵਿਆਖਿਆ ਕਰਦਾ ਹੈ। ਜਨਮ-ਸਾਖੀਕਾਰ ਇਕ ਪਿੱਠ-ਭੂਮੀ ਸਿਰਜ ਦੇਂਦਾ ਹੈ, ਜਿਸ ਵਿਚੋਂ ਬਾਣੀ-ਪੈਟਰਨ ਦੀ ਸਿਰਜਨਾਤਮਕ ਵਿਆਖਿਆ ਹੋ ਜਾਂਦੀ ਹੈ। ਬਾਣੀ ਦੇ ਅਰਥ ਉਸ ਦੇ ਸ਼ਬਦਾਰਥ ਵਿਚ ਨਹੀਂ ਹੁੰਦੇ, ਸਗੋਂ ਪ੍ਰਸੰਗਾਰਥ ਵਿਚ ਹੁੰਦੇ ਹਨ। ਸਿਰਜਨਹਾਰ ਸਿਰਜਨ ਸਮੇਂ ਸ਼ਬਦਾਰਥ ਤੋਂ ਪਾਰ ਜਾ ਕੇ ਸਿਰਜਨ ਕਰਦਾ ਹੈ। ਕਿਸੇ ਵੀ ਰਚਨਾ ਦਾ ਸਮੁੱਚਾ ਨੇਮ/ਪੈਟਰਨ ਜਿਵੇਂ ਸ਼ਬਦਾਰਥ ਤੋਂ ਪਾਰ ਜਾ ਕੇ ਸਿਰਜਿਆ ਜਾਂਦਾ ਹੈ, ਉਵੇਂ ਹੀ ਸ਼ਬਦਾਰਥ ਤੋਂ ਪਾਰ ਜਾ ਕੇ ਹੀ ਸਮਝਿਆ ਸਮਝਾਇਆ ਜਾ ਸਕਦਾ ਹੈ। ਇਸ ਲਈ ਵਿਆਖਿਆਕਾਰ ਦਾ ਉਦੇਸ਼ ਵੀ ਉਸ ਪਾਰਗਾਮੀ ਨੇਮ/ਪੈਟਰਨ ਤੱਕ ਪੁੱਜਣ ਦਾ ਹੁੰਦਾ ਹੈ, ਜਿਸ ਦੀ ਪ੍ਰਾਪਤੀ ਸ਼ਬਦਾਰਥ ਤੋਂ ਪਾਰ ਜਾ ਕੇ ਪ੍ਰਸੰਗਾਰਥ ਵਿਚੋਂ ਹੁੰਦੀ ਹੈ। ਇਸੇ ਲਈ ਹੀ ਵਿਆਖਿਆਕਾਰ ਰਚਨਾ ਦੇ ਪ੍ਰਸੰਗਾਰਥ ਉੱਪਰ ਬਲ ਦਿੰਦਾ ਹੈ। ਜਨਮ ਸਾਖੀਕਾਰ ਦੀ ਅਧਿਐਨ-ਵਿਧੀ ਵੀ ਇਹੋ ਹੈ। ਓਪਰੀ ਨਜ਼ਰੇ ਵੇਖਿਆਂ, ਮਹਿਸੂਸ ਹੁੰਦਾ ਹੈ ਕਿ ਜਨਮ-ਸਾਖੀਕਾਰ ਬਾਣੀ ਦੀ ਜੀਵਨੀ ਮੁਖ ਵਿਆਖਿਆ ਦਾ ਸ਼ਿਕਾਰ ਹੈ। ਪਰ, ਸਾਖੀ ਵਿਚ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਨਕ ਦੇ ਜੀਵਨ ਦੇ ਉਨ੍ਹਾਂ ਵੇਰਵਿਆਂ ਦਾ ਹੀ ਜ਼ਿਕਰ ਹੈ ਜੋ ਗੁਰਬਾਣੀ ਦੇ ਪ੍ਰਸੰਗ ਉਘਾੜਨ ਵਿਚ ਸਹਾਇਕ ਹਨ। ਕੋਈ ਬਾਣੀ ਕਦੋਂ ਕਿਸ ਵਿਅਕਤੀ ਪ੍ਰਤੀ ਕਿਸ ਸਥਿਤੀ ਵਿਚ ਉਚਾਰੀ ਗਈ ਸੀ—ਇਹ ਬਾਣੀ ਦਾ ਪ੍ਰਸੰਗ ਹੈ। ਪ੍ਰਸੰਗ ਨਿਸ਼ਚਿਤ ਹੁੰਦਿਆਂ ਹੀ ਥੀਮ ਨਿਸ਼ਚਿਤ ਹੋ ਜਾਂਦਾ ਹੈ।[1] ਇਸ ਲਈ ਜਨਮਸਾਖੀ ਦਾ ਪ੍ਰਯੋਜਨ ਨ ਤਾਂ ਕਵੀ (ਵਕਤੇ) ਦਾ ਜੀਵਨ ਰਚਣਾ ਹੈ ਤੇ ਨਾ ਹੀ ਜੀਵਨ ਨਾਲ ਜੋੜ ਕੇ ਬਾਣੀ ਦੀ ਵਿਆਖਿਆ ਕਰਨਾ। ਉਹ ਤਾਂ ਬਾਣੀ/ਉਕਤੀ ਦੀ ਇਤਿਹਾਸਕਤਾ ਪ੍ਰਤੀ ਰੁਚਿਤ ਹੈ। ਵਿਆਖਿਆ ਦੀ ਇਹ ਵਿਧੀ ਰਚਨਾ ਨਾਲ ਸੰਬੰਧਿਤ ਇਤਿਹਾਸਕਤਾ ਦੇ ਪ੍ਰਸੰਗ ਨੂੰ ਅਜਿਹੇ ਢੰਗ ਨਾਲ ਪੇਸ਼ ਕਰਦੀ ਹੈ, ਜਿਸ ਨਾਲ ਰਚਨਾ ਦਾ ਤਰਕ ਉਘੜ ਕੇ ਸਾਹਮਣੇ ਆ ਜਾਂਦਾ ਹੈ। ਇਹ ਇਕ ਤਰ੍ਹਾਂ ਨਾਲ ਰਚਨਾ ਦੀ ਇਤਿਹਾਸਕਤਾ ਦਾ ਪੁਨਰ-ਨਿਰਮਾਣ ਹੈ। ਕਿਉਂਕਿ ਹਰ ਰਚਨਾ ਸਮੇਂ ਦੇ ਵਿਸ਼ੇਸ਼ ਦਬਾਵਾਂ ਦੇ ਅਧੀਨ ਹੀ ਉਤਪੰਨ ਹੁੰਦੀ ਹੈ, ਇਸ ਲਈ ਚੰਗਾ ਵਿਆਖਿਆਕਾਰ ਉਸ ਇਤਿਹਾਸ ਦੇ ਪ੍ਰਸੰਗ ਦਾ ਪੁਨਰ-ਸਿਰਜਨ ਕਰ ਦਿੰਦਾ ਹੈ। ਇਨ੍ਹਾਂ ਅਰਥਾਂ ਵਿਚ ਹੀ ਇਹ ਤੱਥ ਵੀ ਸਪਸ਼ਟ ਹੁੰਦਾ ਹੈ ਕਿ ਕੋਈ ਵੀ ਸੰਰਚਨਾ, ਇਤਿਹਾਸਕ ਦਬਾਵਾਂ ਦੇ ਵਿਚਾਰ-ਧਾਰਾਈ ਪ੍ਰਸੰਗ ਤੋਂ ਮੁਕਤ ਕਰਕੇ ਸਮਝੀ ਹੀ ਨਹੀਂ ਜਾ ਸਕਦੀ। ਇਤਿਹਾਸਕ ਦਬਾਵਾਂ ਦਾ ਪ੍ਰਸੰਗ ਰਚਨਾ ਦੇ ਸੰਰਚਨਾਤਮਕ ਪੈਟਰਨ ਨੂੰ ਨਿਸ਼ਚਿਤ ਕਰਨ ਲਈ ਅਨਿਵਾਰੀ ਅੰਗ ਹੈ। ਸ਼ਾਇਦ ਇਸੇ ਕਾਰਨ ਬਾਣੀ-ਵਿਆਖਿਆ ਕਰਨ ਸਮੇਂ ਸਾਖੀਕਾਰ ਬਾਣੀ ਦੇ ਇਤਿਹਾਸਕ ਪ੍ਰਸੰਗ ਦਾ ਪੁਨਰ ਸਿਰਜਨ ਕਰ ਦੇਂਦਾ ਹੈ। ਇਉਂ ਪਾਠ ਦੀ ਸੰਰਚਨਾ ਦੇ ਤੱਤ, ਇਤਿਹਾਸਕ ਦਬਾਵਾਂ ਨਾਲ ਜੋੜ ਕੇ ਹੀ ਸਮਝੇ ਜਾ ਸਕਦੇ ਹਨ। ਇਸ ਪੱਖੋਂ ਜਨਮਸਾਖੀ ਦੀ ਬਾਣੀ-ਵਿਆਖਿਆ-ਜੁਗਤ ਅਤਿਅੰਤ ਮਹੱਤਵਸ਼ੀਲ ਪ੍ਰਾਪਤੀ ਹੈ। ਜਦੋਂ ਇਤਿਹਾਸਕ ਪ੍ਰਸੰਗ ਦੀ ਪਿੱਠ-ਭੂਮੀ ਵਿਚ ਰੱਖ ਕੇ ਪਾਠ ਦੀ ਪੜ੍ਹਤ ਉਸਾਰੀ ਜਾਏ ਤਾਂ ਰਚਨਾ ਦਾ ਪੈਟਰਨ ਉਭਰ ਕੇ ਆਪੇ ਹੀ ਸਾਹਮਣੇ ਆ ਜਾਂਦਾ ਹੈ। ਵਿਆਖਿਆਕਾਰ ਦੀ ਬੁਨਿਆਦੀ ਸਮਸਿਆ ਰਚਨਾ ਦੇ ਨੇਮ/ਪੈਟਰਨ ਨੂੰ ਅਗਰਭੂਮੀ ਤੇ ਲਿਆਉਣ ਦੀ ਹੁੰਦੀ ਹੈ। ਪ੍ਰਸੰਗ ਪੇਸ਼ ਕਰ ਕੇ ਵਿਆਖਿਆ ਕਰਨ ਵਾਲੇ ਵਿਆਖਿਆਕਾਰ ਦੀ ਵੀ ਇਹੋ ਸਮਸਿਆ ਹੁੰਦੀ ਹੈ। ਇਹੋ ਵਿਧੀ ਪੁਰਾਤਨ ਜਨਮ-ਸਾਖੀਕਾਰ ਨੇ ਅਪਣਾਈ ਹੈ। ਬਾਣੀ-ਰਚਨਾ ਵੀ ਉਸ ਨੂੰ ਪ੍ਰਾਪਤ ਸੀ, ਸਮੇਂ ਦੇ ਇਤਿਹਾਸਕ ਦਬਾ ਵੀ ਤੇ ਗੁਰੂ ਨਾਨਕ ਦਾ ਸਮਾਜ ਵਿਚ ਪਰਵਾਨਿਤ ਪੌਰਾਣਿ-ਬਿੰਬ ਵੀ। ਵਿਆਖਿਆਕਾਰ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਮਿਲਾ ਕੇ ਇਕ ਇਤਿਹਾਸਕ ਪ੍ਰਸੰਗ ਤਿਆਰ ਕਰ ਦੇਂਦਾ ਹੈ, ਜਿਸ ਵਿਚੋਂ ਬਾਣੀ-ਪੈਟਰਨ ਦੀ ਵਿਚਾਰਧਾਰਾਈ ਵਿਲੱਖਣਤਾ ਉਘੜ ਕੇ ਸਾਹਮਣੇ ਆ ਜਾਂਦੀ ਹੈ। ਉਦਾਹਰਣ ਲਈ 'ਸੱਜਣ ਠੱਗ' ਦੀ ਸਾਖੀ ਨੂੰ ਲੈਂਦੇ ਹਾਂ।[2]

ਇਹ ਸਾਖੀ "ਉਜਲੁ ਕੈਹਾ ਚਿਲਕਣਾ..." (ਸੂਹੀ ਮਹਲਾ ੧) ਸ਼ਬਦ ਦੇ ਨੇਮ/ਪੈਟਰਨ ਨੂੰ ਉਘਾੜਨ ਲਈ ਇਕ ਪ੍ਰਸੰਗ ਸਿਰਜਦੀ ਹੈ। ਸ਼ਬਦ ਦੇ ਅਰਥ ਕਿਧਰੇ ਵੀ ਪੇਸ਼ ਨਹੀਂ ਕੀਤੇ ਗਏ। ਸਾਖੀ ਸਜਣ ਠੱਗ ਪਾਸ ਗੁਰੂ ਨਾਨਕ ਦੇਵ ਦੇ ਪੁੱਜਣ ਤੋਂ ਅਰੰਭ ਹੁੰਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਵਕਤੇ ਦੇ ਜੀਵਨ ਦਾ ਵਰਣਨ ਕਰਨ ਦੀ ਬਜਾਏ, ਸਾਖੀ ਉਸ ਵਿਅਕਤੀ ਦੇ ਜੀਵਨ-ਪ੍ਰਤੀ ਰੁਚਿਤ ਹੋ ਜਾਂਦੀ ਹੈ, ਜੋ ਕਿ ਇਸ ਸ਼ਬਦ ਦਾ ਵਿਚਾਰਧਾਰਾਈ ਪ੍ਰਸੰਗ-ਸਰੋਤ ਹੈ। ਸਜਣ-ਠੱਗ ਨੇ ਮੰਦਰ ਤੇ ਮਸੀਤ ਦੋਵੇਂ ਬਣਾਏ ਹੋਏ ਹਨ। ਰਾਤ ਸਮੇਂ ਜਦੋਂ ਮੁਸਾਫ਼ਰ ਸੌਂ ਜਾਂਦੇ ਹਨ ਤਾਂ ਸਜਣ ਉਨ੍ਹਾਂ ਨੂੰ ਮਾਰ ਕੇ ਖੂਹ ਵਿਚ ਸੁਟ ਦੇਂਦਾ ਹੈ ਤੇ ਉਨ੍ਹਾਂ ਦਾ ਮਾਲ ਲੁਟ ਲੈਂਦਾ ਹੈ। ਸਵੇਰੇ ਫਿਰ ਆਸਾ ਤਸਬੀ ਲੈ ਕੇ ਮੁਸੱਲਾ ਵਿਛਾ ਕੇ ਬੈਠ ਜਾਂਦਾ ਹੈ। ਗੁਰੂ ਨਾਨਕ ਜਦੋਂ ਇਸ ਪਾਸ ਪੁੱਜਦੇ ਹਨ ਤਾਂ ਉਨ੍ਹਾਂ ਦੇ ਚਿਹਰੇ ਦਾ ਨੂਰ ਦੇਖ ਕੇ ਉਹ ਮਹਿਸੂਸ ਕਰਦਾ ਹੈ ਕਿ ਇਹਨਾਂ ਪਾਸ ਬੇਅੰਤ ਧਨ ਦੌਲਤ ਹੈ, ਕੇਵਲ ਪਖੰਡ ਕਰ ਕੇ ਸੰਤ ਬਣੇ ਹੋਏ ਜਾਪਦੇ ਹਨ। ਰਾਤ ਗੁਰੂ ਨਾਨਕ ਦੇਵ ਸੌਂਦੇ ਨਹੀਂ। ਉਹ ਕਹਿੰਦੇ ਹਨ ਕਿ ਸੌਣ ਤੋਂ ਪਹਿਲੋਂ ਇਕ ਸ਼ਬਦ ਪੜ੍ਹਨਾ ਉਨ੍ਹਾਂ ਦਾ ਨੇਮ ਹੈ। ਅਜਿਹੇ ਪ੍ਰਸੰਗ ਵਿਚ ਹੇਠਲੇ ਸ਼ਬਦ ਨੂੰ ਪੇਸ਼ ਕੀਤਾ ਗਿਆ ਹੈ :

ਰਾਗੁ ਸੂਹੀ ਮਹਲਾ ੧ ਘਰੁ ੬

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥

ਸਜਣ ਸੇਈ ਨਾਲਿ ਮੈ ਚਲਦਿਆਂ ਨਾਲ ਚਲੰਨਿ ॥
ਜਿਥੇ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥
ਢਠੀਆਂ ਕੰਮ ਨ ਆਵਨੀ ਵਿਚਹੁ ਸਖਣੀਆਹਾ ॥੨॥

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ ॥੩॥

ਸਿੰਮਲ ਰੁਖ ਸਰੀਰੁ ਮੈ ਮੈਜਨਿ ਦੇਖ ਭੁਲੰਨਿ ॥
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹਨਿ ॥੪॥

ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤ ॥
ਅਖੀ ਲੋੜੀ ਨ ਲਹਾ ਹਉ ਚੜਿ ਲੰਘਾ ਕਿਤੁ ॥੫॥

ਚਾਕਰੀਆ ਚੰਗਿਆਈਆਂ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤ ॥੬॥

ਇਕ ਪਾਸੇ ਸ਼ਬਦ ਦਾ ਕੋਡ ਹੈ ਤੇ ਦੂਜੇ ਪਾਸੇ ਸਾਖੀ ਦਾ। ਸ਼ਬਦ ਵਿਚ ਵਸਤਾਂ,ਜਾਨਵਰ ਤੇ ਪ੍ਰਕਿਰਤੀ ਦੇ ਕੋਡ ਰਾਹੀਂ ਪੈਟਰਨ ਉਭਾਰਿਆ ਗਿਆ ਹੈ ਪਰ ਸਾਖੀ ਵਿਚ ਮਨੁੱਖੀ ਵਿਹਾਰ ਦੇ ਗਲਪ ਦਾ ਕੋਡ ਪੇਸ਼ ਕਰ ਕੇ ਬਾਨੀ-ਪ੍ਰਵਚਨ ਵਿਚਲੇ ਨੇਮ/ਪੈਟਰਨ ਨੂੰ ਉਭਾਰਿਆ ਗਿਆ ਹੈ। ਸੱਜਣ ਠੱਗ ਦੀ ਸਾਖੀ ਦਾ ਸੰਕੇਤ ਕਿਰਤ ਵਿਚ ਆਏ 'ਸਜਣ' ਸ਼ਬਦ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆ ਗਿਆ ਹੈ ਅਤੇ ਫਿਰ ਉਸ ਦੇ ਅਰਥ-ਨਿਰਣਯ ਲਈ ਸਾਖੀ-ਪ੍ਰਵਚਨ ਸਿਰਜ ਲਿਆ ਗਿਆ ਹੈ। ਇਸ ਪ੍ਰਸੰਗ ਵਿਚ ਰੱਖ ਕੇ ਪੇਸ਼ ਕੀਤਿਆਂ ਸ਼ਬਦ ਵਿਚਲੇ ਸਾਰੇ ਨੇਮ/ਵਿਧਾਨ ਦੀ ਸਿਰਜਨਾਤਮਕ ਵਿਆਖਿਆ ਹੋ ਜਾਂਦੀ ਹੈ। ਪ੍ਰਸੰਗ ਵਿਚਲੇ ਸਜਣ ਠੱਗ ਦੀ ਜ਼ਿੰਦਗੀ ਦਾ ਬਾਹਰਲਾ ਰੂਪ ਉਸ ਦੇ ਅੰਦਰਲੇ ਰੂਪ ਦਾ ਵਿਰੋਧੀ ਹੈ। ਸਾਖੀ ਪ੍ਰਵਚਨ ਦਾ ਇਹੋ ਨੇਮ/ਪੈਟਰਨ ਹੈ। ਬਾਣੀ-ਕਿਰਤ ਵਿਚਲੇ ਬਿੰਬ-ਸਿਰਜਨ ਦਾ ਆਧਾਰ ਵੀ ਇਸੇ ਪ੍ਰਕਾਰ ਦਾ ਵਿਰੋਧ ਹੈ। ਇਉਂ ਸਾਖੀ ਤੇ ਬਾਣੀ-ਪ੍ਰਵਚਨ ਵਿਚਲੀ ਨੇਮ/ਪੈਟਰਨ ਦੀ ਸਮਾਨਤਾ ਨੂੰ ਅਗਟਭੂਮਿਤ ਕੀਤਾ ਗਿਆ ਹੈ। ਕੈਹਾਂ ਬਾਹਰੋਂ ਲਿਸ਼ਕਦਾ ਹੈ ਪਰ ਉਸ ਦੇ ਅੰਦਰ ਕਾਲਖ ਹੁੰਦੀ ਹੈ; ਬਾਹਰੋਂ ਸੁੰਦਰ ਸਰੂਪ ਵਾਲੀਆਂ ਕੋਠੇ ਮੰਡਪ ਮਾੜੀਆਂ ਜਿਨ੍ਹਾਂ ਅੰਦਰ ਕੋਈ ਵਸਦਾ ਹੀ ਨਹੀਂ; ਸਾਫ਼ ਤੇ ਸੁਫ਼ੈਦ ਬਗਲਾ ਜੋ ਤੀਰਥ ਉਤੇ ਬਿਰਾਜਮਾਨ ਹੈ ਪਰ ਜੀਵਾਂ ਨੂੰ ਘੁੱਟ ਘੁੱਟ ਕੇ ਖਾ ਰਿਹਾ ਹੈ; ਸਿੰਮਲ ਦਾ ਰੁਖ ਉਪਰੋਂ ਵੇਖਣ ਨੂੰ ·ਲੰਬਾ-ਉੱਚਾ ਫੁਲਾਂ ਫਲਾਂ ਵਾਲਾ ਹੈ, ਪਰ ਉਸ ਦੇ ਫਲ ਫੁਲ ਕਿਸੇ ਕੰਮ ਨਹੀਂ ਆਉਂਦੇ। ਸਜਣ ਠੱਗ ਦੀ ਸਥਿਤੀ ਦੇ ਪ੍ਰਸੰਗ ਵਿਚ ਰਖਿਆਂ ਇਸ ਸ਼ਬਦ ਦਾ ਨੇਮ/ਪੈਟਰਨ ਆਪ-ਮੁਹਾਰੇ ਉਭਰ ਕੇ ਸਾਹਮਣੇ ਆ ਜਾਂਦਾ ਹੈ। ਸਾਰੇ ਬਾਣੀ-ਪ੍ਰਵਚਨ ਦੇ ਨੇਮ/ਪੈਟਰਨ ਦਾ ਆਂਤਰਿਕ-ਵਿਧਾਨ ਬਾਹਰਲੇ ਤੇ ਅੰਦਰਲੇ ਦੇ ਵਿਰੋਧ ਉਪਰ ਆਧਾਰਿਤ ਹੈ। ਪ੍ਰਸੰਗ ਦਾ ਸਿਰਜਨ ਵੀ ਇਸੇ ਵਿਰੋਧ ਨੂੰ ਉਘਾੜਨ ਹਿਤ ਕੀਤਾ ਗਿਆ ਹੈ। ਇਉਂ ਇਸ ਸਾਖੀ ਦੇ ਪ੍ਰਵਚਨ ਰਾਹੀਂ ਇਸ ਬਾਣੀ-ਕਿਰਤ ਦੀ ਸਿਰਜਨਾਤਮਕ ਵਿਆਖਿਆ ਪੇਸ਼ ਹੋ ਜਾਂਦੀ ਹੈ।

'ਕੀਟ-ਨਗਰ'[3] (ਸਾਖੀ ਨੰਬਰ ੨੫) ਵਾਲੀ ਸਾਖੀ ਦਾ ਵਿਸ਼ਲੇਸ਼ਣ ਵੀ ਸਾਨੂੰ ਇਸੇ ਸਿੱਟੇ ਉਤੇ ਪੁਜਾਂਦਾ ਹੈ। ਇਹ ਸਾਖੀ ਹੇਠਲੇ ਸਲੋਕ ਦੀ ਵਿਆਖਿਆ ਪੇਸ਼ ਕਰਦੀ ਹੈ :

ਸਲੋਕ ਮਹਲਾ ੧

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆਂ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸ਼ਾਹੀ ਲਸਕਰ ਕਰੇ ਸੁਆਹ ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿਆ ਸਾਹ ॥
ਨਾਨਕ ਜਿਉ ਜਿਉ ਸਾਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥

ਇਸ ਸਲੋਕ ਵਿਚ ਰਬ ਜੀ ਰਜ਼ਾ ਨੂੰ ਵਸਤੂ-ਨਿਸ਼ਠ ਕੀਤਾ ਗਿਆ ਹੈ। ਰੱਬ ਦੀ ਰਜ਼ਾ ਕਿਸੇ ਵਸਤੂ/ਜੀਵ ਦੀ ਬੁਨਿਆਦੀ ਪ੍ਰਕਿਰਤੀ ਨੂੰ ਵੀ ਬਦਲ ਸਕਣ ਦੇ ਸਮਰਥ ਹੈ। ਸਲੋਕ ਵਿਚ ਅਮਾਨਵੀ ਜੀਵ-ਜੰਤੂਆਂ ਦੇ ਜੀਵਨ ਦੀ ਸੁਭਾਵਕਤਾ ਨੂੰ ਅਸੁਭਾਵਕਤਾ ਵਿਚ ਬਦਲਿਆ ਵਿਖਾ ਕੇ ਰਬ ਦੀ ਰਜ਼ਾ ਨੂੰ ਵਸਤੂ-ਨਿਸ਼ਠ ਕੀਤਾ ਹੈ। ਇਸ ਸਲੋਕ ਦੀ ਰਚਨਾ-ਵਿਧੀ ਵਿਰੋਧਾਭਾਸੀ ਹੈ। ਸ਼ੇਰ, ਬਾਜ਼ ਆਦਿ ਨੂੰ ਘਾਹ ਖਵਾਲਣਾ, ਕੀੜੇ ਨੂੰ ਪਾਤਸ਼ਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਣੀ, ਨਦੀਆਂ [illegible] ਨੂੰ ਮਾਰ ਦੇਣਾ ਤੇ ਮੋਇਆਂ ਨੂੰ ਜਿਵਾਲ ਦੇਣਾ—ਇਹ ਸਭ ਵਿਰੋਧਾਭਾਸੀ ਵਾਕ ਹਨ। ਇਥੇ ਜਿਨ੍ਹਾਂ ਜੀਵ-ਜੰਤੂਆਂ ਤੇ ਵਸਤਾਂ ਅਤੇ ਉਨ੍ਹਾਂ ਦੇ ਅਸੁਭਾਵੀਕਰਨ ਦਾ ਜੋ ਜ਼ਿਕਰ ਆਇਆ ਹੈ. ਉਸ ਨੂੰ ਵਾਸਤਵਿਕ ਸਮਝਣਾ ਭੁਲ ਹੋਵੇਗੀ। ਇਹ ਤਾਂ ਇਥੇ ਵਰਤੀਆਂ ਗਈਆਂ ਚਿਹਨ-ਜੁਗਤਾਂ ਹਨ। ਇਸ ਚਿਹਨ-ਪ੍ਰਬੰਧ ਰਾਹੀਂ ਇਥੇ ਰਬ ਦੀ ਰਜ਼ਾ ਦੇ ਨਿਆਇ ਨੂੰ ਉਘਾੜਿਆ ਗਿਆ ਹੈ। ਸਲੋਕ ਦੀ ਆਖਰੀ ਪੰਗਤੀ ਉਪਰਲੀਆਂ ਚਿਹਨ-ਜੁਗਤਾਂ ਵਿਚਲੇ ਨਿਆਇ ਨੂੰ ਵਿਸ਼ੇਸ਼ ਤੌਰ ਉਤੇ ਕਥਨ ਦੀ ਪੱਧਰ ਉਪਰ ਅਗਰਭੂਮੀ ਤੇ ਲਿਆਉਂਦੀ ਹੈ। ਸਲੋਕ ਜਿਸ ਵਿਰੋਧਾਭਾਸੀ ਵਿਧੀ ਰਾਹੀਂ ਉਸਰਿਆ ਹੈ, ਉਸੇ ਨੂੰ ਸਾਖੀਕਾਰ ਨੇ ਗਲਪ-ਕੋਡ ਦੇ ਪ੍ਰਵਚਨ ਵਿਚ ਢਾਲ ਦਿੱਤਾ ਹੈ ਅਤੇ ਇਸ ਤਰ੍ਹਾਂ ਸਲੋਕ ਦੀ ਸਿਰਜਨਾਤਮਕ ਵਿਆਖਿਆ ਕਰ ਦਿੱਤੀ ਹੈ। ਕੀਟਨਗਰ ਵਿਚ ਕੀੜੀ ਤੇ ਰਾਜੇ ਦਾ ਤਕਰਾਰ, ਕੀੜੀਆਂ ਦੁਆਰਾ ਰਾਜੇ ਦੀ ਸੈਨਾ ਦਾ ਮਾਰੇ ਜਾਣਾ ਤੇ ਮੁੜ ਕੇ ਜਿਵਾਲੇ ਜਾਣਾ, ਰਾਜੇ ਦਾ ਕੀੜੀ ਦੀ ਸ਼ਰਨ ਵਿਚ ਆ ਕੇ ਹਾਜ਼ਰ ਹੋਣਾ ਤੇ ਉਸ ਦਾ ਭੋਜਨ ਕਬੂਲ ਕਰਨਾ ਤੇ ਉਸ ਦੀ ਪੈਰੀਂ ਪੈਣਾ – ਇਹ ਸਭ ਵਿਰੋਧਾਭਾਸੀ ਸਥਿਤੀਆਂ ਹਨ। ਸਲੋਕ ਵਿਚਲੀਆਂ ਚਿਹਨ-ਜੁਗਤਾਂ ਵਾਂਗ ਇਹ ਵੀ ਗਲਪ ਦੀਆਂ ਚਿਹਨ-ਜੁਗਤਾਂ ਹਨ। ਗਲਪ-ਸਿਰਜਨ ਦੀ ਇਹ ਵਿਧੀ ਵੀ ਵਿਰੋਧਾਭਾਸੀ ਹੈ। ਇਨ੍ਹਾਂ ਰਾਹੀਂ ਵੀ ਰੱਬ ਦੀ ਰਜ਼ਾ ਦੇ ਤਰਕ ਨੂੰ ਹੀ ਉਘਾੜਿਆ ਗਿਆ ਹੈ। ਇਉਂ ਸਾਖੀ-ਗਲਪ ਰੱਬ ਦੀ ਰਜ਼ਾ ਦੇ ਨੇਮ/ਪੈਟਰਨ ਦੀ ਸਿਰਜਨਾਤਮਕ ਵਿਆਖਿਆ ਪੇਸ਼ ਕਰਦਾ ਹੈ। ਦੂਜੇ ਸ਼ਬਦਾਂ ਵਿਚ ਸਾਖੀ-ਪ੍ਰਵਚਨ, ਬਾਣੀ-ਪ੍ਰਵਚਨ ਵਾਲੇ ਨੇਮ/ਪੈਟਰਨ ਨੂੰ ਬਿਰਤਾਂਤਕ ਕੋਡ ਵਿਚ ਵਿਸਥਾਪਿਤ ਕਰਦਾ ਹੈ। ਇਥੇ ਵੀ ਸਾਖੀ ਤੇ ਬਾਣੀ-ਪ੍ਰਵਚਨ ਵਿਚਲੀ ਨੇਮ/ਪੈਟਰਨ ਦੀ ਸਮਾਨਤਾ ਨੂੰ ਅਗਰਭੂਮਿਤ ਕੀਤਾ ਗਿਆ ਹੈ।

ਇਸ ਤਰ੍ਹਾਂ ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ ਕਿ ਸਾਖੀਕਾਰ ਦੀ ਆਲੋਚਨਾਤਮਕ ਦ੍ਰਿਸ਼ਟੀ ਕਵੀ ਦੀ ਜੀਵਨ-ਘਟਨਾਵਲੀ ਉਪਰ ਬਲ ਦੇਣ ਦੀ ਨਹੀਂ, ਸਗੋਂ ਪ੍ਰਸੰਗਾਂ ਦੀ ਪੇਸ਼ਕਾਰੀ ਰਾਹੀਂ ਬਾਣੀ ਦੇ ਪ੍ਰਵਚਨ ਵਿਚਲੇ ਨੇਮ/ਪੈਟਰਨ ਉਘਾੜਨ ਦੀ ਹੈ। ਇਉਂ ਸਾਖੀਕਾਰ ਗੁਰੂ ਨਾਨਕ ਦੇਵ ਦੇ ਜੀਵਨ ਤੋਂ ਵਧੇਰੇ ਸਮੁੱਚੀ ਮਨੁੱਖਤਾ ਦੀ ਵਸਤੂ ਸਥਿਤੀ ਨਾਲ ਸੰਬੰਧਿਤ ਹੈ। ਜਨਮ-ਸਾਖੀ ਵਿਚਲੇ ਗੁਰੂ ਨਾਨਕ ਦੇਵ ਦੇ ਜੀਵਨ-ਬਿਰਤਾਂਤ ਦਾ ਕੇਂਦਰ ਬਾਣੀ ਹੈ। ਗੁਰੂ ਨਾਨਕ ਦੇਵ ਹਿੰਦੂ ਤੇ ਮੁਸਲਮਾਨਾਂ ਦੇ ਧਰਮ-ਸਥਾਨਾਂ ਉਤੇ ਜਾ ਕੇ ਬਾਣੀ ਉਚਾਰਨ ਕਰਦੇ ਹਨ — ਇਹ ਕੇਂਦਰੀ ਧੁਰਾ ਹੈ। ਰਸਤੇ ਵਿਚ ਰੋਹੇਲੇ, ਠੱਗ, ਚੋਰ, ਰਾਖਸ਼ ਆਦਿ ਗੁਰੂ ਜੀ ਨੂੰ ਮਿਲਦੇ ਹਨ। ਬਾਣੀ ਇਨ੍ਹਾਂ ਪ੍ਰਤੀ ਉਚਾਰੀ ਜਾਂਦੀ ਹੈ। ਸਾਖੀਕਾਰ ਰਾਹ ਵਿਚ ਆਉਣ ਵਾਲੀਆਂ ਨਦੀਆਂ, ਨਾਲਿਆਂ, ਬਾਗਾਂ ਜਾਂ ਰੇਗਿਸਤਾਨਾਂ ਦਾ ਜ਼ਿਕਰ ਬਿਲਕੁਲ ਨਹੀਂ ਕਰਦਾ, ਕਿਉਂਕਿ ਇਨ੍ਹਾਂ ਦਾ ਬਾਣੀ-ਪ੍ਰਸੰਗ ਨਾਲ ਪ੍ਰਤੱਖ ਸੰਬੰਧ ਨਹੀਂ। ਗੁਰੂ ਜੀ ਨੂੰ ਜੋ ਜੋ ਮਨੁੱਖ ਮਿਲਦੇ ਹਨ, ਉਨ੍ਹਾਂ ਦੀਆਂ ਮਾਨਵੀ-ਪ੍ਰਸਥਿਤੀਆਂ ਨੂੰ ਹੱਲ ਕਰਨ ਲਈ ਬਾਣੀ ਉਚਾਰੀ ਜਾਂਦੀ ਹੈ। ਨਾਇਕ ਗੁਰੂ ਨਾਨਕ ਦੇਵ ਖ਼ੁਦ ਆਪਣੀਆਂ ਜੀਵਨ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਤੀਆਂ ਦਾ ਹੱਲ ਵੀ ਬਾਣੀ ਉਚਾਰਨ ਰਾਹੀਂ ਹੀ ਪੇਸ਼ ਕਰਦੇ ਹਨ । ਇਨ੍ਹਾਂ ਜੀਵਨ-ਸਥਿਤੀਆਂ ਦਾ ਸਿਰਜਨ ਹੀ ਬਾਣੀ-ਪ੍ਰਸੰਗ-ਸਿਰਜਨ ਹੈ । ਇਸੇ ਵਿਧੀ ਰਾਹੀਂ ਹੀ ਸਾਖੀਕਾਰ ਦੀ ਬਾਣੀ-ਵਿਆਖਿਆ ਬਾਣੀ ਦੇ ਪ੍ਰਮੁਖ ਨੇਮ/ਪੈਟਰਨ ਉਜਾਗਰ ਕਰਦੀ ਹੈ ।

ਭਾਈ ਗੁਰਦਾਸ :

ਪੁਰਾਤਨ ਜਨਮ-ਸਾਖੀ ਤੋਂ ਉਪਰੰਤ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰਬਾਣੀ ਵਿਆਖਿਆ ਵਜੋਂ ਗ੍ਰਹਿਣ ਕਰਨ ਦਾ ਸੰਕੇਤ ਵੀ ਜਾਣੀ ਪਰੰਪਰਾ ਤੋਂ ਹੀ ਮਿਲਦਾ ਹੈ । ਪਰੰਪਰਾ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰੂ ਗ੍ਰੰਥ ਸਾਹਿਬ' ਦੀ "ਕੁੰਜੀ" ਸਵੀਕਾਰਿਆ ਗਿਆ ਹੈ । ਆਮ ਤੌਰ ਤੇ ਇਤਿਹਾਸਕਾਰਾਂ ਨੇ ਪੁਰਾਤਨ ਜਨਮ ਸਾਖੀ ਤੇ ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ ਗੁਰੂ ਨਾਨਕ ਦੀ ਜੀਵਨੀ ਦੇ ਮੂਲ ਸਰੋਤ ਵਜੋਂ ਗ੍ਰਹਿਣ ਕੀਤਾ ਹੈ । ਪਰ ਭਾਈ ਗੁਰਦਾਸ ਦੀ ਪਹਿਲੀ ਵਾਰ ਭਾਰਤੀ-ਸੰਸਕ੍ਰਿਤੀ ਦੀ ਪਿੱਠ-ਭੂਮੀ ਵਿਚ ਗੁਰੂ ਨਾਨਕ-ਬਾਣੀ ਦੀ ਆਪਣੀ ਵਿਚਾਰਧਾਰਾਈ ਦੇਣ ਨੂੰ ਸਪਸ਼ਟ ਕਰਦੀ ਹੈ । ਇਸੇ ਕਾਰਨ ਉਹ ਵਿਲੱਖਣ ਪ੍ਰਵਚਨ ਹੈ । ਗੁਰੂ ਨਾਨਕ ਦੇਵ ਦੇ ਆਗਮਨ ਸਮੇਂ ਭਾਰਤੀ ਸਭਿਆਚਾਰ ਸੰਕਟ-ਸਥਿਤੀ ਵਿਚੋਂ ਗੁਜ਼ਰ ਰਿਹਾ ਸੀ । ਗੁਰੂ ਨਾਨਕ ਦੇਵ ਨੇ ਆਪਣੇ ਸਮਕਾਲੀਨ ਦਬਾਵਾਂ ਅਧੀਨ ਸਭਿਆਚਾਰਕ ਸਾਰਥਕਤਾ ਨੂੰ ਸਪਸ਼ਟ ਕੀਤਾ । ਭਾਈ ਗੁਰਦਾਸ ਦਾ ਜਤਨ ਹੈ ਕਿ ਭਾਰਤੀ ਪਰੰਪਰਾ ਦੇ ਇਤਿਹਾਸਤ੍ਰ ਪਰਿਪੇਖ ਵਿਚ ਗੁਰੂ ਨਾਨਕ-ਬਾਣੀ ਦੀ ਵਿਲੱਖਣ ਵਿਚਾਰਧਾਰਾਈ ਦੇਣ ਦਾ ਨਿਰਣਾ ਕੀਤਾ ਜਾਵੇ । ਇਉਂ ਭਾਈ ਗੁਰਦਾਸ ਇਕ ਅਜਿਹਾ ਪਰਿਪੇਖ ਉਸਾਰਦਾ ਹੈ ਜਿਸ ਵਿਚ ਰਖ ਕੇ ਪੜ੍ਹਿਆਂ ਗੁਰੂ ਨਾਨਕ-ਬਾਣੀ ਦਾ ਨੇਮ/ਪੈਟਰਨ ਉਘੜ ਕੇ ਸਾਹਮਣੇ ਆ ਜਾਂਦਾ ਹੈ ।

ਜਨਮ-ਸਾਖੀ ਦਾ ਬਾਣੀ-ਅਧਿਐਨ ਤਤਕਾਲੀਨ ਸਥਿਤੀਆਂ ਦੇ ਦਬਾਵਾਂ ਵੱਲ ਵਧੇਰੇ ਰੁਚਿਤ ਹੈ । ਇਹ ਵੀ ਪਾਠ ਦੀਆਂ ਤਹਿਆਂ ਨੂੰ ਇਤਿਹਾਸਕ ਦਬਾਵਾਂ ਵਿਚੋਂ ਉਭਾਰਕੇ ਪੇਸ਼ ਕਰਨ ਵਾਲੀ ਵਿਧੀ ਹੀ ਹੈ । ਪਰ ਭਾਈ ਗੁਰਦਾਸ ਦੀ ਰੁਚੀ ਬਾਣੀ ਨੂੰ ਸਤਿ-ਸਾਹਿਤ ਦੀ ਪਰੰਪਰਾ ਦੇ ਇਤਿਹਾਸਕ ਕ੍ਰਮ ਵਿਚ ਕੇ ਰਖ ਕੇ ਵੇਖਣ ਦੀ ਹੈ । ਇਸੇ ਰੁਚੀ ਅਧੀਨ ਭਾਈ ਗੁਰਦਾਸ ਨੇ ਇਕ ਪ੍ਰਸੰਗ ਤਿਆਰ ਕੀਤਾ ਹੈ । ਇਸ ਪ੍ਰਸੰਗ ਅਨੁਸਾਰ ਸਮੁੱਚੀ ਭਾਰਤੀ ਅਧਿਆਤਮਕ ਪਰੰਪਰਾ ਨੂੰ ਇਕ ਪਾਠ-ਪ੍ਰਬੰਧ/ਪੁਸਤਕ-ਪ੍ਰਬੰਧ ਵਜੋਂ ਸਵੀਕਾਰ ਕੀਤਾ ਗਿਆ ਹੈ । ਭਾਈ ਗੁਰਦਾਸ ਇਸ ਪਰੰਪਰਾ ਦੇ ਅੰਤਰਗਤ ਹੀ ਬਾਣੀ ਦੀ ਆਪਣੀ ਵਿਚਾਰਧਾਰਾਈ ਸਾਰਥਕਤਾ ਨੂੰ ਨਿਸ਼ਚਿਤ ਕਰਦਾ ਪ੍ਰਤੀਤ ਹੁੰਦਾ ਹੈ । ਇਸ ਸੰਬੰਧ ਵਿਚ ਅਸੀਂ ਮੰਗਲਾਚਰਣ ਦੀਆਂ ਪਉੜੀਆਂ ਨੂੰ ਵੇਖ ਸਕਦੇ ਹਾਂ । ਅਰੰਭ ਤੋਂ ਹੀ ਭਾਈ ਗੁਰਦਾਸ ਪਾਸ ਸਮੱਸਿਆ ਵਸਤੂ-ਜੀਵਨ ਦੀ ਨਹੀਂ, 'ਸਤਿ-ਸ਼ਬਦ' ਦੀ ਹੈ । ਸੰਬੰਧਿਤ ਪੰਗਤੀਆਂ ਪੇਸ਼ ਹਨ :

1. ਨਮਸਕਾਰ ਗੁਰਦੇਵ ਕੋ **ਸਤਿਨਾਮ** ਜਿਸ **ਮੰਤ੍ਰ** ਸੁਣਾਇਆ ॥[4]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਚਰਨ ਗਹੇ ਗੁਰਦੇਵ ਦੇ **ਸਤਿ ਸ਼ਬਦ** ਦੇ ਮੁਕਤ ਕਰਾਇਆ ॥[5]

ਇਨ੍ਹਾਂ ਪੰਗਤੀਆਂ ਵਿਚਲੇ ਵਾਕ-ਅੰਸ਼ 'ਸਤਿ ਸ਼ਬਦ' 'ਸਤਿਨਾਮ ਮੰਤ੍ਰ' ਬਾਣੀ ਨੂੰ ਭਾਰਤੀ 'ਸਤਿ-ਸਾਹਿਤ' ਦੀ ਪਰੰਪਰਾ ਵਿਚ ਰਖ ਕੇ ਪੜ੍ਹਨ ਦਾ ਸੰਕੇਤ ਦਿੰਦੇ ਹਨ। 'ਸਤਿਨਾਮ-ਮੰਤ੍ਰ' ਜੋ ਗੁਰੂ ਨੇ ਸੁਣਾਇਆ ਹੈ ਉਸ ਦੀ ਪ੍ਰਕਿਰਤੀ ਨੂੰ ਅੱਗੇ ਚਲ ਕੇ ਸਪਸ਼ਟ ਕੀਤਾ ਗਿਆ ਹੈ :

ਕਲਿਜੁਗੁ ਬਾਬੇ ਤਾਰਿਆ ਸਤਿਨਾਮੁ **ਪੜਿ** ਮੰਤ੍ਰ ਸੁਣਾਇਆ ॥[6]

ਇਹ ਸਤਿਨਾਮ ਮੰਤ੍ਰ ਚੁਪ ਚਾਪ ਕਿਸੇ ਨੂੰ ਵੱਖਰਾ ਬੁਲਾ ਕੇ ਉਸ ਦੇ ਕੰਨ ਵਿਚ ਨਹੀਂ ਕਹਿ ਦਿੱਤਾ ਗਿਆ। ਸਗੋਂ ਇਹ ਤਾਂ 'ਪੜ੍ਹ' ਕੇ ਸੁਣਾਇਆ ਗਿਆ ਹੈ। ਅਰੰਭ ਤੋਂ ਹੀ ਭਾਰਤੀ ਸੰਸਕ੍ਰਿਤੀ ਬੋਲ-ਖੇਤਰ ਤੋਂ ਲਿਖਿਤ ਖੇਤਰ ਵਲ ਰੁਚਿਤ ਰਹੀ ਹੈ। 'ਸਤਿਨਾਮ ਪੜ੍ਹ ਮੰਤ੍ਰ ਸੁਣਾਇਆ' ਰਾਹੀਂ ਇਸੇ ਪਰਵਿਰਤੀ ਵਲ ਸੰਕੇਤ ਕੀਤਾ ਗਿਆ ਹੈ। ਇਸੇ ਸੰਬੰਧ ਵਿਚ ਹੇਠਲੀ ਪੰਗਤੀ ਸਾਡੇ ਧਿਆਨ ਦੀ ਵਿਸ਼ੇਸ਼ ਮੰਗ ਕਰਦੀ ਹੈ :

ਆਪੇ **ਪਟੀ ਕਲਮਿ** ਆਪਿ ਆਪੇ **ਲਿਖਣਿਹਾਰਾ** ਹੋਆ ॥[7]

ਵੈਦਿਕ ਪੁਸਤਕ-ਪਰੰਪਰਾ ਤੋਂ ਬਾਅਦ ਭਾਈ ਗੁਰਦਾਸ ਜਦੋਂ ਗੁਰਬਾਣੀ ਪਰੰਪਰਾ ਨੂੰ ਪੇਸ਼ ਕਰਦਾ ਹੈ ਤਾਂ ਉਸ ਦੇ ਦਿਮਾਗ ਵਿਚ ਉਹ ਪਰੰਪਰਾ ਹੈ ਜੋ ਲਿਖਿਤ ਹੈ। ਇਹ ਲਿਖਿਤ ਪਰੰਪਰਾ 'ਸਤਿ-ਸਾਹਿਤ' ਦੀ ਹੈ। ਅੱਗੇ ਚੱਲ ਕੇ ਲੇਖਕ ਗੁਰੂ ਨਾਨਕ ਦੇਵ ਦੀ ਮੱਕੇ ਯਾਤਰਾ ਦਾ ਜ਼ਿਕਰ ਕਰਦਿਆਂ ਉਹਨਾਂ ਪਾਸ ਇਕ ਪੁਸਤਕ ਦੀ ਹੋਂਦ ਉਤੇ ਬੱਲ ਦਿੰਦਾ ਹੈ :

1. ਆਸਾ ਹਥਿ ਕਿਤਾਬ ਕਛ ॥[8]
2. ਪੁਛਨਿ ਖੋਲ੍ਹਿ **ਕਿਤਾਬ** ਨੋ ॥[9]

ਉਪਰੋਕਤ ਟੂਕਾਂ ਇਸ ਤੱਥ ਨੂੰ ਸਥਾਪਿਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਭਾਈ ਗੁਰਦਾਸ ਗੁਰਬਾਣੀ ਨੂੰ ਭਾਰਤੀ ਸਤਿ-ਾਹਿਤ ਦੀ ਪੁਸਤਕ-ਪਰੰਪਰਾ ਦੇ ਅੰਤਰਗਤ ਨਿਸ਼ਚਿਤ ਕਰਨ ਦਾ ਯਤਨ ਕਰ ਰਿਹਾ ਹੈ। ਪੁਸਤਕੀ ਪ੍ਰਬੰਧ ਦੇਸ-ਕਾਲ ਤੇ ਕਾਰਣ ਦੇ ਵਸਤੂਗਤ ਵੇਰਵਿਆਂ ਤੇ ਘਚੋਲਿਆਂ ਵਿਚੋਂ ਨਿਕਲ ਕੇ ਗਿਆਨ-ਮੂਲਕ ਸ਼ਬਦਗਤ ਪਾਸਾਰ ਵਲ ਵਧਣ ਦਾ ਸੰਕੇਤ ਕਰਦਾ ਹੈ। ਇਹ ਯਾਤਰਾ ਕਥਨ ਤੋਂ ਲਿਖਤੀ ਸੰਸਕ੍ਰਿਤੀ ਵਲ ਜਾਣ ਦੀ ਯਾਤਰਾ ਹੈ। ਭਾਈ ਗੁਰਦਾਸ ਬਾਰ ਬਾਰ ਪੁਸਤਕ ਦੇ ਲਿਖਤੀ ਰੂਪ ਨੂੰ ਪੜ੍ਹਨ ਵਲ ਧਿਆਨ ਦਿਵਾਉਂਦਾ ਹੈ। ਇਸ ਦਾ ਕਾਰਣ ਗੁਰੂ ਨਾਨਕ ਦੇਵ ਦੇ ਸਮੇਂ ਦੇ ਤਤਕਾਲੀਨ ਪ੍ਰਸੰਗ ਦੇ ਇਤਿਹਾਸਕ ਦਬਾਵਾਂ ਵਿਚੋਂ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ ਦੇ ਸਮੇਂ ਵਿਚ ਫੈਲੇ ਅਨਾਚਾਰ ਦਾ ਜ਼ਿਕਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਬਾਰ ਬਾਰ ਆਉਂਦਾ ਹੈ :

1. ਜੁਗ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਠ ਗਿਲਾਨਿ ਜਗਤ ਵਿਚਿ ਵਰਤੈ ਪਾਪ ਭ੍ਰਿਸਟਿ ਸੰਸਾਰਾ ॥
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ ॥
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨ ਗੁਬਾਰਾ ॥
ਬੇਦ ਗਿਰੰਥ ਗੁਰੂ ਹਟਿ ਹੈ ਜਿਸ ਲਗਿ ਭਵਜਲ ਪਾਰਿ ਉਤਾਰਾ ॥
ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ ॥[10]

2. ਭਈ ਗਿਲਾਨਿ ਜਗਤਿ ਵਿਚਿ ਚਾਰਿ ਵਰਨ ਆਸ੍ਰਮ ਉਪਾਏ ॥
ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ ॥
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦਿ ਕਰਾਏ ॥
ਬ੍ਰਾਹਮਣ ਬਹੁ ਪਰਕਾਰਿ ਕਰਿ **ਸਾਸਤ੍ਰ ਵੇਦ ਪੁਰਾਣ ਲੜਾਏ** ॥
ਖਟਿ ਦਰਸਨੁ ਬਹੁ ਵੈਰਿ ਕਰਿ ਨਾਲਿ ਛਤਸਿ ਪਖੰਡ ਰਲਾਏ ॥
ਤੰਤ ਮੰਤ ਰਸਾਇਣਾ ਕਰਾਮਾਤਿ ਕਾਲਖਿ ਲਪਟਾਏ ॥
ਇਕਸਿ ਤੇ ਬਹੁ ਰੂਪਿ ਕਰਿ ਰੂਪ ਕਰੂਪੀ ਘਣੇ ਦਿਖਾਏ ॥
ਕਲਜੁਗਿ ਅੰਦਰ ਭਰਮਿ ਭੁਲਾਏ ॥[11]

3. ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ ॥
ਗੰਗ ਬਨਾਰਸ ਹਿੰਦੂਆਂ ਮਕਾ ਕਾਬਾ ਮੁਸਲਮਾਣੇ ॥
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ ॥
ਸਿਰੋ ਨ ਮਿਟੇ ਆਵਣ ਜਾਣੇ ॥[12]

ਇਸ ਵਰਤ ਰਹੇ ਅਨਾਚਾਰ ਦਾ ਕਾਰਣ ਭਾਈ ਗੁਰਦਾਸ ਅਨੁਸਾਰ 'ਬੇਦ ਕਤੇਬ ਭੁਲਾਇਕੈ' ਵਾਲੀ ਪੰਗਤੀ ਵਿਚ ਸੰਕੇਤਿਤ ਹੈ। ਜਦੋਂ ਧਿਆਨ ਪੁਸਤਕ ਤੋਂ ਹਟ ਜਾਂਦਾ ਹੈ ਤਾਂ ਦੋ ਗੱਲਾਂ ਵਾਪਰਦੀਆਂ ਹਨ : (1) ਸੰਪਰਦਾਇਕਤਾ ਅਤੇ (2) ਸੰਪਰਦਾਇਕਤਾ ਦੁਆਰਾ ਸਥਾਪਿਤ ਕਰਮ ਕਾਂਡ ਦਾ ਵਰਤਾਰਾ। ਪੁਸਤਕ-ਸੰਸਕ੍ਰਿਤੀ ਨੂੰ ਭਾਈ ਗੁਰਦਾਸ ਸੰਪਰਦਾਇਕਤਾ ਤੋਂ ਪਾਰ ਮੰਨਦਾ ਹੈ। ਸੰਪਰਦਾਇਕਤਾ ਦਾ ਸੰਬੰਧ, ਦੇਸ, ਕਾਲ, ਕਾਰਣ ਦੇ ਸੰਸਾਰ ਵਿਚ ਵਾਪਰ ਰਹੀਆਂ ਸਮੂਰਤ ਅਨੇਕਤਾਵਾਂ ਨਾਲ ਹੈ। ਪੁਸਤਕ ਸਮੇਂ ਤੇ ਸਥਾਨ ਤੋਂ ਪਾਰ ਦੇ ਜਗਤ ਨਾਲ ਸੰਬੰਧ ਰਖਦੀ ਹੈ। ਦੇਸ਼ ਕਾਲ ਦੇ ਜਗਤ ਦੇ ਵਸਤੂਗਤ ਅਨਾਚਾਰ ਦੇ ਮੁਕਾਬਲੇ ਵਿਚ ਸੰਜਮ-ਪਰਕ ਤੇ ਗਿਆਨ-ਸ਼ੀਲ ਲਿਖਤੀ-ਸ਼ਬਦ ਦਾ ਸੰਸਾਰ ਹੈ। ਭਾਈ ਗੁਰਦਾਸ ਇਸੇ ਦੀ ਪ੍ਰਾਥਮਕਤਾ ਦਾ ਜ਼ਿਕਰ ਕਰ ਰਹੇ ਭਾਸਦੇ ਹਨ। ਭਾਈ ਗੁਰਦਾਸ ਸਾਰੀ ਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਕਿਧਰੇ ਵੀ ਪੁਸਤਕ ਦੀ ਵਿਰੋਧਤਾ ਨਹੀਂ ਕਰਦੇ। ਉਹ ਪੁਸਤਕ ਤੋਂ ਧਿਆਨ ਹਟ ਕੇ ਵਾਪਰੇ ਅਨਾਚਾਰ ਦੀ ਵਿਰੋਧਤਾ ਕਰਦੇ ਹਨ। ਗੁਰੂ ਅਜਿਹੇ ਅਨਾਚਾਰ ਦੇ ਪ੍ਰਸੰਗ ਵਿਚ ਕੀ ਕਰ ਰਿਹਾ ਹੈ :

ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ, ਮਿਟੈ ਅੰਧਿਆਰਾ ॥[13]

ਸਾਰੀ ਵਾਰ ਵਿਚ ਖੰਡਨ ਸੰਪਰਦਾਇਕਤਾ ਦੇ ਸੰਪਰਦਾਇਕ ਕਰਮ-ਕਾਂਡ ਦਾ ਹੈ। ਅਜਿਹੀ ਸਥਿਤੀ ਵਿਚ ਭਾਈ ਗੁਰਦਾਸ ਬਾਰ ਬਾਰ ਬਾਣੀ ਉਤੇ ਬਲ ਦਿੰਦਾ ਹੈ। ਇਸ ਸੰਬੰਧ ਵਿਚ ਹੇਠਲੀਆਂ ਪੰਕਤੀਆਂ ਧਿਆਨਯੋਗ ਹਨ :

1. ਹੋਵੈ **ਕੀਰਤਨ** ਸਦਾ ਵਿਸੋਆ ॥[14]
2. ਸੋਦਰੁ, ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ॥[15]
3. ਗੁਰ ਸੰਗਤਿ **ਬਾਣੀ** ਬਿਨਾ ਦੂਜੀ ਓਟ ਨਹੀ ਹੈ ਰਾਈ ॥...
   ਸਿਧ ਤੰਤ੍ਰ ਮੰਤ੍ਰ ਕਰਿ ਝੜਿ ਪਏ **ਸਬਦ** ਗੁਰੂ ਕੀ ਕਲਾ ਛੁਪਾਈ ॥[16]
4. **ਸਬਦ** ਸੁਣਹੁ ਸਚ ਮੁਖਹੁ ਅਲਾਈ ॥
   ਬਾਝਹੁ **ਸਚੇ ਨਾਮ** ਦੇ ਹੋਰ ਕਰਾਮਾਤ ਅਸਾਤੇ ਨਾਹੀ ॥[17]
5. ਬਾਬੇ ਕੀਤੀ ਸਿਧ ਗੋਸਟਿ **ਸਬਦਿ** ਸਾਂਤਿ ਸਿਧਾਂ ਵਿਚ ਆਈ ॥[18]

ਭਾਈ ਗੁਰਦਾਸ ਦੇ ਅਨਾਚਾਰ ਸਥਿਤੀ ਦੇ ਵਿਰੋਧ ਵਜੋਂ ਬਾਣੀ ਦੇ ਲਿਖਤੀ ਰੂਪ ਉਤੇ ਬਲ ਦੇਣ ਤੋਂ ਇਕ ਮਹੱਤਵਪੂਰਨ ਤੱਥ ਉਘੜ ਕੇ ਸਾਹਮਣੇ ਆਉਂਦਾ ਪ੍ਰਤੀਤ ਹੁੰਦਾ ਹੈ। ਭਾਈ ਗੁਰਦਾਸ ਲਿਖਤੀ ਸੰਸਕ੍ਰਿਤੀ ਦੇ ਪ੍ਰਬੰਧ-ਮੂਲਕ ਚਰਿਤ੍ਰ ਦੇ ਵਿਰੋਧ ਵਿਚ ਪ੍ਰਬੰਧ-ਰਹਿਤ ਜੁਗਗਰਦੀ ਤੇ ਕਲਜੁਗੀ ਗਿਰਾਵਟ ਦਾ ਜ਼ਿਕਰ ਕਰਦੇ ਹਨ। ਸਾਰੀ ਵਾਰ ਵਿਚ ਇਹ ਵਿਰੋਧ-ਵਿਧੀ ਅਤਿਅੰਤ ਸਪਸ਼ਟ ਹੈ। ਇਸੇ ਵਿਧੀ ਰਾਹੀ ਸੰਜਮਸ਼ੀਲ, ਗਿਆਨਵੰਤ ਪੁਸਤਕ ਦੀ ਮਹਾਨਤਾ ਗਿਲਾਨੀ, ਪਾਪ, ਕਲਜੁਗ ਤੇ ਜੁਗਗਰਦੀ ਦੇ ਵਿਰੋਧ ਵਿਚ ਉਘੜ ਕੇ ਸਾਹਮਣੇ ਆਉਂਦੀ ਹੈ। ਇਸੇ ਕਾਰਣ ਹੀ ਭਾਈ ਗੁਰਦਾਸ-ਸਾਹਿਤ ਨੂੰ ਆਪਣੇ ਤੋਂ ਨੇੜੇ ਦੀ ਪਰਵਰਤੀ ਅਵੈਦਿਕ ਪਰੰਪਰਾ ਨਾਲੋਂ ਤੋੜ ਕੇ ਪ੍ਰਾਚੀਨ ਤੇ ਆਦਿ ਦੀ ਵੈਦਿਕ ਪਰੰਪਰਾ ਨਾਲ ਜੋੜਦੇ ਪ੍ਰਤੀਤ ਹੁੰਦੇ ਹਨ। ਵੈਦਿਕ ਪਰੰਪਰਾ ਪੁਸਤਕ-ਮੁੱਖ ਸੀ ਤੇ ਅਵੈਦਿਕ ਪਰੰਪਰਾ ਗੁਰੂ ਤੇ ਅਨੁਭਵ-ਮੁੱਖ। ਭਾਈ ਗੁਰਦਾਸ ਆਪਣੀ ਪਹਿਲੀ ਵਾਰ ਵਿਚ ਜਦੋਂ ਗੌਤਮ ਤਪੇ ਤੇ ਜ਼ੈਮਨ ਰਿਖ ਦਾ ਜ਼ਿਕਰ ਕਰਦੇ ਹਨ ਤਾਂ ਉਨ੍ਹਾਂ ਦਾ ਬਲ ਇਸ ਤੱਥ ਉਤੇ ਹੈ ਕਿ ਇਨ੍ਹਾਂ ਰਿਖੀਆਂ ਨੇ ਵੇਦਾਂ ਨੂੰ ਮਥ ਕੇ ਗਿਆਨ ਪ੍ਰਾਪਤ ਕੀਤਾ। ਇਉਂ ਵੈਦਿਕ ਪਰੰਪਰਾ ਪੁਸਤਕ-ਗਿਆਨ ਤੇ ਬਲ ਦਿੰਦੀ ਸੀ। ਉਦਾਹਰਣ ਲਈ ਹੇਠਲੀਆਂ ਪੰਗਤੀਆਂ ਪੇਸ਼ ਹਨ :

ਕਲਪ ਰਿਖੀ ਸਾਖ ਮਥਿ **ਅਥਰਬਨ ਵੇਦ ਕੀ ਰਿਚਾ** ਸੁਣਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆਨ ਮਹਾਰਸ ਪੀਐ ਕੈ ਸਿਮਰੈ ਨਿਤ ਅਨਿਤ ਨਿਆਈ ।।
ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟਿ ਜਤਨ ਕਰਿ ਧਾਈ ।।[19]

ਉਪਰੋਕਤ ਪੰਗਤੀਆਂ ਵਿਚ ਜਿਸ ਗਿਆਨ ਦੀ ਪ੍ਰਾਪਤੀ ਦਾ ਜ਼ਿਕਰ ਹੈ, ਉਹ ਗਿਆਨ, ਪੁਸਤਕ ਵਿਚੋਂ ਪ੍ਰਤੀਤ ਕੀਤਾ ਗਿਆਨ ਹੈ। ਇਤਿਹਾਸ-ਕ੍ਰਮ ਵਿਚ ਰੱਖ ਕੇ ਵੇਖਿਆਂ ਵੈਦਿਕ ਸਮੇਂ ਵਿਚ ਪੁਸਤਕ-ਗਿਆਨ ਤੇ ਬਲ ਸੀ। ਸਿਧ-ਨਾਥਾਂ ਦੀ ਅਵੈਦਿਕ ਪਰੰਪਰਾ ਪੁਸਤਕ ਦਾ ਨਿਸ਼ੇਧ ਕਰ ਕੇ ਵਿਅਕਤੀ-ਗਿਆਨ ਤੇ ਬਲ ਦਿੰਦੀ ਹੈ। ਸਿੱਖ-ਪਰੰਪਰਾ ਮੁੜ ਪੁਸਤਕ ਨੂੰ ਸਥਾਪਿਤ ਕਰਦੀ ਹੈ। ਪਰ ਇਸ ਸੰਬੰਧ ਵਿਚ ਭਾਈ ਗੁਰਦਾਸ ਨੇ ਗੁਰਮਤਿ ਦੀ ਵਿਲੱਖਣਤਾ ਇਹ ਦੱਸੀ ਹੈ :

ਸਤਿਗੁਰ ਬਿਨਾ ਨ ਸੋਝੀ ਪਾਈ ।।[20]

ਇਉਂ ਭਾਈ ਗੁਰਦਾਸ ਅਨੁਸਾਰ ਗੁਰਮਤਿ ਪਰੰਪਰਾ ਪੁਸਤਕ ਦੇ ਨਾਲ ਨਾਲ ਗੁਰੂ ਉਪਰ ਵੀ ਬਲ ਦੇਣ ਕਾਰਣ ਭਾਰਤੀ ਅਧਿਆਤਮਕ ਇਤਿਹਾਸ ਵਿਚ ਆਪਣਾ ਵਿਸ਼ੇਸ਼ ਤੇ ਵਿਲੱਖਣ ਸਥਾਨ ਗ੍ਰਹਿਣ ਕਰਦੀ ਪ੍ਰਤੀਤ ਹੁੰਦੀ ਹੈ। ਵੈਦਿਕ ਪਰੰਪਰਾ ਵਿਚ ਪੁਸਤਕ ਉਤੇ ਬਲ ਸੀ। ਪਰ ਇਸ ਪਰੰਪਰਾ ਵਿਚ ਇਕ ਸਮਾਂ ਅਜਿਹਾ ਆਇਆ ਜਦੋਂ ਬ੍ਰਾਹਮਣ ਨੇ ਪੁਸਤਕ ਦੀ ਵਰਤੋਂ ਕਲਹ-ਕਲੇਸ਼ ਵਧਾਣ ਲਈ ਕਰਨੀ ਅਰੰਭ ਦਿੱਤੀ। ਭਾਈ ਗੁਰਦਾਸ ਇਸ ਦੀ ਨਖੇਧੀ ਕਰਦਾ ਹੈ :

1. ਬ੍ਰਾਹਮਣ ਬਹੁ ਪਰਪੰਚ ਕਰਿ ਸਾਸਤ੍ਰ ਵੇਦ ਪੁਰਾਣ ਲੜਾਏ ।।
   ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ ।।[21]
2. ਭਾਉ ਨ ਬ੍ਰਹਮੈ ਲਖਿਆ ਚਾਰਿ ਬੇਦ ਸਿੰਮ੍ਰਿਤ ਪੜਿ ਪੇਖੇ ।।[22]

ਬ੍ਰਾਹਮਣ ਦੀ ਅਜਿਹੀ ਅਤਿ ਤੋਂ ਤੰਗ ਆ ਕੇ ਸਿੱਧ-ਨਾਥ-ਅਵੈਦਿਕ ਪਰੰਪਰਾ ਨੇ ਪੁਸਤਕ ਨੂੰ ਤਿਆਗ ਦਿੱਤਾ। ਉਨ੍ਹਾਂ ਦਾ ਬਲ ਵਿਅਕਤੀ ਗੁਰੂ ਦੇ ਅਨੁਭਵ ਉਪਰ ਚਲਾ ਗਿਆ। ਭਾਈ ਗੁਰਦਾਸ ਗੁਰਬਾਣੀ ਨੂੰ ਆਪਣੀ ਪਰਵਰਤੀ ਸਿੱਧ-ਨਾਥ ਪਰੰਪਰਾ ਨਾਲ ਜੋੜ ਕੇ, ਇਸ ਨੂੰ ਉਸ ਦਾ ਅਨੁਸਾਰੀ ਨਹੀਂ ਦੱਸਦਾ, ਭਾਈ ਗੁਰਦਾਸ ਪਰਵਰਤੀ ਪਰੰਪਰਾ ਦੁਆਰਾ ਤਿਆਗੇ ਗਏ ਪੁਸਤਕ-ਸੰਕਲਪ ਨੂੰ ਵੀ ਗ੍ਰਹਿਣ ਕਰਦਾ ਹੈ, ਪਰ ਨਾਲ ਹੀ ਗੁਰੂ ਦੇ ਉੱਪਰ ਵੀ ਬਲ ਦੇਂਦਾ ਪਰਤੀਤ ਹੁੰਦਾ ਹੈ। ਅਜਿਹਾ ਕਰਦਿਆਂ ਉਹ ਗੁਰੂ ਦੇ ਸਰੀਰਕ ਪੱਖ ਨਾਲੋਂ ਵਧੇਰੇ ਬਲ 'ਸਤਿ ਸਬਦਾਂ ਉਤੇ ਦੇ ਰਿਹਾ ਹੈ। ਗੁਰੂ ਦੇ ਚਰਨ ਪਕੜਨ ਨਾਲ ਮੁਕਤੀ ਨਹੀਂ ਮਿਲਦੀ, ਸਗੋਂ 'ਸਤਿ ਸਬਦ' ਨਾਲ ਮੁਕਤੀ ਮਿਲਦੀ ਹੈ। ਗੁਰੂ ਦੀ ਲੋੜ ਇਸ ਲਈ ਹੈ ਕਿ ਉਹ 'ਸਤਿ ਸਬਦ' ਦਾ ਗਿਆਨ ਸਮਝਾਣ ਵਿਚ ਸਹਾਈ ਹੁੰਦਾ ਹੈ। ਇਹ ਪੁਸਤਕ ਤੇ ਗੁਰੂ ਦੋਹਾਂ ਦਾ ਅਜਿਹਾ ਸਮਨਵੈ ਹੈ ਜੋ ਕਿ ਗੁਰਬਾਣੀ ਸਾਹਿਤ ਦੀ ਵਿਸ਼ੇਸ਼ ਵਿਚਾਰਧਾਰਾਈ ਦੇਣ ਹੈ। ਬਾਣੀ ਵਿਚ ਇਸ ਪੱਖ ਦੇ ਸਮਰਥਨ ਵਜੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਸਾਰੀਆਂ ਬਰਤੀਆਂ ਲੱਭੀਆਂ ਜਾ ਸਕਦੀਆਂ ਹਨ :

पुस्तकालय गुरुकुल कांगड़ी विश्वविद्यालय

1. ਤੇਰਾ ਕਵਣੁ ਗੁਰੂ ਜਿਸ ਦਾ ਤੂੰ ਚੇਲਾ ॥...
ਸਬਦ ਗੁਰੂ ਸੁਰਤਿ ਧੁਨਿ ਚੇਲਾ ॥[23]

2. ਗੁਰ ਕੀ ਮੂਰਤਿ ਮਨ ਮਹਿ ਧਿਆਨ ॥
ਗੁਰ ਕੈ ਸਬਦਿ ਮੰਤ੍ਰੁ ਮਨਿ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰ ਪਾਰਬ੍ਰਹਮੁ ਸਦਾ ਨਮਸਕਾਰਉ[24] ॥

8305

ਇਸੇ ਹੀ ਬਾਣੀ-ਸਿਧਾਂਤ ਨੂੰ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਬਾਰ ਬਾਰ ਦੁਹਰਾਇਆ ਹੈ :

1. ਗੁਰਮੂਰਤਿ ਗੁਰ ਸਬਦਿ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥[25]
2. ਗੁਰ ਮੂਰਤਿ ਸਤਿਗੁਰ ਸਬਦਿ, ਸਾਧ ਸੰਗਤ ਸਮਸਰ ਪਰਵਾਣਾ ॥[26]
3. ਗੁਰ ਮੂਰਤਿ ਗੁਰ ਸਬਦਿ ਹੈ ਸਾਧ ਸੰਗਤ ਵਿਚ ਪ੍ਰਗਟੀ ਆਇਆ ॥[27]

ਭਾਰਤੀ ਸੰਸਕ੍ਰਿਤੀ ਦੇ ਪਿਛੋਕੜ ਵਿਚ ਰਖ ਕੇ ਗੁਰੂ ਨਾਨਕ-ਬਾਣੀ ਦੀ ਸਾਰਥਕਤਾ ਨੂੰ ਉਘਾੜਨ ਲਈ ਭਾਈ ਗੁਰਦਾਸ ਨੇ ਜੋ ਅਧਿਐਨ ਪੇਸ਼ ਕੀਤਾ ਹੈ—ਉਸ ਵਿਚ ਇਕ ਵਿਸ਼ੇਸ਼ ਵਿਧੀ ਸਪਸ਼ਟ ਹੁੰਦੀ ਜਾਪਦੀ ਹੈ। ਮੌਲਕ ਤੋਂ ਮੌਲਕ ਚਿੰਤਕ ਨੂੰ ਵੀ ਆਪਣਾ ਕੰਮ ਆਪਣੇ ਤੋਂ ਪੂਰਬ-ਪ੍ਰਚਲਿਤ ਭਾਸ਼ਾ-ਪੈਟਰਨ ਨਾਲ ਹੀ ਚਲਾਣਾ ਪੈਂਦਾ ਹੈ। ਭਾਸ਼ਾ ਹੀ ਨਹੀਂ ਉਸ ਤੋਂ ਪਹਿਲਾਂ ਕਾਵਿ ਦੀ ਵੀ ਆਪਣੀ ਪਰੰਪਰਾ ਹੁੰਦੀ ਹੈ। ਹਰ ਨਵੀਨ ਕਵਿਤਾ ਆਪਣੀ ਭਾਸ਼ਾ-ਪਰੰਪਰਾ ਤੇ ਕਾਵਿ-ਪਰੰਪਰਾ ਵਿਚੋਂ ਹੀ ਜਨਮ ਧਾਰਦੀ ਹੈ। ਕਵੀ ਆਪਣੀ ਭਾਸ਼ਾ-ਪਰੰਪਰਾ ਵਿਚ ਪ੍ਰਾਪਤ ਸ਼ਬਦ-ਖੇਤਰ ਨੂੰ ਜਾਂ ਤਾਂ ਨਕਾਰਦਾ ਹੈ ਜਾਂ ਉਨ੍ਹਾਂ ਨੂੰ ਉਲੰਘ ਕੇ ਉਨ੍ਹਾਂ ਤੋਂ ਪਾਰ ਜਾਂਦਾ ਹੈ। ਪੂਰਬਲੀ ਸ਼ਬਦ-ਪਰੰਪਰਾ ਵਿਚ ਹੀ ਉਸ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਭਾਈ ਗੁਰਦਾਸ ਦੁਆਰਾ ਗੁਰੂ ਨਾਨਕ-ਬਾਣੀ ਦਾ ਅਧਿਐਨ ਵੀ ਇਸੇ ਦਿਸ਼ਾ ਵਿਚ ਰਹਿ ਕੇ ਕੀਤਾ ਗਿਆ ਹੈ। ਗੁਰੂ ਨਾਨਕ-ਬਾਣੀ ਨੇ ਆਪਣੇ ਪੂਰਬ-ਪ੍ਰਚਲਿਤ ਅਧਿਆਤਮਕ ਸ਼ਬਦ-ਖੇਤਰ ਨੂੰ ਜਿਹੜੇ ਨਵੇਂ ਵਿਚਾਰਧਾਰਾਈ ਪੈਰਾਡਾਈਮ ਦਿੱਤੇ ਹਨ, ਭਾਈ ਗੁਰਦਾਸ ਉਨ੍ਹਾਂ ਦੀ ਵਿਆਖਿਆ ਪੇਸ਼ ਕਰ ਰਿਹਾ ਹੈ।

ਭਾਈ ਗੁਰਦਾਸ ਆਪਣੇ ਉਪਰੋਕਤ ਪ੍ਰਯੋਜਨ ਦੀ ਪੂਰਤੀ ਲਈ ਤੁਲਨਾਤਮਕ ਵਿਧੀ ਨੂੰ ਪੇਸ਼ ਕਰਦਾ ਹੈ। ਇਸ ਦੁਆਰਾ ਭਾਈ ਗੁਰਦਾਸ ਗੁਰਬਾਣੀ-ਪੂਰਬ ਭਾਰਤੀ ਅਧਿਆਤਮਕਤਾ ਦੇ ਸ਼ਬਦ-ਖੇਤਰ ਦੇ ਮੁਕਾਬਲੇ ਉੱਤੇ ਗੁਰਬਾਣੀ ਦੇ ਵਿਲੱਖਣ ਵਿਚਾਰਧਾਰਾਈ ਪੈਰਾਡਾਈਮ ਨੂੰ ਨਿਸ਼ਚਿਤ ਕਰਨ ਵਾਲੇ ਸ਼ਬਦ-ਖੇਤਰ ਨੂੰ ਖੜਾ ਕਰਦਾ ਹੈ। ਇਸ ਦੇ ਉਦਾਹਰਣ ਲਈ ਅਸੀਂ ਭਾਈ ਗੁਰਦਾਸ ਦੀ ਰਚਨਾ ਵਿਚੋਂ ਸਹਿਜ ਸੁਭਾਏ ਹੀ ਕੁਝ ਸ਼ਬਦ ਚੁਣ ਸਕਦੇ ਹਾਂ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਰਿ ਜੁਗ : ਸਤਜੁਗ, ਤ੍ਰੇਤਾ, ਦੁਆਪਰਿ, ਕਲਜੁਗ; ਚਾਰਿ-ਵਰਨ : ਬ੍ਰਾਹਮਣ, ਖ਼ਤਰੀ, ਵੈਸ਼, ਸੂਦ; ਹੰਸ ਅਵਤਾਰ, ਸੁਹੰ, ਬ੍ਰਹਮ, ਸੂਰਜ ਵੰਸ, ਜਾਦਵ ਵੇਸ, ਰਿਗਵੇਦ, ਜਜੁਰ ਵੇਦ, ਸਿਆਮ ਵੇਦ, ਅਥਰਬਣ ਵੇਦ, ਬ੍ਰਾਹਮਾਂਦਿਕਾ, ਸਨਕਾਦਿਕ, ਗੋਤਮ, ਤਪਾ, ਜੈਮਨ ਰਿਖੀ, ਪਾਤੰਜਲ ਆਦਿ। ਇਹ ਸਾਰਾ ਸ਼ਬਦ-ਖੇਤਰ ਗੁਰੂ ਨਾਨਕ ਤੋਂ ਪੂਰਬਲਾ ਅਧਿਆਤਮਕ ਸ਼ਬਦ-ਖੇਤਰ ਹੈ। ਇਨ੍ਹਾਂ ਦੇ ਮੁਕਾਮਲੇ ਉੱਤੇ ਹੇਠ ਲਿਖੇ ਸ਼ਬਦ :

ਓਅੰਕਾਰ, ਸਤਿਨਾਮ, ਰਹਿਰਾਸ, ਚਰਣਾਮ੍ਰਿਤ, ਪਿਰੰਮ, ਬਖਸਦਰਿ, ਸਚਖੰਡ, ਦਲ ਭੰਜਨ, ਹੁਕਮ, ਹਉਮੈ, ਗੁਰਮੁਖ, ਮਨਮੁਖ, ਸਬਦ, ਬਾਣੀ, ਜੋਤਿ, ਸੋਦਰ, ਆਰਤੀ, ਆਦਿ ਗਰਬਾਣੀ ਸੰਪਰਦਾਇ ਦੇ ਵਿਸ਼ੇਸ਼ ਵਿਚਾਰਧਾਰਾਈ ਪੈਰਾਡਾਈਮ ਨਾਲ ਸੰਬੰਧਿਤ ਸ਼ਬਦ-ਭੰਡਾਰ ਹੈ ਅਤੇ ਇਨ੍ਹਾਂ ਰਾਹੀਂ ਗੁਰਬਾਣੀ ਦਾ ਵਿਲੱਖਣ ਪੈਰਾਡਾਈਮ ਨਿਸ਼ਚਿਤ ਹੁੰਦਾ ਹੈ। ਇਹ ਪੈਰਾਡਾਈਮ-ਵਿਰੋਧ ਭਾਈ ਗੁਰਦਾਸ ਦੀ ਵਿਆਖਿਆ-ਵਿਧੀ ਹੈ। ਇਸ ਵਿਧੀ ਰਾਹੀਂ ਹੀ ਭਾਈ ਗੁਰਦਾਸ ਬਾਣੀ-ਅਧਿਆਤਮ ਦੇ ਭਿੰਨ ਵਿਚਾਰਧਾਰਾਈ ਪੈਰਾਡਾਈਮ ਨੂੰ ਅਗਰ-ਭੂਮੀ ਵਿਚ ਲਿਆਉਣ ਦਾ ਕਾਰਜ ਕਰਦਾ ਹੈ। ਬਾਣੀ-ਅਧਿਆਤਮ ਦੇ ਪੈਰਾਡਾਈਮ ਨੂੰ ਅਗਰ-ਭੂਮੀ ਵਿਚ ਲਿਆਉਣਾ ਭਾਈ ਗੁਰਦਾਸ ਦਾ ਮੂਲ ਪ੍ਰਯੋਜਨ ਜਾਪਦਾ ਹੈ। ਉਹ ਇਸੇ ਨੂੰ ਆਪਣੇ ਚਿੰਤਨ ਦਾ ਮੂਲ ਆਧਾਰ ਬਣਾ ਕੇ ਚਲਦਾ ਹੈ। ਪਹਿਲੀ ਵਾਰ ਦੀਆਂ ਬਹੁਤ ਸਾਰੀਆਂ ਪਉੜੀਆਂ ਭਾਵੇਂ ਅਤਿਰਿਕਤ ਅਧਿਆਤਮਕ ਧਾਰਾਵਾਂ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਕਰਦੀਆਂ ਹਨ, ਪਰ ਭਾਈ ਗੁਰਦਾਸ ਅਜਿਹਾ ਕਰਦਿਆਂ ਵੀ ਬਾਣੀ ਸ਼ਬਦ-ਖੇਤਰ ਦੇ ਵਿਲੱਖਣ ਵਿਚਾਰਧਾਰਾਈ ਆਧਾਰਾਂ ਨੂੰ ਬਿਲਕੁਲ ਭੁੱਲ ਨਹੀਂ ਜਾਂਦਾ। ਉਦਾਹਰਣ ਲਈ ਵੇਦ ਅਥਰਬਣ ਦੀ ਧਾਰਨਾ ਨੂੰ ਸਪਸ਼ਟ ਕਰਦਿਆਂ ਹੀ ਭਾਈ ਗੁਰਦਾਸ ਨੇ ਗੁਰਮੁਖਿ, ਗੁਰਮੁਖਿ ਗਿਆਨੀ ਸਹਜਿ ਸਮਾਈ, ਜੇਹਾ ਬੀਜੈ ਸੋ ਲੁਣੈ, ਹੁਕਮੈ ਅੰਦਰ ਸਭਿ ਕੋ, ਮੰਨੈ ਹੁਕਮੁ ਸੋ ਸਹਜਿ ਸਮਾਵੈ ਆਦਿ ਸ਼ਬਦ ਬਾਣੀ-ਪੈਰਾਡਾਈਮ ਦੇ ਵਰਤੇ ਹਨ।[28] ਇਸ ਦਾ ਸਪਸ਼ਟ ਕਾਰਣ ਇਹ ਹੈ ਕਿ ਭਾਈ ਗੁਰਦਾਸ ਬਾਣੀ ਦੇ ਵਿਲੱਖਣ ਵਿਚਾਰਧਾਰਾਈ ਸ਼ਬਦ-ਖੇਤਰ ਤੋਂ ਬਹੁਤ ਅਧਿਕ ਪ੍ਰਭਾਵਿਤ ਹੈ। ਜੇ ਅਸੀਂ ਪੂਰਬ-ਨਾਨਕ ਅਧਿਆਤਮਕਤਾ ਨਾਲ ਸੰਬੰਧਿਤ ਇਕ ਪਉੜੀ ਲੈ ਕੇ ਨਾਨਕ-ਅਧਿਆਤਮਿਕਤਾ ਨਾਲ ਸੰਬੰਧਿਤ ਇਕ ਪਉੜੀ ਨਾਲ ਟਾਕਰਾ ਕਰੀਏ ਤਾਂ ਦੋਹਾਂ ਖੇਤਰਾਂ ਦੇ ਪੈਰਾਡਾਈਮ ਦੀ ਵਿਚਾਰਧਾਰਾਈ ਵਿਲੱਖਣਤਾ ਸਪਸ਼ਟ ਉਘੜ ਆਉਂਦੀ ਹੈ। ਪਹਿਲਾਂ ਇਕ ਪਉੜੀ ਪੂਰਬ ਨਾਨਕ ਅਧਿਆਤਮਕ ਸਥਿਤੀ ਸੰਬੰਧੀ ਪੇਸ਼ ਹੈ :

> **ਚਾਰਿ ਵਰਨ ਚਾਰਿ ਮਜਹਬਾਂ** ਜਗ ਵਿਚਿ **ਹਿੰਦੂ ਮੁਸਲਮਾਣੇ** ॥
> ਖੁਦੀ-ਬਖੀਲੀ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ ॥
> **ਗੰਗ ਬਨਾਰਸ** ਹਿੰਦੂਆਂ **ਮਕਾ ਕਾਬਾ** ਮੁਸਲਮਾਣੇ ॥
> **ਸੁੰਨਤਿ** ਮੁਸਲਮਾਣ ਦੀ **ਤਿਲਕ ਜੰਞੂ** ਹਿੰਦੂ ਲੋਭਾਣੇ ॥
> **ਰਾਮ ਰਹੀਮ** ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਦ ਕਤੇਬ ਭੁਲਾਇ ਕੇ ਮੋਹੇ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ **ਬਾਹਮਣ ਮਉਲਾਣੇ** ॥
ਮਿਰੋਂ ਨ ਮਿਟੇ ਆਵਣ ਜਾਣੇ ॥[29]

ਇਸ ਦੇ ਮੁਕਾਬਲੇ ਉਤੇ ਭਾਈ ਗਰਦਾਸ ਇਸ ਸੰਕਟ-ਗ੍ਰਸਤ ਅਧਿਆਤਮਕਤਾ ਦੀ ਥਾਂ ਬਾਣੀ-ਅਧਿਆਤਮਕਤਾ ਨੂੰ ਹੇਠ ਲਿਖੀ ਪਉੜੀ ਵਿਚ ਇਸ ਪ੍ਰਕਾਰ ਪੇਸ਼ ਕਰਦਾ ਹੈ :

ਸੁਣੀ ਪੁਕਾਰਿ **ਦਾਤਾਰ ਪ੍ਰਭੁ ਗੁਰ ਨਾਨਕ** ਜਗ ਮਾਹਿ ਪਠਾਇਆ ॥
ਚਰਨ ਧੋਇ **ਰਹਿਰਾਸ** ਕਰਿ **ਚਰਣਾਮ੍ਰਿਤੁ** ਸਿਖਾ ਪੀਲਾਇਆ ॥
ਪਾਰਬ੍ਰਹਮ ਪੂਰਨ ਬ੍ਰਹਮ **ਕਲਜੁਗ ਅੰਦਰਿ ਇਕ** ਦਿਖਾਇਆ ॥
ਚਾਰੇ ਪੈਰ ਧਰਮ ਦੇ **ਚਾਰਿ ਵਰਨ ਇਕ ਵਰਨੁ** ਕਰਾਇਆ ॥
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ ॥
ਉਲਟਾ ਖੇਲ ਪਿਰੰਮ ਦਾ **ਪੈਰਾਂ ਉਪਰਿ ਸੀਸੁ** ਨਿਵਾਇਆ ॥
ਕਲਿਜੁਗ **ਬਾਬੇ** ਤਾਰਿਆ **ਸਤਿਨਾਮੁ ਪੜ੍ਹਿ ਮੰਤ੍ਰ** ਸੁਣਾਇਆ ॥
ਕਲਿ ਤਾਰਣ ਗੁਰੁ ਨਾਨਕ ਆਇਆ ॥[30]

ਇਨ੍ਹਾਂ ਦੋਹਾਂ ਪਉੜੀਆਂ ਵਿਚਲੇ ਸ਼ਬਦ-ਖੇਤਰ ਵੱਲ ਵਿਸ਼ੇਸ਼ ਧਿਆਨ ਦੇਣ ਨਾਲ ਪੂਰਬ-ਨਾਨਕ-ਪੈਰਾਡਾਈਮ ਤੇ ਨਾਨਕ-ਬਾਣੀ-ਪੈਰਾਡਾਈਮ ਇਕ ਦੂਸਰੇ ਦੇ ਵਿਰੋਧ ਵਿਚ ਪੇਸ਼ ਹੁੰਦੇ ਹਨ। ਮਿਸਾਲ ਵਜੋਂ ਪਹਿਲੀ ਪਉੜੀ ਵਿਚ 'ਚਾਰਿ ਵਰਨ ਚਾਰਿ ਮਜ਼ਹਬਾਂ' ਦੀ ਗੱਲ ਕੀਤੀ ਗਈ ਹੈ। ਇਹ ਪੂਰਬ ਨਾਨਕ ਅਧਿਆਤਮਿਕਤਾ ਦੇ ਸੰਪਰਦਾਇਕਤਾਮੁੱਖ ਪੈਰਾਡਾਈਮ ਕਹੇ ਜਾ ਸਕਦੇ ਹਨ। ਇਸ ਦੇ ਮੁਕਾਬਲੇ ਤੇ ਦੂਜੀ ਪਉੜੀ ਵਿਚ 'ਚਾਰਿ ਵਰਨ ਇਕ ਵਰਨ ਕਰਾਇਆ' ਨਾਨਕ-ਬਾਣੀ ਦੇ ਧਰਮ-ਨਿਰਪੇਖਕ ਪੈਰਾਡਾਈਮ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਪਹਿਲੀ ਪਉੜੀ ਵਿਚ ਹਿੰਦੂ-ਮੁਸਲਮਾਨ, ਗੰਗ-ਬਨਾਰਸ, ਮਕਾ-ਕਾਹਬਾ, ਸੁੰਨਤ-ਤਿਲਕ ਜੰਞੂ, ਵੇਦ-ਕਤੇਬ, ਬਾਹਮਣ-ਮਉਲਾਣੇ ਆਦਿ ਸ਼ਬਦ-ਜੁਟ ਪੂਰਬ ਨਾਨਕ ਅਧਿਆਤਮਿਕਤਾ ਦੇ ਸ਼ਬਦ ਭੰਡਾਰ ਨਾਲ ਸੰਬੰਧਿਤ ਹਨ। ਮਗਰਲੀ ਪਉੜੀ ਵਿਚ ਦਾਤਾਰ ਪ੍ਰਭੂ, ਰਹਿਰਾਸ, ਰਾਣਾ ਰੰਕ ਬਰਾਬਰੀ, ਸਤਿਨਾਮ ਪੜ੍ਹ ਮੰਤ੍ਰ ਸੁਣਾਇਆ ਆਦਿ ਸ਼ਬਦ ਨਾਨਕ-ਬਾਣੀ ਦੇ ਵਿਲੱਖਣ ਵਿਚਾਰਧਾਰਾਈ ਸ਼ਬਦ-ਖੇਤਰ ਨਾਲ ਸੰਬੰਧਿਤ ਪੈਰਾਡਾਈਮ ਹਨ। ਇਉਂ ਅਸੀਂ ਭਾਈ ਗੁਰਦਾਸ ਦੀਆਂ ਹੋਰ ਵਾਰਾਂ ਵਿਚੋਂ ਵੀ ਇਸੇ ਤਰ੍ਹਾਂ ਦੇ ਪੈਰਾਡਾਈਮ-ਵਿਰੋਧ ਨਾਲ ਸੰਬੰਧਿਤ ਸ਼ਬਦ ਚੁਣ ਸਕਦੇ ਹਾਂ। ਭਾਈ ਗੁਰਦਾਸ ਦੀ ਇਹੋ ਵਿਚਾਰਾਧਾਰਾਈ ਵਿਰੋਧ ਨੂੰ ਪੇਸ਼ ਕਰਨ ਦੀ ਵਿਧੀ ਬਾਣੀ-ਪ੍ਰਵਚਨ ਦੇ ਨੇਮ/ਪੈਟਰਨ ਨੂੰ ਪੂਰਬਲੀ ਪਰੰਪਰਾ ਤੋਂ ਭਿੰਨ ਪ੍ਰਵਚਨ ਸਿੱਧ ਕਰਦੀ ਜਾਪਦੀ ਹੈ।

ਕੁਲ ਮਿਲਾ ਕੇ ਭਾਈ ਗੁਰਦਾਸ ਨੇ ਨਾਨਕ-ਬਾਣੀ ਨੂੰ ਸਮੇਂ ਦੇ ਸਮਾਜ-ਇਤਿਹਾਸਕ ਪ੍ਰਸੰਗ ਵਿਚ ਰਖਕੇ ਪਾਠ ਦੇ ਅੰਦਰਲੇ ਤੱਤਾਂ ਨਾਲ ਸੰਬੰਧਿਤ ਕੀਤਾ ਤੇ ਇਸ ਵਿਧੀ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ-ਬਾਣੀ ਪ੍ਰਵਚਨ ਦੀ ਵਿਚਾਰਧਾਰਾਈ ਵਿਲੱਖਣਤਾ ਨੂੰ ਨਿਸ਼ਚਿਤ ਕੀਤਾ। ਭਾਵੇਂ ਭਾਈ ਗੁਰਦਾਸ ਅਜੋਕੇ ਅਰਥਾਂ ਵਿਚ ਆਲੋਚਕ ਨਹੀਂ ਸੀ ਪਰੰਤੂ ਫਿਰ ਵੀ ਉਨ੍ਹਾਂ ਦੀ ਆਲੋਚਨਾਤਮਕ ਅੰਤਰ-ਦ੍ਰਿਸ਼ਟੀ ਅੱਜ ਦੇ ਪ੍ਰਸੰਗ ਵਿਚ ਵੀ ਮੁੱਲਵਾਨ ਹੈ। ਅੱਜ ਦੇ ਯੁਗ ਵਿਚ ਜੋ ਨਵ-ਆਲੋਚਨਾ ਉਭਰ ਕੇ ਸਾਹਮਣੇ ਆ ਰਹੀ ਹੈ, ਉਹ ਬਾਣੀ-ਪਾਠ ਦੀਆਂ ਤਹਿਆਂ ਵਿਚਲੇ ਵਿਚਾਰਧਾਰਕ ਆਧਾਰਾਂ ਨੂੰ ਵੀ ਉਭਾਰ ਕੇ ਪੇਸ਼ ਕਰਨ ਨਾਲ ਸੰਬੰਧਿਤ ਹੈ।

ਇਸ ਪੱਖੋਂ ਨਵ-ਆਲੋਚਨਾ ਦੇ ਬੀਜ-ਭਾਈ ਗੁਰਦਾਸ ਦੀ ਸਮਾਜ-ਇਤਿਹਾਸਕ ਪ੍ਰਸੰਗ ਵਿਚ ਕੀਤੀ ਬਾਣੀ-ਵਿਆਖਿਆ ਵਿਚ ਸੰਸਕਾਰ ਰੂਪ ਵਿਚ ਮੌਜੂਦ ਹਨ। ਅੱਜ ਜਦੋਂ ਪੂਰਬੀ-ਵਿਸ਼ਵ-ਦ੍ਰਿਸ਼ਟੀ ਨੂੰ ਉਸਾਰਨ ਦੀ ਚਰਚਾ ਸਾਹਮਣੇ ਆਈ ਹੈ, ਤਾਂ ਇਸ ਪ੍ਰਸੰਗ ਵਿਚ ਭਾਈ ਗੁਰਦਾਸ ਦੀ ਬਾਣੀ-ਸਮੀਖਿਆ-ਵਿਧੀ ਦਾ ਅਧਿਐਨ ਅਤਿਅੰਤ ਰੌਚਿਕ ਸਿੱਟੇ ਪ੍ਰਦਾਨ ਕਰ ਸਕਦਾ ਹੈ। ਪੰਜਾਬੀ ਸਮੀਖਿਆ ਨੂੰ ਇਸ ਪੱਖ ਵੱਲ ਵਧੇਰੇ ਸੁਚੇਤ ਹੋਣ ਦੀ ਲੋੜ ਹੈ।

ਸੋਢੀ ਮਿਹਰਬਾਨ :

ਭਾਈ ਗੁਰਦਾਸ ਤੋਂ ਬਾਅਦ ਸੋਢੀ ਮਿਹਰਬਾਨ ਨੂੰ ਚਰਚਾ ਦਾ ਵਿਸ਼ਾ ਬਣਾਉਣਾ ਯੋਗ ਹੈ। ਬਾਣੀ-ਸਮੀਖਿਆ ਨੂੰ ਸੋਢੀ ਮਿਹਰਵਾਨ ਦੀ ਪ੍ਰਮੁਖ ਦੇਣ ਬਾਣੀ ਪਰਮਾਰਥ ਸਿਰਜਨ ਦੀ ਹੈ। ਬਾਣੀ-ਵਿਆਖਿਆ ਦੀ ਪਰਮਾਰਥ-ਰੂੜ੍ਹੀ ਬਾਣੀ ਦੀ ਅਧਿਆਤਮਿਕ ਵਿਆਖਿਆ ਪੇਸ਼ ਕਰਦੀ ਹੈ। ਪਰਮਾਰਥ ਦਾ ਮੁੱਖ ਉਦੇਸ਼ ਗੁਰਸ਼ਬਦ ਦੇ 'ਕੋਡ' ਵਿਚਲੇ ਰਹਸ ਨੂੰ 'ਡੀਕੋਡ' ਕਰਨਾ ਹੈ। ਬਾਣੀਕਾਰਾਂ ਦੀ ਯਾਤਰਾ ਨਿਰਗੁਣ-ਅਧਿਆਤਮ ਨੂੰ ਚਿਹਨਾ ਰਾਹੀਂ ਚਿਹਨਿਤ ਕਰਨ ਦੀ ਸੀ। ਚਿਹਨਕਾਰੀ ਕਿਸੇ ਰਹਸ ਨੂੰ ਕੋਡ-ਬੱਧ ਕਰ ਦਿੰਦੀ ਹੈ। ਉਸ ਦਾ ਆਪਣਾ ਨੇਮ-ਪ੍ਰਬੰਧ/ਪੈਟਰਨ ਹੁੰਦਾ ਹੈ। ਵਿਆਖਿਆਕਾਰ ਦਾ ਉਦੇਸ਼ ਕੋਡ ਵਿਚਲੇ ਰਹੱਸ ਨੂੰ ਸਪਸ਼ਟ ਕਰਨਾ ਹੁੰਦਾ ਹੈ। ਪਰਮਾਰਥ-ਰਚਨਾ ਵੀ ਇਕ ਵਿਆਖਿਆ ਰੂੜ੍ਹੀ ਹੀ ਹੈ। ਇਸ ਲਈ ਪਰਮਾਰਥ-ਰਚੈਤਾ ਕੋਡ ਦੇ ਚਿਹਨਾਂ ਤੋਂ ਤੁਰ ਕੇ ਬਾਣੀ ਦੇ ਅਧਿਆਤਮਿਕ ਸੰਦੇਸ਼ ਵਲ ਵੱਧਣ ਦੀ ਯਾਤਰਾ ਕਰਦਾ ਹੈ। ਇਹ ਡੀਕੋਡ ਕਰਨ ਦੀ ਯਾਤਰਾ ਹੈ। ਇਸ ਰਾਹੀਂ ਕਿਸੇ ਪਾਠ-ਪ੍ਰਬੰਧ ਵਿਚਲੇ ਭਾਸ਼ਾ ਦੇ ਖਿਲਾਰ ਨੂੰ ਅਧਿਆਤਮਿਕ-ਸੰਜਮ ਦੀ ਮਦਦ ਨਾਲ ਮੁੜ ਕੇ ਸੰਜੁਗਤ ਕੀਤਾ ਜਾਂਦਾ ਹੈ। ਸੰਜੁਗਤੀ ਕਦੇ ਵੀ ਪ੍ਰਦੱਤ ਨਹੀਂ ਹੁੰਦੀ। ਇਸ ਨੂੰ ਭਾਸ਼ਾ ਵਿਚਲੇ ਚਿਹਨਕ ਭੰਡਾਰ ਵਿਚੋਂ ਅਖਜ਼ ਕੀਤਾ ਜਾਂਦਾ ਹੈ। ਭਾਸ਼ਾਗਤ ਖਿਲਾਰ ਨੂੰ ਜੋ ਦ੍ਰਿਸ਼ਟੀ ਸੰਜੁਗਤ ਕਰ ਕੇ ਏਕਤਾ ਪ੍ਰਦਾਨ ਕਰ ਰਹੀ ਹੁੰਦੀ ਹੈ, ਉਹ ਉਸ ਦਾ ਨੇਮ/ਪੈਟਰਨ ਹੈ। ਡੀਕੋਡ ਕਰਨ ਦੀ ਪ੍ਰਕਿਰਿਆ ਰਾਹੀਂ ਇਸ ਨੇਮ/ਪੈਟਰਨ ਤਕ ਪੁੱਜਣਾ ਲਾਜ਼ਮੀ ਹੁੰਦਾ ਹੈ। ਸੋਢੀ ਮਿਹਰਬਾਨ ਦੀ ਪਰਮਾਰਥ-ਰਚਨਾ ਨੂੰ ਇਸੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ। ਇਕ ਉਦਾਹਰਣ ਲੈ ਕੇ ਵਿਸ਼ਲੇਸ਼ਣ ਕੀਤਿਆਂ ਗੱਲ ਵਧੇਰੇ ਸਪਸ਼ਟ ਹੋ ਜਾਵੇਗੀ। ਗੁਰੂ ਨਾਨਕ ਦੇਵ ਦੇ 'ਵਿਆਹ' ਦੇ ਪ੍ਰਸੰਗ ਰਾਹੀਂ, ਸੂਹੀ ਰਾਗ ਦੇ ਸ਼ਬਦ 'ਹਮ ਘਰਿ ਸਾਜਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਏ' ਦਾ ਪ[illegible] ਕੀਤਾ ਗਿਆ ਹੈ :

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਇ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰਿ ਮੰਦਰ ਸੋਹਾਇ ॥
ਪੰਜ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥

ਤਿਸੁ ਕਾ ਪਰਮਾਰਥੁ :

"ਤਬ ਗੁਰੂ ਬਾਬੇ ਕਹਿਆ ਜਿ ਹਮ ਘਰਿ ਸਾਜਨ ਆਏ ॥ ਸਿ ਕਉਣ **ਸਾਜਨ** ਆਏ ? ਇਹਿ ਜੋ **ਸੁਕ੍ਰਿਤ** ਥੇ ਏਈ ਜੀਅ ਕੈ ਸਾਜਨ ਹੈ। ਅਰੁ ਏ ਜਿ ਦੁਕ੍ਰਿਤ ਹੈ ਸੇ ਏਈ ਏਸ ਕੇ **ਦੁਸਮਨ** ਹੈ। ਜਦਿ ਏਸੁ ਉਪਰਿ ਸਚਾ ਸਾਹਿਬੁ ਮਿਹਰਵਾਨ ਹੋਆ ਤਬ ਇਸ ਕਉ ਏਈ ਸਾਜਨ ਆਇ ਮਿਲੇ ਸੁਕਰਮ, ਜਿਨ੍ਹਾਂ ਕਰਿ ਕਰਿ ਏਸ ਜੀਵ ਕਾ ਭਲਾ ਹੋਵੈ। ਜਬ ਏਸੁ ਕਉ ਸੁਕਰਮ ਪਰਮੇਸੁਰ ਆਨਿ ਮਿਲਾਏ ਤਬ ਏਸ ਕਾ ਮਨੁ ਸਹਜ ਸਾਥਿ ਹੋਆ। ਜਬ ਏਹੁ ਪਾਪਾ ਤੇ ਖਲਾਸੁ ਹੋਆ ਤਬ ਏਹੁ ਪਰਮੇਸਰੁ ਕਉ ਖੁਸਿ ਆਇਆ। ਜਿਨਹੁ ਪਚਹੁ ਇਹੁ ਪਰਮੇਸਰ ਤੇ ਭੂਲਾ ਥਾ ਤਿਨਹੁ ਤੇ ਏਹੁ ਛੂਟਾ। ਜਿਨਹੁ ਪੰਚਹੁ ਕਾ ਏਸ ਕਉ ਡਰੁ ਥਾ ਸਿ ਓਹਿ ਇਸ ਕਉ ਆਇ ਮਿਲੈ। ਇਕਲਾਸੁ ਹੋਆ ਤਬ ਏਹੁ ਖੁਸੀ ਹੋਆ। ਜਿਸੁ ਵਸਤੁ ਕੋ ਏਹੁ ਜੀਉ ਚਾਹਦਾ ਥਾ ਸਾ ਵਸਤੁ ਏਸ ਕਉ ਪ੍ਰਾਪਤਿ ਹੋਈ। ਕਵਣੁ ਵਸਤੁ ਪ੍ਰਾਪਤਿ ਹੋਈ ? **ਕਾਮ ਤੇ ਜਤੁ** ਹੋਆ, **ਕ੍ਰੋਧ ਤ ਚੁਪਿ** ਹੋਈ, **ਲੋਭ ਤੇ ਸੰਤੋਖ** ਹੋਆ, **ਮੋਹ ਤੇ** ਨਿਰਮੋਹੁ ਹੋਆ। **ਅਹਕਾਰ ਤ ਸਿਉ** ਹੋਈ। **ਚਿੰਤ ਤੇ ਅਚਿੰਤ** ਹੋਆ। **ਨਿਰਦੇਆ** ਤੇ ਆਤਮੇ **ਦੇਆ** ਵਸੀ। **ਸਕਤਿ ਤੇ ਸਿਉਂ** ਉਪਜੀ। ਏਸ ਕਉ ਏਹਿ ਸਾਜਨ ਹੋਇ ਮਿਲੈ। ਦੁਸਮਨ ਥੀ ਸਾਜਨ ਹੋਏ। ਜਿਹ ਏਸੁ ਮਨ ਕੇ ਵੈਰੀ ਥੇ ਤਿਨਾ ਸਾਥਿ ਏਸ ਕਾ ਮੇਲੁ ਭਇਆ। ਜਿ ਵਸਤੁ ਚਾਹਦਾ ਥਾ ਸਾ ਏਨਿਮਨਿ ਪਾਈ। ਖਰਾ ਸੁਖੀ ਭਇਆ। ਜਿਤਨਾ ਏਸ ਕਾ ਜੀਉ ਪ੍ਰਾਣ ਅਰੁ ਮੰਦਰੁ ਥਾ ਸਭੁ ਏਸ ਕਾ ਸੋਭਾਮਾਨ ਹੋਆ। ਜਬ ਏਸ ਕਉ ਸੁਕ੍ਰਿਤ ਸਾਜਨ ਮਿਲੇ। ਇਨੀ ਸੁਕ੍ਰਿਤੀ ਸਾਜਨੀ ਕਰਿ ਕਰਿ ਏਹੁ ਖੁਸੀ ਭਇਆ। ਏਸ ਜੀਵ ਕੇ ਸੁਕ੍ਰਿਤ ਹੀ ਸਾਜਨੁ ਹੈ, ਹੋਰਿ ਸਾਜਨ ਨਾਹੀ। ਜਬ ਏਹਿ ਸਾਜਨ ਏਸ ਕੇ ਘਰਿ ਮਹਿ ਆਏ ਤਬ ਏਸ ਕੈ ਪੰਚ ਸਬਦ ਅਨਹਦ ਵਾਜੇ। ਜਬ ਏਸ ਦਾ ਸਾਧ ਕਰਮ ਸਉ ਮੇਲੁ ਹੋਆ। ਤਬ **ਗੁਰੂ ਬਾਬਾ ਨਾਨਕੁ ਦੇਖਿ ਕਰਿ ਮੰਗਲ ਸੈਸਾਰ ਕੇ ਗਾਵੀਦੇ ਬਾਬੇ ਪਰਮੇਸੁਰ ਕੇ ਮੰਗਲ ਗਾਏ। ਸੈਸਾਰੁ ਸੰਸਾਰੀ ਮੰਗਲ ਗਾਵਤਾ ਹੈ। ਗੁਰੂ ਬਾਬਾ ਨਾਨਕੁ ਜੀ ਪਰਮੇਸੁਰ ਜੀ ਕੇ ਮੰਗਲ ਗਾਵਤਾ ਹੈ** ।...[31]

ਬਾਣੀ ਦੇ ਸ਼ਬਦ ਵਿਚ ਸਜਨ ਦੇ ਘਰ ਆਉਣ ਤੋਂ ਪ੍ਰਾਪਤ ਹੋਈ ਖੁਸ਼ੀ ਨੂੰ ਅਧਿਆਤਮ-ਅਨੰਦ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਗਿਆ ਹੈ। ਇਸ ਪ੍ਰਯੋਜਨ ਦੀ ਸਿਧੀ ਲਈ ਦੋ ਪ੍ਰਕਾਰ ਦੀਆਂ ਚਿਹਨ-ਜੁਗਤਾਂ ਦਾ ਪ੍ਰਯੋਗ ਹੈ। ਇਕ ਚਿਹਨ-ਜੁਗਤ ਸਜਨ ਪ੍ਰਾਪਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚੋਂ ਉਭਰਨ ਵਾਲੀ ਖੁਸ਼ੀ ਦਾ ਵਿਸਤਾਰ ਕਰਦੀ ਹੈ। ਦੂਸਰੀ ਇਸ ਖੁਸ਼ੀ ਦੀ ਤੀਬਰਤਾ ਨੂੰ ਅਧਿਆਤਮਿਕ ਸੱਚ ਤੇ ਆਨੰਦ ਨਾਲ ਸੰਬੰਧਿਤ ਕਰਦੀ ਹੈ। ਸਜਨ-ਆਨੰਦ ਤੇ ਅਧਿਆਤਮ-ਅਨੰਦ ਦੇ ਵਿਰੋਧ ਉਪਰ ਉਸਰੇ ਇਸ ਸ਼ਬਦ ਦੀ ਵਿਆਖਿਆ ਪਰਮਾਰਥਕਾਰ ਹੋਰ ਉਘਾੜ ਕੇ ਕਰਦਾ ਹੈ। ਉਸ ਦੇ ਅਜਿਹੇ ਯਤਨ ਵਿਚੋਂ ਸ਼ਬਦ ਦੀ ਅਧਿਆਤਮ-ਸੁਰਤਿ ਵਧੇਰੇ ਉਘੜੀ ਹੈ। ਆਪਣੇ ਉਦੇਸ਼ ਵਿਚ ਸਫਲ ਹੋਣ ਲਈ ਪਰਮਾਰਥਕਾਰ ਆਪਣੇ ਸਾਰੇ ਪਰਮਾਰਥ ਨੂੰ ਸੰਸਾਰ ਤੇ ਅਧਿਆਤਮ ਦੇ ਵਿਰੋਧਾਤਮਕ ਨੇਮ/ਪੈਟਰਨ ਉਪਰ ਆਧਾਰਿਤ ਕਰਦਾ ਹੈ ਅਤੇ ਸ਼ਬਦ ਵਿਚਲੇ ਹਾਂ-ਮੂਲਕ ਮੁਹਾਵਰੇ ਨੂੰ ਉਸ ਦੇ ਨਾਹ-ਮੂਲਕ/ ਵਿਰੋਧੀ ਮੁਹਾਵਰੇ ਨਾਲ ਜੋੜਕੇ ਉਘਾੜਦਾ ਹੈ। ਵਿਆਖਿਆ ਦੀ ਇਹ ਦਿਸ਼ਾ ਮੂਲ-ਸ਼ਬਦ ਦੀ ਵਿਚਾਰਧਾਰਾਈ ਸਾਰਥਕਤਾ ਨੂੰ ਸਪਸ਼ਟ ਕਰਨ ਦਾ ਯਤਨ ਹੈ।

ਸੋਢੀ ਮਿਹਰਬਾਨ ਨੇ ਇਸ ਸ਼ਬਦ ਵਿਚਲੀ ਚਿਹਨਕਾਰੀ ਵਿਚੋਂ ਹੀ ਇਕ ਦ੍ਵੈਤ ਬਣਾਇਆ ਹੈ। ਬਾਣੀ ਦਾ ਸ਼ਬਦ ਸਾਜਨ ਦੇ ਘਰ ਆਉਣ ਦੀ ਸਥਿਤੀ ਨੂੰ ਅਗਰਭੂਮੀ ਵਿਚ ਲਿਆਉਂਦਾ। ਬਾਣੀ ਰਚਨਾ ਦੀ ਇਹ ਮਜਬੂਰੀ ਹੈ ਕਿ ਇਹ ਸੰਖੇਪ ਤੇ ਸਰਲ ਹੋਣ ਕਾਰਨ ਬਹੁਤ ਕੁਝ ਨੂੰ ਪਿੱਠ-ਭੂਮੀ ਵਿਚ ਕਰ ਦਿੰਦੀ ਹੈ। ਰੂਪਗਤ ਤੇ ਸੁਹਜਾਤਮਕ ਰਚਨਾ ਦਾ ਲੱਛਣ ਹੀ ਇਹ ਹੁੰਦਾ ਹੈ ਕਿ ਉਥੇ ਰਿਕਤੀ ਤੇ ਅਤਿਰਿਕਤੀ ਦੋਹਾਂ ਵਿਚੋਂ ਕਿਸੇ ਨੂੰ ਵੀ ਰਹਿਣ ਨਹੀਂ ਦਿੱਤਾ ਜਾਂਦਾ। ਬਾਣੀ ਦੀ ਛੰਦ-ਰਚਨਾ ਦੀ ਮੁਖ ਬਿਰਤੀ ਵੀ ਇਸ ਉਤੇ ਅਜਿਹੇ ਪ੍ਰਤਿਬੰਧ ਲਾਂਦੀ ਹੈ। ਵਿਆਖਿਆ ਦਾ ਕਾਰਜ ਉਨ੍ਹਾਂ ਸਾਰੀਆਂ ਗੱਲਾਂ ਨੂੰ ਉਭਾਰਨਾ ਹੈ, ਜਿਨ੍ਹਾਂ ਨੂੰ ਸਿਰਜਨਹਾਰ ਨੇ ਆਪਣੀਆਂ ਉਪਰੋਕਤ ਮਜਬੂਰੀਆਂ ਕਾਰਨ ਪਿੱਠ-ਭੂਮੀ ਵਿਚ ਹੀ ਰਹਿਣ ਦਿੱਤਾ ਸੀ। ਅਸੀਂ ਇਸ ਥੀਸਿਸ ਦੇ ਦੂਜੇ ਚੈਪਟਰ ਵਿਚ ਇਸ ਤੱਥ ਨੂੰ ਸਪਸ਼ਟ ਕੀਤਾ ਹੈ ਕਿ ਕਾਵਿ ਦਾ ਨੇਮ/ਪੈਟਰਨ, ਪਿੱਠ-ਭੂਮੀ ਵਿਚੋਂ ਉਭਰਦਾ ਹੈ। ਵਿਆਖਿਆ ਦਾ ਪ੍ਰਮੁਖ ਕਾਰਜ ਸਿਰਜਿਤ ਨੇਮ/ਪੈਟਰਨ ਦੀ ਅਜਿਹੀ ਪਿੱਠ-ਭੂਮੀ ਨੂੰ ਉਸਾਰਨ ਦਾ ਹੀ ਹੁੰਦਾ ਹੈ। ਕਵਿਤਾ ਉਨ੍ਹਾਂ ਸ਼ਬਦਾਂ ਦੀ ਤਾਂ ਬਣੀ ਹੁੰਦੀ ਹੀ ਹੈ ਜੋ ਕਿ ਉਸ ਵਿਚ ਸ਼ਾਮਲ ਹੋ ਜਾਂਦੇ ਹਨ, ਪਰੰਤੂ ਕਵਿਤਾ ਦਾ ਸੰਬੰਧ ਉਨ੍ਹਾਂ ਸ਼ਬਦਾਂ ਨਾਲ ਵੀ ਖਾਸ ਤੌਰ ਉਤੇ ਹੁੰਦਾ ਹੈ, ਜਿਨ੍ਹਾਂ ਨੂੰ ਸਿਰਜਨਹਾਰ ਚੋਣ ਸਮੇਂ ਤਿਆਗ ਕੇ ਪਿੱਠ-ਭੂਮੀ ਵਿਚ ਕਰ ਦਿੰਦਾ ਹੈ। ਪ੍ਰਵਚਨ ਦੇ ਨੇਮ/ਪੈਟਰਨ ਦੀ ਵਿਆਖਿਆ ਲਈ ਵਿਆਖਿਆਕਾਰ ਨੂੰ ਇਨ੍ਹਾਂ ਗੈਰ-ਹਾਜ਼ਰ ਸ਼ਬਦਾਂ ਵਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਸਾਡੇ ਵਿਆਖਿਅਕਾਰ ਨੇ, ਜੋ ਕੁਝ ਸ਼ਬਦ ਵਿਚ ਗੈਰ ਹਾਜ਼ਰ ਹੈ, ਉਸ ਵਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਸਾਜਨ ਦੇ ਵਿਰੋਧ ਵਿਚ ਦੁਸ਼ਮਨ ਨੂੰ ਰਖਿਆ ਗਿਆ ਹੈ। ਸੁਕ੍ਰਿਤ ਸਾਜਨ ਹੈ ਤੇ ਦੁਕ੍ਰਿਤ ਦੁਸ਼ਮਨ। ਦੁਕ੍ਰਿਤ ਨੂੰ ਤਿਆਗਣਾ ਤੇ ਸੁਕ੍ਰਿਤ ਨੂੰ ਗ੍ਰਹਿਣ ਕਰਨਾ ਹੈ। ਇਸ ਗ੍ਰਹਿਣ-ਤਿਆਗ ਦੇ ਦ੍ਵੈਤ ਨੂੰ ਵਿਆਖਿਆਕਾਰ ਨੇ 'ਕਾਮ ਤੇ ਜਤੁ ਹੋਆ', 'ਕ੍ਰੋਧ ਤੇ ਚੁਪਿ ਹੋਈ', 'ਲੋਭ ਤੇ ਸੰਤੋਖ ਹੋਆ', 'ਮੋਹ ਤੇ ਨਿਰਮੋਹ ਹੋਆ'......ਆਦਿ ਜੁੱਟਾਂ ਰਾਹੀਂ ਸਪਸ਼ਟ ਕੀਤਾ ਹੈ। ਸ਼ਬਦ ਦੀ ਚਿਹਨਕਾਰੀ ਬਾਣੀ ਦੇ ਇਸ ਅਧਿਆਤਮਕ ਪੈਰਾਡਾਈਮ ਬਾਰੇ **'ਪੰਚ' ਮਿਲੇ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖ ਪਾਇਆ ਰਾਹੀਂ ਕੇਵਲ ਸੰਕੇਤ ਹੀ ਕਰਦੀ ਹੈ। ਵਿਆਖਿਆਕਾਰ ਚਿਹਨਕਾਰੀ ਤੋਂ ਚਲ ਕੇ ਉਸ ਰਾਹੀਂ ਚਿਹਨਿਤ ਅਧਿਆਤਮਕ-ਸੰਦੇਸ਼ ਨੂੰ ਡੀਕੋਡ ਕਰਨ ਵੱਲ ਵਧਦਾ ਹੈ। ਸਾਰੀ ਵਿਆਖਿਆ ਲਈ ਉਹ ਬਾਣੀ ਵਿਚਲੇ ਅਧਿਆਤਮਕ ਪੈਰਾਡਾਈਮ ਦੀ ਮੱਦਦ ਲੈਂਦਾ ਹੈ। ਇਉਂ ਉਹ ਟੈਕਸਟ ਦੇ ਪਾਠ ਉਤੇ ਦ੍ਰਿਸ਼ਟੀ ਕੇਂਦਰਿਤ ਕਰਦਾ ਹੈ। ਇਸੇ ਵਿਧੀ ਨਾਲ ਉਹ ਟੈਕਸਟ ਦੀ ਵਿਲੱਖਣ ਵਿਚਾਰਧਾਰਾ ਦੀ ਚਿਹਨਿਕਤਾ ਤਕ ਪੁੱਜ ਸਕਣ ਦੇ ਸਮਰੱਥ ਹੁੰਦਾ ਹੈ। ਇਸ ਪੱਖੋਂ ਸੋਢੀ ਮਿਹਰਵਾਨ ਦਾ ਪਰਮਾਰਥ ਸਿਰਜਨ ਵਾਲਾ ਨੇਮ/ਪੈਟਰਨ ਬਾਣੀ-ਪ੍ਰਵਚਨ ਦੀ ਵਿਆਕਰਣ ਉਸਾਰੀ ਵਿਚ ਸਹਾਈ ਸਿੱਧ ਹੋ ਸਕਦਾ ਹੈ। ਇਸ ਤਰ੍ਹਾਂ ਸੋਢੀ ਮਿਹਰਬਾਨ ਦੀ ਪਰਮਾਰਥ-ਰਚਨਾ, ਸ਼ਬਦ-ਸੰਰਚਨਾ ਵਿਚ ਬਿੰਬਤ ਨੇਮ/ਪੈਟਰਨ ਦੀ ਵਿਆਖਿਆ, ਸ਼ਬਦ-ਸੰਰਚਨਾ ਵਿਚੋਂ ਗੈਰਹਾਜ਼ਰ ਪਿੱਠ-ਭੂਮੀ ਦੇ ਪ੍ਰਸੰਗ ਵਿਚ ਰੱਖ ਕੇ ਕਰਦੀ ਹੈ। ਜੋ ਕੁਝ ਕਿਸੇ ਸੰਰਚਨਾ ਵਿਚ ਗੈਰਹਾਜ਼ਰ ਹੈ, ਉਹ ਵੀ ਉਸ ਰਚਨਾ ਵਿਚਲੇ ਸੰਦੇਸ਼ ਨੂੰ ਸਪਸ਼ਟ ਕਰਨ ਲਈ ਪਿੱਠ-ਭੂਮੀ ਦਾ ਕਾਰਜ ਕਰ ਰਿਹਾ ਹੁੰਦਾ ਹੈ। ਰਚਨਾ ਦੇ ਅਰਥ ਤੀਕ ਪੁੱਜਣ ਲਈ ਉਸ ਨੂੰ ਧਿਆਨ ਵਿਚ ਰਖਣਾ ਲਾਜ਼ਮੀ ਹੈ। ਚੰਗਾ ਵਿਆਖਿਆਤਾ ਇਸ ਤੱਥ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦਾ। ਸੋਢੀ ਮਿਹਰਬਾਨ ਸਹਿਜੇ ਹੀ ਇਸੇ ਵਿਧੀ ਦੀ ਵਰਤੋਂ ਕਰ ਰਹੇ ਹਨ। ਇਹ ਬੜੀ ਸੰਤੋਖਜਨਕ ਪ੍ਰਾਪਤੀ ਹੈ ਕਿ ਇਸ ਵਿਆਖਿਆ ਵਿਧੀ ਵਿਚ ਪਾਠ-ਕੇਂਦਰਿਤ ਵਿਆਖਿਆ-ਵਿਧੀ ਦੇ ਬੀਜ ਮਿਲਦੇ ਹਨ। ਡਾ. ਤਾਰਨ ਸਿੰਘ ਪਾਠ-ਕੇਂਦਰਿਤ ਆਲੋਚਨਾ ਬਾਰੇ ਚੇਤੰਨ ਆਲੋਚਕ ਨਹੀਂ। ਪਰ ਉਹ ਵੀ ਜਦੋਂ ਸੋਢੀ ਮਿਹਰਬਾਨ ਦੀ ਪਰਮਾਰਥ-ਰਚਨਾ ਦੇ ਗੁਣ-ਲੱਛਣਾਂ ਦਾ ਜ਼ਿਕਰ ਕਰਦੇ ਹਨ ਤਾਂ ਸਹਿਜੇ ਹੀ ਸੋਢੀ ਮਿਹਰਬਾਨ ਦੀ ਇਸ ਬਿਰਤੀ ਬਾਰੇ ਸੰਕੇਤ ਕਰ ਜਾਂਦੇ ਹਨ :

1. ਜੇ ਦਿਆਨਤਦਾਰੀ ਤੇ ਸੁਹਿਰਦਤਾ ਨਾਲ ਸ਼ਬਦ ਦੇ ਹਰ ਅੱਖਰ ਨੂੰ ਦ੍ਰਿੜ ਤੇ ਨਿਸ਼ਚਿਤ ਕੀਤਾ ਜਾਏ ਤੇ ਫਿਰ ਜਿਸ ਪਾਸੇ ਵਿਆਖਿਆ ਲਈ ਅੱਖਰ ਰਸਤਾ ਦੇਣ ਉਸ ਪਾਸੇ ਵਿਆਖਿਆ ਨੂੰ ਲਿਜਾਇਆ ਜਾਏ, ਨਾ ਕਿ ਆਪਣੇ ਬਣੇ ਵਿਚਾਰਾਂ ਦੇ ਭਾਵਾਂ ਮਗਰ ਅਰਥ ਨੂੰ ਟੋਰਿਆ ਜਾਏ। ਆਪ ਦੇ ਪਰਮਾਰਥ ਪੜ੍ਹਦਿਆਂ ਮੈਨੂੰ ਕਿਧਰੇ ਬਨਾਵਟ ਜਾਂ ਅਰਥ ਵਿਗਾੜ ਹੋਇਆ ਨਹੀਂ ਜਾਪਿਆ।[32]

2. ਸਫਲ ਪਰਮਾਰਥ ਰਚਣ ਲਈ ਜ਼ਰੂਰੀ ਹੈ ਕਿ ਕਿਸੇ ਸ਼ਬਦ (ਰਚਨਾ) ਨੂੰ ਪਹਿਲਾਂ ਸਮੂਚੇ ਤੌਰ ਤੇ ਵੇਖਿਆ ਜਾਏ ਤੇ ਉਸ ਦੇ ਭਾਵਾਂ ਨੂੰ ਨਿਸ਼ਚਿਤ ਕੀਤਾ ਜਾਏ ਤੇ ਉਸ ਸਮੁੱਚੇ ਭਾਵ ਦੇ ਅਧੀਨ ਰਹਿ ਕੇ ਹਰ ਸਤਰ ਨੂੰ ਵਿਆਖਿਆ ਜਾਏ ਤੇ ਉਸ ਨੂੰ ਆਪਣੇ ਕੇਂਦਰੀ ਭਾਵ ਦੇ ਦੁਆਲੇ ਤੋਰਿਆ ਜਾਏ। ਇਕ ਸਤਰ ਦਾ ਦੂਜੀ ਸਤਰ ਨਾਲ ਮੇਲ ਜੋੜ ਵੀ ਇਸੇ ਸਿਧਾਂਤ ਅਨੁਸਾਰ ਨਿਸ਼ਚਿਤ ਕੀਤਾ ਜਾਏ ਤੇ ਸਮੁੱਚੇ ਸ਼ਬਦ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਪੂਰਨ 'ਇਕਾਈ' ਦੇ ਰੂਪ ਵਿਚ ਪਰਗਟ ਕੀਤਾ ਜਾਏ। ਆਪਣੇ ਇਸ ਕਿਰਦਾਰ ਨੂੰ ਵੀ ਮਿਹਰਬਾਨ ਜੀ ਨੇ ਬੜੀ ਸਫ਼ਲਤਾ ਨਾਲ ਨਿਭਾਇਆ ਹੈ।[33]

ਪਾਠ-ਨਿਦਿਸ਼ਟ ਤਹਿਆਂ ਨੂੰ ਕੇਂਦਰ ਬਣਾਉਣ ਵਾਲੀ ਅਧਿਐਨ-ਵਿਧੀ ਦੇ ਅਜੋਕੇ ਨਵੇਂ ਸਿਧਾਂਤ ਦੇ ਬੀਜ ਇਹ ਵਿਆਖਿਆ-ਵਿਧੀ ਸਹਿਜੇ ਹੀ ਛੁਪਾਈ ਬੈਠੀ ਹੈ। ਸੋਢੀ ਮਿਹਰਬਾਨ ਦੀ ਦੇਣ ਇਸੇ ਪ੍ਰਸੰਗ ਵਿਚ ਹੀ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ।

ਭਾਈ ਮਨੀ ਸਿੰਘ

ਇਸ ਤੋਂ ਉਪਰੰਤ ਭਾਈ ਮਨੀ ਸਿੰਘ ਦੀ ਵਿਆਖਿਆ-ਵਿਧੀ ਨੂੰ ਨਿਸ਼ਚਿਤ ਕਰਨਾ ਯੋਗ ਹੈ। ਵਸਤੂ ਤੇ ਸ਼ਬਦ ਦਾ ਵਿਰੋਧ ਭਾਈ ਮਨੀ ਸਿੰਘ ਦੀ ਵਿਆਖਿਆ-ਵਿਧੀ ਦੀ ਸ਼ਿਰੋਮਣੀ ਅੰਤਰ-ਦ੍ਰਿਸ਼ਟੀ ਹੈ। ਭਾਈ ਮਨੀ ਸਿੰਘ ਦਾ ਉਦੇਸ਼ ਹੈ: ਕਰਣੀ ਵਾਲੇ ਸਿਖ ਆਚਾਰ ਵਿਹਾਰ ਨੂੰ ਗੁਰਮਤਿ/ਸ਼ਬਦ-ਮਤਿ ਦੇ ਅਨੁਰੂਪ ਹੋਣਾ ਚਾਹੀਦਾ ਹੈ। ਇਸ ਉਦੇਸ਼ ਹਿਤ ਉਹ ਸਿੱਖਾਂ ਨੂੰ ਤਕਰੀਬਨ ਸਾਰੀਆਂ ਹੀ ਸਾਖੀਆਂ ਵਿਚ ਵਸਤੂ-ਵਿਹਾਰ ਜਾਂ ਪ੍ਰਾਕਿਰਤਿਕ ਮਨੁਖੀ ਵਿਹਾਰ ਨੂੰ ਤਿਆਗਣ ਤੇ ਸ਼ਬਦ ਦੇ ਮਰਯਾਦਕ ਅਨੁਸ਼ਾਸਨ ਵਿਚ ਬੱਝਣ ਦੀ ਪ੍ਰੇਰਨਾ ਦਿੰਦੇ ਪ੍ਰਤੀਤ ਹੁੰਦੇ ਹਨ। ਇਕ ਉਦਾਹਰਣ ਪੇਸ਼ ਹੈ:

"ਗੁਰੂ ਕੀ ਸਿਖੀ ਬਹੁਤ ਸੂਖਮ ਹੈ। ਜੈਸੇ ਖੰਡੇ ਕੀ ਧਾਰ ਉੱਪਰ ਲੰਘਣਾ ਹੈ ਤੈਸੇ ਕਾਮ ਕ੍ਰੋਧ ਦਾ ਤਿਆਗਣਾ ਹੈ। ਬਹੁਤਿਆਂ ਜਨਮਾਂ ਦਾ ਜੋ ਵਿਅਸਨ ਪਇਆ ਹੈ ਸੰਤਾਂ ਦੀ ਕ੍ਰਿਪਾ ਕਰ ਕੇ ਤਿਆਗੇ ਜਾਂਦੇ ਹਨ। ਜੇ ਤਾਂ ਆਪਣੇ ਵਿਚ ਅਭਿਮਾਨ ਹੋਵੇ ਤਾਂ ਗੁਰਸਿਖੀ ਦੇ ਮਾਰਗ ਨਹੀਂ ਟੁਰ ਸਕੀਦਾ। ਜਿਵੇਂ ਕੋਲੂ ਵਿਚੋਂ ਤੇਲ ਪੀੜ ਕਢੀਂਦਾ ਹੈ ਤਿਵੇਂ ਸਰੀਰ ਵਿਚੋਂ ਰਸ ਪੀੜ ਕਢਦੇ ਹੈਨਿ। ਜੈਸੇ ਹੰਸ ਦੀ ਚੁੰਝ ਖਟੀ ਹੁੰਦੀ ਹੈ ਤੇ ਦੁਧ ਦੀਆਂ ਫੁਟੀਆਂ ਖਾਇ ਲੈਂਦਾ ਹੈ ਤੇ ਪਾਣੀ ਛੋਡ ਦੇਂਦਾ ਹੈ ਤੈਸੇ ਗੁਰੂ ਕੇ ਸਿਖਾਂ ਦੇ ਮਨ ਵਿਚ ਜੇ ਸਤਿ ਤੇ ਅਸਿਤ ਦਾ ਵੀਚਾਰ ਹੁੰਦਾ ਹੈ ਤਾਂ ਦੇਹ ਨੂੰ ਅਨਿਤ ਜਾਣਕੇ ਇਸ ਦਾ ਰਸੁ ਛੋਡਿ ਦੇਂਦੇ ਹਨ ਤੇ ਪਰਮਾਤਮ ਗਿਆਨ ਕੇ ਸਰੂਪ ਨੂੰ ਸਤਿ ਜਾਣ ਕੇ ਦ੍ਰਿੜ੍ਹ ਕਰਦੇ ਹੈਨਿ ਤੇ ਨਿਹਕਾਮ ਹੋ ਕੇ ਤੇ ਆਪਣਾ ਮਾਨ ਵਡਿਆਈ ਛੱਡ ਕੇ ਸ਼ਬਦ ਪੜ੍ਹਦੇ ਹੈਨ। ਏਹੁ ਅਲੂਣੀ ਸਿਲਾ ਚਟਦੇ ਹੈਨਿ। ਨਾਮ ਦਾਨ ਇਸਨਾਨ ਵੈਰਾਗ ਇਹ ਮੋਤੀ ਸ਼ਬਦ ਰੂਪੀ ਸਮੁੰਦ੍ਰ ਵਿਚੋਂ ਚੁਗਦੇ ਹੈਨਿ ਤੇ ਜਗਤ ਨੂੰ ਅਨਿਤ ਜਾਣ ਕੇ ਸਭ ਆਸ ਛੋਡਿ ਕੇ ਇਕ ਵਾਹਿਗੁਰੂ ਦੀ ਆਸ ਕਰਦੇ ਹੈਨਿ। ਸਾਧ ਸੰਗਤਿ ਨੂੰ ਸਚ ਖੰਡ ਜਾਣ ਕੇ ਸ਼ਬਦ ਨੂੰ ਨਿਰੰਕਾਰ ਦਾ ਰੂਪ ਜਾਣ ਕੇ ਗੁਰੂ ਕੇ ਤਖ਼ਤ ਵਿਚ ਨੇਮ ਨਾਲ ਸਦਾ ਜਾਂਦੇ ਹਨ। ਵੀਹ ਵਿਸਵੇ ਜਗਤ ਹੈ ਤੇ ਇਕੀਹਵੀਂ ਪਤਿ ਦੀ ਪੌੜੀ ਸ਼ਬਦਿ ਨੂੰ ਸਮਝ ਕੇ ਵਾਹਿਗੁਰੂ ਨੂੰ ਰਿਦੇ ਵਿਚ ਧਾਰ ਕੇ ਅਕਾਲ ਪੁਰਖ ਨਾਲ ਇਕ ਰੂਪ ਹੋਂਦੇ ਹੈਨਿ॥"[34]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਟੂਕ ਵਿਚ ਤਿਆਗਣਾ, ਛੋਡਣਾ; ਤੇ ਕੱਢਣ, ਚੁਗਣਾ; ਸ਼ਬਦਾਂ ਦੇ ਦੋ ਜੁਟ ਬਾਰ ਬਾਰ ਦੁਹਰਾਏ ਗਏ ਹਨ। ਇਨ੍ਹਾਂ ਜੁਟਾਂ ਰਾਹੀਂ ਵਿਆਖਿਆਕਾਰ ਲਗਾਤਾਰ ਗ੍ਰਹਿਣ- ਤਿਆਗ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ । ਭਾਈ ਮਨੀ ਸਿੰਘ ਦਾ ਉਦੇਸ਼ ਸ਼ਬਦ, ਬਾਣੀ, ਨਾਮ ਆਦਿ ਦੇ ਚਰਿਤ੍ਰ ਨੂੰ ਦ੍ਰਿੜ ਕਰਾਣ ਦਾ ਹੈ । ਸ਼ਬਦ ਦੀ ਪ੍ਰਾਪਤੀ ਲਈ ਭਾਈ ਮਨੀ ਸਿੰਘ ਇਕ ਵਿਸ਼ੇਸ਼ ਵਿਧੀ ਵੱਲ ਸੰਕੇਤ ਕਰਦੇ ਹਨ। ਇਹ ਵਿਧੀ ਗ੍ਰਹਿਣ-ਤਿਆਗ ਦੇ ਦ੍ਵੈਤ ਉੱਤੇ ਆਧਾਰਿਤ ਹੈ। ਤਿਆਗਣਾ, ਛੋਡਣਾ ਆਦਿ ਸ਼ਬਦ ਤਿਆਗਣ ਦੀ ਪ੍ਰਕਿਰਿਆ ਵੱਲ ਸੰਕੇਤ ਕਰਦੇ ਹਨ। ਤਿਆਗਣ ਦੀ ਪ੍ਰਕਿਰਿਆ ਬਿਲਕੁਲ ਨਾਕਾਰਾਤਮਕ ਨਹੀਂ । ਇਸ ਪ੍ਰਕਿਰਿਆ ਰਾਹੀਂ ਕੁਝ ਛਡ ਕੇ ਨਾਲ ਹੀ ਕੁਝ ਗ੍ਰਹਿਣ ਕਰਨ ਵੱਲ ਵੀ ਸੰਕੇਤ ਹੈ ਗ੍ਰਹਿਣ-ਤਿਆਗ ਦੀਆਂ **ਦੋਵੇਂ ਪ੍ਰਕਿਰਿਆਵਾਂ ਸਮਸਾਮਿਅਕ ਵਾਪਰਦੀਆਂ** ਹਨ । ਕੱਢਣ, ਚੁਗਣ ਆਦਿ ਸ਼ਬਦ ਗ੍ਰਹਿਣ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦੇ ਹਨ। ਸ਼ਬਦ ਦੀ ਸੂਖਮ ਪ੍ਰਕਿਰਤੀ ਨੂੰ ਗ੍ਰਹਿਣ ਕਰਨ ਲਈ ਭਾਈ ਮਨੀ ਸਿੰਘ ਵਸਤੂ-ਜਗਤ ਦੀ ਸਥੂਲਤਾ ਨੂੰ ਤਿਆਗਣ ਦੀ ਤਾਕੀਦ ਕਰਦੇ ਹਨ। ਇਥੇ ਤਿਆਗਣ ਦੀ ਪ੍ਰਕਿਰਤੀ ਨੂੰ ਨਿਸ਼ਚਿਤ ਕਰਨਾ ਉਚਿਤ ਜਾਪਦਾ ਹੈ। ਤਿਆਗਣ ਤੋਂ ਭਾਵ ਅਮੂਰਤੀਕਰਨ ਦੀ ਪ੍ਰਕਿਰਿਆ ਦਾ ਹੈ। ਜੋ ਕੁਝ ਗ੍ਰਹਿਣ ਕਰਨਾ ਹੈ ਉਹ ਸੂਖਮ, ਸਤਿ, ਨਿਤ ਤੇ ਨਿਹਕਾਮ ਹੈ; ਜੋ ਕੁਝ ਤਿਆਗਣਾ ਹੈ ਉਹ ਸਥੂਲ, ਅਸਤਿ, ਅਨਿਤ ਤੇ ਮਾਨ/ਅਭਿਮਾਨ ਉਪਜਾਣ ਵਾਲਾ ਹੈ। ਸ਼ਬਦ ਤੇ ਨਾਮ ਜੋ ਸੂਖਮ ਹੈ, ਉਸ ਨੂੰ ਸਥੂਲ ਵਿਚੋਂ ਅਮੂਰਤੀਕਰਨ ਦੀ ਪ੍ਰਕਿਰਿਆ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਅਸਤਿ ਸਥੂਲ ਤੇ ਵਾਸਤਵਿਕ ਹੈ; ਸਤਿ ਸੂਖਮ ਤੇ ਸ਼ਾਬਦਿਕ ਹੈ। ਵਾਸਤਵਿਕ ਵਿਚ ਅਸਤਿ ਤੇ ਸਤਿ ਦੋਵੇਂ ਸ਼ਾਮਲ ਹਨ। ਪਰ ਸਤਿ ਦੀ ਪ੍ਰਾਪਤੀ ਅਸਤਿ ਖਾਰਜ ਕਰਨ ਨਾਲ ਹੁੰਦੀ ਹੈ। ਇਸੇ ਲਈ ਭਾਈ ਮਨੀ ਸਿੰਘ ਜਦੋਂ ਸ਼ਬਦ ਦੀ ਪ੍ਰਕਿਰਤੀ ਨਿਸ਼ਚਿਤ ਕਰਨ ਵੱਲ ਵੱਧਦੇ ਹਨ ਤਾਂ ਉਸ ਨੂੰ ਵਾਸਤਵਿਕ ਜਗਤ ਤੋਂ ਨਿਰੰਤਰ ਵੱਖ ਕਰਦੇ ਚਲੇ ਜਾਂਦੇ ਹਨ। ਵੱਖ ਹੀ ਨਹੀਂ ਕਰਦੇ ਉਸ ਵਿਚ ਜੋ ਕੁਝ ਸੂਖਮ ਤੇ ਸਤਿ ਹੈ ਉਸ ਨੂੰ ਕੱਢ ਲੈਣ ਤੇ ਚੁਗ ਲੈਣ ਦੀ ਤਾਕੀਦ ਵੀ ਕਰਦੇ ਹਨ। ਇਹ ਸਾਰੀ ਪ੍ਰਕਿਰਿਆ ਅਮੂਰਤੀਕਰਨ ਦੀ ਹੈ।[35] ਪੀੜ ਕੇ ਰਸ ਕੱਢਣ ਤੇ ਹੰਸ ਦੇ ਪਾਣੀ ਛੱਡ ਕੇ ਫੁਟੀਆਂ ਚੁਗ ਲੈਣ ਦੇ ਅਲੰਕਾਰ ਰਾਹੀਂ ਭਾਈ ਮਨੀ ਸਿੰਘ ਅਮੂਰਤੀਕਰਨ ਦੇ ਮਹੱਤਵ ਨੂੰ ਦਰਸਾਉਂਦੇ ਹਨ । ਤਿਆਗਣਾ, ਛੋਡਣਾ; ਤੇ ਢਕੱਣਾ, ਚੁਗਣਾ ਆਦਿ ਸ਼ਬਦਾਂ ਨੂੰ ਇਸੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਮਾਇਆ ਦੇ ਵਾਸਤਵਿਕ ਜਗਤ ਵਿਚ ਨਾਮ ਸਮਾਇਆ ਹੋਇਆ ਹੈ ਪਰ ਨਾਮ ਵਿਚੋਂ ਮਾਇਆ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ। ਨਾਮ ਸ਼ੁਧ ਅਮੂਰਤੀਕ੍ਰਿਤ ਪ੍ਰਾਪਤੀ ਹੈ। ਇਥੇ ਸ਼ਬਦ ਦੀ ਵਰਤੋਂ ਵਸਤੂ ਦੇ ਵਿਰੋਧ ਵਿਚ ਨਹੀਂ ਉਸ ਦੀ ਵਸਤੂ ਤੋਂ ਵਿਲੱਖਣਤਾ ਨੂੰ ਦ੍ਰਿੜ ਕਰਾਉਣ ਲਈ ਕੀਤੀ ਗਈ ਹੈ। ਸ਼ਬਦ ਪਹਿਲਾਂ ਵਸਤੂ ਵਿਚ ਸ਼ਾਮਲ ਸੀ; ਬਾਅਦ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੁਗ ਕੇ ਵੱਖ ਕਰ ਲਿਆ ਹੈ ।

ਇਹ ਅਮੂਰਤੀਕਰਨ ਦੀ ਪ੍ਰਕਿਰਿਆ ਮਨੁੱਖੀ ਚਿੰਤਨ ਦਾ ਲਾਜ਼ਮੀ ਅੰਗ ਹੈ। ਚਿੰਤਕ ਆਪਣੇ ਵਿਸ਼ੇਸ਼ ਉਦੇਸ਼ ਅਧੀਨ ਆਪਣੇ ਆਪ ਨੂੰ ਆਲੇ-ਦੁਆਲੇ ਵਿਚ ਪਸਰੇ ਵਾਸਤਵਿਕ ਜਗਤ ਤੋਂ ਵੱਖ ਕਰ ਲੈਂਦਾ ਹੈ। ਇਉਂ ਉਹ ਆਪਣੇ ਆਪ ਨੂੰ ਵਾਸਤਵਿਕ ਤੇ ਉਪਯੋਗੀ ਉਦੇਸ਼ਾਂ ਨਾਲ ਜੁੜੇ ਜਗਤ ਤੋਂ ਵੱਖ ਕਰ ਲੈਂਦਾ ਹੈ।[36] ਇਸੇ ਲਈ ਹੀ ਕਿਹਾ ਗਿਆ ਹੈ ਕਿ ਚਿੰਤਨ ਦਾ ਪਾਸਾਰ ਉਪਯੋਗਿਤਾ ਤੇ ਵਾਸਤਵਿਕਤਾ ਤੋਂ ਭਿੰਨ ਹੈ। ਆਪਣੀ ਚਿੰਤਨ-ਵਿਧੀ ਰਾਹੀਂ ਹੀ ਮਨੁੱਖ ਰੂਪ-ਸਿਰਜਨ ਵੱਲ ਵਧਦਾ ਹੈ। ਚਿੰਤਨ-ਪ੍ਰਕਿਰਿਆ, ਰੂਪ-ਸਿਰਜਨ ਦੀ ਪ੍ਰਕਿਰਿਆ ਹੀ ਹੈ। ਜਦੋਂ ਮਨੁੱਖੀ ਚਿੰਤਨ **ਵਿਗਿਆਨ, ਦਰਸ਼ਨ, ਤਤ ਤੇ ਅਧਿਆਤਮ** ਵੱਲ ਵਧਦਾ ਹੈ ਤਾਂ ਉਹ ਵਾਸਤਵਿਕ ਜਗਤ ਦੀ ਸਥੂਲਤਾ ਤੇ ਵਾਸਤਵਿਕਤਾ ਵਿਚੋਂ ਸੰਕਲਪ ਨੂੰ ਅਮੂਰਤ ਕਰ ਲੈਂਦਾ ਹੈ। ਇਹ ਚਿੰਤਨ ਅਤਿਅੰਤ ਪਰਿਸ਼ੁਧ (precise) ਹੁੰਦਾ ਹੈ। ਇਸ ਦੀ ਪਰਿਸ਼ੁਧਤਾ ਇਤਨੀ ਵੱਧ ਜਾਂਦੀ ਹੈ ਕਿ ਉਪਯੋਗੀ ਤੇ ਵਾਸਤਵਿਕ ਜਗਤ ਵੱਲ ਇਸ ਦਾ ਬਿਲਕੁਲ ਕੋਈ ਸੰਕੇਤ ਹੀ ਨਹੀਂ ਰਹਿੰਦਾ।[37] ਇਸ ਲਈ ਇਸ ਨੂੰ **ਸ਼ੁਧ ਅਮੂਰਤੀਕਰਨ** ਕਿਹਾ ਜਾਂਦਾ ਹੈ। ਭਾਈ ਮਨੀ ਸਿੰਘ ਦੀ ਵਿਆਖਿਆ-ਵਿਧੀ ਵਿਚ ਵੀ ਇਹ ਸ਼ੁਧ ਅਮੂਰਤੀਕਰਨ ਦਾ ਸਿਧਾਂਤ **ਇਕ ਆਲੋਚਨਾਤਮਕ ਸੰਸਕਾਰ ਵਾਂਗ ਵਿਦਮਾਨ** ਹੈ। ਸੰਸਕਾਰ ਸਹਜ-ਸੁਭਾ ਪ੍ਰਾਪਤੀ ਹੈ ਜਿਸ ਬਾਰੇ ਚੇਤੰਨ ਹੋਣ ਦੀ ਲੋੜ ਨਹੀਂ। ਅਸੀਂ ਬਾਹਰਲੇ ਜਗਤ ਨੂੰ ਇਕ ਵਿਸ਼ੇਸ਼ ਵਿਧੀ ਨਾਲ ਆਪਣਾ ਬਣਾਣ ਦਾ ਯਤਨ ਕਰਦੇ ਹਾਂ। ਸਭ ਤੋਂ ਪਹਿਲਾਂ ਜੋ ਬਣਿਆ ਬਣਾਇਆ ਮਿਲਦਾ ਹੈ, ਉਹ ਸੰਸਕਾਰ ਹੈ। ਇਹ ਮਨੁੱਖੀ ਚਿੰਤਨ ਦਾ ਪਹਿਲਾ ਪੜਾਅ ਹੈ। ਪਰ ਸੰਸਕਾਰ ਤੋਂ ਬਾਅਦ ਮਨੁੱਖੀ ਚਿੰਤਨ ਸੰਕਲਪਨਾ ਵੱਲ ਵਧਦਾ ਹੈ। ਸੰਕਲਪ-ਰਚਨਾ ਸੁਚੇਤ ਚਿੰਤਨ ਪ੍ਰਕਿਰਿਆ ਰਾਹੀਂ ਪ੍ਰਾਪਤ ਅਮੂਰਤ ਸਿਧਾਂਤ ਹੈ। ਅੱਜ ਅਸੀਂ ਅਮੂਰਤੀਕਰਨ ਦੇ ਇਸ ਸੰਕਲਪ ਨੂੰ ਸੁਚੇਤ ਰੂਪ ਵਿਚ ਨਿਸ਼ਚਿਤ ਕਰ ਲਿਆ ਹੈ। ਕੋਈ ਵੀ ਸੰਕਲਪ ਵਸਤੂ-ਨਿਸ਼ਠ ਰੂਪ ਵਿਚ ਨਿਸ਼ਚਿਤ ਹੋਣ ਤੋਂ ਪਹਿਲਾਂ ਹੀ ਕਿਸੇ ਸੰਸਕ੍ਰਿਤੀ ਦੇ ਵਿਅਕਤੀਆਂ ਵਿਚ ਸੰਸਕਾਰ ਰੂਪ ਵਿਚ ਸਹਿਜ-ਸੁਭਾ ਹੀ ਪ੍ਰਾਪਤ ਹੁੰਦਾ ਹੈ। ਜਦੋਂ ਤਕ ਉਹ ਵਿਅਕਤੀ ਪਾਸ ਵਿਅਕਤੀਗਤ ਰੂਪ ਵਿਚ ਵਿਦਮਾਨ ਹੈ, ਉਹ ਸੰਸਕਾਰ ਹੈ। ਜਦੋਂ ਉਸ ਨੂੰ ਵਿਅਕਤੀ ਅਤੀਤ ਰੂਪ ਵਿਚ ਨਿਸ਼ਚਿਤ ਰੂਪ ਕਰ ਦਿੱਤਾ ਜਾਂਦਾ ਹੈ ਤਾਂ ਉਹ ਪ੍ਰਬੰਧਸ਼ੀਲ ਸੰਸਕ੍ਰਿਤੀ ਬਣ ਜਾਂਦਾ ਹੈ। ਸੰਸਕਾਰ ਵੀ ਇਕ ਸੰਸਕ੍ਰਿਤੀ ਹੈ ਜੋ ਕਿ ਇਕ ਵਿਅਕਤੀ ਨੂੰ ਪ੍ਰਾਪਤ ਹੈ। ਸੰਸਕ੍ਰਿਤੀ ਸੰਸਕਾਰਾਂ ਦਾ ਹੀ ਸਮੂਹ ਹੈ, ਜਿਨ੍ਹਾਂ ਨੂੰ ਵਸਤੂਨਿਸ਼ਠ ਸਿਧਾਂਤਾਂ ਦੇ ਰੂਪ ਵਿਚ ਨਿਸ਼ਚਿਤ ਕਰ ਦਿੱਤਾ ਗਿਆ ਹੈ। ਪੰਜਾਬ ਤੇ ਪੰਜਾਬੀ ਦਾ ਆਪਣਾ ਇਕ ਆਲੋਚਨਾਤਮਕ ਸੰਸਕਾਰ ਹੈ ਜੋ ਬਾਣੀ ਦੇ ਵਿਆਖਿਆਕਾਰਾਂ ਨੂੰ ਸਹਿਜ-ਭਾਅ ਪ੍ਰਾਪਤ ਸੀ। ਅੱਜ ਜਦੋਂ ਅਸੀਂ ਬਾਣੀ-ਪ੍ਰਵਚਨ ਦੀ ਉਸਾਰੀ ਵੱਲ ਰੁਚਿਤ ਹੋਏ ਹਾਂ ਤੇ ਪੂਰਬੀ-ਪ੍ਰਵਚਨ ਦੀ ਵਿਲੱਖਣਤਾ ਨੂੰ ਪਛਾਣਨਾ ਚਾਹੁੰਦੇ ਹਾਂ ਤਾਂ ਇਸ ਪਾਸੇ ਵੱਲ ਸਾਨੂੰ ਵਧੇਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਚੇਤ ਹੋਣ ਦੀ ਲੋੜ ਹੈ ।

ਅਮੂਰਤੀਕਰਨ ਦੀ ਇਹ ਪ੍ਰਕਿਰਿਆ ਕੇਵਲ ਸੰਕਲਪਨਾਤਮਕ-ਰੂਪ (conceptual forms) ਹੀ ਨਹੀਂ ਸਿਰਜਦੀ ਸਗੋਂ ਪਰਤੱਖ-ਰੂਪ (perceptual forms) ਵੀ ਸਿਰਜਦੀ ਹੈ। ਕਲਾ ਵਿਚ ਪਰਤੱਖ ਰੂਪ ਸਿਰਜਿਆ ਜਾਂਦਾ ਹੈ। ਕਲਾ-ਜਗਤ ਵਸਤੂ-ਜਗਤ ਤੇ ਸੰਕਲਪ-ਜਗਤ ਦੋਹਾਂ ਨਾਲੋਂ ਵਿੱਥ ਪੈਦਾ ਕਰ ਲੈਂਦਾ ਹੈ। ਇਹ ਜਗਤ ਬਾਕੀ ਦੋਹਾਂ ਵਿਚਕਾਰ ਵਿਚਰਦਾ ਹੈ।[38] ਇਹ ਰੂਪਾਂਤ੍ਰਿਤ ਪਰਤੱਖ ਦਾ ਪਾਸਾਰ ਹੈ। ਇਸ ਵਿਚ ਵਸਤੂ ਨੂੰ ਬਿਲਕੁਲ ਖਾਰਜ ਨਹੀਂ ਕੀਤਾ ਜਾਂਦਾ। ਇਥੇ ਵਸਤੂ ਸਿਰਜਿਤ ਭਰਮ ਦੇ ਰੂਪ ਵਿਚ ਹਾਜ਼ਰ ਰਹਿੰਦੀ ਹੈ। ਇਸ ਭਰਮ-ਬਿੰਬ ਨੂੰ ਕੰਟਰੋਲ ਮਨੁੱਖ ਦੀ ਚਿੰਤਨ-ਵਿਧੀ ਹੀ ਕਰ ਰਹੀ ਹੁੰਦੀ ਹੈ। ਇਸੇ ਲਈ ਹੀ ਸਿਰਜਿਤ ਰੂਪਾਂਤ੍ਰਿਤ ਪਰਤੱਖ ਦੇ ਜਗਤ ਨੂੰ ਵੀ ਅਸੀਂ ਅਮੂਰਤੀਕਰਨ ਦੀ ਪ੍ਰਕਿਰਿਆ ਰਾਹੀਂ ਹੀ ਪ੍ਰਾਪਤ ਕਰਦੇ ਹਾਂ। ਇਸੇ ਕਾਰਨ ਹੀ ਇਸ ਨੂੰ ਵਸਤੂ-ਜਗਤ ਦੇ ਪਰਤੱਖ ਨਾਲੋਂ ਵੱਖ ਕਰਨ ਲਈ ਇਸ ਨੂੰ ਰੂਪਾਂਤ੍ਰਿਤ-ਪਰਤੱਖ ਦਾ ਨਾਂ ਦਿੱਤਾ ਗਿਆ ਹੈ। ਇਸ ਰੂਪਾਂਤ੍ਰਿਤ-ਪਰਤੱਖ ਵਿਚ ਅਸੀਂ ਵਾਸਤਵਿਕ ਜਗਤ ਵਾਂਗ ਭਾਵਕ ਰੂਪ ਵਿਚ ਸ਼ਾਮਲ ਨਹੀਂ ਹੋ ਸਕਦੇ। ਇਸੇ ਕਾਰਨ ਹੀ ਇਹ ਵਸਤੂ-ਜਗਤ ਨਾਲੋਂ ਭਿੰਨ ਹੈ। ਇਸ ਤਰ੍ਹਾਂ ਰੂਪਾਂਤ੍ਰਿਤ ਪਰਤੱਖ ਵਿਚ ਅਸੀਂ ਇਕੋ ਸਮੇਂ ਇੰਦ੍ਰਿਆਵੀ ਵਸਤੂ-ਜਗਤ ਨੂੰ ਗ੍ਰਹਿਣ ਵੀ ਕਰ ਰਹੇ ਹੁੰਦੇ ਹਾਂ ਤੇ ਤਿਆਗ ਵੀ ਰਹੇ ਹੁੰਦੇ ਹਾਂ। ਗ੍ਰਹਿਣ ਕੀਤੇ ਬਿਨਾ ਕਲਾ-ਜਗਤ ਦੀ ਸਾਰਥਕਤਾ ਸੰਭਵ ਨਹੀ; ਤਿਆਗ ਕੀਤੇ ਬਿਨਾ ਕਲਾ ਦੇ ਅਮੂਰਤੀ-ਕਰਨ ਤੀਕ ਪੁੱਜ ਨਹੀਂ ਸਕਦੇ। ਇਸ ਤਰ੍ਹਾਂ ਗ੍ਰਹਿਣ-ਤਿਆਗ ਦਾ ਵਿਵੇਕ ਕਲਾਤਮਕ ਜਗਤ ਵਿਚ ਵੀ ਸਦਾ ਵਿਦਮਾਨ ਰਹਿੰਦਾ ਹੈ। ਸਮੀਖਿਆ-ਸਭਿਆਚਾਰ ਦਾ ਪ੍ਰਕਾਰਜ ਵੀ ਇਸੇ ਨੇਮ/ਪੈਟਰਨ ਦੇ ਆਧਾਰ ਉਤੇ ਕਾਰਜਸ਼ੀਲ ਹੋਣ ਨਾਲ ਹੀ ਸੰਭਵ ਹੁੰਦਾ ਹੈ।

ਕਲਾ ਦੇ ਕਲਾਤਮਕ ਅਨੰਦ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚ ਵੀ ਇਹ ਅਮੂਰਤੀਕਰਨ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਅਧਿਏਤਾ ਸਿਰਜਿਤ ਰੂਪ ਨੂੰ ਆਪਣਾ ਨੇਮ/ਪੈਟਰਨ ਬਣਾ ਕੇ ਆਪਣੇ ਵਾਤਤਵਿਕ ਆਲੇ-ਦੁਆਲੇ ਨੂੰ ਪਿੱਠ-ਭੂਮੀ ਵਿਚ ਕਰ ਦਿੰਦਾ ਹੈ। ਵਾਸਤਵਿਕ ਪਿੱਠ-ਭੂਮੀ ਹਾਜ਼ਰ ਹੁੰਦਿਆਂ ਹੋਇਆਂ ਵੀ ਉਸ ਲਈ ਥੋੜੇ ਚਿਰ ਲਈ ਬੇਲੋੜੀ ਹੋ ਜਾਂਦੀ ਹੈ। ਕਲਾ-ਰੂਪ ਉਪਰ ਬਿਰਤੀ ਕੇਂਦ੍ਰਿਤ ਕੀਤਿਆਂ ਅਧਿਏਤਾ ਆਪਣੇ ਆਪ ਨੂੰ ਬਾਹਰਲੇ ਜਗਤ ਤੋਂ ਵੱਖ ਕਰ ਲੈਂਦਾ ਹੈ।[39] ਭਾਈ ਮਨੀ ਸਿੰਘ ਵੀ ਸ਼ਬਦ ਨਾਲ ਜੁੜਨ ਲਈ ਬਿਲਕੁਲ ਅਜਿਹੀ ਹੀ ਬਿਰਤੀ ਦਾ ਜ਼ਿਕਰ ਹੇਠਲੀਆਂ ਟੂਕਾਂ ਵਿਚ ਕਰ ਰਹੇ ਹਨ :

1. ਸਿਖ ਸ਼ਬਦ ਦੇ ਵਿਚਾਰਨ ਵਿਚ ਮਨ ਦੇਵਦੇ ਹੈਨਿ ਤੇ ਨੇਤ੍ਰ ਤੇ ਕਰਨ ਸ਼ਬਦ ਦੇ ਸਾਮ੍ਹੇ ਰਖਦੇ ਹੈਨ ਤਾਂ **ਬਾਹਰਿ ਦੀ ਗੱਲ** ਉਨ੍ਹਾਂ ਨੂੰ **ਚਿਤ ਨਹੀਂ ਰਹਿੰਦੀ**।[40]
2. ਗੁਰੂ ਕਾ ਸ਼ਬਦ ਸੁਣ ਕੇ ਸਿਖ **ਜਗਤ ਤੋਂ ਉਦਾਸ** ਰਹਿੰਦਾ ਹੈ।[41]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਤਰ੍ਹਾਂ ਨੇਮ/ਪੈਟਰਨ ਤੇ ਪਿੱਠ-ਭੂਮੀ ਦਾ ਦ੍ਵੈਤ ਜ ਕਿ ਅਜੋਕੇ ਯੁਗ ਦੀ ਆਲੋਚਨਾਤਮਕ ਜਗਤ ਦੀ ਚੇਤੰਨ ਪ੍ਰਾਪਤੀ ਹੈ, ਭਾਈ ਮਨੀ ਸਿੰਘ ਦੀ ਵਿਆਖਿਆ-ਵਿਧੀ ਵਿਚ ਇਕ ਆਲੋਚਨਾਤਮਕ ਸੰਸਕਾਰ ਵਾਂਗ ਸਮਾਇਆ ਹੋਇਆ ਹੈ। ਗੁਰੂ ਨਾਨਕ-ਬਾਣੀ ਦੀ ਪ੍ਰਵਚਨ-ਵਿਆਕਰਣ ਬਣਾਨ ਸਮੇਂ ਸਾਨੂੰ ਇਸ ਨੇਮ/ਪੈਰਰਨ ਨੂੰ ਵੀ ਨਾਲ ਰੱਖਣਾ ਲਾਜ਼ਮੀ ਹੈ।

ਇਸ ਤਰ੍ਹਾਂ ਸਾਨੂੰ ਮੱਧਕਾਲ ਵਿਚ ਹੀ ਇਕ ਅਜਿਹਾ ਆਲੋਚਨਾਤਮਕ ਸੰਸਕਾਰ ਪ੍ਰਾਪਤ ਹੈ ਜੋ ਵਾਸਤਵਿਕ-ਇਤਿਹਾਸਕ ਜਗਤ ਦੇ ਪ੍ਰਸੰਗ ਵਿਚ ਸ਼ਬਦ-ਸੰਸਾਰ ਦਾ ਮਹੱਤਵ ਸਥਾਪਿਤ ਕਰਦਾ ਹੈ। ਇਸ ਮੱਧਕਾਲੀਨ ਆਲੋਚਨਾਤਮਕ ਸੰਸਕ੍ਰਿਤੀ ਵਿਚ ਵਸਤੂ-ਜਗਤ ਤੇ ਸ਼ਬਦ-ਸੰਸਾਰ; ਇਤਿਹਾਸਕ ਦਬਾ ਤੇ ਸਿਰਜਿਤ ਪਾਠ ਦਾ ਆਪਸੀ ਸੰਬੰਧਾਂ ਦਾ ਨੇਮ/ਪੈਟਰਨ ਖਾਸ ਮਹੱਤਾ ਰੱਖਦਾ ਹੈ। ਸਿਰਜਿਤ ਪਾਠ ਦੀਆਂ ਤਹਿਆਂ ਇਤਿਹਾਸਕ ਦਬਾਵਾਂ ਵਿਚੋਂ ਹੀ ਆਉਂਦੀਆਂ ਹਨ। ਇਸ ਲਈ ਇਤਿਹਾਸ ਤੇ ਰਚਿਤ ਪਾਠ ਦਾ ਦ੍ਵੰਦ ਅਧਿਐਨ ਲਈ ਲਾਜ਼ਮੀ ਹੈ।

ਕੁਲ ਮਿਲਾ ਕੇ, ਭਾਈ ਮਨੀ ਸਿੰਘ ਬਾਣੀ-ਅਧਿਐਨ ਦੀ ਇਕ ਵਿਸ਼ੇਸ਼ ਵਿਧੀ ਨੂੰ ਉਭਾਰਦਾ ਪ੍ਰਤੀਤ ਹੋ ਰਿਹਾ ਹੈ। ਉਹ ਵਿਧੀ ਇਹ ਹੈ ਕਿ ਬਾਣੀ ਇਕ ਸਿਸਟਮ ਹੈ। ਇਹ ਸਾਰਾ ਸਿਸਟਮ ਇਕ ਸ਼ਬਦ-ਯੁਕਤ ਪ੍ਰਬੰਧ ਉਤੇ ਆਧਾਰਿਤ ਹੈ। ਇਸ ਦੇ ਅੰਤਰਗਤ ਇਕ ਯੋਜਨਾ ਸਮਾਈ ਹੋਈ ਹੈ। ਇਸ ਦੇ ਅਰਥਾਂ ਨੂੰ ਸਮਝਣ ਲਈ ਇਹ ਜਰੂਰੀ ਹੈ ਕਿ ਇਸ ਦੇ ਸ਼ਬਦ-ਯੁਕਤ ਪਾਠ-ਪ੍ਰਬੰਧ ਉਤੇ ਹੀ ਧਿਆਨ ਕੇਂਦ੍ਰਿਤ ਕੀਤਾ ਜਾਏ। ਸ਼ਬਦ-ਬਾਹਰੇ ਪ੍ਰਸੰਗਾਂ ਦਾ ਤਿਆਗ ਕੀਤਾ ਜਾਏ ਤੇ ਇਸ ਦੇ ਬਾਣੀ-ਪ੍ਰਵਚਨ ਵਿਚਲੀਆਂ ਵਿਚਾਰਧਾਰਾਈ ਤਹਿਆਂ ਨੂੰ ਉਭਾਰ ਕੇ ਸਪਸ਼ਟ ਕੀਤਾ ਜਾਏ। ਆਧੁਨਿਕ ਪ੍ਰਸੰਗ ਵਿਚ **ਸਾਹਿਤ ਅਧਿਐਨ** ਦੀ ਇਹ ਮੂਲ ਸ਼ਰਤ ਹੈ। ਭਾਈ ਮਨੀ ਸਿੰਘ ਲਈ 'ਸ਼ਬਦ-ਸਾਧਨਾ' ਦੀ ਇਹ ਬੁਨਿਆਦੀ ਜੁਗਤ ਹੈ। ਭਾਈ ਮਨੀ ਸਿੰਘ **ਧਿਆਨ** ਲਈ ਸ਼ਬਦ-ਪ੍ਰਬੰਧ ਨੂੰ ਵਸਤੂ/ਵਾਸਤਵਿਕਤਾ ਤੋਂ ਨਿਖੇੜ ਰਿਹਾ ਹੈ। ਅਸੀਂ ਇਹੋ ਕਾਰਜ **ਅਧਿਐਨ** ਲਈ ਕਰ ਰਹੇ ਹਾਂ। ਬ੍ਰਹਮ ਵਿਚ 'ਧਿਆਨ' ਇਕਾਗਰ ਕਰਨ ਤੇ ਸਾਹਿਤਕ ਰਚਨਾ ਦਾ 'ਅਧਿਐਨ' ਕਰਨ ਦੀਆਂ ਪ੍ਰਕਿਰਿਆਵਾਂ ਇਕ ਦੂਸਰੇ ਦੇ ਸਮਾਨੰਤਰ ਚਲਦੀਆਂ ਪ੍ਰਤੀਤ ਹੁੰਦੀਆਂ ਹਨ। ਇਉਂ ਭਾਈ ਜੀ ਦੀ ਧਿਆਨ-ਵਿਧੀ ਵਿਚ ਆਧੁਨਿਕ ਸਾਹਿਤ ਅਧਿਐਨ-ਵਿਧੀ ਸੰਸਕਾਰ ਰੂਪ ਵਿਚ ਵਿਦਮਾਨ ਹੈ। ਇਸ ਪੱਖ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ।

ਭਾਈ ਵੀਰ ਸਿੰਘ

ਬਾਣੀ-ਵਿਆਖਿਆ ਦਾ ਅਗਲਾ ਅਧਿਆਇ ਭਾਈ ਵੀਰ ਸਿੰਘ ਦੀ ਬਾਣੀ-ਵਿਆਖਿਆ ਨਾਲ ਸੰਬੰਧਿਤ ਹੈ। ਭਾਈ ਵੀਰ ਸਿੰਘ ਨੂੰ ਸਿੰਘ ਸਭਾ ਲਹਿਰ ਨਾਲ ਜੋੜਿਆ ਜਾਂਦਾ ਹੈ। ਇਸ ਲਹਿਰ ਦਾ ਉਦੇਸ਼ ਸੰਪਰਦਾਇਕ ਵੈਰ-ਵਿਰੋਧ ਦੇ ਦਬਾਵਾਂ ਅਧੀਨ ਸਿੱਖ-ਸੰਪਰਦਾਇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸੁਰੱਖਿਆ [illegible] ਹੈ। ਭਾਈ ਵੀਰ ਸਿੰਘ ਨੇ ਸਮੇਂ ਦੀ ਅਜਿਹੀ ਲੋੜ ਨੂੰ ਪੂਰੀ ਤਰ੍ਹਾਂ ਆਤਮਸਾਤ ਕੀਤਾ। ਉਨ੍ਹਾਂ ਨੇ ਆਪਣੇ ਨਿੱਜੀ ਆਚਾਰ-ਵਿਹਾਰ ਤੇ ਸਾਹਿਤ ਰਚਨਾ ਨੂੰ ਇਸ ਦੇ ਅਨੁਰੂਪ ਸਿੱਧ ਕਰਨ ਦਾ ਯਤਨ ਕੀਤਾ। ਭਾਈ ਵੀਰ ਸਿੰਘ ਦੀਆਂ ਲਗਪਗ ਸਾਰੀਆਂ ਸਾਹਿਤਕ ਰਚਨਾਵਾਂ ਸਿੱਖ ਮਰਯਾਦਾ ਦੀ ਪੁਨਰ-ਸੁਰਜੀਤੀ ਤੇ ਨਵ-ਵਿਆਖਿਆ ਦਾ ਪਰਮਾਣ ਕਹੀਆਂ ਜਾ ਸਕਦੀਆਂ ਹਨ। ਇਸ ਅਧਿਆਇ ਵਿਚ ਸਾਡਾ ਵਿਸ਼ੇਸ਼ ਸੰਬੰਧ ਉਨ੍ਹਾਂ ਦੀ 'ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਲ ਹੈ। ਗੁਰਬਾਣੀ ਵਿਆਖਿਆ ਦੇ ਇਤਿਹਾਸ ਵਿਚ ਨਿਸ਼ਚੇ ਹੀ ਇਹ ਰਚਨਾ ਇਕ ਨਵ-ਪ੍ਰਾਪਤੀ ਤੇ ਨਵ-ਦਿਸ਼ਾ ਦੀ ਸਥਾਪਤੀ ਕਰਦੀ ਹੈ। ਉਨ੍ਹਾਂ ਦੁਆਰਾ ਪੇਸ਼ ਕੀਤੇ 'ਸੰਥਯਾ' ਦੇ ਸੰਕਲਪ ਨੂੰ ਹੀ ਦੇਖੋ :

''ਇਸ ਪੁਸਤਕ ਦਾ ਨਾਮ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਹੈ ? ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਸੀ। ਇਸ ਵਿਚ ਜੋ ਮੂਲ ਹੈ **ਉਹ ਤਾਂ ਵਡੇ ਤੋਂ ਵੱਡੀ ਵਸਤੂ ਹੈ, ਉਹ ਧੁਰ ਕੀ ਬਾਣੀ ਹੈ,** ਜੋ ਧੁਰੋਂ ਆਈ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰ ਕੇ ਆਪ ਅਗਾਧ ਹੈ, ਪਰ ਇਸ ਦੇ ਅਰਥ ਤੇ ਭਾਵ ਆਦਿਕ, ਜੋ ਇਸ ਵਿਚ ਲਿਖੇ ਗਏ ਹਨ, ਉਹ ਇਕ ਅਲਪੱਗ ਜੀਵ ਦਾ ਪ੍ਰਯਤਨ ਹੈ, ਇਸ ਨੂੰ ਸਮਝਣ ਦਾ; ਤੇ **ਜਿਥੋਂ ਤਕ ਇਸੇ ਬਾਣੀ ਦੀ ਸਹਾਇਤਾ ਨਾਲ ਇਸ ਦੀ ਵੱਧ ਤੋਂ ਵੱਧ ਸਮਝ ਆ ਸਕੇ ਉਹ ਇਸ ਦੇ ਚਰਨਾਂ ਵਿਚ ਬੈਠ ਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਹ ਇਕ ਤਰ੍ਹਾਂ ਸੰਥਯਾ ਹੈ ਜੋ ਬਾਣੀ ਦੀ ਸ਼ਰਨ ਲਿਆਂ ਵਿਦਯਾਰਥੀ ਵਾਂਙੂ** ਮਿਲੀ ਹੈ, ਇਹ ਮੁਤਾਲਿਆ ਹੈ ਗੁਰਬਾਣੀ ਦੀ......''[42]

ਇਥੇ ਸੰਥਿਆ ਤੋਂ ਭਾਵ ਕੇਵਲ ਤਾਬਿਆ ਬਹਿ ਜਾਣਾ ਹੀ ਨਹੀਂ। ਸੰਥਿਆ ਲੈਣ ਦਾ ਮਤਲਬ ਹੈ ਬਾਣੀ ਦੇ ਅਰਥ ਸਮਝਣ ਲਈ ਉਸ ਦੀ ਸ਼ਰਨ ਲੈਣੀ। ਸ਼ਰਨ ਲੈਣ ਤੋਂ ਭਾਵ ਹੈ ਪੂਰਬਲੇ ਬਣੇ ਸਿਧਾਂਤਾਂ ਤੇ ਆਧਾਰਾਂ ਦਾ ਤਿਆਗ ਕਰਨਾ। ਆਪਣੇ ਮਨ ਨੂੰ ਪੂਰਬ ਪ੍ਰਾਪਤ ਸਿਧਾਂਤਾਂ ਤੇ ਆਧਾਰਾਂ ਤੋਂ ਖਾਲੀ ਕਰ ਕੇ, ਬਾਣੀ ਦੀ ਸ਼ਰਨ ਲੈਣੀ। ਬਾਹਰਲੇ ਸਿਧਾਂਤਾਂ ਨੂੰ ਤਿਆਗਣ ਦਾ ਸੰਕੇਤ ਲੇਖਕ ਦੇ ਇਨ੍ਹਾਂ ਸ਼ਬਦਾਂ ਤੋਂ ਹੁੰਦਾ ਹੈ, ''ਜਿਥੋਂ ਤੱਕ ਇਸੇ ਬਾਣੀ ਦੀ ਸਹਾਇਤਾ ਨਾਲ ਇਸ ਦੀ ਵਧ ਤੋਂ ਵਧ ਸਮਝ ਆ ਸਕੇ...''। ਅਜਿਹੀ ਬਿਰਤੀ ਨਾਲ ਹੀ ਬਾਣੀ ਦਾ ਆਪਣਾ ਵਿਲੱਖਣ ਵਿਚਾਰਧਾਰਾਈ ਸੰਦੇਸ਼ ਉਭਰ ਕੇ ਸਾਹਮਣੇ ਆ ਸਕਦਾ ਹੈ। ਭੂਮਿਕਾ ਵਿਚ ਅੱਗੇ ਚਲ ਕੇ ਭਾਈ ਵੀਰ ਸਿੰਘ ਹੇਠ ਲਿਖੇ ਸ਼ਬਦਾਂ ਵਿਚ ਆਪਣੀ 'ਸੰਥਯਾ' ਦੀ ਅਧਿਐਨ-ਵਿਧੀ ਨੂੰ ਸਪਸ਼ਟ ਕਰਦੇ ਹਨ :

''ਅਸਾਂ ਇਸ ਟੀਕੇ ਵਿਚ (1) **ਕਿਸੇ ਇਕ ਪੱਖ ਦੀ ਨਿੱਜੀ ਖਿਚੋਤਾਣ ਨਹੀਂ ਕੀਤੀ,** (2) **ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦੇਂਦੇ ਹਨ ਤੇ ਜੋ ਨਿਜ ਮਨ ਨੂੰ ਗੁਰ ਆਸ਼ਯ ਨਿਸ਼ਚੈ ਹੁੰਦਾ ਹੈ ਉਹ ਲਿਖਿਆ ਹੈ,** ਤੇ (3) **ਮੁਸ਼ਕਲਾਂ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਲੇ ਅਰਦਾਸਿ ਕਰ ਕੇ ਰਹਿਨੁਮਾਈ ਦੀ ਯਾਚਨਾ ਕੀਤੀ ਹੈ। ਸਾਡਾ ਆਸ਼ਯ ਇਹ ਹੈ ਕਿ ਗੁਰਬਾਣੀ ਦੇ ਅਰਥ ਗੁਰ ਆਸ਼ਯ ਦੇ ਅਨੁਕੂਲ ਹੋਣ ਤੇ ਰਾਇ ਦੇ ਵਖੇਵੇਂ ਵਾਲੇ, ਮੂਲ ਵਾਂਙੂ, ਅਰਥਾਂ ਵਿਚ ਨਿਰਲੇਪਤਾ ਤੇ ਅਸਲੀਅਤ ਨੂੰ ਅਨੁਭਵ ਕਰਨ।"[43]

(1) ਕਿਸੇ ਪਾਠ-ਪ੍ਰਬੰਧ ਦੇ ਅਧਿਐਨ ਲਈ ਇਕ ਵਿਧੀ ਇਹ ਹੈ ਕਿ ਵਿਆਖਿਆਕਾਰ ਕਿਸੇ ਪੂਰਬ-ਨਿਸ਼ਚਿਤ ਸਿਧਾਂਤ ਨੂੰ ਪਾਠ-ਪ੍ਰਬੰਧ ਉੱਪਰ ਆਰੋਪਿਤ ਕਰ ਦਿੰਦਾ ਹੈ। ਇਸ ਵਿਧੀ ਅਨੁਸਾਰ ਵਿਆਖਿਆਕਾਰ ਦਾ ਸਾਰਾ ਜ਼ੋਰ ਪੂਰਬ-ਨਿਸ਼ਚਿਤ ਸੰਕਲਪ-ਪ੍ਰਬੰਧ ਨੂੰ ਪਾਠ-ਪ੍ਰਬੰਧ ਵਿਚੋਂ ਸਿੱਧ ਕਰਨ ਉੱਤੇ ਲੱਗ ਰਿਹਾ ਹੁੰਦਾ ਹੈ। ਵਿਆਖਿਆਕਾਰ ਆਪਣੇ ਇਸ ਉਦੇਸ਼ ਦੀ ਸਿੱਧੀ ਲਈ ਸੰਬੰਧਿਤ ਪਾਠ-ਪ੍ਰਬੰਧ ਨੂੰ ਆਪਣੇ ਸਿਧਾਂਤ ਦੀ ਪੁਸ਼ਟੀ ਲਈ ਵਰਤ ਰਿਹਾ ਹੁੰਦਾ ਹੈ। ਭਾਈ ਵੀਰ ਸਿੰਘ ਆਪਣੀ ਉਪਰ ਲਿਖਿਤ ਅਧਿਐਨ-ਵਿਧੀ ਵਿਚ ਅਜਿਹੀ ਅਧਿਐਨ-ਵਿਧੀ ਦਾ ਸੁਚੇਤ ਪੱਧਰ ਉੱਤੇ ਤਿਆਗ ਕਰ ਰਹੇ ਹਨ। ਅਜਿਹਾ ਸਪਸ਼ਟ ਸੰਕੇਤ ਉਨ੍ਹਾਂ ਇਹ ਕਹਿ ਕੇ ਦਿੱਤਾ ਹੈ 'ਅਸਾਂ ਇਸ ਟੀਕੇ ਵਿਚ ਕਿਸੇ ਇਕ ਪੱਖ ਦੀ ਨਿਜੀ ਖਿਚੋਤਾਣ ਨਹੀਂ ਕੀਤੀ।'

(2) ਇਸ ਤੋਂ ਅਗੋਂ ਉਨ੍ਹਾਂ ਦੀ ਅਧਿਐਨ-ਵਿਧੀ ਦੇ ਇਹ ਸ਼ਬਦ—"ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦੇਂਦੇ ਹਨ ਤੇ ਜੋ ਨਿਜ ਮਨ ਨੂੰ ਗੁਰ ਆਸ਼ਯ ਨਿਸ਼ਚੈ ਹੁੰਦਾ ਹੈ ਉਹ ਲਿਖਿਆ ਹੈ" --ਖਾਸ ਧਿਆਨ ਦੀ ਮੰਗ ਕਰਦੇਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦੇ ਸਮੇਂ ਬਾਣੀ ਦੀ ਬਹੁ-ਪੱਖੀ ਤੇ ਬੇਥਵੀ ਵਿਆਖਿਆ ਹੋ ਰਹੀ ਸੀ। ਬਹੁ-ਪੱਖੀ ਵਿਆਖਿਆ ਕਿਸੇ ਮਰਯਾਦਾ ਨੂੰ ਬਖੇਰਨ ਦਾ ਕਾਰਨ ਬਣਦੀ ਹੈ। ਅੱਜ ਅਸੀਂ ਸਚੇਤ ਤੌਰ ਤੇ ਜਿਸ ਪਾਠ ਆਧਾਰਿਤ ਤਹਿਆਂ ਨੂੰ ਧਿਆਨ ਦਾ ਕੇਂਦਰ ਬਣਾਉਣ ਵਾਲੀ ਅਧਿਐਨ-ਵਿਧੀ ਨੂੰ ਅਪਣਾਇਆ ਹੈ ਉਹ ਬੀਜ ਰੂਪ ਵਿਚ ਭਾਈ ਵੀਰ ਸਿੰਘ ਦੀ ਉਪਰੋਕਤ ਅਧਿਐਨ-ਵਿਧੀ ਵਿਚ ਸਮਾਈ ਹੋਈ ਹੈ। ਇਹ ਨਿਜੀ ਪੱਖ ਵੱਲ ਖਿਚੋਤਾਣ ਕਰਨ ਵਾਲੀ ਅਧਿਐਨ-ਵਿਧੀ ਦੇ ਕਿਸੇ ਪੂਰਬ ਨਿਸ਼ਚਿਤ ਪ੍ਰਸਤਾਵ-ਪ੍ਰਬੰਧ ਨੂੰ ਕਿਸੇ ਪਾਠ-ਪ੍ਰਬੰਧ ਉਪਰ ਆਰੋਪਿਤ ਨਹੀਂ ਕਰਦੀ। ਇਹ ਤਾਂ ਕਿਸੇ ਸੰਪੂਰਨ ਪਾਠ ਦੇ ਅੰਤਰਗਤ ਨਿਹਿਤ ਨੇਮ/ਪੈਟਰਨ ਨੂੰ ਉਸ ਵਿਚਲੀ ਵਿਚਾਰਧਾਰਾ ਦੇ ਆਧਾਰ ਤੇ ਜਾਣਨ ਉਤੇ ਬਲ ਦਿੰਦੀ ਹੈ। ਭਾਈ ਵੀਰ ਸਿੰਘ ਦੀ ਉਪਰ-ਵਰਣਿਤ ਅਧਿਐਨ-ਵਿਧੀ ਗੁਰਬਾਣੀ ਦੇ ਅਰਥਾਂ ਸੰਬੰਧੀ ਇਸੇ ਦ੍ਵੈਤ ਨੂੰ ਧਿਆਨ ਵਿਚ ਰੱਖਣ ਦੀ ਤਾਕੀਦ ਕਰਦੀ ਹੈ। ਸਿਧਾਂਤ-ਆਰੋਪਣ (ਜਿਸ ਨੂੰ ਭਾਈ ਸਾਹਿਬ 'ਨਿਜੀ ਖਿਚੋਤਾਣ' ਰਾਹੀਂ ਸੰਕੇਤਿਕ ਕਰਦੇ ਹਨ) ਨਾਲ ਜੋ ਅਰਥ ਪ੍ਰਾਪਤ ਹੁੰਦੇ ਹਨ ਉਹ ਮਨ-ਮਤੀ ਅਧਿਆਤਮਿਕਤਾ ਤੇ ਆਪ-ਹੁਦਰੀ ਵਿਆਖਿਆ ਨੂੰ ਜਨਮ ਦਿੰਦੇ ਹਨ। ਜਿੱਧਰ 'ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦਿੰਦੇ ਹਨ' ਉਸ ਨਾਲ ਬਾਣੀ ਦੇ ਆਪਣੇ ਵਿਚਾਰਧਾਰਾਈ ਸਿਧਾਂਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਉਂ ਬਾਣੀ ਦਾ ਆਪਣਾ ਨੇਮ-ਪ੍ਰਬੰਧ ਉਘੜ ਕੇ ਸਾਹਮਣੇ ਆਉਂਦਾ

CC-0. In Public Domain. Gurukul Kangri Collection, Haridwar

ਹੈ। ਪਾਠ-ਆਧਾਰੀ ਅਧਿਐਨ-ਵਿਧੀ ਦਾ ਇਹ ਮੱਤ ਹੈ ਕਿ ਸਿਧਾਂਤ-ਆਰੋਪਣ ਦਾ ਤਿਆਗ Digitized by Arya Samaj Foundation Chennai and eGangotri ਕੀਤਾ ਜਾਏ ਤੇ ਬਾਣੀ-ਪ੍ਰਵਚਨ ਵਿਚ ਨਿਹਿਤ ਵਿਚਾਰਧਾਰਾਈ ਸਿਧਾਂਤ-ਉਪਲਭਧੀ ਵੱਲ ਵਧਿਆ ਜਾਏ। ਇਉਂ ਭਾਈ ਵੀਰ ਸਿੰਘ ਦੀ ਅਧਿਅਐਨ-ਵਿਧੀ, ਅਚੇਤ ਹੀ ਸਾਡੀ ਨਵ-ਆਲੋਚਨਾ ਵਾਲੀ ਪਾਠ-ਆਧਾਰੀ ਵਿਧੀ ਦੇ ਬੀਜ ਸਮਾਈ ਬੈਠੀ ਹੈ।

ਭਾਈ ਵੀਰ ਸਿੰਘ ਬਾਣੀ-ਵਿਆਖਿਆ ਦੀਆਂ ਪਰੰਪਰਾਗਤ ਰੂੜ੍ਹੀਆਂ ਤੋਂ ਵੀ ਭਲੀ ਭਾਂਤ ਵਾਕਫ਼ ਹੈ। ਉਸ ਨੇ ਪੁਰਾਣੀ ਰੂੜ੍ਹੀਆਂ ਦੀ ਲੀਹ ਉੱਪਰ ਤੁਰਕੇ ਜਿਥੇ ਗਲਪ-ਰਚਨਾਵਾਂ ਰਾਹੀਂ ਬਾਣੀ-ਵਿਆਖਿਆ ਕੀਤੀ ਹੈ ਉਥੇ 'ਸੰਥਯਾ' ਵਿਚ ਇਸ ਵਿਆਖਿਆ ਨੂੰ ਨਵਾਂ ਮੋੜ ਵੀ ਦਿੱਤਾ ਹੈ। ਇਹ ਵਿਆਖਿਆ-ਵਿਧੀ ਗੁਰਬਾਣੀ ਦੇ ਪੈਟਰਨ ਨੂੰ ਸ਼ਬਦ-ਅਰਥ, ਤੁਕ-ਅਰਥ ਆਦਿ ਤਕ ਹੀ ਸੀਮਿਤ ਨਹੀਂ ਰੱਖਦੀ। ਇਹ ਤਾਂ ਬਾਣੀ ਦੇ ਸਮੁੱਚ ਸੰਗਠਨਾਤਮਕ ਪੈਟਰਨ ਤੀਕ ਪੁੱਜ ਕੇ ਉਸ ਦੀ ਵਿਚਾਰਧਾਰਾ ਦੀ ਵਿਆਖਿਆ ਕਰਦੀ ਹੈ। ਸਾਰੀ ਵਿਆਖਿਆ-ਵਿਧੀ ਪ੍ਰਾਕਥਨ, ਮੂਲ ਤੇ ਅਰਥ, ਵਯਾਖਯਾ ਤੇ ਨਿਰੁਕ੍ਤ ਸਿਰਲੇਖਾਂ ਹੇਠ ਆਪਣਾ ਕਾਰਜ ਕਰਦੀ ਹੈ। ਪ੍ਰਾਕਥਨ ਨਿਰਾ ਪ੍ਰਸੰਗ-ਸਿਰਜਨ ਹੀ ਨਹੀਂ, ਇਸ ਵਿਚ ਸ਼ਬਦ ਦਾ ਅਤਿ ਸੰਖੇਪ ਵਿਚਾਰਧਾਰਾਈ ਪਰਿਪੇਖ ਵੀ ਦਿੱਤਾ ਗਿਆ ਹੁੰਦਾ ਹੈ। ਫ਼ਿਰ ਮੂਲ ਤੇ ਉਸ ਦੇ ਤੁਕ-ਅਰਥ ਪੇਸ਼ ਕੀਤੇ ਗਏ ਹਨ। ਇਸ ਤੋਂ ਬਾਅਦ ਵਯਾਖਯਾ ਦਾ ਭਾਗ ਬਹੁਤ ਮਹੱਤਵਸ਼ੀਲ ਹੈ। ਇਸੇ ਭਾਗ ਵਿਚ ਤੁਕਾਂ ਤੇ ਬੰਦਾਂ ਵਿਚਲੀ ਵਿਲੱਖਣ ਵਿਚਾਰਧਾਰਾ ਦੇ ਸਮੁੱਚੇ ਇਕਾਗ੍ਰਕਾਰੀ ਸੰਗਠਨਾਤਮਕ ਪੈਟਰਨ ਨੂੰ ਉਭਾਰ ਕੇ ਪੇਸ਼ ਕੀਤਾ ਗਿਆ ਹੁੰਦਾ ਹੈ। **ਇਹ ਭਾਗ ਇਸ ਟੀਕੇ ਦੀ ਵਿਸ਼ੇਸ਼ ਦੇਣ ਹੈ**। ਇਸ ਤੋਂ ਬਾਅਦ ਨਿਰੁਕ੍ਤ ਦਾ ਭਾਗ ਹੈ। ਨਿਰਕ੍ਤ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸ਼ਬਦਾਂ ਦੇ ਅਰਥ ਉਨ੍ਹਾਂ ਦੇ ਅੱਗੇ ਪਿੱਛੇ ਆਏ ਸ਼ਬਦਾਂ ਦੇ ਪ੍ਰਸੰਗ ਨਾਲ ਸੰਬੰਧਿਤ ਕਰ ਕੇ ਨਿਸ਼ਚਿਤ ਕਰਨ ਦੀ ਵਿਧੀ ਅਪਣਾਈ ਗਈ ਹੈ। ਇਸੇ ਵਿਧੀ ਰਾਹੀਂ ਬਾਣੀ-ਪ੍ਰਵਚਨ ਦੀ ਵਿਲੱਖਣ ਵਿਚਾਰਧਾਰਾ ਸਪਸ਼ਟ ਕੀਤੀ ਜਾਂਦੀ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਭਾਈ ਵੀਰ ਸਿੰਘ ਸ਼ਬਦਾਰਥ ਦੀ ਹੋਂਦ ਵਿਸ਼ੇਸ਼ ਵਿਚਾਰਧਾਰਾਈ ਪ੍ਰਸੰਗ ਵਿਚ ਹੀ ਮੰਨਦੇ ਹਨ।

ਇਸ ਵਿਆਖਿਆ-ਵਿਧੀ ਦੀ ਇਕ ਵਿਲੱਖਣਤਾ ਇਹ ਹੈ ਕਿ ਇਹ ਆਪਣਾ ਸਾਰਾ ਕਾਰਜ ਤਰਕ-ਯੁਕਤ ਤੇ ਦਾਰਸ਼ਨਿਕ ਭਾਸ਼ਾ ਵਿਚ ਕਰਦੀ ਹੈ। ਗੁਰਬਾਣੀ ਬੁਨਿਆਦੀ ਤੌਰ ਤੇ ਕਾਵਿ ਤੇ ਰਹਸ ਦੇ ਮਿਲਵੇਂ ਜੁਲਵੇਂ ਬਾਣੀ-ਪ੍ਰਵਚਨ ਦਾ ਨਿਰਮਾਨ ਕਰਦੀ ਹੈ। ਭਾਈ ਵੀਰ ਸਿੰਘ ਬਾਣੀ ਦੇ ਇਸ ਨੇਮ/ਪੈਟਰਨ ਨੂੰ ਤਰਕ-ਯੁਕਤ ਤੇ ਦਾਰਸ਼ਨਿਕ ਭਾਸ਼ਾ ਵਿਚ ਵਿਆਖਿਆਉਂਦਾ ਹੈ। ਅਜਿਹੀ ਵਿਆਖਿਆ ਵਿਚ ਉਹ ਆਪਣਾ ਧਿਆਨ ਬਾਣੀ ਦੇ ਪਾਠ-ਪ੍ਰਬੰਧ ਉਪਰ ਕੇਂਦ੍ਰਿਤ ਕਰਦਾ ਹੈ। ਭਾਈ ਵੀਰ ਸਿੰਘ ਪਹਿਲਾਂ ਪਾਠ-ਪ੍ਰਬੰਧ ਦੇ ਤੁਕ-ਕ੍ਰਮ ਤੇ ਬੰਦ-ਕ੍ਰਮ ਅਨੁਸਾਰ ਚਲਦਾ ਹੈ ਪਰ ਫੇਰ ਵਯਾਖਯਾ ਭਾਗ ਵਿਚ ਪਾਠ-ਪ੍ਰਬੰਧ ਦੇ ਅੰਦਰਲੇ ਸਮੁੱਚੇ ਵਿਚਾਰਧਾਰਾਈ ਨੇਮ/ਪੈਟਰਨ ਪ੍ਰਤੀ ਰੁਚਿਤ ਹੁੰਦਾ ਹੈ ਅਤੇ ਪਾਠ-ਪ੍ਰਬੰਧ ਦੀ ਹਰ ਤੁਕ, ਬੰਦ, ਯੂਨਿਟ ਤੇ ਸਮੁੱਚੇ ਸੰਗਠਨਾਤਮਕ ਨੇਮ/

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੈਟਰਨ-ਪ੍ਰਬੰਧ ਵਿਚਕਾਰ ਇਕਸੁਰਤਾ ਸਥਾਪਿਤ ਕਰ ਦੇਂਦਾ ਹੈ । ਵਿਆਖਿਆ ਦੀ ਇਹ ਵਿਧੀ ਨਿਸ਼ਚੇ ਹੀ ਨਵੀਨ ਵੀ ਹੈ ਤੇ ਯੋਗ ਵੀ । ਅਜੋਕੇ ਗੁਰਬਾਣੀ-ਅਧਿਐਨ ਦੇ ਪ੍ਰਸੰਗ ਵਿਚ ਇਹ ਸਾਰਥਕ ਤੇਂ ਸਹਾਈ ਸਿੱਧ ਹੋਵੇਗੀ। ਵਿਸ਼ੇਸ਼ ਕਰ ਕੇ ਇਹ ਵਿਧੀ ਆਪਣਾ ਸੰਚਾਰ-ਖੇਤਰ ਵਿਦਿਅਕ ਤੇ ਅਕਾਦਮਕ ਬਣਾ ਲੈਂਦੀ ਹੈ । ਪਹਿਲੀਆਂ ਵਿਧੀਆਂ ਜਿਨ੍ਹਾਂ ਵਿਚ ਗਲਪ-ਸਿਰਜਨ ਦੀ ਬਹੁਤਾਤ ਹੈ, ਆਪਣੇ ਸਰੂਪ ਤੇ ਪ੍ਰਕਿਰਤੀ ਵਿਚ ਸੰਪਰਦਾਇਕ ਹਨ । ਪਰ ਭਾਈ ਵੀਰ ਸਿੰਘ ਦੀ ਵਿਆਖਿਆ ਵਿਧੀ ਸੰਪਰਦਾਇਕਤਾ ਦੀ ਮਰਯਾਦਾ ਨੂੰ ਅਕਾਦਮਕ ਮੁਹਾਵਰੇ ਵਿਚ ਢਾਲਣ ਦੇ ਯਤਨ ਨਾਲ ਸੰਬੰਧਿਤ ਕੀਤੀ ਜਾ ਸਕਦੀ ਹੈ। ਇਸ ਪਖੋਂ ਬਾਣੀ-ਵਿਆਖਿਆ ਦੇ ਇਤਿਹਾਸ ਵਿਚ ਭਾਈ ਵੀਰ ਸਿੰਘ ਦਾ ਸਥਾਨ ਅਦੁੱਤੀ ਹੈ ।

ਪ੍ਰੋਫ਼ੈਸਰ ਸਾਹਿਬ ਸਿੰਘ

ਭਾਈ ਵੀਰ ਸਿੰਘ ਤੋਂ ਬਾਅਦ ਟੀਕਾਕਾਰੀ ਦੇ ਇਤਿਹਾਸ ਵਿਚ ਪ੍ਰਮੁਖ ਦੇਣ ਪ੍ਰੋ. ਸਾਹਿਬ ਸਿੰਘ ਦੀ ਹੈ । ਪ੍ਰੋ. ਸਾਹਿਬ ਸਿੰਘ ਨੂੰ **ਬਾਣੀ-ਸੰਰਚਨਾ ਦੇ ਪ੍ਰਥਮ ਭਾਸ਼ਾ-ਵਿਗਿਆਨੀ** ਕਹਿਣਾ ਵਧੇਰੇ ਯੋਗ ਹੋਵੇਗਾ । ਇਸ ਵਿਚ ਕੋਈ ਸ਼ਕ ਨਹੀਂ ਕਿ ਉਨ੍ਹਾਂ ਨੇ ਆਦਿ ਗ੍ਰੰਥ ਦਾ ਸੰਪੂਰਨ ਟੀਕਾ ਲਿਖ ਕੇ ਬਾਣੀ-ਵਿਆਖਿਆ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਹੈ । ਪਰ ਪੰਜਾਬੀ ਆਲੋਚਨਾਤਮਕ ਖੇਤਰ ਵਿਚ ਉਨ੍ਹਾਂ ਦੀ ਇਸ ਤੋਂ ਵੀ ਮਹੱਤਵਪੂਰਨ ਦੇਣ ਗੁਰਬਾਣੀ ਦੀ ਵਿਆਕਰਣ ਨੂੰ ਨਿਸ਼ਚਿਤ ਕਰਨ ਦੀ ਹੈ । ਪ੍ਰਸਿਧ ਭਾਸ਼ਾ ਵਿਗਿਆਨੀ ਸੌਸਿਊਰ ਨੇ ਆਧੁਨਿਕ ਭਾਸ਼ਾ-ਵਿਗਿਆਨ ਦੀ ਨੀਂਹ ਰੱਖ ਕੇ ਇਹ ਚੇਤਨਾ ਪੈਦਾ ਕੀਤੀ ਕਿ ਭਾਸ਼ਾ ਵਿਗਿਆਨੀ ਦਾ ਸੰਬੰਧ ਕਿਸੇ ਸੰਬੰਧਿਤ ਭਾਸ਼ਾ ਦੀ 'ਲੈਂਗ' ਨੂੰ ਨਿਸ਼ਚਿਤ ਕਰਨ ਦਾ ਹੈ । ਭਾਸ਼ਾ ਦੇ ਵਿਸ਼ੇਸ਼ ਉਚਾਰ ਉਸ ਦੀ 'ਪੈਰੋਲ' ਨੂੰ ਪੇਸ਼ ਕਰਦੇ ਹਨ । ਇਨ੍ਹਾਂ ਵਿਸ਼ੇਸ਼ ਉਚਾਰਾਂ ਦੇ ਪਿੱਛੇ ਸਾਮਾਨਯ ਨੇਮ ਕੰਮ ਕਰ ਰਹੇ ਹੁੰਦੇ ਹਨ । ਭਾਸ਼ਾ ਵਿਗਿਆਨੀ ਨੇ ਵਿਸ਼ੇਸ਼ ਤੇ ਵਿਭਿੰਨ ਉਚਾਰਾਂ ਦੇ ਪਿਛੇ ਕੰਮ ਕਰ ਰਹੇ ਸਾਮਾਨਯ ਨੇਮ/ਪੈਟਰਨ ਨੂੰ ਨਿਸ਼ਚਿਤ ਕਰਨਾ ਹੁੰਦਾ ਹੈ। ਗੁਰਬਾਣੀ ਦਾ ਪਾਠ-ਪ੍ਰਬੰਧ ਤੇ ਉਸ ਵਿਚਲੇ ਸ਼ਬਦ-ਜੋੜ ਇਕ ਵਿਸ਼ੇਸ਼ ਪ੍ਰਕਾਰ ਦੀ 'ਪੈਰੋਲ' ਨੂੰ ਪੇਸ਼ ਕਰਦੇ ਹਨ । ਪੰਜਾਬੀ ਭਾਸ਼ਾ ਨਾਲ ਮੇਲ ਖਾਂਦਿਆਂ ਵੀ ਇਸ ਪਾਠ-ਪ੍ਰਬੰਧ ਦੇ ਨੇਮ/ਪੈਟਰਨ ਭਿੰਨ ਹਨ । ਪ੍ਰੋ. ਸਾਹਿਬ ਸਿੰਘ ਨੇ ਸਭ ਤੋਂ ਪਹਿਲਾਂ ਸੁਚੇਤ ਰੂਪ ਵਿਚ ਇਸ ਪੱਖ ਵੱਲ ਧਿਆਨ ਦਿੱਤਾ । ਉਨ੍ਹਾਂ ਨੇ ਆਪਣੀ ਸਾਰੀ ਉਮਰ ਦੀ ਖੋਜ ਰਾਹੀਂ ਗੁਰਬਾਣੀ ਦੇ ਪਾਠ-ਪ੍ਰਬੰਧ ਦੇ ਪਿੱਛੇ ਕੰਮ ਕਰ ਰਹੇ ਨੇਮ/ਪੈਟਰਨਾਂ ਦੀ ਇਕ ਵਿਆਕਰਣ ਤਿਆਰ ਕੀਤੀ। ਆਧੁਨਿਕ ਭਾਸ਼ਾ ਵਿਗਿਆਨ ਦੀ ਸ਼ਬਦਾਵਲੀ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਪਾਠ-ਪ੍ਰਬੰਧ ਦੀ 'ਲੈਂਗ' ਤਿਆਰ ਕੀਤੀ। ਇਉਂ ਪ੍ਰੋ. ਸਾਹਿਬ ਸਿੰਘ ਦੀ ਗੁਰਬਾਣੀ-ਵਿਆਕਰਣ ਗੁਰਬਾਣੀ-ਇਤਿਹਾਸ ਦੇ ਪ੍ਰਸੰਗ ਵਿਚ ਸਿਸਟਮੀ-ਚੇਤਨਾ ਦੀ ਪਹਿਲੀ ਸੁਚੇਤ ਉਦਾਹਰਣ ਹੈ। ਗੁਰਬਾਣੀ-ਅਧਿਐਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਸੰਗ ਵਿਚ ਉਨ੍ਹਾਂ ਦੀ ਇਹ ਦੇਣ ਬਹੁਤ ਸਾਰਥਕ ਤੇ ਸਹਾਈ ਸਿਧ ਹੁੰਦੀ ਹੈ ।

ਗੁਰਬਾਣੀ-ਵਿਆਕਰਣ ਨੂੰ ਨਿਸ਼ਚਿਤ ਕਰ ਲੈਣ ਤੋਂ ਉਪਰੰਤ ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਦੀ ਅਰਥ-ਵਿਆਖਿਆ ਵਿਚ ਜੋ ਆਪਣਾ ਯੋਗਦਾਨ ਦਿੱਤਾ ਉਸ ਦੀ ਦਿਸ਼ਾ ਬਾਣੀ-ਪ੍ਰਵਚਨ ਨੂੰ ਇਕਾਰਥੀ ਦਿਸ਼ਾ ਦੇਣ ਦੀ ਹੈ । ਸੰਪਰਦਾਈ ਵਿਦਵਾਨ ਬਾਣੀ-ਪ੍ਰਵਚਨ ਦੀ ਇਕ ਇਕ ਤੁਕ ਦੇ ਬਹੁਤੇ ਅਰਥ ਕਰਨ ਵੱਲ ਰੁਚਿਤ ਸਨ । ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ-ਵਿਆਕਰਣ ਨਿਸ਼ਚਿਤ ਕਰਨ ਤੋਂ ਉਪਰੰਤ ਇਸ ਤੱਥ ਉੱਤੇ ਬਲ ਦਿੱਤਾ ਕਿ ਗੁਰਬਾਣੀ-ਵਿਆਕਰਣ ਅਨੁਸਾਰ ਨਿਸ਼ਚਿਤ ਹੋਈ 'ਲੈਂਗ' ਦੇ ਆਧਾਰ ਉੱਤੇ ਇਕ ਤੁਕ ਦੇ ਇਕ ਹੀ ਅਰਥ ਕੀਤੇ ਜਾਣੇ ਯੋਗ ਹਨ । ਇਸੇ ਦਿਸ਼ਾ ਵਿਚ ਵੱਧ ਕੇ ਉਨ੍ਹਾਂ ਨੇ ਸਾਰੇ ਆਦਿ-ਗ੍ਰੰਥ ਦੀ ਅਰਥ-ਵਿਆਖਿਆ ਵਿਹਾਰਕ ਰੂਪ ਵਿਚ ਪੇਸ਼ ਕਰ ਕੇ ਆਪਣੇ ਮੱਤ ਦੀ ਪੁਸ਼ਟੀ ਕੀਤੀ । ਦਰਅਸਲ ਗੁਰਬਾਣੀ ਦੀ ਵਿਆਕਰਣ ਦੀ ਖੋਜ ਵੱਲ ਵੱਧਣ ਦੀ ਪ੍ਰੇਰਨਾ ਵੀ ਉਨ੍ਹਾਂ ਨੂੰ ਬਾਣੀ ਦੀ ਬਹੁ-ਅਰਥੀ ਪਰੰਪਰਾ ਦੇ ਪ੍ਰਸੰਗ ਵਿਚੋਂ ਹੀ ਮਿਲੀ । ਛੋਟੀ ਉਮਰੇ ਭਾਈ ਗਿਆਨ ਸਿੰਘ ਜੀ ਨਾਮਧਾਰੀ ਤੋਂ ਇਕ ਤੁਕ ਦੇ ਤਿੰਨ ਤਿੰਨ ਚਾਰ ਚਾਰ ਅਰਥ ਕਰਨ ਤੋਂ ਪ੍ਰਭਾਵਤ ਹੋਏ । ਬਾਅਦ ਵਿਚ ਇਹ ਆਪ ਵੀ ਬਾਣੀ ਦੀ ਇਕ ਤੁਕ ਦੇ ਬਹੁਤੇ ਅਰਥ ਕਰਦੇ ਰਹੇ । ਪਰ ਇਕ ਦਿਨ ਬਰਾਤ ਨਾਲ ਆਏ ਪ੍ਰਚਾਰਕ ਨਾਲ ਹੋਏ ਮੇਲ ਤੋਂ ਜੋ ਪ੍ਰੇਰਨਾ ਮਿਲੀ ਉਸ ਨੇ ਪ੍ਰੋ. ਸਾਹਿਬ ਸਿੰਘ ਨੂੰ ਗੁਰਬਾਣੀ-ਵਿਆਕਰਣ ਦੀ ਖੋਜ ਲਈ ਪ੍ਰੇਰਿਆ :

"ਸੰਨ 1913 ਵਿਚ......ਇਕ ਜੰਞ ਗੁਰਦੁਆਰੇ ਵਿਚ ਆ ਟਿਕੀ ।......ਇਕ ਪ੍ਰਚਾਰਕ ਭੀ ਉਨ੍ਹਾਂ ਦੇ ਨਾਲ ਸੀ । ਉਹ ਸੱਜਣ ਮੇਰੇ ਪਾਸ ਆ ਬੈਠਾ । ਗੱਲਾਂ ਬਾਤਾਂ ਛੇੜ ਕੇ ਮੈਨੂੰ ਕਹਿਣ ਲੱਗਾ—ਜੇ ਕਿਸੇ ਮਨੁੱਖ ਪਾਸੋਂ ਉਸ ਦੇ ਪਿਉ ਦਾ ਨਾਮ ਪੁੱਛੀਏ, ਉਹ ਅਗੋਂ ਉੱਤਰ ਦੇਵੇ, ਕਿ ਮੇਰੇ ਪਿਉ ਦਾ ਨਾਮ ਅਹਿ ਸੀ, ਜਾਂ ਅਹਿ, ਜਾਂ ਅਹਿ ਸੀ ।...ਇਸ ਦਾ ਉੱਤਰ ਸੁਣ ਕੇ ਇਹੀ ਅੰਦਾਜ਼ਾ ਲਾਣਾ ਪਵੇਗਾ ਕਿ ਉਸ ਮਨੁੱਖ ਨੂੰ ਜਾਂ ਤਾਂ ਆਪਣੇ ਪਿਉ ਦਾ ਨਾਮ ਹੀ ਨਹੀਂ ਆਉਂਦਾ, ਜਾਂ ਇਹ ਆਪ ਹੀ ਪਾਗ਼ਲ ਹੈ ।"[44]

ਗੱਲਬਾਤ ਦਾ ਇਹ ਪੈਂਤੜਾ ਬੰਨ੍ਹ ਕੇ ਉਹੋ ਪ੍ਰਚਾਰਕ ਸੱਜਣ ਫਿਰ ਪ੍ਰੋ. ਸਾਹਿਬ ਸਿੰਘ ਨੂੰ ਕਹਿਣ ਲੱਗਾ ਤੁਸੀਂ ਸਿੱਖ ਲੋਕ ਫ਼ਖ਼ਰ ਨਾਲ ਇਹ ਆਖਦੇ ਹੋ ਕਿ ਸਿਰਫ਼ ਤੁਹਾਡਾ ਹੀ ਧਾਰਮਿਕ ਗ੍ਰੰਥ ਐਸਾ ਹੈ ਜੋ ਤੁਹਾਡੀ ਆਪਣੀ ਬੋਲੀ ਵਿਚ ਹੈ । ਪਰ ਹਾਲ ਤੁਹਾਡਾ ਇਹ ਹੈ ਕਿ ਇਕ ਇਕ ਤੁਕ ਦੇ ਦਸ ਦਸ ਅਰਥ ਕਰਨ ਨੂੰ ਤੁਸੀਂ ਵਿਦਵਤਾ ਸਮਝਦੇ ਹੋ । ਕੀ ਇਹ ਵਿਦਵਤਾ ਹੈ ਜਾਂ ਨਾ-ਵਾਕਫ਼ੀਅਤ ?

"ਬਸ ! ਉਸ ਸੱਜਣ ਦੀ ਇਹ ਟੋਕ ਮੇਰੇ ਅੰਦਰ ਕਾਟ ਕਰ ਗਈ । ਮੈਂ ਬਹੁ-ਅਰਥਕ ਵਿਦਵਤਾ ਦੀ ਨੀਂਦਰ ਵਿਚੋਂ ਜਾਗ ਪਿਆ । ਮੈਨੂੰ ਸਮਝ ਆ ਗਈ ਕਿ **ਪੰਜ ਸੌ ਸਾਲਾਂ ਤੋਂ ਪਹਿਲਾਂ ਦੀ ਪੁਰਾਣੀ ਬੋਲੀ ਨੂੰ ਨਾ ਸਮਝਣ ਕਰ ਕੇ 'ਜਾਂ ਜਾਂ' ਵਾਲੇ ਅੰਦਾਜ਼ੇ ਵਿਦਵਤਾ ਦੀ ਨਿਸ਼ਾਨੀ ਨਹੀਂ ਹਨ** । ਉਸ ਦਿਨ ਤੋਂ ਮੈਨੂੰ ਉਸ ਬਹੁ-ਅਰਥਤਾ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਿਆ ਦਾ ਹੁਲਾਰਾ ਆਉਣਾ ਮੁਕ ਗਿਆ।

ਉਪਰੋਕਤ ਟੂਕ ਵਿਚ ਬਹੁ-ਅਰਥਤਾ ਨਾਲੋਂ ਵਧੇਰੇ ਧਿਆਨ ਵਾਲੀ ਗੱਲ ਬੋਲੀ ਦੀ ਪ੍ਰਕਿਰਤੀ ਬਾਰੇ ਸੁਚੇਤ ਹੋਣ ਦੀ ਹੈ। ਪ੍ਰੋ. ਸਾਹਿਬ ਸਿੰਘ ਅੱਜ ਤੋਂ ਪੰਜ ਸੌ ਸਾਲ ਪਹਿਲੇ ਦੀ ਗੁਰਬਾਣੀ ਦੇ ਪਾਠ-ਪ੍ਰਬੰਧ ਬਾਰੇ ਸੁਚੇਤ ਹੋਇਆ। ਇਸ ਚੇਤੰਨਤਾ ਵਿਚੋਂ ਹੀ ਗੁਰਬਾਣੀ ਦੀ ਵਾਕ-ਪੱਧਰ ਦੀ ਵਿਆਕਰਣ ਨੇ ਜਨਮ ਲਿਆ। ਖੋਜ ਕਰਦਿਆਂ ਪ੍ਰੋ. ਸਾਹਿਬ ਸਿੰਘ ਇਸ ਸਿੱਟੇ ਉੱਤੇ ਪੁੱਜਿਆ ਕਿ ਸਮਾਂ ਬੀਤਣ ਨਾਲ ਜਦੋਂ ਸ਼ਬਦਾਂ ਦੇ ਸ਼ਬਦ-ਜੋੜਾਂ ਵਿਚ ਪਰਿਵਰਤਨ ਪੈਦਾ ਹੁੰਦਾ ਹੈ ਤਾਂ ਇਸ ਪਰਿਵਰਤਨ ਦੇ ਨਾਲ ਕੇਵਲ ਭਾਸ਼ਾ ਦੇ ਅੰਗ-ਸ਼ਬਦ ਹੀ ਨਹੀਂ ਬਦਲਦੇ ਸਗੋਂ ਵਿਆਕਰਣ ਦੇ ਨੇਮ/ਪੈਟਰਨ ਦਾ ਸਮੁੱਚਾ ਸਿਸਟਮ ਵੀ ਨਾਲ ਹੀ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਦਾ ਜ਼ਿਕਰ ਆਪਣੇ ਸਹਿਜ ਢੰਗ ਨਾਲ ਪ੍ਰੋ. ਸਾਹਿਬ ਸਿੰਘ ਨੇ ਹੇਠਲੀਆਂ ਸਤਰਾਂ ਵਿਚ ਕੀਤਾ ਹੈ :

"ਬੋਲੀ ਦੀ ਇਸ ਤਰ੍ਹਾਂ ਪੈਦਾ ਹੋ ਰਹੀ **ਤਬਦੀਲੀ ਦਾ ਅਸਰ ਬੋਲੀ ਦੇ ਵਿਆਕਰਣ ਉੱਤੇ** ਭੀ ਪੈ ਜਾਂਦਾ ਹੈ, ਕਿਉਂਕਿ 'ਵਿਆਕਰਣ' ਕੀਹ ਹੈ ? ਵਿਆਕਰਣ ਹੈ ਕਿਸੇ **ਬੋਲੀ ਦੇ ਪਰਸਪਰ ਸੰਬੰਧਾਂ ਦੇ ਨਿਯਮਾਂ ਦਾ ਸੰਗ੍ਰਹਿ**। ਜਦੋਂ ਲਫ਼ਜ਼ਾਂ ਦੀ ਸ਼ਕਲ ਬਦਲਦੀ ਹੈ, ਤਾਂ ਉਨ੍ਹਾਂ ਦਾ ਆਪੋ ਵਿਚ ਸੰਬੰਧ ਪੈਦਾ ਕਰਨ ਵਾਲੇ ਲਫ਼ਜ਼ਾਂ ਦੀ ਸ਼ਕਲ ਵਿਚ ਵੀ ਫ਼ਰਕ ਪੈਦਾ ਹੁੰਦਾ ਜਾਂਦਾ ਹੈ। ਇਸ ਤਰ੍ਹਾਂ **ਤਬਦੀਲ ਹੋਈ ਬੋਲੀ ਦੇ ਵਿਆਕਰਣ ਦੀ ਸ਼ਕਲ ਭੀ ਬਦਲ ਕੇ ਹੋਰ ਹੋ ਜਾਂਦੀ ਹੈ।**"[46]

ਉਪਰੋਕਤ ਸਤਰਾਂ ਵਿਚ ਪ੍ਰੋ. ਸਾਹਿਬ ਸਿੰਘ ਭਾਸ਼ਾ ਦੇ ਇਕ ਅਜਿਹੇ ਦੁਕਾਲਕ ਅਧਿਐਨ ਨਾਲ ਸੰਬੰਧਿਤ ਤੱਥ ਨੂੰ ਸਪਸ਼ਟ ਕਰ ਗਏ ਹਨ ਜਿਨ੍ਹਾਂ ਦੀ ਚੇਤਨਤਾ ਸ਼ਾਇਦ ਇਕਾਲਕ ਅਧਿਐਨ ਨੂੰ ਹੀ ਸਭ ਕੁਝ ਮੰਨਣ ਵਾਲੇ ਆਧੁਨਿਕ ਭਾਸ਼ਾ ਵਿਗਿਆਨੀ ਸੌਸਿਊਰ ਪਾਸ ਵੀ ਨਹੀਂ ਸੀ। ਪ੍ਰੋ. ਸਾਹਿਬ ਸਿੰਘ ਅਜਿਹੀ ਚੇਤੰਨਤਾ ਵਿਚੋਂ ਪ੍ਰੇਰਨਾ ਲੈਕੇ ਗੁਰਬਾਣੀ ਦੀ ਵਿਆਕਰਣ ਦੀ ਖੋਜ ਵੱਲ ਪ੍ਰੇਰਿਤ ਹੋਏ। ਸਮੇਂ ਦੇ ਪਰਿਵਰਤਨ ਨਾਲ ਭਾਸ਼ਾ ਦੇ ਵਿਆਕਰਣਕ ਨੇਮਾਂ/ਪੈਟਰਨਾਂ ਵਿਚ ਤਬਦੀਲੀ ਹੋ ਜਾਣ ਦੀ ਚੇਤੰਨਤਾ ਦੇ ਆਧਾਰ ਉੱਤੇ ਹੀ ਉਨ੍ਹਾਂ ਬਾਣੀ ਦੀ ਅਰਥ-ਵਿਆਖਿਆ ਪੇਸ਼ ਕੀਤੀ। ਇਸ ਲਈ ਬਾਣੀ-ਵਿਆਖਿਆ ਦੇ ਇਤਿਹਾਸ ਵਿਚ ਪ੍ਰੋ. ਸਾਹਿਬ ਸਿੰਘ ਪਹਿਲਾ ਦੁਕਾਲਕ ਸਿਸਟਮੀ ਚੇਤਨਾ ਵਾਲਾ ਵਿਆਕਰਣ-ਸ਼ਾਸਤਰੀ ਵਿਦਵਾਨ ਕਿਹਾ ਜਾ ਸਕਦਾ ਹੈ। ਉਸ ਦੀ ਇਹ ਦੇਣ ਸਾਡੇ ਗੁਰਬਾਣੀ-ਅਧਿਐਨ ਦੇ ਪ੍ਰਸੰਗ ਵਿਚ ਸਾਰਥਕ ਤੇ ਸਹਾਈ ਹੋਵੇਗੀ।

ਸਿੰਘ ਸਭਾ ਲਹਿਰ

ਸਿੰਘ ਸਭਾ ਲਹਿਰ ਨਾਲ ਬਾਣੀ-ਵਿਆਖਿਆ ਦਾ ਇਕ ਨਵਾਂ ਪ੍ਰਸੰਗ ਸਾਹਮਣੇ ਆਉਂਦਾ ਹੈ। ਇਹ ਪ੍ਰਸੰਗ ਬਾਣੀ ਸਿਸਟਮ ਦੀ ਵਿਆਖਿਆ 19ਵੀਂ ਸਦੀ ਦੇ ਸਾਂਸਕ੍ਰਿਤਿਕ ਵਾਯੂਮੰਡਲ, ਵਿਚੋਂ ਉਪਜੀ ਸਿੰਘ ਸਭਾਈ ਸੰਪਰਦਾਇਕਤਾ ਦੇ ਪ੍ਰਯੋਜਨ ਦੀ ਸਿੱਧੀ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ।[47] ਹਿੰਦੂ, ਮੁਸਲਮਾਨ ਤੇ ਈਸਾਈ ਮਤਾਂ ਦੇ ਮੁਕਾਬਲੇ ਉੱਤੇ ਸਿਖਾਂ ਨੂੰ ਆਪਣੀ ਨਵੇਕਲੀ ਹਸਤੀ ਨੂੰ ਕਾਇਮ ਰੱਖਣ ਦੀ ਮਜਬੂਰੀ ਵਿਚੋਂ ਹੀ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਮਜਬੂਰੀ ਵਿਚੋਂ ਉਪਜੀ ਇਹ ਲਹਿਰ ਪਿਓ ਦਾਦੇ ਦੇ ਸਿਰਜਿਤ ਖਜ਼ਾਨੇ ਨੂੰ ਸੰਭਾਲਣ ਵੱਲ ਰੁਚਿਤ ਸੀ। ਮੌਲਿਕ ਸਿਰਜਣਾ ਇਸ ਦਾ ਲਕਸ਼ ਨਹੀਂ ਸੀ। ਆਪਣੀ ਵਿਲੱਖਣ ਹਸਤੀ ਨੂੰ ਕਾਇਮ ਰੱਖਣ ਦੇ ਦਬਾਉ ਅਧੀਨ ਸਿੰਘ ਸਭਾ ਲਹਿਰ ਨੇ ਬਾਣੀ-ਵਿਆਖਿਆ ਦੂਸਰੇ ਮਤ-ਮਤਾਂਤਰਾਂ ਦੀ ਪਿੱਠ-ਭੂਮੀ ਵਿਚ ਰੱਖ ਕੇ ਕੀਤੀ। ਅਜਿਹੀ ਵਿਆਖਿਆ ਦਾ ਆਧਾਰ ਦੋ ਸਿਸਟਮਾਂ ਵਿਚਲੇ ਆਂਤਰਿਕ ਸੰਬੰਧਾਂ ਉੱਪਰ ਨਹੀਂ, ਸੰਪਰਦਾਇਕ ਨਿਖੇੜੇ ਉੱਪਰ ਹੈ। ਸੰਪਰਦਾਇਕ-ਭਾਵਨਾ ਦੀ ਇਹ ਮਜਬੂਰੀ ਹੈ ਕਿ ਇਹ ਸ਼ਾਸਤਾਰਥ ਰਚਾ ਸਕਦੀ ਹੈ, ਸੰਬਾਦ ਨਹੀਂ।[48] ਸੰਬਾਦ ਵਿਚ ਦੋਹਾਂ ਧਿਰਾਂ ਵਿਚੋਂ ਕਿਸੇ ਇਕ ਧਿਰ ਦੀ ਬਿਰਤੀ ਆਪਣੇ ਆਪ ਨੂੰ ਉੱਚਾ ਤੇ ਵੱਡਾ ਤੇ ਦੂਜੇ ਨੂੰ ਨੀਵਾਂ ਤੇ ਛੋਟਾ ਸਿੱਧ ਕਰਨ ਦੀ ਨਹੀਂ ਹੁੰਦੀ। ਸੰਬਾਦ ਸਮੇਂ ਦੋਵੇਂ ਧਿਰਾਂ ਇਕ ਦੂਜੇ ਪ੍ਰਤੀ ਅਜਿਹੇ ਸੰਬੋਧਨ ਵਿਚ ਬੱਝ ਕੇ ਅਨੁਕਿਰਿਆਸ਼ੀਲ ਹੁੰਦੀਆਂ ਹਨ ਕਿ ਦੋਹਾਂ ਵਿਚ ਅਰਥਾਂ ਦਾ ਆਦਾਨ-ਪ੍ਰਦਾਨ ਸਹਿਜ-ਭਾਅ ਹੋ ਸਕੇ। ਹਰੇਕ ਧਿਰ ਦੂਜੀ ਦੇ ਦ੍ਰਿਸ਼ਟੀ-ਬਿੰਦੂ ਦਾ ਅਨੁਭਵ ਕਰਦੀ ਹੋਈ ਉਸ ਤੋਂ ਸਿਖਦੀ ਸਿਖਾਂਦੀ ਵੀ ਹੈ। ਇਉਂ ਦੋਹਾਂ ਧਿਰਾਂ ਵਿਚ ਇਕ ਗਤੀਸ਼ੀਲ ਸੰਚਾਰ ਬਣਿਆ ਰਹਿੰਦਾ ਹੈ। ਕੋਈ ਵੀ ਧਿਰ ਕੱਟੜ-ਧਰਮੀ ਹੋ ਕੇ ਆਪਣੇ ਸੱਚ/ਦ੍ਰਿਸ਼ਟੀ-ਬਿੰਦੂ ਨੂੰ ਅੰਤਮ ਤੇ ਉੱਚਾ ਸਮਝ ਕੇ ਦੂਜੇ ਉੱਤੇ ਠੋਸਣ ਦਾ ਯਤਨ ਨਹੀਂ ਕਰਦੀ।[49] ਆਪਣੇ ਦ੍ਰਿਸ਼ਟੀ-ਬਿੰਦੂ ਨੂੰ ਦੂਸਰੇ ਉੱਪਰ ਠੋਸ ਕੇ ਉਸ ਨੂੰ ਆਪਣਾ ਅਨੁਯਾਈ ਬਣਾ ਲੈਣ ਦੀ ਬਿਰਤੀ ਮੱਧਕਾਲੀਨ-ਸੰਪਰਦਾਇਕਤਾ ਦਾ ਪ੍ਰਮੁਖ ਲੱਛਣ ਹੈ। ਇਸੇ ਲਈ ਮੱਧਕਾਲੀਨ-ਸੰਪਰਦਾਇਕਤਾ ਆਪਣੇ ਸੁਭਾ ਵਿਚ ਆਕ੍ਰਮਣਸ਼ੀਲ ਤੇ ਪ੍ਰਸਰਣਸ਼ੀਲ ਰਹੀ ਹੈ। ਪਰ ਆਧੁਨਿਕ ਸੰਪਰਦਾਇਕ-ਭਾਵਨਾ ਆਪਣੇ ਸੁਭਾ ਵਿਚ ਰਖਿਆਤਮਕ ਹੈ ਅਤੇ ਜਿਉਂ-ਦੀ-ਤਿਉਂ ਸਥਿਤੀ ਵਿਚ ਵਿਸ਼ਵਾਸ ਰੱਖਦੀ ਹੈ। ਇਹ ਆਪਣਾ ਦ੍ਰਿਸ਼ਟੀ-ਬਿੰਦੂ ਦੂਜੀ ਧਿਰ ਉੱਤੇ ਠੋਸਣ ਦੀ ਬਜਾਏ ਆਪਣੇ ਆਪ ਉੱਤੇ ਪੂਰੀ ਤਰ੍ਹਾਂ ਕੱਸ ਕੇ ਠੋਸ ਲੈਂਦੀ ਹੈ। ਹੈ। ਸੰਬਾਦ ਦੀ ਬਜਾਏ ਇਹ ਆਪਣੇ ਸਮੂਹ ਦੇ ਸਰੋਤਿਆਂ ਨਾਲ ਮੋਨੋਲਾਗ ਰਚਾਂਦੀ ਹੈ। 19ਵੀਂ ਸਦੀ ਦੇ ਸਾਂਸਕ੍ਰਿਤਿਕ ਵਾਯੂਮੰਡਲ ਵਿਚ ਅਜੇ ਤੱਕ ਮੱਧਕਾਲੀਨ ਸੰਪਰਦਾਇਕ ਭਾਵਨਾ ਦਾ ਕੁਝ ਕੁ ਅੰਸ਼ ਮੌਜੂਦ ਸੀ। ਵਿਸ਼ੇਸ਼ ਕਰ ਕੇ ਈਸਾਈ ਧਰਮ ਆਕ੍ਰਮਣਸ਼ੀਲ ਤੇ ਪ੍ਰਸਰਣਸ਼ੀਲ ਹੋ ਰਿਹਾ ਸੀ। ਹਿੰਦੂ, ਮੁਸਲਮਾਨ ਤੇ ਸਿੱਖ ਰਖਿਆਤਮਕ ਤੇ ਜਿਉਂ ਦੀ ਤਿਉਂ ਸਥਿਤੀ ਤੋਂ ਬਿਨਾਂ ਹੋਰ ਕੁਝ ਕਰ ਵੀ ਨਹੀਂ ਸਨ ਸਕਦੇ। ਅਜਿਹੇ ਸਮੇਂ ਗਤੀਸ਼ੀਲ-ਸੰਚਾਰ ਦਾ ਤਾਂ ਪ੍ਰਸ਼ਨ ਹੀ ਨਹੀਂ ਪੈਦਾ ਹੁੰਦਾ। ਉਦੋਂ ਸ਼ਾਸਤਾਰਥ-ਬਿਰਤੀ ਦਾ ਬੋਲ ਬਾਲਾ ਹੁੰਦਾ ਹੈ ਜੋਕਿ ਅਜਿਹੇ ਸੰਪਰਦਾਇਕ-ਵਾਤਾਵਰਨ ਦੀ ਪੈਦਾਇਸ਼ ਹੈ। ਇਹ ਬਿਰਤੀ ਆਪਣੀ ਦ੍ਰਿਸ਼ਟੀ ਨੂੰ ਅੰਤਮ ਤੇ ਉੱਚ ਮੰਨਦੀ ਹੈ ਅਤੇ ਦੂਜੇ ਧਿਰ ਦੀ ਨੀਚਤਾ ਤੇ ਛੁਟਿੱਤਣ ਦਾ ਅਹਿਸਾਸ ਇਸ ਦਾ ਸਹਿਜ ਅੰਗ ਹੁੰਦਾ ਹੈ।[50]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਸਤਾਰਥੀ ਬਿਰਤੀ ਦੁਆਰਾ ਗੁਰਬਾਣੀ ਦੀ ਜਿੰਨੀ ਵਿਆਖਿਆ ਕੀਤੀ ਗਈ ਹੈ, ਉਸ ਨੇ ਸਿੱਖ ਸਮਾਜ ਨੂੰ ਇਕ ਸੰਪ੍ਰਦਾਇਕ ਸਮੂਹ ਦੇ ਰੂਪ ਵਿਚ ਦ੍ਰਿੜ੍ਹ ਕਰਨ ਦੇ ਧਰਮ ਨੂੰ ਪਾਲਿਆ ਹੈ। ਇਹ ਰੁਚੀ ਸਮੁੱਚੇ ਸਾਂਸਕ੍ਰਿਤਿਕ ਵਾਯੂਮੰਡਲ ਦੇ ਅੰਤਰਗਤ ਜੀਵੰਤ ਸੰਚਾਰ ਨੂੰ ਗਤੀਸ਼ੀਲ ਕਰਨ ਦੀ ਬਜਾਏ ਇਸ ਦੀਆਂ ਸੰਭਾਵਨਾਵਾਂ ਨੂੰ ਸੰਗੋੜਦੀ ਹੈ । ਇਸ ਰੁਚੀ ਦਾ ਮੂਲ-ਵਿਧਾਨ ਰੱਬ-ਨਿਦਿਸ਼ਟ ਨਾ ਹੋ ਕੇ ਧਰਮ-ਨਿਦਿਸ਼ਟ ਹੁੰਦਾ ਹੈ । ਰੱਬ ਉਹ ਅੰਤਮ ਮੁੱਲ ਹੈ, ਜਿਸ ਤੋਂ ਬਾਅਦ ਹੋਰ ਕੋਈ ਮੁੱਲ ਨਹੀਂ ਰਹਿੰਦਾ । ਰੱਬ ਵੱਲ ਰੁਚਿਤ ਹੋਇਆਂ ਹੋਰ ਰੁਚੀਆਂ ਦਾ ਅੰਤ ਹੋ ਜਾਂਦਾ ਹੈ। ਪਰ ਧਰਮ-ਨਿਦਿਸ਼ਟ ਹੋਇਆਂ ਸੰਪ੍ਰਦਾਇਕਤਾ ਸਾਨੂੰ ਆਪਣੇ ਧਰਮ-ਸਮੂਹ ਵੱਲ ਰੁਚਿਤ ਕਰ ਦਿੰਦੀ ਹੈ । ਆਪਣੀ ਸੰਪ੍ਰਦਾਇ ਪ੍ਰਤੀ ਵਫ਼ਾ ਪਾਲਣ ਦਾ ਮੁੱਲ ਹਾਵੀ ਹੋ ਜਾਂਦਾ ਹੈ। 19ਵੀਂ ਸਦੀ ਦੇ ਪਿਛਲੇ ਅੱਧ ਵਿਚ ਵੀ ਸਾਡੇ ਸਾਂਸਕ੍ਰਿਤਿਕ ਵਾਯੂਮੰਡਲ ਦੀਆਂ ਸਾਰੀਆਂ ਸੰਪਰਦਾਵਾਂ-ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ-ਆਪੋ ਆਪਣੀ ਸੰਪਰਦਾਇ ਦੀ ਉੱਚਤਾ ਤੇ ਮਹਾਨਤਾ ਨੂੰ ਦੂਸਰੇ ਦੇ ਵਿਰੋਧ ਵਿੱਚ ਰੱਖ ਕੇ ਸਿੱਧ ਕਰਨ ਵੱਲ ਰੁਚਿਤ ਸਨ । ਜਦੋਂ ਵੀ ਇਸ ਤਰ੍ਹਾਂ ਦੀ ਬਿਰਤੀ ਕਿਸੇ ਸਥਿਤੀ ਵਿਚ ਪਰਵੇਸ਼ ਕਰ ਜਾਂਦੀ ਹੈ ਤਾਂ ਸਾਂਸਕ੍ਰਿਤਕ ਸੰਚਾਰ ਵਿਗਸਣ ਦੀ ਬਜਾਏ ਨਸ਼ਟ ਹੋਣਾ ਸ਼ੁਰੂ ਹੋ ਜਾਂਦਾ ਹੈ। ਵੱਖਰੇ ਵੱਖਰੇ ਸਾਂਸਕ੍ਰਿਤਿਕ-ਸਮੂਹਾਂ ਵਿਚਲੀ ਵਿੱਥ ਨੂੰ ਇਹ ਬਿਰਤੀ ਵਧਾ ਦਿੰਦੀ। ਸੰਬਾਦੀ ਬਿਰਤੀ ਸਾਂਸਕ੍ਰਿਤਕ ਸਮੂਹਾਂ ਦੀ ਵਿੱਥ ਨੂੰ ਭੰਗ ਕਰ ਕੇ, ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਸਾਧਨ ਬਣਦੀ ਹੈ। ਗੁਰੂ ਨਾਨਕ ਨੇ ਆਪਣੀ ਸੰਬਾਦੀ-ਬਿਰਤੀ ਦੁਆਰਾ ਸਾਂਸਕ੍ਰਿਤਕ-ਸਮੂਹਾਂ ਵਿਚਲੀ ਵਿੱਥ ਨੂੰ ਮੇਟਣ ਦਾ ਯਤਨ ਕੀਤਾ। ਪਰ ਸਿੰਘ ਸਭਾ ਲਹਿਰ ਸਮੇਂ ਦੇ ਸਾਂਸਕ੍ਰਿਤਿਕ-ਵਾਯੂਮੰਡਲ ਵਿਚ ਆਪਣੇ ਵਿਰੋਧੀਆਂ ਪ੍ਰਤੀ ਇਕ ਪ੍ਰਕਾਰ ਦੀ ਭਿੱਟ-ਭਾਵਨਾ ਪ੍ਰਚਲਤ ਸੀ ਅਤੇ ਇਉਂ ਸੰਬਾਦ ਦੀਆਂ ਸਾਰੀਆਂ ਸੰਭਾਵਨਾਵਾਂ ਮੁਕ ਚੁੱਕੀਆਂ ਸਨ।[51] ਨਤੀਜੇ ਵਜੋਂ ਹਰ ਸੰਪਰਦਾਇ ਆਪਣੇ ਆਪ ਨੂੰ ਹਰ ਤਰ੍ਹਾਂ ਮੁਕੰਮਲ ਤੇ ਸਿਰਮੌਰ ਸਮਝਦੀ ਹੈ ਅਤੇ ਆਪਣੀ ਅਜਿਹੀ ਮਹਾਨਤਾ ਨੂੰ ਸਿੱਧ ਕਰਨਾ ਅਤੇ ਦੂਜੇ ਨੂੰ ਨਖਿਧ ਸਾਬਤ ਕਰਨਾ, ਉਸ ਦੀ ਮਜਬੂਰੀ ਬਣ ਜਾਂਦਾ ਹੈ। ਅਜਿਹੇ ਵਾਤਾਵਰਨ ਵਿਚ ਵਸਤੂ-ਮੂਲਕ ਵਿਆਖਿਆ ਦੇ ਰਾਹ ਬੰਦ ਹੋ ਜਾਂਦੇ ਹਨ। ਕਿਸੇ ਰਚਨਾ ਦੀ ਵਿਆਖਿਆ ਉਸ ਦੇ ਪਾਠ-ਆਧਾਰੀ ਆਂਤਰਿਕ ਨੇਮ-ਪ੍ਰਬੰਧ ਨੂੰ ਸਮਝਣ ਸਮਝਾਣ ਲਈ ਨਹੀਂ ਕੀਤੀ ਜਾਂਦੀ। ਸਗੋਂ ਤਰਕ-ਨਿਆਇ ਦੀ ਵਰਤੋਂ ਆਪਣੀ ਵਿਚਾਰਧਾਰਾਈ ਸੰਪਰਦਾਇਕ ਭਾਵਨਾ ਦੀ ਮਿੱਥ ਦੇ ਅਧੀਨ ਰਹਿ ਕੇ ਹੀ ਕੀਤੀ ਜਾਂਦੀ ਹੈ। ਅਜਿਹੇ ਵਾਤਾਵਰਨ ਵਿਚ ਗੁਰਬਾਣੀ ਤੇ ਸਿੱਖ ਧਰਮ ਦੀ ਜਿੰਨੀ ਵੀ ਵਿਆਖਿਆ ਸਿੰਘ ਸਭਾਈ ਪ੍ਰਭਾਵਾਂ ਦੇ ਅਧੀਨ ਹੁੰਦੀ ਹੈ, ਉਸ ਦਾ ਪ੍ਰਯੋਜਨ ਸਿੱਖ ਸੰਪਰਦਾਇ ਦੀਆਂ ਸਮਕਾਲੀਨ ਲੋੜਾਂ ਨੂੰ ਪੂਰਾ ਕਰਨ ਨਾਲ ਜੁੜਿਆ ਹੋਇਆ ਹੈ ਨਾ ਕਿ ਗੁਰਬਾਣੀ ਦੇ ਅੰਤਰਗਤ ਵਿਆਪਕ ਵਿਚਾਰਾਧਾਈ ਵਿਲੱਖਣਤਾ ਦੇ ਸਰੂਪ ਨੂੰ ਤਰਕ-ਸੰਗਤ ਅਧਿਐਨ ਦੇ ਆਧਾਰ ਉੱਪਰ ਉਘਾੜਨ ਨਾਲ। ਪਰ ਸਾਡਾ ਗੁਰਬਾਣੀ-ਅਧਿਐਨ ਇਸ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਰੋਧ ਵਿਚ ਬਾਣੀ-ਪ੍ਰਵਚਨ ਦੀ ਆਪਣੀ ਵਿਚਾਰਧਾਰਈ ਰੰਗਤ ਨੂੰ ਉਭਾਰ ਕੇ ਪੇਸ਼ ਕਰਨ ਵੱਲ ਰੁਚਿਤ ਹੈ।

ਭਾਈ ਵੀਰ ਸਿੰਘ ਨੂੰ ਸਿੰਘ ਸਭਾ ਲਹਿਰ ਦੀ ਵਿਸ਼ੇਸ਼ ਉਪਜ ਕਿਹਾ ਜਾ ਸਕਦਾ ਹੈ। ਪਰ ਭਾਈ ਵੀਰ ਸਿੰਘ ਦੀ ਬਾਣੀ-ਵਿਆਖਿਆ ਤੇ ਸਿੱਖ ਧਰਮ ਦੀ ਵਿਆਖਿਆ ਵਿਚ ਸਿੰਘ ਸਭਾਈ ਪਰਵਿਰਤੀ ਦੇ ਨਾਲ ਨਾਲ ਗੁਰਬਾਣੀ ਦੇ ਅੰਤਰਗਤ ਆਪਣੇ ਵਿਆਪਕ ਵਿਚਾਰਧਾਰਾਈ ਸੱਚ ਦੇ ਸਰੂਪ ਨੂੰ ਤਰਕ-ਯੁਕਤ ਅਧਿਐਨ ਰਾਹੀਂ ਸਮਝਣ ਦੀ ਪਰ-ਵਿਰਤੀ ਵੀ ਕੰਮ ਕਰਦੀ ਸਪਸ਼ਟ ਵੇਖੀ ਜਾ ਸਕਦੀ ਹੈ। 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚਲੀ ਬਾਣੀ-ਵਿਆਖਿਆ ਦੀ ਪਰਵਿਰਤੀ ਸਿੰਘ ਸਭਾਈ ਸੰਪਰਦਾਇਕ-ਭਾਵਨਾ ਤੋਂ ਨਿਰਲਿਪਤ ਹੈ। ਪਰ ਭਾਈ ਵੀਰ ਸਿੰਘ ਵੀ ਅਜਿਹਾ ਤਦ ਹੀ ਕਰ ਸਕੇ ਹਨ ਕਿਉਂਕਿ ਉਨ੍ਹਾਂ 'ਸੰਥਿਆ ਸ੍ਰੀ ਗੁਰੂ ਗ੍ਰੰਥ' ਵਿਚ ਪਾਠ-ਨਿਦਿਸ਼ਟ ਹੋ ਕੇ ਬਾਣੀ-ਪ੍ਰਵਚਨ ਵਿਚਲੀ ਆਂਤਰਿਕ ਵਿਚਾਰਧਾਰਾਈ ਵਿਲੱਖਣਤਾ ਨੂੰ ਸਮਝਣ ਦਾ ਯਤਨ ਕੀਤਾ ਤੇ ਕਿਸੇ ਨਿੱਜੀ ਪੱਖ ਦੀ ਖਿਚੋਤਾਣ ਨੂੰ ਸੁਚੇਤ ਤੌਰ ਉੱਤੇ ਤਿਆਗਿਆ ਹੈ। ਗੁਰਬਾਣੀ-ਅਧਿਐਨ ਨੂੰ ਉਨ੍ਹਾਂ ਦੀ ਇਹ ਦੇਣ ਅਤਿਅੰਤ ਮੁੱਲਵਾਨ ਹੈ।

ਪ੍ਰਿੰਸੀਪਲ ਜੋਧ ਸਿੰਘ

ਇਸ ਤੋਂ ਉਪਰੰਤ ਪ੍ਰਿੰ. ਜੋਧ ਸਿੰਘ ਦੀ 'ਗੁਰਮਤਿ ਨਿਰਣਯ' ਵਿਚਲੀ ਬਾਣੀ-ਵਿਆਖਿਆ ਸਾਡੇ ਧਿਆਨ ਦਾ ਕੇਂਦਰ ਬਣਦੀ ਹੈ। ਇਸ ਪੁਸਤਕ ਦਾ ਵਿਸ਼ੇਸ਼ ਉਤਸ਼ਾਹ ਬਾਣੀ ਦੀ ਵਿਆਖਿਆ ਵਿਗਿਆਨਕ-ਪ੍ਰਸੰਗ ਵਿਚ ਰੱਖ ਕੇ ਕਰਨ ਵੱਲ ਹੈ। ਵਿਆਖਿਆ ਦਾ ਰੁਖ ਬਾਣੀ ਨੂੰ ਭਾਰਤੀ-ਸੰਦਰਭਾਂ ਤੋਂ ਨਖੇੜਨ ਅਤੇ ਵਿਗਿਆਨ-ਪ੍ਰਸੰਗ ਵਿਚ ਸਾਰਥਕ ਸਿੱਧ ਕਰਨ ਵੱਲ ਹੈ। ਦੋਹਾਂ ਪੱਖੋਂ ਵਿਆਖਿਅਕਾਰ ਆਤਮ-ਰਖਿਆ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਵਿਆਖਿਆ ਕਰਦਾ ਹੈ। 'ਗੁਰਮਤਿ ਨਿਰਣਯ' ਦੇ ਪਹਿਲੇ ਹੀ ਕਾਂਡ ਵਿਚ ਅਕਾਲ ਪੁਰਖ ਦੀ ਹਸਤੀ ਤੇ ਗੁਣਾਂ ਨੂੰ ਭਾਰਤੀ ਪਰੰਪਰਾ ਨਾਲੋਂ ਨਿਖੇੜ ਕੇ ਨਿਸ਼ਚਿਤ ਕਰ ਲੈਣ ਤੋਂ ਬਾਅਦ ਉਸ ਦੀ ਸਮੱਸਿਆ ਇਨ੍ਹਾਂ ਗੁਣਾਂ ਦੀ ਸਾਰਥਕਤਾ ਨੂੰ ਵਿਗਿਆਨਕ ਪ੍ਰਸੰਗ ਵਿਚ ਸਿੱਧ ਕਰਨ ਦੀ ਬਣ ਜਾਂਦੀ ਹੈ :

"ਇਹ ਗੁਣ ਉਸ ਹਸਤੀ ਦੇ ਗੁਰਬਾਣੀ ਵਿਚ ਦੱਸੇ ਗਏ ਹਨ, ਜਿਸ ਹਸਤੀ ਤੋਂ ਇਸ ਸੰਸਾਰ ਦੀ ਉਤਪਤੀ ਹੈ ਤੇ ਮਨੁੱਖੀ ਜੀਵਨ ਦਾ ਅਰਥ ਸਤਿਗੁਰੂ ਇਹ ਦਸਦੇ ਹਨ ਕਿ ਮਨੁੱਖ ਉਸ ਨੂੰ ਸਾਖਿਆਤ ਕਰੇ। ਕਿਉਂ ਜੋ ਪੱਛਮੀ ਵਿਦਿਆ ਦੇ ਅਸਰ ਹੇਠ ਆਏ ਕਈ ਸੱਜਣ ਸਾਇੰਸ ਦੀ ਖੋਜ ਨੂੰ ਪਰਮਾਣ ਮੰਨਦੇ ਹਨ। ਸਾਡੇ ਪਾਠਕਾਂ ਲਈ ਉਸ ਖੋਜ ਤੋਂ ਜਾਣੂ ਹੋਣਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ।"[62]

ਫਿਰ ਵਿਆਖਿਆਕਾਰ ਐਡਿੰਗਟਨ, ਏ. ਐਸੀ ਦੀ ਪੁਸਤਕ **The Nature of Physicai World** ਦੇ ਆਧਾਰ ਉਤੇ ਵਿਗਿਆਨਕ ਖੋਜ ਦੇ ਪਰਮਾਣ ਦੇ ਕੇ ਹੇਠ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖੇ ਸਿੱਟੇ ਉਤੇ ਪੁੱਜਦਾ ਹੈ :

"ਮੁੱਕਦੀ ਗੱਲ ਸਾਰੇ ਸਾਇੰਸਵੇਤਾ ਸੰਸਾਰ ਦੀ ਹਸਤੀ ਇਕ ਸੱਤਾ ਤੋਂ ਤਾਂ ਹੁਣ ਮੰਨਦੇ ਹੀ ਹਨ। ਪਰ ਇਨ੍ਹਾਂ ਹਵਾਲਿਆਂ ਤੋਂ ਸਪਸ਼ਟ ਹੈ ਕਿ ਬਾਜ਼ੇ ਹੁਣ ਇਸ ਖਿਆਲ ਵੱਲ ਝੁਕ ਰਹੇ ਹਨ ਕਿ ਸੰਸਾਰ ਦੀ ਖੇਡ ਦਾ ਅਰੰਭ ਜਿਸ ਇਕ ਹਸਤੀ ਤੋਂ ਹੈ ਉਹ ਚੇਤਨ ਹੈ।"[63]

ਸਾਰੇ ਚੈਪਟਰ ਵਿਚ ਵਿਆਖਿਆਕਾਰ ਦਾ ਜਤਨ ਇਹ ਸਿੱਧ ਕਰਨ ਵੱਲ ਹੈ ਕਿ ਵਿਗਿਆਨਕ ਖੋਜਾਂ ਦਾ ਰੁਖਸਤਿਗੁਰ ਦੇ ਦੱਸੇ ਅਸੂਲਾਂ ਵੱਲ ਹੀ ਝੁਕਾਉ ਰੱਖਦਾ ਹੈ। 'ਸ਼ਖਸੀ ਜੀਵਨ ਦਾ ਮਨੋਰਥ" ਵਾਲੇ ਚੈਪਟਰ ਵਿਚ ਪ੍ਰਸ਼ਨ ਉਠਾਇਆ ਗਿਆ ਹੈ : ਮਨੁੱਖ ਦੀ ਹਸਤੀ ਕੀ ਹੈ ? ਇਸ ਪ੍ਰਸ਼ਨ ਨੂੰ ਚਾਰਵਾਕੀਏ, ਸਾਂਖ ਤੇ ਵੇਦਾਂਤ ਦੇ ਭਾਰਤੀ ਸੰਦਰਭਾਂ ਵਿਚ ਵਿਚਾਰਨ ਤੋਂ ਬਾਅਦ ਵਿਆਖਿਆਕਾਰ ਸਾਇੰਸ ਦੇ ਪ੍ਰਸੰਗ ਵੱਲ ਪਰਤਦਾ ਹੈ :

"ਜੇ ਅੱਜ ਕਲ੍ਹ ਦੀ ਸਾਇੰਸ ਦੀ ਬੋਲੀ ਵਰਤੀਏ ਤਾਂ ਮਨੁੱਖੀ ਆਤਮਾ ਵਿਕਾਸ ਦਵਾਰਾ ਪਰਮਾਤਮਾ ਰੂਪ ਹੋ ਸਕਦੀ ਹੈ।"[64]

ਇਥੇ ਬਾਣੀ ਵਿਚਲੇ ਸਿਧਾਂਤ ਦੀ ਸਾਰਥਕਤਾ ਨੂੰ ਵਿਗਿਆਨਕ-ਪ੍ਰਸੰਗ ਵਿਚ ਸਿੱਧ ਕਰਨ ਦੀ ਰੁਚੀ ਅਤਿਅੰਤ ਸਪਸ਼ਟ ਹੈ। ਇਵੇਂ ਹੀ ਵਿਆਖਿਆਕਾਰ ਫਿਰ ਗੁਰਮਤਿ ਅਨੁਸਾਰ ਮਨੁੱਖੀ ਹਸਤੀ ਨੂੰ ਬਾਣੀ ਵਿਚੋਂ ਉਦਾਹਰਣਾਂ ਦੇ ਕੇ ਸਪਸ਼ਟ ਕਰਨ (ਪੰਨੇ 52-56) ਤੋਂ ਪਿਛੋਂ ਮੁੜ ਇਸ ਸਾਰੇ ਕੁਝ ਦੀ ਸਾਰਥਕਤਾ ਨੂੰ ਵਿਗਿਆਨਕ-ਪ੍ਰਸੰਗ ਵਿਚ ਸਿੱਧ ਕਰਨ ਵੱਲ ਰੁਚਿਤ ਹੋ ਜਾਂਦਾ ਹੈ :

"ਅੱਜ ਕੱਲ੍ਹ ਦੀ ਸਾਇੰਸ ਦੀ ਬੋਲੀ ਵਿਚ ਇਨ੍ਹਾਂ ਖਿਆਲਾਂ ਨੂੰ ਵਰਣਨ ਕਰੀਏ ਤਾਂ ਐਉਂ ਸਮਝੋ ਕਿ ਨਿਰੰਕਾਰ ਨੇ ਹੁਕਮ ਅਨੁਸਾਰ ਸ਼ਖਸੀਅਤ ਦਾ ਇਕ ਕੇਂਦਰ ਰਚ ਦਿੱਤਾ। ਉਹ ਜੀਵ ਜਿਨ੍ਹਾਂ ਹਾਲਤਾਂ ਵਿਚ ਆਪਣੇ ਆਪ ਨੂੰ ਪਾਉਂਦਾ ਹੈ ਕਿਰਿਆ (activity) ਅਰੰਭ ਦੇਂਦਾ ਹੈ। ਉਹ ਕਿਰਿਆ ਉਸ ਦਾ ਤਜਰਬਾ ਬਣਾਂਦੀ ਹੈ ਜਿਸ ਤੋਂ ਸੁਭਾਉ ਬਣਦਾ ਜਾਂਦਾ ਹੈ। ਤੇ ਫਿਰ ਅੱਗੋਂ ਜੋ ਵੀ ਕਰਮ ਉਹ ਕਰਦਾ ਹੈ ਪਿਛਲੇ ਕਰਮਾਂ ਅਨੁਸਾਰ ਸੰਚਿਤ ਸੁਭਾਉ ਦੇ ਆਸਰੇ ਕਰਦਾ ਹੈ। ਸ਼ਖਸੀਅਤ ਦਾ ਖਿਆਲ ਜਿਉਂ ਜਿਉਂ ਪੱਕਾ ਹੁੰਦਾ ਹੈ ਹੋਰਨਾਂ ਜੀਵਾਂ ਨਾਲ ਭੇਦ ਵਧਦਾ ਹੈ। ਇਸ ਨੂੰ ਗੁਰਮਤਿ ਵਿਚ ਦ੍ਵੈਤ ਭਾਵ ਕਹਿਆ ਹੈ। ਫਿਰ ਉਹ ਰਾੜ ਅਰੰਭ ਹੋ ਜਾਂਦੀ ਹੈ ਜਿਸ ਨੂੰ ਅੱਜ ਕੱਲ੍ਹ ਦੀ ਬੋਲੀ ਵਿਚ (struggle for existence) ਅਰਥਾਤ 'ਥਿਰਤਾ ਲਈ ਪ੍ਰਯਤਨ' ਆਖਦੇ ਹਾਂ।"[65]

ਇਸੇ ਤਰ੍ਹਾਂ 'ਆਵਾਗਵਨ' ਦੇ ਸਿਧਾਂਤ ਨੂੰ ਵਿਗਿਆਨ ਦੇ ਐਵੋਲੀਊਸ਼ਨ (ਵਿਕਾਸ) ਸਿਧਾਂਤ ਦੇ ਪ੍ਰਸੰਗ ਵਿਚ ਰੱਖ ਕੇ ਵਿਆਖਿਆਨ ਦਾ ਯਤਨ ਕੀਤਾ ਗਿਆ ਹੈ :

'ਵਰਤਮਾਨ ਸਮੇਂ ਦੇ ਸਾਇੰਸਵੇਤਾ ਇਹ ਮੰਨਦੇ ਹਨ ਕਿ ਮਨੁੱਖੀ ਸਰੀਰ ਦੀ ਹੋਂਦ ਵਿਚ ਆਵਣ ਤੋਂ ਪਹਿਲੋਂ ਜਿੰਦ ਕਈ ਸਰੀਰਾਂ ਵਿਚੋਂ ਲੰਘੀ। ਉਨ੍ਹਾਂ ਦੇ ਖਿਆਲ ਮੂਜਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਜੀਵ ਮਾਦੇ ਵਿਚੋਂ ਜੀਵ ਪਹਿਲਾਂ ਬਨਸਪਤੀ ਦੇ ਰੂਪ ਵਿਚ ਪੈਦਾ ਹੋਇਆ । ਫਿਰ ਹੌਲੀ ਹੌਲੀ ਤਰੱਕੀ ਕਰਦਾ ਕਰਦਾ ਤੁਰਦੇ ਜਨੌਰਾਂ ਦੇ ਰੂਪ ਵਿਚ ਆਇਆ । ਫਿਰ ਬਾਂਦਰ ਆਦਿਕਾਂ ਦੇ ਸਰੀਰ ਤੋਂ ਤਰੱਕੀ ਹੋ ਕੇ ਮਨੁੱਖ ਦਾ ਸਰੀਰ ਬਣਿਆ । ਇਸ ਸਾਰੇ ਸਿਧਾਂਤ ਵਿਚ ਇਹ ਨਹੀਂ ਮੰਨਿਆ ਜਾਂਦਾ ਕਿ ਕੋਈ ਖ਼ਾਸ ਆਤਮਾ ਇਨ੍ਹਾਂ ਸਾਰੇ ਰੂਪਾਂ ਵਿਚੋਂ ਲੰਘੀ ਹੈ। ਆਮ ਸਾਇੰਸਵੇਤਾ ਈਹੋ ਹੀ ਮੰਨਦੇ ਹਨ ਕਿ ਇਹ ਐਵੋਲੀਊਸ਼ਨ (ਵਿਕਾਸ) ਸਰੀਰਕ ਹੈ। ਇਹ ਵੀ ਉਹ ਦੱਸਦੇ ਹਨ ਕਿ ਜਿਉਂ ਜਿਉਂ ਸਰੀਰਕ ਐਵੋਲੀਊਸ਼ਨ ਹੋਂਦੀ ਹੈ, ਸੂਝ ਵਿਚ ਵੀ ਤਰੱਕੀ ਹੋਂਦੀ ਜਾਂਦੀ ਹੈ ਤੇ ਅੰਤ ਮਨੁੱਖੀ ਦੇਹ ਵਿਚ ਵਿਚਾਰ ਤੇ ਨਿਰਣਾ ਸ਼ਕਤੀ ਵੀ ਆ ਜਾਂਦੀ ਹੈ। ਪਰ ਇਸ ਸਾਰੇ ਸਿਧਾਂਤ ਵਿਚ ਦੋ ਥਾਂ ਬੜੇ ਵੱਡੇ ਵੱਡੇ ਖੱਪੇ ਹਨ ਜਿਹੜੇ ਅਜੇ ਸਾਇੰਸ ਵੇਤਾ ਭਰ ਨਹੀਂ ਸਕੇ।"[56]

ਇਥੇ ਵਿਆਖਿਆਕਾਰ ਦੀ ਵਿਗਿਆਨ ਉੱਪਰ ਬਾਣੀ ਦੀ ਉਤਮਤਾ ਨੂੰ ਸਿੱਧ ਕਰਨ ਦੀ ਭਾਵਨਾ ਅਤਿਅੰਤ ਸਪਸ਼ਟ ਹੈ। ਜੋ ਕੁਝ ਵਿਗਿਆਨ ਵਿਚ ਦੱਸਿਆ ਹੈ, ਉਹ ਬਾਣੀ ਵਿਚ ਵੀ ਹੈ ਪਰ ਬਾਣੀ ਵਿਗਿਆਨਕ ਚਿੰਤਨ ਦੇ ਵੱਡੇ ਵੱਡੇ ਖੱਪਿਆਂ ਨੂੰ ਵੀ ਪੂਰਦੀ ਹੈ। ਇਸੇ ਲਈ ਇਹ ਵਧੇਰੇ ਮਹਾਨ ਹੈ।

ਭਾਈ ਜੋਧ ਸਿੰਘ ਦੀ ਆਲੋਚਨਾਤਮਕ ਦ੍ਰਿਸ਼ਟੀ 'ਮਿੱਥ' ਅਤੇ 'ਵਿਗਿਆਨ' ਦੇ 'ਤਨਾਉ' ਵਿਚੋਂ ਹੋਂਦ ਪ੍ਰਾਪਤ ਕਰਦੀ ਹੈ। ਇਸ ਵਿਦਵਾਨ ਨੇ ਬਾਣੀ ਅਤੇ ਵਿਗਿਆਨ ਦੋਹਾਂ ਨੂੰ ਸਵੀਕ੍ਰਿਤੀ ਦਿੱਤੀ ਹੈ। ਇਸ ਦੇ ਬਾਅਦ ਨਿਰਣਾ ਇਹ ਕੀਤਾ ਗਿਆ ਹੈ ਕਿ ਦੋਹਾਂ ਵਿਚੋਂ ਉੱਤਮ ਕੌਣ ਹੈ ? ਭਾਈ ਜੋਧ ਸਿੰਘ ਵਿਗਿਆਨ ਪ੍ਰਤੀ ਸੁਚੇਤ ਹੈ ਅਤੇ ਉਸ ਨੂੰ ਦਰੁਸਤ ਵੀ ਮੰਨਦਾ ਹੈ। ਉਸ ਨੇ ਬਾਣੀ-ਪਰਖ ਦੀ ਕਸਵੱਟੀ ਵਿਗਿਆਨ ਨੂੰ ਬਣਾ ਕੇ, ਵਿਗਿਆਨ ਨੂੰ ਆਦਰ ਭਰਿਆ ਸਥਾਨ ਦਿੱਤਾ ਹੈ। ਪਰ ਉਸ ਦੀ ਬੁਨਿਆਦੀ ਸਮੱਸਿਆ ਬਾਣੀ ਨੂੰ ਵਿਗਿਆਨਕ ਪ੍ਰਸੰਗ ਵਿਚ ਸਚਿਆਉਣ ਦੀ ਹੀ ਹੈ। ਇਸ ਲਈ ਨਿਰਣਾ ਦੇਣ ਸਮੇਂ ਉਸ ਦਾ ਚਿੰਤਨ ਬਾਣੀ ਦੇ ਹੱਕ ਵਿਚ ਉਲਾਰ ਹੋ ਜਾਂਦਾ ਹੈ। ਉਹ ਅਰੰਭ ਤੋਂ ਹੀ ਬਾਣੀ ਦੀ ਉੱਤਮਤਾ ਨੂੰ ਮੰਨ ਕੇ ਤੁਰਦਾ ਹੈ ਅਤੇ ਇਸੇ ਮਨੌਤ ਨੂੰ ਅੰਤ ਵਿਚ ਪ੍ਰਪੱਕ ਕਰਕੇ ਹੀ ਸਮਾਪਤ ਕਰਦਾ ਹੈ। ਇਸ ਤਰ੍ਹਾਂ ਉਹ ਪੂਰਬ-ਨਿਸ਼ਚਿਤ ਮਨੌਤ ਦੀ ਸਿੱਧੀ ਲਈ ਵਿਗਿਆਨਕ-ਪ੍ਰਸੰਗ ਨੂੰ ਵਰਤਦਾ ਹੈ। ਅੰਤ ਵਿਚ ਦੋਹਾਂ ਖਤਰਾ ਦੀ ਵਿਸ਼ੇਸ਼ਤਾ ਨੂੰ ਉਭਾਰਨ ਦੀ ਬਜਾਏ ਵਿਆਖਿਆਕਾਰ ਦੋਹਾਂ ਦੀ ਏਕਤਾ ਉੱਤੇ ਬੱਲ ਦੇ ਜਾਂਦਾ ਹੈ। ਆਲੋਚਨਾ ਦੀ ਇਹ ਵਿਧੀ ਮਿਥਿਹਾਸਕ ਹੈ ਜੋ ਸਭ ਕੁਝ ਨੂੰ ਇਕ ਮੰਨ ਕੇ ਚਲਦੀ ਹੈ। ਭਾਈ ਜੋਧ ਸਿੰਘ ਬਾਣੀ ਦੀ ਉੱਤਮਤਾ ਨੂੰ ਸਿੱਧ ਕਰਨ ਦੇ ਪ੍ਰਯੋਜਨ ਨਾਲ ਹੀ ਵਿਗਿਆਨ ਵੱਲ ਰੁਚਿਤ ਹੁੰਦਾ ਹੈ ਅਤੇ ਆਪਣੇ ਯਤਨ ਵਿਚ ਬਾਣੀ ਦੇ ਸੱਚ ਦਾ ਸਮਰਥਨ, ਵਿਗਿਆਨ ਤੋਂ ਪ੍ਰਾਪਤ ਕਰਦਾ ਹੈ। ਅਧਿਐਨ ਦੀ ਅਜਿਹੀ ਮਿਥਿਕ ਵਿਧੀ ਦੇ ਵਿਰੋਧ ਵਿਚ ਕਿਸੇ ਪਾਠ-ਪ੍ਰਬੰਧ ਦੀ ਆਪਣੀ ਵਿਚਾਰਧਾਰਾ ਨੂੰ ਨਿਸ਼ਚਿਤ ਕਰਨ ਦੀ ਵਿਧੀ ਹੈ। ਪਰ ਪ੍ਰਿੰ. ਜੋਧ ਸਿੰਘ ਦੀ ਆਲੋਚਨਾ ਇਸ ਵਿਧੀ ਬਾਰੇ ਸੁਚੇਤ ਨਹੀਂ । ਉਹ ਸੰਪਰਦਾਈ ਸਿੰਘ ਸਭਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਵਨਾ ਤੋਂ ਪ੍ਰੇਰਿਤ ਜਾਪਦਾ ਹੈ। ਨਹੀਂ ਤਾਂ ਵਿਗਿਆਨ ਵਿਸ਼ਸ਼ੀਕਰਨ ਦੀ ਵਿਦਿਆ ਹੈ ਜੋ ਵਸਤਾਂ ਨੂੰ ਇਕ ਸਿੱਧ ਕਰਨ ਦੀ ਬਜਾਏ ਵਸਤਾਂ, ਵਿਧੀਆਂ, ਪ੍ਰਯੋਜਨਾ ਵਿਚ ਨਿਖੇੜੇ ਕਰਦੀ ਹੈ।[57] ਪ੍ਰਿੰ. ਜੋਧ ਸਿੰਘ ਇਸ ਪੱਖੋਂ ਸੁਚੇਤ ਨਹੀਂ ਜਾਪਦੇ। ਨਹੀਂ ਤਾਂ ਉਹ ਵੀ ਬਾਣੀ-ਪ੍ਰਵਚਨ ਦੇ ਆਪਣੇ ਵਿਲੱਖਣ ਵਿਚਾਰਧਾਰਾਈ ਆਧਾਰਾਂ ਨੂੰ ਪਾਠ ਵਿਚੋਂ ਲੱਭਦੇ ਨ ਕਿ ਬਾਣੀ ਦੀ ਵਿਗਿਆਨ ਉੱਤੇ ਉਤਮਤਾ ਸਥਾਪਿਤ ਕਰਦੇ।

ਜੇ ਸੰਪਰਦਾਇਕ ਭਾਵਨਾ ਨੂੰ ਤਿਆਗ ਕੇ ਕੇਵਲ ਵਸਤੂ-ਮੂਲਕ ਦ੍ਰਿਸ਼ਟੀ ਦੇ ਆਧਾਰ ਉੱਤੇ ਇਸ ਪੱਖ ਉੱਪਰ ਵਿਚਾਰ ਕੀਤੀ ਜਾਵੇ ਤਾਂ ਅਸੀਂ ਕਹਾਂਗੇ ਕਿ ਬਾਣੀ ਤੇ ਵਿਗਿਆਨ ਦੋ ਵੱਖਰੀਆਂ ਹੋਂਦ-ਵਿਧੀਆਂ ਹਨ। ਇਨ੍ਹਾਂ ਦੇ ਖੇਤਰ ਅਤੇ ਪ੍ਰਯੋਜਨ ਭਿੰਨ ਹਨ, ਇਨ੍ਹਾਂ ਦੀਆਂ ਵਿਚਾਰਧਾਰਾਵਾਂ ਤੇ ਸਥਾਪਨਾਵਾਂ ਵੀ ਇਕ ਦੂਜੇ ਤੋਂ ਵੱਖਰੀਆਂ ਹਨ। ਵਿਗਿਆਨ ਦੀ ਸਮਗ੍ਰੀ ਭੌਤਿਕ ਵਸਤੂਆਂ ਦੇ ਰੂਪ ਵਿਚ ਸਮੂਰਤ ਤੌਰ ਤੇ ਇੰਦ੍ਰੀਆਂ ਨੂੰ ਪ੍ਰਦੱਤ ਹੈ; ਪਰ ਬਾਣੀ ਦੀ ਸਮਗ੍ਰੀ-ਬ੍ਰਹਮ-ਪਰਾ-ਭੌਤਕ ਹੋਂਦ ਹੈ ਜੋ ਇੰਦ੍ਰੀਅਤੀਤ ਹੈ ਅਤੇ ਵਿਗਿਆਨਕ ਸਮਗ੍ਰੀ ਵਾਂਗ ਵਾਸਤਵਿਕ ਪੱਧਰ ਉੱਤੇ ਪ੍ਰਦੱਤ ਨਹੀਂ। ਵਿਗਿਆਨ ਤੇ ਬਾਣੀ ਦੋਹਾਂ ਦੀ ਸਿਰਜਨਾਤਮਾ ਪ੍ਰਤਿਭਾ ਆਪਣੀ ਸਮਗ੍ਰੀ ਦਾ ਰੂਪਾਂਤਰਣ ਕਰਦੀ ਹੈ। ਵਿਗਿਆਨਕ ਰੂਪਾਂਤਰਣ ਆਪਣੀ ਸਮੂਰਤ ਸਮਗ੍ਰੀ ਨਾਲ ਸੰਬੰਧਿਤ ਕਿਸੇ ਅਮੂਰਤ ਨੇਮ ਨੂੰ ਵੱਖ ਕਰ ਲੈਂਦਾ ਹੈ;[58] ਪਰੰਤੂ ਬਾਣੀ ਦਾ ਰੂਪਾਂਤਰਣ ਅਮੂਰਤ ਬ੍ਰਹਮ ਨੂੰ ਸੰਸਾਰਕ ਮਨੁੱਖੀ ਰਿਸ਼ਤਿਆਂ ਦੇ ਬਿੰਬ ਵਿਚ ਸਮੂਰਤਣ ਕਰ ਦਿੰਦਾ ਹੈ। ਇਕ ਦੀ ਯਾਤਰਾ ਸਮੂਰਤ ਤੋਂ ਅਮੂਰਤ ਵੱਲ ਹੈ ਤੇ ਦੂਜੇ ਦੀ ਅਮੂਰਤ ਤੋਂ ਸਮੂਰਤ ਵੱਲ ਦੀ। ਇਹ ਹੀ ਨਹੀਂ ਵਿਗਿਆਨ ਦੇ ਅਮੂਰਤ ਨੇਮਾਂ ਤੇ ਬਾਣੀ ਦੇ ਅਮੂਰਤ ਸੰਕਲਪਾਂ ਦੀ ਪ੍ਰਕਿਰਤੀ ਵੀ ਇਕ ਦੂਜੇ ਤੋਂ ਭਿੰਨ ਹੈ। ਬ੍ਰਹਮ, ਸੁੰਨ, ਸਹਜ, ੧ ਓ ਆਦਿ ਬਾਣੀ ਦੇ ਅਮੂਰਤ ਸੰਕਲਪ ਵਿਗਿਆਨ ਦੇ ਅਮੂਰਤ ਨੇਮਾਂ ਅਨੁਸਾਰ ਕਿਸੇ ਸਮੂਰਤ ਵਸਤ ਵਿਚੋਂ ਵੱਖ ਕੀਤੇ ਅਮੂਰਤ ਸੰਕਲਪ ਨਹੀਂ। ਇਹ ਤਾਂ ਆਪਣੇ ਆਪ ਵਿਚ ਸੁਤੰਤਰ ਸ਼ੁੱਧ ਅਮੂਰਤ ਸੰਕਲਪ ਹਨ, ਜਿਨ੍ਹਾਂ ਦੀ ਵਾਸਤਵਿਕ ਹੋਂਦ ਹੈ ਹੀ ਨਹੀਂ। ਵਾਸਤਵਿਕਤਾ ਦੀ ਅਣਹੋਂਦ ਇਨ੍ਹਾਂ ਚਿਹਨਾਂ ਨੂੰ ਬਿਲਕੁਲ ਅੱਡਰਾ ਚਰਿਤ੍ਰ ਪ੍ਰਦਾਨ ਕਰ ਦਿੰਦੀ ਹੈ। ਸਾਧਾਰਨ ਭਾਸ਼ਾਈ ਚਿਹਨ ਕਿਸੇ ਨਾ ਕਿਸੇ ਅਣਭਾਸ਼ਕ ਸੰਸਾਰਕ ਵਸਤੂ ਵੱਲ ਸੰਕੇਤ ਕਰਦਾ ਹੈ ਹਰ ਚਿਹਨਕ ਦਾ ਆਪਣਾ ਇਕ ਚਿਹਨਿਤ ਵਸਤੂ ਹੁੰਦਾ ਹੈ।[59] ਪਰ ਬਾਣੀ ਦੇ ਬ੍ਰਹਮ. ਸੁੰਨ, ਸਹਜ, ੧ ਓ ਆਦਿ ਚਿਹਨ ਅਜਿਹੇ ਹਨ ਜਿਨ੍ਹਾਂ ਦਾ ਵਸਤੂਗਤ ਚਿਹਨਿਤ ਕੋਈ ਨਹੀਂ। ਇਹਨਾਂ ਚਿਹਨਾਂ ਵਿਚ ਚਿਹਨਕ ਤੇ ਚਿਹਨਿਤ ਦੋਵੇਂ ਇਕਮਿਕ ਹੋ ਗਏ ਹਨ। ਅਜਿਹੇ ਬਾਣੀ ਦੇ ਚਿਹਨਾਂ ਦੀ ਪ੍ਰਕਿਰਤੀ, ਸਾਧਾਰਨ ਭਾਸ਼ਾਈ ਚਿਹਨਾਂ ਨਾਲੋਂ ਭਿੰਨ ਹੋ ਜਾਂਦੀ ਹੈ। ਇਸੇ ਕਾਰਨ ਇਨ੍ਹਾਂ ਨੂੰ ਪਰਮ ਚਿਹਨ ਕਹਿਣਾ ਹੀ ਯੋਗ ਹੈ। ਵਿਗਿਆਨਕ ਵਿਧੀ ਦਾ ਆਧਾਰ ਪ੍ਰਯੋਗ-ਸਿੱਧੀ ਉੱਪਰ ਹੈ, ਪਰੰਤੂ ਬਾਣੀ ਦੀ ਰਹੱਸ-ਅਨੁਭਵੀ ਵਿੱਧੀ ਦਾ ਆਧਾਰ ਅੰਤਰ-ਅਨੁਭਵ ਉੱਪਰ ਹੈ।[60] ਇਕ ਨੂੰ ਦੂਜੇ ਰਾਹੀਂ ਵੇਖਣ ਦਾ ਯਤਨ ਇਕ ਨੂੰ ਦੂਸਰੇ ਵਿਚ ਉਲਝਾਉਣ ਮਾਤਰ ਹੈ। ਵਸਤਾਂ ਨੂੰ ਵਸਤਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਲਝਾ ਕੇ ਕਿਸੇ ਨਤੀਜੇ ਉੱਤੇ ਪਹੁੰਚਣ ਵਾਲੀ ਗਿਆਨ-ਵਿਧੀ ਆਪਣੇ ਚਰਿਤ੍ਰ ਵਿਚ ਮਿਥਿਕ ਹੈ। ਵਿਗਿਆਨ ਤਾਂ ਵਸਤਾਂ ਦੇ ਆਪਸੀ ਨਿਖੇੜੇ ਨੂੰ ਵੱਧ ਤੋਂ ਵੱਧ ਸਪਸ਼ਟ ਕਰਨ ਵੱਲ ਰੁਚਿਤ ਹੁੰਦਾ ਹੈ। ਭਾਈ ਜੋਧ ਸਿੰਘ ਬੁਨਿਆਦੀ ਤੌਰ ਤੇ ਮਿਥਿਕ ਰੁਚੀ ਵਾਲਾ ਚਿੰਤਕ ਹੈ। ਦਰੁਸਤ ਹੈ ਭਾਈ ਜੋਧ ਸਿੰਘ ਬਾਣੀ ਦੇ ਚਰਿਤ੍ਰ ਨੂੰ ਜਾਣਦਾ ਹੈ; ਇਹ ਵੀ ਦਰੁਸਤ ਹੈ ਕਿ ਉਹ ਵਿਗਿਆਨ ਦੀਆਂ ਮਾਨਤਾਵਾਂ ਸੰਬੰਧੀ ਵੀ ਕਾਫ਼ੀ ਚੇਤੰਨ ਹੈ। ਪਰ ਉਸ ਦੀ ਆਪਣੀ ਅਧਿਐਨ-ਵਿਧੀ ਨੂੰ ਜਾਣਨ ਲਈ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਵਿਗਿਆਨ ਤੇ ਬਾਣੀ ਤੋਂ ਪ੍ਰਾਪਤ ਪ੍ਰੇਰਨਾ ਤੇ ਸੂਚਨਾ ਨੂੰ ਜੋੜਦਾ ਤੇ ਨਿਖੇੜਦਾ ਕਿਵੇਂ ਹੈ ? ਉਸ ਦੇ ਅਧਿਐਨ ਤੋਂ ਇਹ ਸਪਸ਼ਟ ਹੈ ਕਿ ਉਹ ਬਾਣੀ ਪ੍ਰਤੀ ਵਿਗਿਆਨਕ ਵਤੀਰਾ ਅਖ਼ਤਿਆਰ ਕਰਨ ਵੱਲ ਰੁਚਿਤ ਨਹੀਂ, ਸਗੋਂ ਵਿਗਿਆਨ ਨੂੰ ਵਰਤ ਕੇ ਬਾਣੀ ਤੇ ਬਾਣੀ ਸੰਪਰਦਾਇ ਦੇ ਸਮਰਥਨ ਨੂੰ ਰੂੜ੍ਹ ਕਰਨਾ ਚਾਹੁੰਦਾ ਹੈ। ਅਜਿਹੀ ਅਧਿਐਨ-ਵਿਧੀ ਦੀ ਅੱਜ ਦੀ ਪੰਜਾਬੀ ਸਮੀਖਿਆਤਮਕ ਚੇਤਨਾ ਦੇ ਪ੍ਰਸੰਗ ਵਿਚ ਕੋਈ ਥਾਂ ਨਹੀਂ। ਅੱਜ ਪੰਜਾਬੀ ਸਮੀਖਿਆ ਟੈਕਸਟ ਦੀਆਂ ਤਹਿਆਂ ਵਿਚੋਂ ਪਾਠ-ਪ੍ਰਬੰਧ ਦੀ ਆਪਣੀ ਵਿਲਖਣਤਾ ਨੂੰ ਲੱਭਣ ਵੱਲ ਰੁਚਿਤ ਹੈ। ਪਰ ਪ੍ਰਿੰ. ਜੋਧ ਸਿੰਘ ਦੀ ਅਧਿਐਨ-ਵਿਧੀ ਸਿੰਘ ਸਭਾ ਲਹਿਰ ਤੋਂ ਆਪਣੀ ਦਿਸ਼ਾ ਪ੍ਰਾਪਤ ਕਰਦੀ ਹੈ। ਕੁਲ ਮਿਲਾ ਕੇ ਭਾਈ ਜੋਧ ਸਿੰਘ ਦਾ ਯੋਗਦਾਨ ਇਹ ਹੈ ਕਿ ਉਸ ਨੇ ਵਿਗਿਆਨ ਨੂੰ ਬਾਣੀ ਚਿੰਤਨ ਵਿਚ ਆਦਰਯੋਗ ਸਥਾਨ ਦਿੱਤਾ। ਉਸ ਨੇ ਬਾਣੀ ਵਿਚ ਵਿਗਿਆਨ ਦੇ ਵਿਕੋਲਿਤ੍ਰੇ ਤੱਤ ਪਛਾਣਨ ਦਾ ਜਤਨ ਨਹੀਂ ਕੀਤਾ, ਸਗੋਂ ਬਾਣੀ ਦੇ ਮੂਲ ਆਧਾਰਾਂ ਨੂੰ ਵਿਗਿਆਨ-ਪੱਖੀ ਸਿੱਧ ਕੀਤਾ ਹੈ। ਇਸੇ ਕਾਰਨ ਅਸੀਂ ਉਸ ਦੀ ਬਾਣੀ ਅਧਿਐਨ-ਵਿਧੀ ਨੂੰ ਘਟਾਉਣ ਵਿਧੀ ਦਾ ਸ਼ਿਕਾਰ ਕਹਿਣ ਯੋਗ ਸਮਝਦੇ ਹਾਂ।

ਪ੍ਰਿੰਸੀਪਲ ਤੇਜਾ ਸਿੰਘ

ਇਸ ਤੋਂ ਉਪਰੰਤ ਪ੍ਰਿੰਸੀਪਲ ਤੇਜਾ ਸਿੰਘ ਦੀ ਨਾਨਕ-ਬਾਣੀ ਆਲੋਚਨਾ ਸਾਡੇ ਧਿਆਨ ਦਾ ਕੇਂਦਰ ਬਣਦੀ ਹੈ। ਪ੍ਰਿੰਸੀਪਲ ਤੇਜਾ ਸਿੰਘ ਪਹਿਲਾ ਆਲੋਚਕ ਹੈ ਜਿਸ ਦਾ ਧਿਆਨ ਕੇਵਲ ਨਾਨਕ-ਬਾਣੀ ਦੇ ਪਾਠ ਉੱਪਰ ਹੀ ਕੇਂਦ੍ਰਿਤ ਹੈ। 'ਸਾਹਿਤ-ਦਰਸ਼ਨ' (1951) ਵਿਚ ਜੋ ਕੁਝ ਵੀ ਨਾਨਕ-ਬਾਣੀ ਬਾਰੇ ਲਿਖਿਆ ਹੈ ਉਹ ਨਾ ਤਾਂ ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਿਤ ਹੈ ਤੇ ਨਾ ਹੀ ਉਨ੍ਹਾਂ ਦੇ ਇਤਿਹਾਸਕ ਸਮੇਂ ਨਾਲ। ਤੇਜਾ ਸਿੰਘ ਰਚਨਾ ਨੂੰ ਆਮ ਤੌਰ ਤੇ ਕਵੀ ਦੇ ਜੀਵਨ ਜਾਂ ਉਹਦੇ ਇਤਿਹਾਸਕ ਸਮੇਂ ਨਾਲ ਨਹੀਂ ਜੋੜਦਾ। ਉਹਦੀ ਯਾਤਰਾ ਰਚਨਾ ਤੋਂ ਅਰੰਭ ਹੋ ਕੇ ਰਚਨਾ ਸੰਬੰਧੀ ਕਿਸੇ ਨੁਕਤੇ ਨੂੰ ਉਭਾਰਨ ਵੱਲ ਵੀ ਹੁੰਦੀ ਹੈ। ਇਹ ਤੇਜਾ ਸਿੰਘ ਅਧਿਐਨ-ਵਿਧੀ ਦੀ ਪ੍ਰਾਪਤੀ ਹੈ ਕਿ ਉਹ ਪਾਠ-ਆਧਾਰੀ ਰੁਖ ਅਖ਼ਤਿਆਰ ਕਰਦੀ ਹੈ। ਉਦਾਹਰਣ ਲਈ ਉਸ ਦੀ ਆਲੋਚਨਾ ਦੇ ਕੁਝ ਕੁ ਕਥਨ ਪੇਸ਼ ਹਨ :

(1) ਗੁਰੂ ਨਾਨਕ ਦੀ **ਲਿਖਤ ਤੋਂ ਪਤਾ ਲਗਦਾ ਹੈ** ਕਿ ਉਨ੍ਹਾਂ ਦੀ ਵਾਕਫ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਡੂੰਘੀ ਸੀ ।[61]

(2) ਗੁਰੂ ਨਾਨਕ ਜੀ ਦੀ ਰਚਨਾ ਵਿਚ ਕੁਦਰਤ ਦਾ ਪਿਆਰ ਥਾਂ ਥਾਂ ਤੇ ਮਿਲਦਾ ਹੈ ।[62]

(3) ਉਹ ਕੁਦਰਤ ਦੀਆਂ ਚੀਜ਼ਾਂ ਨੂੰ ਗਹੁ ਨਾਲ ਦੇਖਦੇ ਸਨ ਅਤੇ ਆਪਣੀ ਰਚਨਾ ਵਿਚ ਉਦਾਹਰਣ ਦੇਣ ਲਈ ਵਰਤਦੇ ਸਨ ।[63]

ਇਹ ਠੀਕ ਹੈ ਕਿ ਤੇਜਾ ਸਿੰਘ ਦੀ ਦ੍ਰਿਸ਼ਟੀ ਗੁਰਬਾਣੀ-ਪ੍ਰਵਚਨ ਦੇ ਪਾਠ ਉੱਤੇ ਕੇਂਦ੍ਰਿਤ ਹੈ, ਪਰ ਰਚਨਾ ਦੇ ਪਾਠ ਉੱਤੇ ਕੇਂਦ੍ਰਿਤ ਹੋ ਕੇ ਉਹ ਰਚਨਾ ਵਿਚਲੀ ਵਿਲੱਖਣ ਵਿਚਾਰਧਾਰਾ ਨੂੰ ਜਾਣਨ ਪਛਾਣਨ ਵੱਲ ਰੁਚਿਤ ਨਹੀਂ ਜਾਪਦੀ । ਇਸ ਦਾ ਕਾਰਨ ਇਹ ਹੈ ਕਿ ਅਜੇ ਤੱਕ ਪੰਜਾਬੀ ਆਲੋਚਨਾਤਮਕ ਹਥਿਆਰਾਂ ਤੇ ਵਿਧੀਆਂ ਦਾ ਉਦੈ ਹੀ ਨਹੀਂ ਹੋਇਆ ਸੀ । ਇਸੇ ਕਾਰਨ ਸਾਡਾ ਆਲੋਚਕ ਟੈਕਸਟ ਦੀਆਂ ਤਹਿਆਂ ਦਾ ਤੱਤ ਨਖੇੜਾ ਨਹੀਂ ਕਰ ਸਕਦਾ । ਜਿਥੇ ਅੱਜ ਦੀ ਨਵ-ਆਲੋਚਨਾ ਰਚਨਾ ਦਾ ਅੰਗ-ਨਿਖੇੜ ਕਰਦੀ, ਉਸ ਵਿਚਲੀ ਵਿਚਾਰਧਾਰਾ ਨੂੰ ਉਭਾਰਦੀ ਅਤੇ ਰਚਨਾ ਦੇ ਪੁਨਰ-ਨਿਬੰਧਨ ਪ੍ਰਤੀ ਕਾਰਜਸ਼ੀਲ ਹੁੰਦੀ ਹੈ, ਉੱਥੇ ਤੇਜਾ ਸਿੰਘ ਇਸ ਪ੍ਰਕਿਰਿਆ ਦੇ ਕੇਵਲ ਪਹਿਲੇ ਪੜਾ ਉੱਤੇ ਹੀ ਖੜਾ ਹੈ । ਉਹ ਰਚਨਾ ਉੱਤੇ ਦ੍ਰਿਸ਼ਟੀ ਨੂੰ ਕੇਂਦ੍ਰਿਤ ਹੀ ਕਰ ਸਕਿਆ ਹੈ । ਇਹ ਵੀ ਆਪਣੇ ਆਪ ਵਿਚ ਇਕ ਮਹੱਤਵਸ਼ੀਲ ਪ੍ਰਾਪਤੀ ਹੈ । ਰਚਨਾ ਤੇ ਕੇਂਦ੍ਰਿਤ ਹੋ ਕੇ ਉਸ ਨੇ ਜੋ ਨੁਕਤੇ ਉਭਾਰੇ ਹਨ ਉਨ੍ਹਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਜੇ ਪੰਜਾਬੀ ਆਲੋਚਨਾ ਪਾਸ ਆਲੋਚਨਾਤਮਕ ਸੰਸਕ੍ਰਿਤੀ ਦੀ ਘਾਟ ਹੈ । ਇਸੇ ਲਈ ਤੇਜਾ ਸਿੰਘ ਸੂਖਮ ਰਚਨਾ-ਤੱਥਾਂ ਦੀ ਬਹੁਤ ਸਥੂਲ ਵਿਆਖਿਆ ਕਰ ਦੇਂਦਾ ਹੈ, ਜਿਵੇਂ :

"ਉਹ (ਗੁਰੂ ਨਾਨਕ) ਕੁਦਰਤਿ ਦੀਆਂ ਚੀਜ਼ਾਂ ਨੂੰ ਗਹੁ ਨਾਲ ਦੇਖਦੇ ਸਨ ਅਤੇ ਆਪਣੀ ਰਚਨਾ ਵਿਚ ਉਦਾਹਰਣ ਦੇਣ ਲਈ ਵਰਤਦੇ ਸਨ ।"[64]

ਗੁਰੂ ਨਾਨਕ-ਬਾਣੀ ਤੋਂ ਤੁਰਕੇ ਉਸ ਨੇ ਇਕ ਨੁਕਤਾ ਇਹ ਉਭਾਰਿਆ ਹੈ ਕਿ ਗੁਰੂ ਨਾਨਕ ਦੀ ਵਾਕਫ਼ੀਅਤ ਬਹੁਤ ਡੂੰਘੀ ਸੀ । ਪੰਡਿਤਾਂ, ਜੋਗੀਆਂ, ਸਰੇਵੜਿਆਂ, ਕਾਪੜੀਆਂ, ਮੁਸਲਮਾਨਾਂ ਸੂਫ਼ੀਆਂ ਆਦਿ ਅਨੇਕ ਲੋਕਾਂ ਦੇ ਅਸੂਲਾਂ ਤੇ ਖਿਆਲਾਂ ਦੀ ਜਾਣ ਪਛਾਣ ਸੀ ।

ਰਚਨਾ ਬਾਰੇ ਅਜਿਹੀ ਆਲੋਚਨਾ, ਰਚਨਾ ਦੇ ਨੇਮ/ਪੈਟਰਨ ਨੂੰ ਨਹੀਂ ਉਭਾਰਦੀ, ਸਗੋਂ ਰਚਨਾ ਤੋਂ ਉੱਤਰ ਕੇ ਰਚਨਹਾਰ ਦੇ ਵਿਅਕਤਿੱਤਵ ਪ੍ਰਤੀ ਰੁਚਿਤ ਹੋ ਜਾਂਦੀ ਹੈ । ਅਜਿਹੀ ਆਲੋਚਨਾ ਰਚਨਾ ਦੇ ਆਪਣੇ ਵਿਲੱਖਣ ਵਿਚਾਰਧਾਰਾਈ ਚਰਿਤ੍ਰ ਨੂੰ ਉਭਾਰ ਸਕਣ ਤੋਂ ਖੁੰਝ ਜਾਂਦੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਰਚਨਾ ਵਿਚ ਆਏ ਵੇਰਵਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਰਚਨਹਾਰ ਦੀ ਵਾਕਫ਼ੀਅਤ ਬਹੁਤ ਡੂੰਘੀ ਸੀ । ਪਰ ਕਿਸੇ ਵੀ ਨਵੀਨ ਪ੍ਰਵਚਨ ਦੀ ਹੋਂਦ ਪੂਰਬ-ਪ੍ਰਚਲਿਤ ਵਿਚਾਰਧਾਰਾਈ ਵੇਰਵਿਆਂ ਦੀ ਜਾਣਕਾਰੀ ਦੇਣ ਵਿਚ ਹੀ ਨਹੀਂ ਸਗੋਂ ਨਵੀਨ ਪ੍ਰਵਚਨ ਆਪਣੀ ਪੂਰਬ-ਪ੍ਰਚਲਿਤ ਵਿਚਾਰਧਾਰਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੀ ਰਚਨਾ ਵਿਚ ਹੂ-ਬ-ਹੂ ਵਰਤਦਾ ਨਹੀਂ, ਸਗੋਂ ਉਹ ਤਾਂ ਆਪਣਾ ਵਿਲੱਖਣ ਵਿਚਾਰਧਾਰਾਈ ਸਿਸਟਮ ਸਿਰਜਦਾ ਹੈ। ਇਸੇ ਵਿਲੱਖਣਤਾ ਨੂੰ ਪਛਾਣਨਾ ਹੀ ਵਿਸ਼ਲੇਸ਼ਣ ਤੇ ਵਿਆਖਿਆ ਦਾ ਕਾਰਜ ਹੈ। ਜੇ ਆਲੋਚਕ ਦੀ ਦ੍ਰਿਸ਼ਟੀ ਵਿਲੱਖਣਤਾ ਉੱਪਰ ਨਹੀਂ ਤਾਂ ਉਹ ਰੇਖਾਤਮਕ ਪਾਸਾਰ ਵਿਚ ਵਿਸ਼ਲੇਸ਼ਣ ਕਰ ਕੇ ਰਚਨਾ ਨੂੰ ਪੂਰਬ-ਪ੍ਰਚਲਿਤ ਵਿਚਾਰਧਾਰਾਈ ਪ੍ਰਸੰਗਾਂ ਵਿਚ ਘਟਾ ਦੇਵੇਗਾ। ਪ੍ਰਿੰਸੀਪਲ ਤੇਜਾ ਸਿੰਘ ਵੀ ਗੁਰੂ ਨਾਨਕ-ਬਾਣੀ ਦੀ ਵਿਲੱਖਣਤਾ ਨੂੰ ਨਿਸ਼ਚਿਤ ਕਰਨ ਦੀ ਥਾਂ ਤੇ ਗੁਰੂ ਨਾਨਕ-ਬਾਣੀ ਵਿਚ ਆਏ ਪੰਡਿਤਾਂ, ਜੋਗੀਆਂ, ਸਰੇਵੜਿਆਂ ਆਦਿ ਦੇ ਵਿਚਾਰਧਾਰਾਈ ਵੇਰਵਿਆਂ ਦਾ ਵਿਸ਼ਲੇਸ਼ਣ ਹੀ ਕਰ ਕਰ ਕੇ ਆਪਣੀ ਆਲੋਚਨਾ ਦਾ ਕਾਰਜ ਪੂਰਾ ਹੋਇਆ ਸਮਝ ਲੈਂਦਾ ਹੈ।

ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਗੋਪਾਲ ਸਿੰਘ ਦਰਦੀ

ਪ੍ਰਿੰਸੀਪਲ ਤੇਜਾ ਸਿੰਘ ਤੋਂ ਬਾਅਦ ਬਾਣੀ-ਸਮੀਖਿਆ ਦਾ ਪ੍ਰਮੁੱਖ ਪੜਾ ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਗੋਪਾਲ ਸਿੰਘ ਦਰਦੀ ਨਾਲ ਸੰਬੰਧਿਤ ਹੈ। ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਗੋਪਾਲ ਸਿੰਘ ਦਰਦੀ ਦੀ ਬਾਣੀ-ਸਮੀਖਿਆ ਵਿਚ ਇਕ ਸਾਂਝ ਇਹ ਹੈ ਕਿ ਇਹ ਦੋਵੇਂ ਹੀ ਵਿਦਵਾਨ ਗੁਰਬਾਣੀ ਦੀ ਕਾਵਿਕ ਟੈਕਸਟ ਦੇ ਸਮਾਨੰਤਰ ਆਪਣੀ ਨਵੀਂ ਵਾਰਤਕ ਦੀ ਟੈਕਸਟ ਉਚਾਰ ਦੇਂਦੇ ਹਨ ਅਤੇ ਆਪਣੀ ਅਜਿਹੀ ਸੰਜਮਵਿਹੀਨ ਤੇ ਅਨੁਸ਼ਾਸਨ ਰਹਿਤ ਬਾਣੀ-ਵਿਆਖਿਆ ਨੂੰ ਬਾਣੀ-ਅਧਿਐਨ ਵਜੋਂ ਪੇਸ਼ ਕਰਦੇ ਚਲੇ ਜਾਂਦੇ ਹਨ। ਸਪਸ਼ਟਤਾ ਲਈ ਅਸੀਂ ਇਥੇ ਨਮੂਨੇ ਵਜੋਂ ਦੋਹਾਂ ਵਿਦਵਾਨਾਂ ਦੀ ਘੱਟੋ ਘੱਟ ਇਕ ਇਕ ਟੂਕ ਪੇਸ਼ ਕਰਕੇ ਗੱਲ ਨੂੰ ਸਪਸ਼ਟ ਕਰਨਾ ਚਾਹਵਾਂਗੇ। ਪਹਿਲਾਂ ਇਕ ਟੂਕ ਡਾ. ਮੋਹਨ ਸਿੰਘ ਦੀਵਾਨਾ ਰਚਿਤ 'ਜਤਿੰਦਰ ਸਾਹਿਤ ਸਰੋਵਰ' ਵਿਚ ਲਿਖੇ ਬਾਣੀ-ਸਮੀਖਿਆ ਦੇ ਇਕ ਲੇਖ 'ਜਪੁ-ਦਰਸ਼ਨ-ਫੁਲਵਾੜੀ' ਵਿਚੋਂ ਲੈਂਦੇ ਹਾਂ :

> ਘਾਲ ਘਾਲੇ ਬਾਬਾ ਨਨਕਾਣੇ ਵਾਲਾ ਤੇ ਛੁਟ ਜਾਏ ਕੇਤੀ, ਕੇਤੀ ਸੰਗਤ ਮਕਿਓਂ ਲੈ ਕੇ ਸੰਗਲਾਦੀਪ ਤੀਕਰ ਤੇ ਬਲੋਚਿਸਤਾਨ ਤੋਂ ਲੈ ਕੇ ਆਸਾਮ ਤੀਕਰ, ਵਿਚੇ ਮਰਦ ਵਿਚੇ ਤੀਵੀਆਂ, ਵਿਚੇ ਬਾਲ, ਵਿਚ ਬਿਰਧ, ਵਿਚੇ ਚੋਰ, ਯਾਰ, ਹਰਾਮਖੋਰ, ਵਿਚੇ ਹਤਿਆਰੇ ਪਾਪੀ ਕੂੜ, ਮਲੇਛ ਮਲ ਖਾਹੀਏ, ਨਿੰਦਕ, ਨੀਚ, ਜ਼ੋਰ, ਸਿਤਮੀਏ—ਹਾਂ ਵਿਚੇ ਮੂਰਖ ਅੰਧ ਘੋਰ। ਕਿਹਨਾਂ ਦੇ ਸਦਕੇ, ਬਾਬੇ ਘਾਲੀਏ ਮੁਸਕਤੀਏ ਦੇ ਸਦਕੇ ਤੇ ਉਹਦੇ ਵਾਂਗੇ ਜਪੀਆਂ, ਪੂਜਕਾਂ, ਤਪੀਆਂ, ਗਰੰਥੀਆਂ, ਜੋਗੀਆਂ, ਉਦਾਸੀਆਂ, ਭਗਤਾਂ ਸਤੀਆਂ, ਦਾਤਾਰਾਂ ਸੂਰਾਂ, ਮੋਨੀਆਂ ਦੇ ਸਦਕੇ। ਇਹ ਸੱਭੀ ਓਸ ਇਕ ਵਿਚ ਅਮੁੱਲ ਹਨ।[65]

ਇਹ ਟੂਕ 'ਜਪੁ' ਦੇ ਕਿਸੇ ਵੀ ਸੰਜਮਪਰਕ ਪੈਟਰਨ-ਸਿਸਟਮ ਵੱਲ ਸੰਕੇਤ ਨਹੀਂ ਕਰਦੀ। ਇਹ ਤਾਂ ਜਪ ਦੀ ਅੰਤਮ ਪੰਗਤੀ—'ਜਿਨੀ ਨਾਮ ਧਿਆਇਆ ਗਏ ਮੁਸਕਤ ਘਾਲਿ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਨਕ ਤੇ ਮੁਖ ਊਜਲੇ ਕੇਤੀ ਛੁਟੀ ਨਾਲਿ ॥' ਵਿਚਲੇ ਕਾਵਿ-ਉਚਾਰ ਦੇ ਸਮਾਨੰਤਰ ਸੰਜਮ ਰਹਿਤ ਇਕ ਹੋਰ ਉਚਾਰ ਪੇਸ਼ ਕਰ ਦਿੰਦੀ ਹੈ। ਜਪੁਜੀ ਦਾ ਉਚਾਰ ਸੰਜਮਬੱਧ ਤੇ ਛੰਦ-ਬੱਧ ਹੈ ਤੇ ਡਾ. ਮੋਹਨ ਸਿੰਘ ਦਾ ਉਚਾਰ ਸੰਜਮ-ਰਹਿਤ ਤੇ ਛੰਦ-ਰਹਿਤ। ਅਜਿਹਾ ਕਾਰਜ ਆਲੋਚਨਾਤਮਕ ਦ੍ਰਿਸ਼ਟੀ ਦਾ ਕਾਰਜ ਨਹੀਂ। ਆਲੋਚਨਾਤਮਕ ਦ੍ਰਿਸ਼ਟੀ ਤਾਂ ਕਿਸੇ ਉਚਾਰ ਦੇ ਵਿਚ ਨਿਹਿਤ ਨੇਮ/ਸਿਸਟਮ ਨੂੰ ਨਿਸ਼ਚਿਤ ਕਰਨ ਵੱਲ ਰੁਚਿਤ ਹੁੰਦੀ ਹੈ। ਪਰ ਡਾ. ਮੋਹਨ ਸਿੰਘ ਦੀਵਾਨਾ ਕਿਸੇ ਸੰਜਮ ਤੇ ਅਨੁਸ਼ਾਸਨ ਬੱਧ ਸਿਸਟਮ ਅਧੀਨ ਹੋ ਕੇ ਬਾਣੀ-ਸਮੀਖਿਆ ਕਰਨ ਵੱਲ ਘੱਟ ਹੀ ਰੁਚਿਤ ਜਾਪਦੇ ਹਨ। ਇਵੇਂ ਹੀ ਡਾ. ਗੋਪਾਲ ਸਿੰਘ ਦੀ ਬਾਣੀ-ਵਿਆਖਿਆ ਵਿਚੋਂ ਵੀ ਇਸੇ ਬਿਰਤੀ ਦੀਆਂ ਬੇਅੰਤ ਟੂਕਾਂ ਲੱਭੀਆਂ ਜਾ ਸਕਦੀਆਂ ਹਨ। ਪਰ ਇਥੇ ਅਸੀਂ ਨਮੂਨੇ ਮਾਤਰ ਕੇਵਲ ਇਕੋ ਉਦਾਹਰਣ ਹੀ ਪੇਸ਼ ਕਰਨੀ ਯੋਗ ਸਮਝਦੇ ਹਾਂ :

''ਜਾਂ ਇਉਂ ਸਮਝੋ ਕਿ ਸਾਰੇ ਵਿਸ਼ਵ ਦੀ ਇਕ ਅਨੰਤ ਚੱਕੀ ਚਲ ਰਹੀ ਹੈ, ਜਿਸ ਦਾ ਨ ਕੋਈ ਆਦਿ ਹੈ, ਨ ਅੰਤ : 'ਪੁੜੁ ਧਰਤੀ ਪੁੜੁ ਪਾਣੀ ਆਸਣ, ਚਾਰਿ ਕੁੰਟ ਚਉਬਾਰਾ।' ਇਸ ਚਉਬਾਰੇ ਵਿਚ––ਚੰਨ ਸੂਰਜ ਮਾਨੋ 'ਦੋਇ ਦੀਵੇ' ਹਨ। ਜਾਂ ਇਹ ਸਾਰਾ ਬ੍ਰਹਮੰਡ ਆਪਣੇ ਅਥਾਹ, ਅਸਗਾਹ, ਬੇਅੰਤਤਾ ਤੋਂ ਬਲਿਹਾਰ ਜਾ ਰਿਹਾ ਹੈ :

ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ॥...

''ਜਾਂ ਇਹ ਧਰਤੀ ਆਕਾਸ਼ ਨੂੰ ਵਿਛੋੜ ਕੇ ਚੰਦੋਆ ਤਣਿਆ ਹੈ, ਕਰਤੇ ਨੇ ਸਾਨੂੰ ਨੀਲੀ ਛਾਂ ਦੇਣ ਲਈ। ਨਹੀਂ ਨਹੀਂ ਜੋ ਚੰਦ-ਸੂਰਜ, ਧਰਤ, ਆਕਾਸ਼, ਪਉਣ, ਪਾਣੀ, ਬੈਸੰਤਰ ਬਾਹਰ ਦਿਸਦੇ ਹਨ, ਉਸ ਦਾ ਮੂਲ ਤੱਤ ਤਾਂ ਸਾਡੇ ਅੰਦਰ ਵੀ ਉਵੇਂ ਹੀ ਬੰਨ੍ਹ ਬਹਾਲਿਆ ਹੈ...

ਜਿਨਿ ਆਕਾਸ ਕੁਲਹ ਸਿਰਿ ਕੀਨੀ,
ਕਉਸੈ ਸਪਤ ਪਯਾਲਾ।

''ਹਾਂ ਆਕਾਸ਼ ਉਸ ਦੀ ਟੋਪੀ ਹੈ ਤੇ ਸੱਤ ਪਾਤਾਲ ਉਸ ਦੀਆਂ ਖੜਾਵਾਂ। ਇਹ ਹਰੀ ਦਾ ਵੈਰਾਟ ਰੂਪ ਹੈ ਪਰ ਨਹੀਂ, ਆਕਾਸ਼ ਪਾਤਾਲ ਦੀ ਗਿਣਤੀ ਤਾਂ ਕੋਈ ਨਹੀਂ— 'ਪਾਤਾਲਾ ਪਾਤਾਲ ਲਖ, ਆਗਾਸਾਂ ਅਗਾਸ' ਹਨ। ਜਾਂ ਇਹ ਅਖਾੜਾ ਹੈ ਪਾਪ ਨਾਲ ਘੋਲ ਕਰਨ ਦਾ, ਜੀਵ ਆਤਮਾ ਲਈ, ਤਾਂ ਜੁ ਇਹ ਜਿਹੜਾ 'ਹਰਿਮੰਦਰ ਹਰਿ ਜੀਉ ਸਾਜਿਆ' ਹੈ, ਤੇ ਜਿਸ ਵਿਚ ਉਹ 'ਆਪਿ ਰਹਿਆ ਸਮਾਇ ਰਾਮ' ਹੈ, ਉਹ ਮਨੁੱਖਾਂ ਦੇ ਰਹਿਣ ਲਈ ਸੁਹਾਵਣੀ ਥਾਂ ਬਣ ਜਾਏ :

ਆਪੇ ਛਿੰਝ ਪਵਾਇ, ਮਲਾਖਾੜਾ ਰਚਿਆ।[66]

ਉਪਰੋਕਤ ਆਲੋਚਨਾ ਦੇ ਉਚਾਰਾਂ ਦੀ ਬਿਰਤੀ ਕਾਵਿ-ਬਿਰਤੀ ਵਰਗੀ ਹੀ ਹੈ। ਸਿਰਜਨ ਤੇ ਸਮੀਖਿਆ ਦੀ ਬਿਰਤੀ ਵਿਚ ਕਿਸੇ ਪ੍ਰਕਾਰ ਦਾ ਅੰਤਰ ਨਹੀਂ। ਸਮੀਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਕਾਰਜ ਟੈਕਸਟ ਦੇ ਮੂਰਤ ਉਚਾਰਾਂ ਵਿਚਲੀ ਨੇਮ/ਮਰਯਾਦਾ ਤੇ ਵਿਚਾਰਧਾਰਾ ਦੇ ਵਿਧੀ ਵਿਧਾਨ ਨੂੰ ਬੜੀ ਸੰਜਮਬੱਧ ਭਾਸ਼ਾ ਵਿਚ ਸਪਸ਼ਟ ਕਰਨ ਵੱਲ ਰੁਚਿਤ ਹੋਣਾ ਚਾਹੀਦਾ ਹੈ। ਅੱਜ ਪੰਜਾਬੀ ਸਮੀਖਿਆ ਦੀ ਅਜਿਹੀ ਬਿਰਤੀ ਬਾਰੇ ਸੁਚੇਤ ਹੋ ਚੁੱਕੀ ਹੈ। ਪਰ ਟੈਕਸਟ ਦੀ ਅਜਿਹੀ ਨੇਮ ਮਰਯਾਦਾ ਦੇ ਸਿਸਟਮ ਅਤੇ ਵਿਚਾਰਧਾਰਾਈ ਵਿਧੀ ਵਿਧਾਨ ਨੂੰ ਪੇਸ਼ ਕਰਨਾ ਨ ਡਾ. ਮੋਹਨ ਸਿੰਘ ਦੀਵਾਨਾ ਪਾਸ ਹੈ ਤੇ ਨ ਹੀ ਡਾ. ਗੋਪਾਲ ਸਿੰਘ ਪਾਸ। ਉਹ ਤਾਂ ਟੈਕਸਟ ਦੇ ਪਾਠ-ਪ੍ਰਬੰਧ ਦੇ ਉਚਾਰਾਂ ਦੇ ਸਮਾਨੰਤਰ ਉਸੇ ਬਿਰਤੀ ਦੇ ਹੋਰ ਉਚਾਰ ਪੇਸ਼ ਕਰਕੇ ਆਲੋਚਨਾਤਮਕ ਕਾਰਜ ਨੂੰ ਸਮਾਪਤ ਹੋਇਆ ਸਮਝਦੇ ਹਨ।

ਡਾ. ਗੋਪਾਲ ਸਿੰਘ ਦੀ ਬਾਣੀ-ਸਮੀਖਿਆ ਦੀ ਇਕ ਪਰਵਿਰਤੀ ਇਹ ਹੈ ਕਿ ਉਹ ਕਾਵਿ-ਚਿਹਨਾਂ ਦੀ ਪ੍ਰਕਿਰਤੀ ਬਾਰੇ ਆਪਣਾ ਮੱਤ ਪੇਸ਼ ਕਰਨ ਦੀ ਬਜਾਇ, ਆਪਣਾ ਭਾਵਕ ਜਿਹਾ ਅਨੰਦੀ ਪ੍ਰਤੀਕਰਮ ਪੇਸ਼ ਕਰ ਦੇਂਦਾ ਹੈ। ਸਪਸ਼ਟਤਾ ਲਈ ਇਕ ਬਾਣੀ-ਪਦੇ ਦੀ ਜੋ ਵਿਹਾਰਕ ਵਿਆਖਿਆ ਪੇਸ਼ ਕੀਤੀ ਗਈ ਹੈ, ਉਸ ਦੀ ਇਕ ਉਦਾਹਰਣ ਪੇਸ਼ ਹੈ :

ਮੰਞੁ ਕੁਚੱਜੀ ਅੰਮਾਵਣਿ ਡੋਸੜੇ
ਹਉ ਕਿਉ ਸਹੁ ਰਾਵਣ ਜਾਉ ਜੀਉ ॥
ਇਕ ਦੂ ਇਕਿ ਚੜੰਦੀਆਂ
ਕਉਣ ਜਾਣੈ ਮੇਰਾ ਨਾਉ ਜੀਉ ॥
ਜਿਨੀ ਸਖੀ ਸਹੁ ਰਾਵਿਆ
ਸੇ ਅੰਬੀ ਛਾਵੜੀਏਹਿ ਜੀਉ ॥
ਕਿਆ ਗੁਣ ਤੇਰੇ ਵਿਥਰਾ
ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥
ਅੰਬਰਿ ਕੂੰਜਾਂ ਕੁਰਲੀਆ
ਬਗ ਬਹਿਠੇ ਆਇ ਜੀਉ ॥
ਸਾਧਨ ਚਲੀ ਸਾਹੁਰੈ
ਕਿਆ ਮੁਹ ਦੇਸੀ ਅਗੈ ਜਾਇ ਜੀਉ ॥

ਇਹ ਅੰਮੀ ਤੇ ਧੀ, ਸੋਹਾਗਣ-ਦੋਹਾਗਣ, ਸਖੀ-ਸਹੇਲੀ, ਸਹੁਰਾ-ਘਰ ਤੇ ਕੁਦਰਤ ਦੀਆਂ ਉਪਮਾਵਾਂ ਨਾਲ ਕਵਿਤਾ ਵਿਚ ਕਿਹਾ ਘਰੋਗੀ ਰੰਗ ਭਰ ਦਿੱਤਾ ਹੈ।... ਲਹਿੰਦੀ ਦੇ ਸ਼ਬਦਾਂ ਨੇ ਕੈਸੀ ਮਿਠਾਸ ਭਰ ਦਿੱਤੀ ਹੈ। 'ਕਿਆ ਕਿਆ ਘਿੰਨਾ ਤੇਰਾ ਨਾਉ ਜੀਉ' ਕਿਤਨਾ ਪਿਆਰਾ ਹੈ 'ਘਿੰਨਾ' ਕਿੰਨਾ ਚੰਗਾ ਹੈ 'ਜੀਉ'। 'ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ' ਵਿਚ ਕੂੰਜਾ ਦੀ ਸੱਖਣੀ, ਕੁਰਲਾਹਟ ਪਈ ਕੂਕਦੀ ਹੈ ਤੇ 'ਬਗ ਬਹਿਠੇ ਆਇ ਜੀਉ' ਵਿਚ ਬੁਢੇਪੇ ਦੀ ਬੈਠੀ ਉਦਾਸੀ ਪਈ ਝਾਕਦੀ ਹੈ। ਇਹ ਹੈ ਗੁਰੂ ਨਾਨਕ ਦਾ ਹੁਨਰ।[67]

ਉਪਰੋਕਤ ਟੂਕ ਵਿਚ ਕਾਵਿ-ਚਿਹਨ ਨੂੰ ਵਾਸਤਵਿਕ ਪੱਧਰ ਉੱਪਰ ਉਤਾਰ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਖਿਆ ਕਰਨ ਦੀ ਰੁਚੀ ਬਿਲਕੁਲ ਸਪਸ਼ਟ ਹੈ। ਇਹ ਰੁਚੀ ਨਾ ਕਾਵਿ-ਚਿਹਨ ਦੀ ਪ੍ਰਕਿਰਤੀ ਨੂੰ ਪਛਾਣਦੀ ਹੈ ਤੇ ਨਾ ਹੀ ਆਲੋਚਨਾਤਮਕ ਪ੍ਰਕਿਰਿਆ ਦੀ ਦਿਸ਼ਾ ਨੂੰ। **ਕਾਵਿ-ਚਿਹਨ ਦੀ ਹੋਂਦ ਵਾਸਤਵਿਕ ਪੱਧਰ ਤੋਂ ਬਿਲਕੁਲ ਸੁਤੰਤਰ ਹੋ ਕੇ ਵਿਚਰਨ ਵਿਚ ਹੈ।** ਜੇ ਮਨੁੱਖੀ ਅਨੁਕਿਰਿਆ ਲਈ ਵਾਸਤਵਿਕਤਾ ਪਹਿਲਾ ਪ੍ਰਬੰਧ ਪੇਸ਼ ਕਰਦੀ ਹੈ ਤਾਂ ਭਾਸ਼ਾਈ ਚਿਹਨ ਇਸ ਪ੍ਰਬੰਧ ਉੱਪਰ ਉਸਾਰਿਆ ਦੂਜਾ-ਪ੍ਰਬੰਧ ਹੈ। ਇਸੇ ਲੜੀ ਵਿਚ ਕਾਵਿ-ਚਿਹਨ, ਭਾਸ਼ਾਈ ਚਿਹਨ ਉਪਰ ਉਸਰਿਆ **ਤੀਜਾ-ਪ੍ਰਬੰਧ** ਹੈ, ਜੋ ਵਾਸਤਵਿਕ ਜਗਤ ਤੋਂ ਦੋ ਦਰਜੇ ਪਰ੍ਹ ਹੈ। ਆਲੋਚਨਾ ਦੇ ਕਾਰਜ ਦੀ ਦਿਸ਼ਾ ਕਾਵਿ-ਚਿਹਨ ਦੇ ਪ੍ਰਬੰਧ ਉੱਪਰ ਇਕ ਹੋਰ ਨਵਾਂ-ਪ੍ਰਬੰਧ ਉਸਾਰਨ ਦੀ ਹੈ, ਜਿਸ ਰਾਹੀਂ ਕਾਵਿ ਅੰਦਰ ਕੰਮ ਕਰਦੇ ਨੇਮ ਉਜਾਗਰ ਹੋ ਜਾਣ। ਪਰ ਡਾ. ਗੋਪਾਲ ਸਿੰਘ ਦਰਦੀ ਨਵਾਂ-ਪ੍ਰਬੰਧ ਉਸਾਰਨ ਦੀ ਬਜਾਇ ਕਾਵਿਕ-ਚਿਹਨ ਨੂੰ ਵਾਸਤਵਿਕ ਜਗਤ ਦਾ ਕੇਵਲ ਸ਼ਬਦ-ਚਿੱਤਰ ਮਾਤਰ ਹੀ ਸਮਝਦਾ ਹੈ ਤੇ ਇਸੇ ਕਾਰਨ ਹੀ ਉਸ ਦੀ ਆਲੋਨਾਤਮਕ ਪ੍ਰਕਿਰਿਆ ਨਿਰੰਤਰ ਕਾਵਿ-ਚਿਹਨਾਂ ਨੂੰ ਵਾਸਤਵਿਕ ਪੱਧਰ ਉੱਪਰ ਉਤਾਰਦੀ ਚਲੀ ਜਾਂਦੀ ਹੈ। ਬਾਣੀ-ਅਧਿਐਨ ਦੀ ਇਹ ਵਿਧੀ ਬਾਣੀ ਪ੍ਰਤੀ ਇਕ ਅਨੰਦੀ-ਅਨੁਕਿਰਿਆ ਹੀ ਪੇਸ਼ ਕਰਦੀ ਹੈ। ਇਹ ਵਿਧੀ ਆਨੰਦ ਨੂੰ ਸੁਹਜਮੂਲਕ ਪੱਧਰ ਉੱਤੇ ਗ੍ਰਹਿਣ ਕਰਨ ਦੀ ਬਜਾਇ ਪ੍ਰਕਿਰਤੀ ਦੀ ਪੱਧਰ ਉੱਪਰ ਉਸ ਨੂੰ ਘਟਾਂਦੀ ਚਲੀ ਜਾਂਦੀ ਹੈ। ਪਰ ਕਹਿੰਦੀ ਉਸ ਨੂੰ ਸੁਹਜ-ਅਨੰਦ ਹੀ ਹੈ। ਰੱਬ ਦੇ ਸੁਹਜਵਾਦੀ ਸਰੂਪ ਪ੍ਰਤੀ ਇਸ ਅਨੁਕਿਰਿਆ ਦੀ ਹੇਠਲੀ ਉਦਾਹਰਣ ਪੇਸ਼ ਹੈ :

"ਉਹ ਮਿੱਠਾ ਹੈ, ਏਨਾ ਜਿਵੇਂ 'ਖਜੂਰੀਆਂ ਪੱਕੀਆਂ' ਜਾਂ 'ਮਾਖਿਉਂ ਦੀ ਨਦੀ' ਵਰਗਾ; ਸ਼ੱਕਰ, ਖੰਡ, ਨਬਾਤ, ਗੁੜ ਜਾਂ ਮਾਝੇ ਦੁਧ ਵਰਗਾ ਮਿੱਠਾ :

ਗੁਸਾਈਂ ਮਹਿੰਡਾ ਇਠੜਾ।
ਅੰਬਿ ਅਬੇ ਥਾਵਹੁ ਮਿੱਠੜਾ।

ਉਹ ਪ੍ਰਿਯ ਹੈ, ਅੰਮ੍ਰਿਤ ਬਚਨ ਬੋਲਦਾ ਹੈ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ, ਉਹ ਕਦੇ ਨ ਬੋਲੇ ਕਉਰਾ ॥

ਉਹ ਮਿੱਠਾ ਹੀ ਨਹੀਂ, ਸੁੰਦਰ ਵੀ ਹੈ, 'ਅੰਮ੍ਰਿਤ ਭਿੰਨੀ ਦੇਹੁਰੀ' ਵਾਲਾ, 'ਕੰਚਨ ਵੰਨੇ ਪਾਸਿਆਂ ਵਾਲਾ, 'ਅੰਮ੍ਰਿਤ ਭਿੰਨੇ ਬਾਂਕੇ ਲੋਇਣ' ਵਾਲਾ, ਕੇਸ਼ਵ, ਲੰਮੜੇ, ਕੁੰਡਲੇ ਵਾਲਾਂ ਵਾਲਾ, ਸੋਹਣੇ ਖਿਚਵੇਂ ਨੱਕ ਵਾਲਾ, ਰੀਸਾਲੂ ਦੰਦਾਂ ਵਾਲਾ, ਤਰਲ ਜਵਾਨ, ਠੁਮਕ ਠੁਮਕ ਨਾਜ਼ ਨਾਲ ਤੁਰਨ ਵਾਲਾ, ਢੋਲਾ, ਲਾਲ ਗੁਲਾਲ, ਰੰਗੀਲਾ, ਮਨਮੋਹਨ, ਸ਼ਿਆਮ, ਸੁੰਦਰ, ਛਬੀਲਾ, ਚੰਨ ਚਾਨਣੀ ਵਰਗਾ ਚਿੱਟਾ, ਠੰਢ, ਰਸਕ...

ਤੇਰੇ ਬੰਕੇ ਲੋਇਣ ਦੰਦ ਰੀਸਾਲਾ
ਸੋਹਣੇ ਨੱਕ, ਜਿਨਿ ਲੰਮੜੇ ਵਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

...ਰੱਬ ਉਸ ਦੀ ਛੋਹ ਤੋਂ ਹਰ ਵਾਰੀ ਇਕ ਨਵਾਂ, ਅਕਹਿ ਜਿਹਾ ਸੁਆਦ ਆਉਂਦਾ ਹੈ, ਸਾਹਿਬ ਸਾਨੂੰ ਹਰ ਘੜੀ, ਹਰ ਪਲ 'ਨੀਤ ਨਵਾਂ' ਦਿਸਦਾ ਹੈ। ਜਿਵੇਂ ਭੁਖ ਰੋਜ਼ ਸਜਰੀ ਹੋ ਕੇ ਚਮਕਦੀ ਹੈ ਤੇ ਸੂਰਜ-ਉਦੈ ਕਦੀ ਬੇਹਾ ਨਹੀਂ ਹੁੰਦਾ। ਹਾਂ, ਉਹ ਅਜਿਹਾ ਚੰਨ ਹੈ, ਜਿਸ ਦੀ ਸ਼ਾਂਤ, ਕਾਸ਼ਨੀ ਚਿੱਟੀ ਰੌਸ਼ਨੀ ਵਿਚ ਜੀਉਣਾ ਚੰਗਾ ਲੱਗਦਾ ਹੈ, ਨਾਲੇ ਮਰਨਾ ਵੀ, ਜਦ ਗਾਉਣ, ਨੱਚਣ, ਸਰੂਰ ਵਿਚ ਆਉਣ, ਜੀਵਨ ਤੇ ਮੌਤ ਦੇ ਸਿਰੇ ਮੇਲਣ, ਜਾਗਣ, ਤੱਕਣ, ਹੱਸਣ ਤੇ ਕੂਕਣ ਤੇ ਜੀਅ ਕਰਦਾ ਹੈ।[68]

ਉਪਰੋਕਤ ਉਦਾਹਰਣਾਂ ਵਿਚ ਕਾਵਿ-ਚਿਹਨਾਂ ਨੂੰ ਵਾਸਤਵਿਕ ਪੱਧਰ ਉੱਪਰ ਉਤਾਰ ਪੇਸ਼ ਕਰਨ ਦੀ ਪਰਵਿਰਤੀ ਸਪਸ਼ਟ ਹੈ। ਕਾਵਿ-ਪ੍ਰਤੀ ਅਜਿਹੀ ਅਨੁਕਿਰਿਆ ਵਿਚੋਂ ਕਿਸੇ ਵੀ ਪ੍ਰਕਾਰ ਦੀ ਆਲੋਚਨਾਤਮਕ ਦ੍ਰਿਸ਼ਟੀ ਦੀ ਭਾਲ ਵਿਅਰਥ ਹੋਵੇਗੀ। ਇਹ ਵਿਧੀ ਤਾਂ ਬਾਣੀ ਦੇ ਬਿੰਬ-ਵਿਧਾਨ ਪ੍ਰਤੀ ਆਲੋਚਕ ਦੀ ਇਕ ਭਾਵਕ ਅਨੁਕਿਰਿਆ ਨੂੰ ਹੀ ਪੇਸ਼ ਕਰਨ ਵਿਚ ਆਲੋਚਨਾਤਮਕ ਕਾਰਜ ਦਾ ਅੰਤ ਸਮਝਦੀ ਹੈ। ਇਸ ਦਾ ਪ੍ਰਮੁਖ ਕਾਰਣ ਆਲੋਚਨਾਤਮਕ ਸੰਦਾਂ ਜਾਂ ਸੰਕਲਪਨਾਤਮਕ ਸ਼ਬਦਾਵਲੀ ਦੀ ਘਾਟ ਹੈ। ਜਦੋਂ ਆਲੋਚਨਾ ਪਾਸ ਪਰਿਭਾਸ਼ਕ ਸ਼ਬਦਾਵਲੀ ਦੀ ਅਣਹੋਂਦ ਹੋਵੇ ਤਾਂ ਉਹ ਭਾਵਕ ਅਨੁਕਿਰਿਆ ਨਾਲ ਹੀ ਆਪਣਾ ਕੰਮ ਸਾਰ ਲੈਂਦੀ ਹੈ।

ਡਾ. ਸੁਰਿੰਦਰ ਸਿੰਘ ਕੋਹਲੀ

ਡਾ. ਗੋਪਾਲ ਸਿੰਘ ਦਰਦੀ ਤੋਂ ਉਪਰੰਤ ਡਾ. ਸੁਰਿੰਦਰ ਸਿੰਘ ਕੋਹਲੀ ਦੀ ਬਾਣੀ-ਵਿਆਖਿਆ ਸਾਡੇ ਧਿਆਨ ਦੀ ਵਿਸ਼ੇਸ਼ ਮੰਗ ਕਰਦੀ ਹੈ। ਉਸ ਨੇ ਗੁਰਬਾਣੀ ਸੰਬੰਧੀ **A Critical Study of Adi Granth**, ਨਾਮ ਦਾ ਸ਼ੋਧ-ਪ੍ਰਬੰਧ ਲਿਖਿਆ ਹੈ। ਇਹ ਸ਼ੋਧ-ਪ੍ਰਬੰਧ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਅਜਿਹੀ ਆਮੁਹਾਰੀ-ਆਲੋਚਨਾ-ਪੱਧਤੀ ਦੀ ਉਦਾਹਰਣ ਹੈ ਜੋ ਕਿ ਬਿਨਾ ਕਿਸੇ ਸਿਧਾਂਤਕ ਢਾਂਚੇ ਦੇ ਆਧਾਰ ਦੇ ਆਪਣਾ ਕਾਰਜ ਸੰਪੂਰਨ ਹੋਇਆ ਸਮਝਦੀ ਹੈ। ਵੈਸੇ ਆਲੋਚਕ ਆਪਣੀ ਭਾਂਤ ਦੀ ਇਕ ਆਪਹੁਦਰੀ ਤੁਲਨਾਤਮਕ-ਅਧਿਐਨ ਦੀ ਵਿਧੀ ਵੀ ਪੇਸ਼ ਕਰਦਾ ਹੈ। ਇਸ ਵਿਧੀ ਦਾ ਆਧਾਰ ਦੋ ਸਿਸਟਮਾਂ ਵਿਚਲੀ ਤੱਤ-ਚੇਤਨਾ ਦੀ ਸਾਂਝ ਉੱਪਰ ਹੈ; ਸਿਸਟਮ-ਚੇਤਨਾ ਦੀ ਸਾਂਝ ਉੱਪਰ ਨਹੀਂ। ਤੱਤਾਂ ਦੀ ਸਾਂਝ ਕਾਰਨ ਦੋ ਸਿਸਟਮਾਂ ਦਾ ਤੁਲਨਾਤਮਕ-ਅਧਿਐਨ ਉਚਿਤ ਨਹੀਂ, ਕਿਉਂਕਿ ਕਿਸੇ ਸਿਸਟਮ ਦੇ ਤੱਤਾਂ ਦੀ ਸਾਰਥਕਤਾ ਉਸ ਦੀ ਸਮੁੱਚੀ-ਸਾਰਥਕਤਾ ਨਾਲ ਸੰਬੰਧਿਤ ਹੁੰਦੀ ਹੈ। ਇਸ ਲਈ ਜੇ ਦੋ ਸਿਸਟਮਾਂ ਵਿਚ ਕੁਝ ਤੱਤ ਸਾਂਝੇ ਵੀ ਹੋਣ ਤਾਂ ਵੀ ਉਨ੍ਹਾਂ ਦੀ ਸਾਰਥਕਤਾ ਇਕ ਦੂਜੇ ਨਾਲੋਂ ਭਿੰਨ ਹੋ ਸਕਦੀ ਹੈ। ਇਕ ਉਦਾਹਰਣ ਨਾਲ ਗੱਲ ਵਧੇਰੇ ਸਪਸ਼ਟ ਹੋ ਜਾਵੇਗੀ। ਹਿੰਦੂ, ਸਿੱਖ ਤੇ ਇਸਲਾਮ ਤਿੰਨ ਧਾਰਮਿਕ ਸਿਸਟਮ ਹਨ। ਇਨ੍ਹਾਂ ਤਿੰਨਾਂ ਧਰਮਾਂ ਦੇ ਕੁਝ ਬੁਨਿਆਦੀ ਤੱਤਾਂ ਤੇ ਉਨ੍ਹਾਂ ਵਿਚੋਂ ਪ੍ਰਾਪਤ ਸਮੁੱਚੀ ਸਾਰਥਕਤਾ ਨੂੰ ਇਕ ਸੂਚੀ ਰਾਹੀਂ ਪੇਸ਼ ਕੀਤਾ ਗਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰਮ/ਸਿਸਟਮ		ਤੱਤ				ਪ੍ਰਾਪਤੀ/ਸਮੁੱਚੀ
ਸਿੱਖ	ਰਬ	ਗੁਰੂ	—	—	—	ਮੁਕਤੀ
ਇਸਲਾਮ	ਰਬ	—	ਰਸੂਲ	—	—	ਜੰਨਤ
ਹਿੰਦੂ	ਰਬ	ਗੁਰੂ	—	ਕਰਮ-ਕਾਂਡ	ਮੂਰਤੀ ਪੂਜਾ	ਸੁਰਗ

ਉਪਰੋਕਤ ਪੇਸ਼ ਕੀਤੀ ਸੂਚੀ ਤੋਂ ਸਪਸ਼ਟ ਹੈ ਕਿ ਤਿੰਨ ਧਰਮ-ਸਿਸਟਮਾਂ ਵਿਚਲੇ ਤੱਤਾਂ ਦੀ ਸਾਂਝ ਦੇ ਆਧਾਰ ਉੱਤੇ ਨ ਉਹ ਇਕ ਦੂਜੇ ਨਾਲ ਮਿਲਾਏ ਜਾ ਸਕਦੇ ਹਨ ਤੇ ਨਾ ਕੇਵਲ ਨਿੱਖੜਵੇਂ-ਤੱਤਾਂ ਦੇ ਆਧਾਰ ਉੱਤੇ ਉਹ ਇਕ ਦੂਜੇ ਤੋਂ ਨਿਖੇੜੇ ਜਾ ਸਕਦੇ ਹਨ। ਮੇਲ ਜਾਂ ਨਿਖੇੜੇ ਦਾ ਆਧਾਰ ਸਿਸਟਮ-ਚੇਤਨਾ ਹੈ। ਜੋ ਆਲੋਚਕ ਤੁਲਨਾਤਮਕ ਅਧਿਐਨ ਸਮੇਂ ਤੱਤ ਉੱਤੇ ਬਲ ਦਿੰਦਾ ਹੈ। ਉਹ ਦਰਅਸਲ ਇਕ ਕਿਰਤ ਦੀ ਪੈਰੋਲ ਨੂੰ ਦੂਜੀ ਕਿਰਤ ਦੀ ਪੈਰੋਲ ਨਾਲ ਮੇਲ ਕੇ ਸਿੱਟੇ ਕੱਢ ਰਿਹਾ ਹੁੰਦਾ ਹੈ। ਪਰ ਤੁਲਨਾਤਮਕ ਅਧਿਐਨ ਦੋ ਪੈਰੋਲਾਂ ਦਾ ਨਹੀਂ, ਉਨ੍ਹਾਂ ਦੀ ਸਮੁੱਚੀ 'ਲੈਂਗ' ਦਾ ਹੁੰਦਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਦੀ ਆਲੋਚਨਾਤਮਕ ਪ੍ਰਕਿਰਿਆ ਵਿਚ ਘਚੋਲਾ ਵਾਪਰਨ ਦਾ ਕਾਰਨ ਇਹ ਹੈ ਕਿ ਉਸ ਦੀ ਅਧਿਐਨ ਵਿੱਧੀ ਦਾ ਆਧਾਰ ਸਿਸਟਮ-ਚੇਤਨਾ ਨਹੀਂ, ਤੱਤ-ਚੇਤਨਾ ਹੈ।

ਡਾ. ਤਾਰਨ ਸਿੰਘ

ਡਾ. ਕੋਹਲੀ ਦੀ ਆਲੋਚਨਾ ਤੋਂ ਬਾਅਦ ਅਸੀਂ ਡਾ. ਤਾਰਨ ਸਿੰਘ ਦੀ ਨਾਨਕ-ਬਾਣੀ ਆਲੋਚਨਾ ਵਿਚ ਪਰਵੇਸ਼ ਕਰਦੇ ਹਾਂ। ਡਾ. ਤਾਰਨ ਸਿੰਘ ਦੀਆਂ ਨਾਨਕ-ਬਾਣੀ ਅਧਿਐਨ ਦੇ ਪਖੋਂ ਇਹ ਦੋ ਪੁਸਤਕਾਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ :

(1) ਗੁਰੂ ਨਾਨਕ ਚਿੰਤਨ ਤੇ ਕਲਾ (2) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ। ਭਾਵੇਂ ਦੋਹਾਂ ਹੀ ਪੁਸਤਕਾਂ ਦੇ ਸਿਰਲੇਖਾਂ ਅਤੇ ਦੋਹਾਂ ਹੀ ਪੁਸਤਕਾਂ ਵਿਚ ਕੀਤੀ ਬਹੁਤੀ ਗੁਰੂ ਨਾਨਕ-ਬਾਣੀ ਆਲੋਚਨਾ ਵਿਚ ਵਿਸ਼ੇ ਤੇ ਰੂਪ ਦੀ ਦ੍ਵੈਤੀ ਚੇਤਨਾ ਹੀ ਹਾਵੀ ਹੈ। ਪਰ ਕਿਧਰੇ ਕਿਧਰੇ ਇਹ ਆਲੋਚਨਾ ਨਾਨਕ-ਬਾਣੀ ਵਿਚਲੇ ਭਿੰਨ ਭਿੰਨ ਦੱਤਾਂ ਵਿਚ ਇਕ ਇਕਾਗਰਕਾਰੀ ਨੇਮ/ਪੈਟਰਨ ਨੂੰ ਲੱਭਣ ਵੱਲ ਵੀ ਰੁਚਿਤ ਹੈ। ਇਥੇ ਸਾਡਾ ਸੰਬੰਧ ਆਲੋਚਕ ਦੀ ਅਧਿਐਨ-ਵਿਧੀ ਨਾਲ ਹੈ। ਸਾਡੇ ਲਈ ਡਾ. ਤਾਰਨ ਸਿੰਘ ਦੀ ਆਲੋਚਨਾ ਸਾਰਥਕ ਤੇ ਸਹਾਈ ਇਸੇ ਤੱਥ ਵਿਚ ਹੈ ਕਿ ਉਸ ਨੇ ਗੁਰੂ ਨਾਨਕ-ਬਾਣੀ-ਆਲੋਚਨਾ ਦੇ ਇਤਿਹਾਸ ਵਿਚ ਪਹਿਲੀ ਵਾਰ ਅਜਿਹੀ ਚੇਤਨਾ ਦਾ ਸਬੂਤ ਦਿੱਤਾ ਹੈ ਜੋ ਤੱਤਾਂ ਤੋਂ ਉੱਪਰ ਉੱਠ ਕੇ ਕਿਸੇ ਕਿਰਤ ਦੇ ਸਮੁੱਚੇ ਇਕਾਗਰਕਾਰੀ ਨੇਮ/ਪੈਟਰਨ ਵੱਲ ਰੁਚਿਤ ਹੁੰਦੀ ਹੈ। ਡਾ. ਤਾਰਨ ਸਿੰਘ ਆਪ ਇਸ ਦੇਣ ਪ੍ਰਤੀ ਸ਼ਾਇਦ ਸੁਚੇਤ ਨਹੀਂ। ਰੂਪ ਤੇ ਵਿਸ਼ੇ ਦੀ ਦ੍ਵੈਤ ਤੇ ਆਧਾਰਿਤ ਚੇਤਨਾ ਸਹਿਜ-ਸੁਭਾਏ ਹੀ ਕਿਸੇ ਰਚਨਾ ਦੀ ਸਮੁੱਚੀ ਇਕਾਗਰਤਾ ਬਾਰੇ ਵੀ ਆਪਣਾ ਮਤ ਪੇਸ਼ ਕਰ ਜਾਂਦੀ ਹੈ। ਇਕ ਉਦਾਹਰਣ ਪੇਸ਼ ਹੈ :

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਲਾ ਕੌਸ਼ਲ ਦੀ ਸਫ਼ਲਤਾ ਦੀ ਪਹਿਲੀ ਸ਼ਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਹੈ ਕਿ ਕਵੀ ਰਾਗ ਤੇ ਕਾਵਿ ਦਾ ਸਫ਼ਲ ਸੰਜੋਗ ਕਰ ਸਕਿਆ ਹੈ। ਰਾਗ ਤੇ ਕਾਵਿ ਦੇ ਸਫ਼ਲ ਸੰਜੋਗ ਦਾ ਭਾਵ ਇਹ ਹੈ ਕਿ ਹਰ ਰਾਗ ਚਾ (1) ਰਸ, (2) ਗਾਇਨ ਸਮਾਂ, (3) ਗਾਇਨ-ਰੁਤ (4) ਵਾਈਉ ਮੰਡਲ ਤੇ (5) ਕੁਝ ਹੋਰ ਵਿਸ਼ੇਸ਼ ਗੱਲਾਂ, ਭਾਰਤੀ ਰਾਗ ਪਰੰਪਰਾ ਦੇ ਪ੍ਰਬੰਧ ਅਨੁਸਾਰ, ਨਿਸਚਿਤ ਹਨ ਅਤੇ ਰਾਗ ਵਿਚ ਰਚਨਾ ਕਰਨ ਵਾਲੇ ਕਵੀ ਨੇ ਰਚਨਾ ਦੇ ਹਰ ਅੰਗ ਜਿਵੇਂ ਸ਼ਬਦਾਵਲੀ, ਅਲੰਕਾਰ, ਛੰਦ, ਰਸ. ਮੰਡਲ ਤੇ ਵਿਸ਼ੇ ਚੋਣ, ਵਸਤੂ ਦੁਆਰਾ ਨਿਸ਼ਚਿਤ ਰਾਗ ਦਾ ਰਸ ਤੇ ਵਾਈਉ ਮੰਡਲ ਉਤਪੰਨ ਕਰਨਾ ਹੈ। ਜੇ ਇਹ ਪਰਾਪਤੀ ਹੋ ਸਕੀ ਹੈ. ਤਦ ਕਵੀ ਰਾਗ ਤੇ ਕਾਵਿ ਦਾ ਸਫ਼ਲ ਸੰਜੋਗ ਕਰ ਸਕਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਵੀ ਇਸ ਕਲਾ ਵਿਚ ਕਮਾਲ ਕਰ ਸਕੇ ਹਨ।

"ਇਸ ਰਾਗ (ਰਾਗ ਬਸੰਤ) ਵਿਚ ਰੁਚੀ ਕਵਿਤਾ ਦੀ ਸ਼ਬਦਾਵਲੀ. ਅਲੰਕਾਰਾਂ, ਚਿੰਨ੍ਹਾਂ, ਪ੍ਰਤੀਕਾਂ, ਰੂਪਕਾਂ, ਉਪਮਾਵਾਂ, ਰਸ ਆਦਿ ਨੂੰ ਬਸੰਤ ਰੁਤ ਦਾ ਵਾਈਉ ਮੰਡਲ ਉਤਪੰਨ ਕਰਨਾ ਚਾਹੀਦਾ ਹੈ। ਇਸ ਸੰਜੋਗ ਨੂੰ ਸਮਝਣ ਲਈ ਗੁਰੂ ਨਾਨਕ ਸਾਹਿਬ ਦਾ ਇਸ ਰਾਗ ਵਿਚ ਪਹਿਲਾ ਸ਼ਬਦ ਹੀ ਵੇਖੋ :

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ ॥੧॥
ਭੋਲਿਆ ਹਉਮੈ ਸੁਰਤਿ ਵਿਸਾਰਿ ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣ ਲੈ ਸਾਰਿ ॥੧॥ ਰਹਾਉ ॥
ਕਰਮ ਪੇਡ ਛਾਵ ਘਣੀ ਧਰਮੁ ਫੁਲੁ ਫਲੁ ਗਿਆਨੁ ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥
ਅਖੀ ਕੁਦਰਤਿ ਕੰਨੀ ਬਾਨੀ ਮੁਖਿ ਆਖਣੁ ਸਚੁ ਨਾਮੁ ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੨॥
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੈ ਸਮਾਇ। ੪॥੧॥

'ਸਦਾ ਬਸੰਤ ਹਰੇ ਨ ਸੂਕਹੀ' ਇਥੇ ਉਚਤਮ ਮਨੁਖੀ ਆਤਮਕ, ਸਰੀਰਕ, ਸਮਾਜਕ, ਮਾਨਸਕ, ਰਾਜਸੀ, ਸਦਾਚਾਰਕ ਦਸ਼ਾ ਦੇ ਚਿੰਨ੍ਹ ਮੰਨੇ ਹਨ। ਇਹ 'ਸਦਾ ਬਸੰਤੁ' ਤੇ 'ਹਰੇ ਭਰੇ' ਰਹਿਣ ਦੀ ਦਸ਼ਾ ਕਾਇਮ ਰਹਿਣੀ ਚਾਹੀਦੀ ਹੈ ਭਾਵੇਂ 'ਮਾਹਾ ਰੁਤੀ ਆਵਣਾ' ਪਇਆ ਹੋਵੇ। ਇਹ ਦਸ਼ਾ ਤਦ ਹੀ ਬਣਦੀ ਹੈ ਜੇ 'ਪਰਫੁੜ ਚਿਤ' ਚਿਤ ਪਰਫੁਲਤ ਹੋਵੇ। ਚਿਤ ਤਦ ਪਰਫੁਲਤ ਹੁੰਦਾ ਹੈ ਜੇ ਪਰਫੜੁ ਚਿਤਿ ਸਮਾਲਿ ਸੋਇ, ਸਦਾ ਸਦਾ ਗੋਬਿੰਦੁ' ਕਰੀਏ। 'ਚਿਤ' ਬਿਰਛ ਹੈ ਜੋ 'ਸਦਾ ਸਦਾ ਗੋਬਿੰਦ' ਕਰਨ ਨਾਲ ਹਰਾ ਭਰਾ, ਜਿਵੇਂ ਬਸੰਤ ਵਿਚ, ਹਰਾ ਰਹਿੰਦਾ ਹੈ। ਕਿਹੋ ਜਿਹੀ ਹੈ ਚਿਤ-ਬ੍ਰਿਛ ਦੀ ਹਰਿਆਵਲ 'ਕਰਮ-ਪੇਡੁ, ਸਾਖਾ ਹਰੀ, ਧਰਮੁ ਫੁਲੁ ਫਲੁ ਗਿਆਨ। ਪਤ ਪਰਾਪਤਿ, ਛਾਵ ਘਣੀ' ਇਹ ਦਸ਼ਾ ਬਣਦੀ ਹੈ ਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਹਉਮੈ ਸੁਰਤਿ ਵਿਸਾਰ' ਤੇ 'ਚੂਕਾ ਮਨ ਅਭਿਮਾਨੁ' ਹਵੇ ਜੋ 'ਸਦਾ ਸਦਾ ਗੋਬਿੰਦ' ਸਿਮਰਨ ਨਾਲ ਹੁੰਦਾ ਹੈ। **ਸੋ ਰਾਗ ਦੀ ਲੋੜ ਅਨੁਸਾਰ ਜੀਵਨ ਆਦਰਸ਼ 'ਬਸੰਤ', 'ਸਦਾ ਬਸੰਤ' ਬਣ ਗਿਆ ਹੈ, 'ਚਿਤ' 'ਬ੍ਰਿਛ' ਬਣ ਗਇਆ ਹੈ, 'ਧਰਮ' 'ਫੂਲੁ' ਹੋ ਗਇਆ ਹੈ, 'ਗਿਆਨ' 'ਫਲੁ' ਹੋ ਗਇਆ ਹੈ ; 'ਕਰਮ' 'ਪੇਡੁ' ਬਣ ਗਇਆ ਹੈ ਆਦਿ। ਇਸ ਤਰ੍ਹਾਂ ਰਾਗ ਦਾ ਨਿਸ਼ਚਿਤ ਵਾਯੂ ਮੰਡਲ ਉਤਪੰਨ ਕਰਨ ਲਈ ਸ਼ਬਦਾਵਲੀ, ਚਿਨ੍ਹਾਂ ਅਲੰਕਾਰਾਂ ਨੇ ਯੋਗ ਲੋੜੀਂਦਾ ਰੂਪ ਧਾਰਨ ਕੀਤਾ ਹੈ। ਇਹ ਹੈ ਰਾਗ ਤੇ ਕਾਵਿ ਦਾ ਸਫਲ ਸੰਜੋਗ।"[69]**

ਸਪਸ਼ਟ ਹੈ ਉਪਰੋਕਤ ਆਲੋਚਨਾ-ਵਿਧੀ ਦੀ ਦ੍ਰਿਸ਼ਟੀ ਤੱਤਾਂ ਤੋਂ ਉੱਪਰ ਉੱਠ ਕੇ, ਤੱਤਾਂ ਨੂੰ ਇਕਾਗਰਤਾ ਪ੍ਰਦਾਨ ਕਰਨ ਵਾਲੇ ਕਿਸੇ ਸਮੁੱਚੇ ਸਿਧਾਂਤ ਨੂੰ ਨਿਸ਼ਚਿਤ ਕਰਨ ਵੱਲ ਰੁਚਿਤ ਹੈ। ਆਲੋਚਕ ਅਨੁਸਾਰ ਬਾਣੀ ਦਾ ਇਕਾਗਰਕਾਰੀ ਸਿਧਾਂਤ, ਰਾਗ ਹੈ। ਬਾਣੀ ਦੇ ਭਿੰਨ ਭਿੰਨ ਤੱਤਾਂ ਦੇ ਆਪਸੀ ਸੰਬੰਧਾਂ ਨੂੰ ਆਲੋਚਕ ਰਾਗ ਦੇ ਇਕਾਗਰਕਾਰੀ ਸਮੁੱਚੇ ਸਿਧਾਂਤ ਨਾਲ ਸੰਬੰਧਿਤ ਕਰਕੇ ਨਿਸ਼ਚਿਤ ਕਰਦਾ ਹੈ। ਸਾਡੇ ਮੱਤ ਅਨੁਸਾਰ ਡਾ. ਤਾਰਨ ਸਿੰਘ ਦੀ ਪੰਜਾਬੀ ਆਲੋਚਨਾਤਮਕ ਸੰਸਕਾਰ ਨੂੰ ਸਹਿਜ-ਸੁਭਾਵੀ ਪ੍ਰਦਾਨ ਕੀਤੀ ਇਹ ਦੇਣ ਮਹੱਤਵਪੂਰਨ ਹੈ। ਇਸ ਤੋਂ ਪਹਿਲਾਂ ਪੰਜਾਬੀ ਆਲੋਚਨਾ ਦੀ ਚੇਤਨਾ ਤਤ-ਆਧਾਰਿਤ ਹੀ ਰਹੀ ਹੈ। ਪਰ ਡਾ. ਤਾਰਨ ਸਿੰਘ ਦੀ ਆਲੋਚਨਾ ਨਾਲ ਇਹ ਅਚੇਤੇ ਹੀ ਇਕਾਗਰਕਾਰੀ ਪੈਟਰਨ ਨੂੰ ਨਿਸ਼ਚਿਤ ਕਰਨ ਵੱਲ ਰੁਚਿਤ ਹੈ। ਇਹ ਰਚਨਾ ਦੇ ਸਮੁੱਚੇ ਪਾਠ ਦੇ ਬਹੁ ਪਰਤੀਏ ਸੰਗਠਨ ਵੱਲ ਧਿਆਨ ਦੇਂਦੀ ਹੈ। ਇਸ ਕਾਰਨ ਇਹ ਇੱਕ ਮੁੱਲਵਾਨ ਪ੍ਰਾਪਤੀ ਹੈ।

ਪਿਛੇ ਅਸੀਂ ਗੁਰਬਾਣੀ ਦੇ ਅਧਿਐਨ ਸੰਬੰਧੀ ਪਰੰਪਰਾ ਵਿਚ ਪ੍ਰਚਲਿਤ ਵਿਧੀਆਂ ਅਤੇ ਅੰਗਰੇਜ਼ੀ ਰਾਜ ਦੁਆਰਾ ਸਾਹਮਣੇ ਆਉਣ ਵਾਲੇ ਸਾਹਿਤ-ਸਭਿਆਚਾਰ ਦੇ ਅਧੀਨ ਪੈਦਾ ਹੋਣ ਵਾਲੀਆਂ ਆਲੋਚਨਾ ਤੇ ਵਿਆਖਿਆ ਦੀਆਂ ਵਿਧੀਆਂ ਅਨੁਸਾਰ ਚਰਚਾ ਕਰਨ ਦੀ ਚੇਸ਼ਟਾ ਕੀਤੀ ਹੈ। ਇਸ ਦੇ ਮੁਤਾਬਕ ਅਸੀਂ ਵੱਖਰੇ ਵੱਖਰੇ ਵਿਦਵਾਨਾਂ ਦੁਆਰਾ ਕੀਤੇ ਗਏ ਬਾਣੀ-ਅਧਿਐਨ ਦੀ ਪਛਾਣ ਨੂੰ ਉਘਾੜਨ ਦਾ ਯਤਨ ਤਾਂ ਕੀਤਾ ਹੀ ਹੈ ਪਰ ਇਸ ਦੇ ਨਾਲ ਨਾਲ ਅਚੇਤੇ ਹੀ ਇਕ ਵਿਸ਼ੇਸ਼ ਧਾਰਨਾ ਵੀ ਪਰਪੱਕ ਹੁੰਦੀ ਗਈ ਹੈ। ਇਹ ਧਾਰਨਾ ਗੁਰਬਾਣੀ ਨੂੰ ਇਕ ਅਜਿਹਾ ਸਰਬਗ੍ਰਾਹੀ ਪ੍ਰਬੰਧ ਸਮਝ ਕੇ ਚੱਲਣ ਵਾਲੀ ਹੈ, ਜਿਸ ਵਿਚੋਂ ਅਤੀਤ, ਵਰਤਮਾਨ ਤੇ ਭਵਿੱਖ ਦੀਆਂ ਸਾਰੀਆਂ ਧਾਰਨਾਵਾਂ ਦੇ ਆਧਾਰ ਉਤੇ ਵਿਆਖਿਆ ਹੋ ਸਕਣ ਵਾਲੇ ਪ੍ਰਮਾਣ ਲੱਭ ਸਕਦੇ ਹਨ। ਇਸੇ ਰੁਚੀ ਅਧੀਨ ਸਾਰੇ ਵਿਦਵਾਨਾਂ ਨੇ ਆਪੋ ਆਪਣੀ ਵਿਧੀ ਉਪਰ ਗੁਰਬਾਣੀ ਨੂੰ ਘਟਾ ਕੇ, ਆਪਣਾ ਘਰ ਭਲੀ ਪ੍ਰਕਾਰ ਪੂਰਾ ਕੀਤਾ ਹੈ। ਇਸ ਤਰ੍ਹਾਂ ਇਹ ਵਿਆਖਿਆ-ਵਿਧੀ ਇਕ ਤਰ੍ਹਾਂ ਨਾਲ ਸਾਮੂਹਿਕ ਪੱਧਰ ਉਤੇ ਪੰਜਾਬੀ ਮਾਨਸਿਕਤਾ ਦੀ ਵਿਆਖਿਆ ਵਿਧੀ ਬਣ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਿੰਸੀਪਲ ਸੰਤ ਸਿੰਘ ਸੇਖੋਂ

ਉਪਰੋਕਤ ਸਰਬਗ੍ਰਾਹੀ ਵਿਧੀ ਰਾਹੀਂ ਕੀਤੀ ਗੁਰਬਾਣੀ-ਵਿਆਖਿਆ ਤੋਂ ਉਪਰੰਤ ਜਦੋਂ ਅਸੀਂ ਮਾਰਕਸਵਾਦੀ ਦ੍ਰਿਸ਼ਟੀ ਤੋਂ ਬਾਣੀ ਦੀ ਕੀਤੀ ਗਈ ਵਿਆਖਿਆ ਦਾ ਮੁਲੰਕਣ ਕਰਨ ਵੱਲ ਰੁਚਿਤ ਹੁੰਦੇ ਹਾਂ ਤਾਂ ਵੀ ਅਸੀਂ ਵੇਖਦੇ ਹਾਂ ਕਿ ਮਾਰਕਸਵਾਦੀ ਦ੍ਰਿਸ਼ਟੀ ਤੋਂ ਪੇਸ਼ ਕੀਤੀ ਗੁਰਬਾਣੀ-ਵਿਆਖਿਆ ਦੇ ਪਿਛੇ ਵੀ ਇਹੋ ਹੀ ਸੰਸਕਾਰ ਕੰਮ ਕਰਦਾ ਪ੍ਰਤੀਤ ਹੁੰਦਾ ਹੈ। ਜੇ ਕੋਈ ਅੰਤਰ ਹੈ ਤਾਂ ਉਹ ਪ੍ਰਸੰਗ ਦਾ ਹੀ ਹੈ। ਇਸ ਦਾ ਭਾਵ ਇਹ ਹੈ ਕਿ ਸਾਡੇ ਮਾਰਕਸਵਾਦੀ ਵਿਆਖਿਆਕਾਰ ਵੀ ਵਿਆਖਿਆ ਦੀ ਦ੍ਰਿਸ਼ਟੀ ਤੋਂ ਜਿਸ ਵਿਧੀ ਨੂੰ ਅਪਣਾਉਂਦੇ ਹਨ, ਉਸ ਦਾ ਪੁਰਾਣੀ ਵਿਆਖਿਆ-ਵਿਧੀ ਤੋਂ ਕੋਈ ਬਹੁਤਾ ਅੰਤਰ ਨਹੀਂ। ਜੇ ਅੰਤਰ ਹੈ ਤਾਂ ਕੇਵਲ ਇਸ ਗਲ ਦਾ ਕਿ ਇਹ ਗੁਰਬਾਣੀ ਨੂੰ ਮਾਰਕਸਵਾਦੀ ਸਿਧਾਂਤ ਉਤੇ ਘਟਾ ਕੇ ਵੇਖਦੇ ਹਨ। ਇਸ ਤਰ੍ਹਾਂ ਦਾ ਅਧਿਐਨ ਪੰਜਾਬੀ ਵਿਚ ਪ੍ਰਿੰ. ਸੰਤ ਸਿੰਘ ਸੇਖੋਂ ਦੀ ਆਲੋਚਨਾ ਨਾਲ ਪਰਵੇਸ਼ ਕਰਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਪਾਸ ਮਾਰਕਸਵਾਦ ਦੇ ਆਧਾਰ ਉਤੇ ਆਪਣੀ ਦੇਸੀ ਸਭਿਆਚਾਰਕ ਵਿਰਾਸਤ ਲਈ ਕੰਮ ਆ ਸਕਣ ਵਾਲਾ ਇਕ ਅਗਾਂਹ ਵਧੂ ਦ੍ਰਿਸ਼ਟੀਕੋਣ ਹੈ, ਜਿਸ ਦੇ ਆਧਾਰ ਉਤੇ ਉਹ ਪੰਜਾਬੀ ਸਭਿਆਚਾਰ ਦੀਆਂ ਵੱਖ ਵੱਖ ਪਰਪਾਟੀਆਂ ਦਾ ਅਧਿਐਨ-ਵਿਸ਼ਲੇਸ਼ਣ ਪੇਸ਼ ਕਰਦਾ ਹੈ। ਸੰਤ ਸਿੰਘ ਸੇਖੋਂ ਦੇ ਮੁਤਾਬਕ ਮਾਰਕਸਵਾਦ ਦਾ ਆਧਾਰ ਇਕ ਤਾਂ ਬੁਨਿਆਦੀ ਆਰਥਕ ਪ੍ਰਬੰਧ ਹੈ ਤੇ ਦੂਸਰਾ ਇਸ ਆਰਥਕ ਪ੍ਰਬੰਧ ਦੇ ਆਧਾਰ ਉਤੇ ਇਤਿਹਾਸ ਵਿਚ ਉਸਰਦੀ ਨਿਸਰਦੀ ਸਮਾਜਕ ਜ਼ਿੰਦਗੀ ਦਾ ਪ੍ਰਬੰਧ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਾ ਹੋਇਆ ਸੰਤ ਸਿੰਘ ਸੇਖੋਂ ਇਹ ਕਹਿੰਦਾ ਹੈ ਕਿ ਗੁਰਬਾਣੀ ਮੁਗ਼ਲਈ ਸਾਮੰਤਸ਼ਾਹੀ ਦੇ ਦਬਾਵਾਂ ਅਧੀਨ ਉਪਜਣ ਵਾਲਾ ਪ੍ਰਬੰਧ ਹੈ ਤੇ ਇਹ ਪ੍ਰਬੰਧ ਰਾਜ-ਵਿਦਰੋਹੀ ਤੇ ਲੋਕ-ਹਿਤੈਸ਼ੀ ਹੈ। ਪਰ ਇਸ ਵਿਚਲਾ ਰਾਜ-ਵਿਦਰੋਹ ਤੇ ਲੋਕ-ਕਲਿਆਣ ਸਾਮੰਤਸ਼ਾਹੀ ਦੀਆਂ ਸਾਰੀਆਂ ਪ੍ਰਬੰਧੀ ਕਰੜਾਈਆਂ ਤੇ ਲੋਕ-ਮਜ਼ਬੂਰੀਆਂ ਦੇ ਅਧੀਨ ਹੀ ਸਾਹਮਣੇ ਆਉਂਦਾ ਹੈ। ਇਸ ਤਰ੍ਹਾਂ ਸੰਤ ਸਿੰਘ ਸੇਖੋਂ ਸਮਾਜ ਤੇ ਸਮਾਜਕ-ਸਮੱਸਿਆਵਾਂ ਨੂੰ ਕੇਂਦਰ ਵਿਚ ਰੱਖ ਕੇ ਇਨ੍ਹਾਂ ਸੰਬੰਧੀ ਗੁਰਬਾਣੀ ਦੇ ਨਜ਼ਰੀਏ ਨੂੰ ਪੇਸ਼ ਕਰ ਦੇਂਦਾ ਹੈ। ਇਸ ਤਰੀਕੇ ਨਾਲ ਗੁਰਬਾਣੀ ਦੀ ਵਿਆਖਿਆ ਵਿਚੋਂ ਅਧਿਆਤਮਕ ਆਯਾਮ ਦੇ ਬਹੁਤ ਸਾਰੇ ਸੰਕਲਪ ਆਪਣੇ ਆਪ ਬਾਹਰ ਹੋ ਜਾਂਦੇ ਹਨ। ਆਪਣੀ ਆਲੋਚਨਾ-ਪ੍ਰਕਿਰਿਆ ਵਿਚ ਸੰਤ ਸਿੰਘ ਸੇਖੋਂ ਬਾਣੀ-ਸੰਰਚਨਾਂ ਵਿਚੋਂ ਉਹ ਤੱਤ ਚੁਣ ਕੇ ਗ੍ਰਹਿਣ ਕਰ ਲੈਂਦੇ ਹਨ ਜੋ ਕਿ ਉਨ੍ਹਾਂ ਦੀ ਆਲੋਚਨਾ ਵਿਧੀ ਲਈ ਸਾਰਥਕ ਹਨ ਜੋ ਤੱਤ ਉਨ੍ਹਾਂ ਲਈ ਸਾਰਥਕ ਨਹੀਂ ਉਨ੍ਹਾਂ ਨੂੰ ਤਿਆਗ ਦਿੰਦੇ ਹਨ। ਸੰਤ ਸਿੰਘ ਸੇਖੋਂ ਦੇ ਹੇਠਲੇ ਕਥਨ ਤੋਂ ਉਨ੍ਹਾਂ ਦੀ ਮਾਰਕਸਵਾਦੀ ਆਲੋਚਨਾ ਦੀ ਬਿਰਤੀ ਸਪਸ਼ਟ ਹੋ ਜਾਂਦੀ ਹੈ :

> ਇਸ ਦਾ ਭਾਵ ਇਹ ਨਹੀਂ ਕਿ ਅਜੋਕੇ ਸਾਹਿਤ ਤੇ ਪੁਰਾਤਨ ਸਾਹਿਤ, ਆਦਿ ਵਿਚ ਕੋਈ ਵੀ ਅਜਿਹੇ ਗੁਣ ਜਾਂ ਅੰਸ਼ ਨਹੀਂ, ਜਿਨ੍ਹਾਂ ਨੂੰ ਸਾਂਝੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਪਾਂ ਨਾਲ ਜਾਚਿਆ ਜਾ ਸਕੇ। ਨਹੀਂ, ਅਜਿਹੇ ਸਾਂਝੇ ਗੁਣ ਜਾਂ ਅੰਸ਼ ਵੀ ਚੋਖੇ ਹਨ, ਪਰ ਇਹ ਨਿਸ਼ਚੇ ਹੈ ਕਿ ਪੁਰਾਤਨ ਤੇ ਅਜੋਕੇ ਸਾਹਿਤ, ਆਦਿ, ਵਿਚ ਗੁਣ ਅਥਵਾ ਪ੍ਰਕਾਰ ਦਾ ਭੇਦ ਵੀ ਉਤਪੰਨ ਹੋ ਗਇਆ ਹੈ, ਜਿਥੇ ਕੋਈ ਸਾਂਝੇ ਮਾਪ ਨਹੀਂ ਵਰਤੇ ਜਾ ਸਕਦੇ। ਇਸ ਗੱਲ ਨੂੰ ਸਪਸ਼ਟ ਕਰਨ ਲਈ ਮੈਂ ਗੁਰੂ ਨਾਨਕ ਜੀ ਦਾ ਇਹ ਛੰਦ ਲੈਂਦਾ ਹਾਂ :

ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥੧॥
ਆਦੇਸ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਖ ॥੧॥ ਰਹਾਉ ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥...

ਧਨੁ ਜੋਬਨੁ ਦੁਇ ਵੈਰੀ ਹੋਇ, ਜਿਨੀ ਰਖੇ ਰੰਗਿ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ, ਜੇ ਭਾਵੈ ਦੇਇ ਸਜਾਇ ॥੪॥

"ਇਸ ਸ਼ਬਦ ਵਿਚ ਇਕ ਪ੍ਰਸਿੱਧ ਇਤਿਹਾਸਕ ਘਟਨਾ, ਬਾਬਰ ਦੇ ਭਾਰਤ-ਪੰਜਾਬ ਉਤੇ ਧਾਵੇ ਦਾ ਵਰਣਨ ਹੈ। ਉਸ ਸਮੇਂ ਜੋ ਦੁਰਦਸ਼ਾ ਪੰਜਾਬ ਦੇ ਲੋਕਾਂ ਦੀ ਹੋਈ ਉਸ ਦੀ ਇਕ ਅਤਿ ਪ੍ਰਭਾਵਕ ਝਾਕੀ ਦਿਖਾਈ ਗਈ ਹੈ। ਇਥੋਂ ਤਕ ਇਸ ਅਧਿਭੌਤਿਕ ਯਥਾਰਥਕ-ਵਰਣਨ ਦਾ ਸੰਬੰਧ ਹੈ, ਇਹ ਇਕ ਅਜਿਹਾ ਅਨੁਭਵ ਹੈ ਜਿਸ ਦੇ ਮਾਪ ਹੁਣ ਤਕ ਵੀ ਲਾਗੂ ਹਨ। ਇਹ ਇਕ ਅਜਿਹੀ ਇਤਿਹਾਸਕ ਵਿਪਤਾ ਹੈ ਜੋ ਜਾਤੀਆਂ ਉਤੇ ਅੱਜ ਕੱਲ੍ਹ ਦੇ ਸਮੇਂ ਵਿਚ ਵੀ ਵਾਪਰਦੀ ਹੈ ਤੇ ਪਤਾ ਨਹੀਂ ਕਦੋਂ ਤਕ ਵਾਪਰਦੀ ਰਹੇਗੀ। ਜਿਥੋਂ ਤਕ ਇਸ ਵਿਚਲੇ ਮਾਨਵੀ-ਦੁਖ, ਇਸ ਵਿਚਲੀ ਪੀੜ ਤੇ ਅਣਖ ਦਾ ਸੰਬੰਧ ਹੈ, ਇਹ ਅਸੀਂ ਅੱਜ ਵੀ ਅਨੁਭਵ ਕਰ ਸਕਦੇ ਹਾਂ। ਖਾਸ ਕਰਕੇ ਗੁਰੂ ਨਾਨਕ ਦੇ ਸਮੇਂ ਦੀ ਇਹ ਸਥਿਤੀ, ਦੇਸ਼ ਦੇ ਕਿਸੇ ਬਾਹਰਲੀ ਸਾਮਰਾਜੀ ਸ਼ਕਤੀ ਦੇ ਅਧੀਨ ਹੋ ਜਾਣਾ, ਅਸਾਡੇ ਆਪਣੇ ਜੀਵਨ ਵਿਚ ਵੀ ਆਪਣਾ ਸਮਾਨ ਰੂਪ ਦਰਸਾਂਦੀ ਹੈ, ਅਸਾਡੇ ਦੇਸ਼ ਦਾ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੋਣਾ। ਇਸ ਕਾਰਣ ਇਸ ਛੰਦ ਦੀ ਕਵਿਤਾ ਵਿਚਲੇ ਭਾਵਾਂ ਦਾ ਅਸਾਡੀ ਆਤਮਾ, ਅਸਾਡੇ ਅਨੁਭਵ ਵਿਚ ਅੱਜ ਵੀ ਚੋਖਾ ਮੁੱਲ ਹੈ। ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਚਲੇ ਪਿਛਲੇ ਕੁਝ ਭਾਵਾਂ ਬਾਰੇ ਅਸੀਂ ਇਹ ਨਹੀਂ ਆਖ ਸਕਦੇ ਜਿਵੇਂ :

ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥...

ਜੇ ਤਿਸ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥

"...ਜਿਥੋਂ ਤਕ ਅਸਾਡੇ ਸੰਸਾਰ ਦੇ ਮੁਖੀ, ਅਗਰਗਾਮੀ ਪ੍ਰਤਿਨਿਧ ਅਨੁਭਵਾਂ ਦਾ ਸੰਬੰਧ ਹੈ, ਉਹਨਾਂ ਵਿਚ ਇਹ ਅਧਿਦੈਵਿਕ ਅੰਸ਼ ਪ੍ਰਵੇਸ਼ ਨਹੀਂ ਕਰ ਸਕਦੇ ।[70]

ਉਪਰੋਕਤ ਟੂਕ ਸੰਤ ਸਿੰਘ ਦੀ ਬਾਣੀ-ਵਿਆਖਿਆ ਵਿਧੀ ਦੀ ਪ੍ਰਤਿਨਿਧ ਉਦਾਹਰਣ ਕਹੀ ਜਾ ਸਕਦੀ ਹੈ। ਇਸ ਤਰੀਕੇ ਨਾਲ ਸੇਖੋਂ-ਸਮੀਖਿਆ ਬਾਣੀ ਵਿਚਲੇ ਅਧਿਆਤਮਕ ਆਯਾਮ ਨਾਲ ਸੰਬੰਧਿਤ ਸੰਕਲਪਾਂ ਨੂੰ ਇਸ ਲਈ ਤਿਆਗ ਦੇਂਦਾ ਹੈ ਕਿਉਂਕਿ ਉਹ ਉਸ ਦੇ ਅਗਰਗਾਮੀ ਢਾਂਚੇ ਵਿਚ ਪ੍ਰਵੇਸ਼ ਨਹੀਂ ਕਰ ਸਕਦੇ । ਉਹ ਕੇਵਲ ਅਜਿਹੇ ਅਧਿਆਤਮਕ ਸੰਕਲਪਾਂ ਦੀ ਵਿਆਖਿਆ ਪੇਸ਼ ਕਰਦਾ ਹੈ ਜੋ ਇਕ ਰੂਪਕ ਦੀ ਪੱਧਰ ਉੱਤੇ ਜਾਂ ਤਾਂ ਰਾਜ-ਵਿਦਰੋਹ ਨਾਲ ਜੁੜੇ ਹੁੰਦੇ ਹਨ ਜਾਂ ਇਤਿਹਾਸਕ ਹਾਲਾਤ ਨਾਲ ਜਾਂ ਲੋਕ-ਕਲਿਆਨ ਨਾਲ । ਮਿਸਾਲ ਵਜੋਂ ਸੰਤ ਸਿੰਘ ਸੇਖੋਂ ਦੇ ਸਾਰੇ ਬਾਣੀ-ਅਧਿਐਨ ਵਿਚ ਜਪੁ ਜੀ ਦੀ ਵਿਆਖਿਆ ਤੇ ਵਿਸ਼ਲੇਸ਼ਣ ਕਿਤੇ ਵੀ ਨਹੀਂ ਆਉਂਦਾ। ਇਸ ਦਾ ਕਾਰਨ ਇਹ ਹੀ ਹੈ ਕਿ ਜਪੁ ਜੀ ਦੇ ਸਾਰੇ ਪਾਠ-ਪ੍ਰਬੰਧ ਵਿਚ ਰੂਪਕ ਜਾਂ ਦ੍ਰਿਸ਼ਟਾਂਤਕ ਸਪਸ਼ਟਤਾ ਦੀ ਪੱਧਰ ਉੱਤ ਕੰਮ ਕਰਨ ਵਾਲੇ ਸ਼ਬਦ ਜਾਂ ਸੰਕਲਪ ਬਹੁਤ ਘਟ ਆਏ ਹਨ ਅਤੇ ਸਾਰਾ ਪਾਠ ਇਕ ਵਿਸ਼ੇਸ਼ ਪ੍ਰਕਾਰ ਦੇ ਅਧਿਆਤਮਕ ਦਰਸ਼ਨ ਨੂੰ ਪ੍ਰਕਾਸ਼ਮਾਨ ਕਰਦਾ ਹੈ। ਸਮਾਜਕ ਉਸਾਰ ਵਿਚ ਇਹ ਇਕ ਅਜਿਹੀ ਪ੍ਰਾਪਤੀ ਹੈ ਜਿਸ ਨੂੰ ਨ ਤਾਂ ਸਿੱਧਾ ਹੀ ਇਤਿਹਾਸਕ ਪਰਿਸਥਿਤੀਆਂ ਉੱਤੇ ਘਟਾਇਆ ਜਾ ਸਕਦਾ ਹੈ, ਨ ਦ੍ਵੰਦਾਤਮਕਤਾ ਉੱਪਰ, ਨ ਹੀ ਆਰਥਕ ਪ੍ਰਬੰਧ ਉੱਪਰ ਤੇ ਨ ਹੀ ਰਾਜਸੀ ਢਾਂਚੇ ਉੱਪਰ । ਇਹ ਹੀ ਕਾਰਨ ਹੈ ਕਿ ਜਪੁ ਜੀ ਤੇ ਜਪੁ ਵਰਗੀਆਂ ਹੋਰ ਬਾਣੀਆਂ ਸੰਤ ਸਿੰਘ ਸੇਖੋਂ ਦੇ ਮਾਰਕਸਵਾਦੀ ਅਧਿਐਨ ਵਿਸ਼ਲੇਸ਼ਣ ਦਾ ਆਧਾਰ ਜਾਂ ਭਾਗ ਨਹੀਂ ਬਣ ਸਕੀਆਂ। ਆਮ ਤੌਰ ਉੱਤੇ ਵੇਖਣ ਵਿਚ ਆਉਂਦਾ ਹੈ ਕਿ ਸੰਤ ਸਿੰਘ ਸੇਖੋਂ ਇਕ ਤਾਂ ਉਨ੍ਹਾਂ ਟੂਕਾਂ ਨੂੰ ਆਪਣੇ ਸਿਧਾਂਤ ਦੇ ਸਮਰਥਨ ਵਿਚ ਵਰਤਦਾ ਹੈ, ਜਿਸ ਵਿਚ ਦੁਨਿਆਵੀ ਰਾਜਿਆਂ ਦੇ ਮੁਕਾਬਲੇ ਉੱਤੇ ਸੱਚੇ ਪਾਤਸ਼ਾਹ ਦਾ ਸੰਕਲਪ ਹੈ। ਇਸ ਪ੍ਰਸੰਗ ਵਿਚ ਉਹ ਪਾਤਸ਼ਾਹ ਤੋਂ ਆਪਣੀ ਵਿਆਖਿਆ ਦੀ ਦਿਸ਼ਾ ਪ੍ਰਾਪਤ ਕਰ ਲੈਂਦਾ ਹੈ ਤੇ ਇਸ ਪ੍ਰਸੰਗ ਵਿਚ ਆਉਣ ਵਾਲੀਆਂ ਸਾਰੀਆਂ ਟੂਕਾਂ ਇਸੇ ਸੰਦਰਭ ਵਿਚ ਪੇਸ਼ ਕਰੀ ਜਾਂਦਾ ਹੈ । ਇਸ ਤੋਂ ਉਪਰੰਤ ਬਾਬਰਵਾਣੀ ਵਾਲੇ ਸ਼ਬਦ ਸੰਤ ਸਿੰਘ ਸੇਖੋਂ ਦੀ ਅਧਿਐਨ-ਵਿਧੀ ਵਿਚ ਖਾਸ ਮਹੱਤਾ ਰੱਖਦੇ ਹਨ । ਇਹ ਵੀ ਇਸ ਲਈ ਕਿ ਇਨ੍ਹਾਂ ਸ਼ਬਦਾਂ ਵਿਚ ਅਜਿਹੀ ਸਮਗਰੀ ਖਾਸੀ ਮੌਜੂਦ ਹੈ ਜੋ ਸਾਨੂੰ ਸ਼ਬਦ ਦੀ ਜਾਂ ਬਾਣੀ ਅੰਦਰਲੀ ਬਣਤਰ ਤੋਂ ਤੋੜ ਕੇ ਸਿੱਧਾ ਹੀ ਇਤਿਹਾਸ ਵੱਲ ਲੈ ਜਾਂਦੀ ਹੈ। ਸੰਤ ਸਿੰਘ ਸੇਖੋਂ ਅਜਿਹੀਆਂ ਇਤਿਹਾਸ ਦਿਸ਼ਾਵੀ ਟੂਕਾਂ ਦੇ ਆਧਾਰ ਉੱਤੇ ਆਪਣੀ ਵਿਆਖਿਆ ਪੇਸ਼ ਕਰ ਦੇਂਦਾ ਹੈ । ਜਦੋਂ ਅਸੀਂ ਇਨ੍ਹਾਂ ਸ਼ਬਦਾਂ ਦਾ ਗੰਭੀਰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਹਿਤ ਸਮੁੱਚਾ ਪਾਠ ਕਰਦੇ ਹਾਂ ਤਾਂ ਪਤਾ ਚਲਦਾ ਹੈ ਕਿ ਹਰ ਸ਼ਬਦ ਵਿਚ ਗੁਰੂ ਸਾਹਿਬ ਇਤਿਹਾਸਕ ਸਮਗਰੀ ਦਾ ਵਿਵਰਣ ਦੇਣ ਤੋਂ ਬਾਅਦ ਸਾਰੀ ਗੱਲ ਨੂੰ ਇਕ ਮੋੜ ਵੀ ਦੇਂਦੇ ਹਨ। ਇਕ ਸ਼ਬਦ ਵਿਚ ਇਸ ਤਰ੍ਹਾਂ ਦੇ ਕਈ ਮੋੜ ਆਉਂਦੇ ਹਨ, ਜਿਨ੍ਹਾਂ ਦਾ ਮਤਲਬ ਇਹ ਹੁੰਦਾ ਹੈ ਕਿ ਇਸ ਬਿੰਦੂ ਉੱਤੇ ਉਪਰੋਕਤ ਵਿਚ ਦਿੱਤਾ ਜਾ ਰਿਹਾ ਵਿਵਰਣ-ਪ੍ਰਪੰਚ ਇਸ ਦਿਸ਼ਾ ਵਿਚ ਵੇਖਿਆ ਜਾਏ। ਇਹ ਮੋੜ ਸਾਰੀ ਸਮਗਰੀ ਨੂੰ ਅਧਿਆਤਮਿਕਤਾ ਵਿਚ ਉਲਟਾ ਕੇ ਵੇਖਣ ਦਾ ਸੰਕੇਤ ਦੇਣ ਵਾਲਾ ਹੁੰਦਾ ਹੈ। ਪਰ ਸਾਡਾ ਵਿਆਖਿਆਕਾਰ ਇਨ੍ਹਾਂ ਵੱਲ ਧਿਆਨ ਹੀ ਨਹੀਂ ਕਰਦਾ। ਅਸੀਂ ਇਹ ਤਾਂ ਮੰਨ ਸਕਦੇ ਹਾਂ ਕਿ ਅਜਿਹੇ ਪਾਠਾਂ ਦੀ ਬਹੁ-ਅਰਥਤਾ ਨੂੰ ਉਘਾੜਨ ਲਈ ਅਸੀਂ ਕਿਸੇ ਇਕ ਧਾਰਨਾ ਦੀ ਪਾਠ ਵਿਚ ਸਰਦਾਰੀ ਮੰਨਣ ਤੋਂ ਇਨਕਾਰੀ ਹਾਂ ਪਰ ਇਹ ਕਦਾਚਿਤ ਨਹੀਂ ਮੰਨ ਸਕਦੇ ਕਿ ਕੁਝ ਟੂਕਾਂ ਨੂੰ ਆਪਣੇ ਧਿਆਨ ਤੋਂ ਬਾਹਰ ਕੱਢ ਕੇ ਉਨ੍ਹਾਂ ਦੀ ਵਿਆਖਿਆ ਕਰ ਦਿੱਤੀ ਜਾਵੇ।

ਸੰਤ ਸਿੰਘ ਸੇਖੋਂ ਦੀ ਅਜਿਹੀ ਵਿਧੀ ਹੋਰ ਉਘੜਦੀ ਹੈ ਜਦੋਂ ਉਹ ਆਸਾ ਦੀ ਵਾਰ ਵਿਚੋਂ ਰਾਜਿਆਂ ਸੰਬੰਧੀ, ਇਤਿਹਾਸਕ ਜੁਗਗਰਦੀ ਸੰਬੰਧੀ ਆਪਣੇ ਸਿਧਾਂਤ ਨੂੰ ਸਮਰਥਨ ਦੇਣ ਵਾਲੀਆਂ ਟੂਕਾਂ ਲੱਭ ਲੈਂਦਾ ਹੈ ਅਤੇ ਇਨ੍ਹਾਂ ਆਧਾਰਾਂ ਉੱਤੇ ਗੁਰਬਾਣੀ ਨੂੰ ਸਮੇਂ ਦੀਆਂ ਦੂਸਰੀਆਂ ਪਾਠ-ਪ੍ਰਣਾਲੀਆਂ ਦੇ ਮੁਕਾਬਲੇ ਉੱਤੇ ਅਗਾਂਹਵਧੂ ਦ੍ਰਿਸ਼ਟੀ ਵਾਲੀ ਰਚਨਾ ਕਹਿੰਦਾ ਹੈ।

ਉਪਰੋਕਤ ਸੇਖੋਂ ਦੀ ਬਾਣੀ-ਸਮੀਖਿਆ ਦੀ ਤਰਕ-ਪਧਤੀ ਵਿਚ ਤਰਕ ਨਾਲੋਂ ਕਿਤੇ ਵੱਧ ਆਪਹੁਦਰਾਪਨ ਮੌਜੂਦ ਹੈ ਪਰ ਇਸ ਦੀ ਸਾਰੀ ਆਲੋਚਨਾਤਮਕ-ਵਿਆਖਿਆ ਇਹ ਗੱਲ ਤਾਂ ਜ਼ਰੂਰ ਦ੍ਰਿੜ੍ਹ ਕਰਦੀ ਹੈ ਕਿ ਗੁਰਬਾਣੀ ਆਪਣੇ ਵਿਚਲੀ ਦ੍ਰਿਸ਼ਟੀ ਕਾਰਨ ਪੰਜਾਬ ਦਾ ਇਕ ਗੌਰਵਮਈ ਵਿਰਸਾ ਹੈ। ਇਹ ਹੀ ਗੱਲ ਸੰਤ ਸਿੰਘ ਸੇਖੋਂ ਤੋਂ ਪਹਿਲੇ ਗੈਰਮਾਰਕਸਵਾਦੀ ਵਿਦਵਾਨ ਵੀ ਸਾਬਤ ਕਰਦੇ ਹਨ. ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਪੰਜਾਬੀ ਮਾਨਸਿਕਤਾ ਵਿਚ ਗੁਰਬਾਣੀ ਦੀ ਮਹਾਨਤਾ ਤੇ ਗੌਰਵ ਤਾਂ ਚਲੇ ਹੀ ਆ ਰਹੇ ਹਨ। ਸਾਡੇ ਵਿਦਵਾਨ ਗੁਰਬਾਣੀ ਦੀ ਮਹਾਨਤਾ ਤੇ ਗੌਰਵ ਨੂੰ ਵੱਖੋ ਵੱਖਰੇ ਸਿਧਾਂਤਾਂ ਤੇ ਮਤਾਂ ਅਨੁਸਾਰ ਦ੍ਰਿੜ੍ਹ ਤੇ ਪਰਪੱਕ ਕਰਦੇ ਚਲੇ ਜਾਂਦੇ ਹਨ। ਇਉਂ ਅਸੀਂ ਸੰਤ ਸਿੰਘ ਸੇਖੋਂ ਦੀ ਗੁਰਬਾਣੀ ਸੰਬੰਧੀ ਮਾਰਕਸਵਾਦੀ-ਆਲੋਚਨਾ ਨੂੰ ਘਟਾਉਣ ਵਿਧੀ ਵਾਲੀ ਆਲੋਚਨਾ ਹੀ ਕਹਿੰਦੇ ਹਾਂ।

ਪ੍ਰੋ. ਕਿਸ਼ਨ ਸਿੰਘ

ਪ੍ਰਿੰ. ਸੰਤ ਸਿੰਘ ਸੇਖੋਂ ਤੋਂ ਬਾਅਦ ਸਾਡੇ ਪਾਸ ਮਾਰਕਸਵਾਦੀ ਨੁਕਤਾ ਨਿਗਾਹ ਤੋਂ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਆਉਂਦੀ ਹੈ। ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਨੂੰ ਇਕ ਪੂਰੇ ਸਿਸਟਮ ਵਾਂਗ ਸਮਝਣ ਦੇ ਯਤਨ ਵਿਚ ਤਤਪਰ ਹੈ। ਉਸ ਦਾ ਮਤ ਹੈ ਕਿ ਮੱਧਕਾਲੀ ਪੰਜਾਬ ਵਿਚ ਮੁਗ਼ਲ ਸਾਮੰਤਸ਼ਾਹੀ ਦੇ ਵਿਰੋਧ ਵਿਚ ਗੁਰਬਾਣੀ ਹੀ ਮਨੁੱਖੀ ਨਜ਼ਰੀਏ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ ਕਰਨ ਵਾਲੀ ਪ੍ਰਣਾਲੀ ਹੈ। ਵਿਹਾਰਕ ਪੱਧਰ ਉੱਤੇ ਪੰਜਾਬ ਦੇ ਲੋਕ-ਸਮੂਹ ਨੂੰ ਜਗੀਰਦਾਰੀ ਪ੍ਰਬੰਧ ਦੀਆਂ ਸਾਰੀਆਂ ਕਰੜਾਈਆਂ, ਸਮੱਸਿਆਵਾਂ ਤੇ ਮਜਬੂਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੁਰਬਾਣੀ ਮਾਨਸਿਕ ਪੱਧਰ ਉੱਤੇ ਅਜਿਹੇ ਲੋਕਾਂ ਦੀ ਮਨੋ-ਬਿਰਤੀ ਨੂੰ ਇਕ ਤਾਂ ਧਰਵਾਸ ਦੇਂਦੀ ਹੈ ਦੂਜਾ ਉਨ੍ਹਾਂ ਵਿਚ ਆਲੇ ਦੁਆਲੇ ਦੀ ਸਾਰੀ ਬਣਤਰ ਨੂੰ ਸਮਝਣ ਦੀ ਦ੍ਰਿਸ਼ਟੀ ਪੈਦਾ ਕਰਦੀ ਹੈ। ਪ੍ਰੋ. ਕਿਸ਼ਨ ਸਿੰਘ ਨੇ ਆਪਣੀ ਰਚਨਾ 'ਗੁਰਬਾਣੀ ਦੇ ਸੱਚ' ਵਿਚ ਅਜਿਹੇ ਪ੍ਰਸਤਾਵ ਨੂੰ ਹੀ ਦ੍ਰਿੜ੍ਹ ਕੀਤਾ ਹੈ। ਆਪਣੇ ਇਸ ਪ੍ਰਸਤਾਵ ਦੀ ਵਿਆਖਿਆ ਵਿਚ ਪ੍ਰੋ. ਕਿਸ਼ਨ ਸਿੰਘ ਇਸ ਤਰ੍ਹਾਂ ਕਹਿੰਦਾ ਹੈ ਕਿ ਮਾਰਕਸਵਾਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੀ ਵਿਆਖਿਆ ਲਈ ਇਹ ਜਰੂਰੀ ਹੈ ਕਿ ਪਹਿਲਾਂ ਇਹ ਸਮਝਿਆ ਜਾਏ ਕਿ :

"ਗੁਰਬਾਣੀ ਦਾ ਨਾਇਕ ਰੱਬ ਹੈ ਤੇ ਨਾਲ ਉਸ ਦੇ ਸੱਚ ਦੇ ਮਨੁੱਖੀ ਸਰੂਪ ਸਤਿਗੁਰੂ, ਸੰਤ, ਭਗਤ, ਗੁਰਮੁਖ ਹਨ। ਰੂਪ ਦੀ ਪੱਧਰ ਉੱਤੇ ਰੱਬ ਕਰਤਾ ਪੁਰਖ, ਆਪਣੇ ਆਪ ਤੋਂ ਪੈਦਾ ਹੁੰਦਾ, ਸਰਬ ਪ੍ਰਵਿਸ਼ਕ, ਸਰਬ ਸ਼ਕਤੀਮਾਨ, ਚੇਤੰਨ, ਨ ਮਰਨ ਵਾਲਾ, ਨ ਜਨਮ ਵਿਚ ਪੈਣ ਵਾਲਾ, ਸਦਾ ਰਹਿਣ ਵਾਲਾ ਸੱਚ ਹੈ! ਅਸਲੀਅਤ ਹੈ। ਰੱਬ ਸੰਕਲਪ ਹੈ। ਹੈ। ਉਸ ਦੀ ਵਸਤੂ ਲਾਜ਼ਮੀ ਕੋਈ ਸਮਾਜਕ ਅਸਲੀਅਤ ਹੈ। ਗੁਰਬਾਣੀ ਦੇ ਵਿਦਵਾਨ ਦਾ ਫ਼ਰਜ਼ ਹੈ ਕਿ ਉਹ ਦੱਸੇ ਕਿ ਰੱਬ ਦੇ ਚਿੱਤਰ ਦੀ ਸਮਾਜਿਕ ਮਨੁੱਖੀ ਵਸਤੂ ਕੀ ਹੈ? ਇਹ ਵਸਤੂ ਸਮਝਣ ਤੋਂ ਬਗ਼ੈਰ ਗੁਰਬਾਣੀ ਦੀ ਸਮਝ ਆਉਣੀ ਅਸੰਭਵ ਹੈ ਕਿਉਂਕਿ ਗੁਰਬਾਣੀ ਦੇ ਮੁਤਾਬਕ ਸਭ ਗੱਲ ਤੁਰਦੀ ਹੀ ਰੱਬ ਤੋਂ ਹੈ। ਉਹ ਹਰ ਗੱਲ ਦਾ ਕਾਰਨ ਕਰਤਾ ਹੈ। ਗੁਰਬਾਣੀ ਵਿਚ ਰੱਬ ਦੇ ਚਿੱਤਰ ਦੀ ਵਸਤੂ, ਪ੍ਰਸੰਗ ਅਨੁਸਾਰ ਸਮਾਜਕ ਪੈਦਾਵਾਰ ਦੀਆਂ ਸ਼ਕਤੀਆਂ, ਸਮਾਜਕ ਉਸਾਰੀ ਦਾ ਕਾਨੂੰਨ; ਸਮਾਜਕ-ਵੇਗ, ਲੋਕਹਿੱਤੀ ਸਟੇਟ, ਲੋਕ-ਹਿੱਤੀ ਕੀਮਤਾਂ. ਲੋਕ-ਹਿੱਤ ਹੈ। ਗੁਰਬਾਣੀ ਦੇ ਰੱਬ ਦਾ ਲੋਕ-ਹਿੱਤੀ ਜੁੱਸਾ ਤਾਂ ਸਪਸ਼ਟ ਹੀ ਹੈ।"[71]

ਪ੍ਰੋ. ਕਿਸ਼ਨ ਸਿੰਘ ਦੀ ਉਪਰੋਕਤ ਟਿੱਪਣੀ ਨੂੰ ਧਿਆਨ ਨਾਲ ਪੜ੍ਹਿਆਂ ਜੋ ਵਿਸ਼ੇਸ਼ ਸਮੱਸਿਆ ਗੁਰਬਾਣੀ-ਅਧਿਐਨ ਪ੍ਰਤੀ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਰੱਬ ਕੇਂਦਰਿਤ ਗੁਰਬਾਣੀ ਦੇ ਕੇਂਦਰੀ ਸੰਕਲਪ ਰੱਬ ਨੂੰ ਇਤਿਹਾਸਕ ਤੇ ਸਮਾਜਕ ਹਾਲਾਤ ਦੇ ਪ੍ਰਸੰਗਾਂ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ। ਗੁਰਬਾਣੀ ਵਿਚ ਰੱਬ ਸਮੁੱਚੀ ਸ੍ਰਿਸ਼ਟੀ ਦਾ ਕਰਤਾ ਵੀ ਹੈ ਤੇ ਇਸ ਨੂੰ ਆਧਾਰ ਦੇਣ ਵਾਲਾ ਵੀ। ਇਸ ਰੱਬ ਦੀ ਰੱਬਤਾ, ਸਮਾਜਕ ਪੱਧਰ ਉੱਪਰ ਇਕ ਤਾਂ ਮਾਨਵੀ ਪ੍ਰਕਿਰਤੀ ਦਾ ਰੂਪਾਂਤ੍ਰਣ ਹੈ। ਇਸ ਰੂਪਾਂਤ੍ਰਣ ਦਾ ਭਾਵ ਇਹ ਹੈ ਕਿ ਮਨੁੱਖ ਜੈਵਿਕਤਾ ਵਿਚੋਂ ਨਿਕਲ ਕੇ, ਦ੍ਰਿਸ਼ਟੀਸੰਪੰਨ ਮਾਨਵਤਾ ਵਿਚ ਪ੍ਰਵੇਸ਼ ਕਰਦਾ ਹੈ। ਇਹ ਪ੍ਰਵਿਸ਼ਟੀ ਜੈਵਿਕਤਾ, ਐਂਦ੍ਰੀਯਤਾ ਤੇ ਅਨੁਭਵ ਤੋਂ ਪਾਰ ਦੇ ਜਗਤ ਦੀ ਹੈ। ਅਨੁਭਵ ਤੋਂ ਪਾਰ ਜਾਣ ਦੀ ਲੋੜ ਮਨੁੱਖ ਨੂੰ ਇਸ ਲਈ ਹੁੰਦੀ ਹੈ ਕਿ ਉਹ ਆਪਣੀਆਂ ਸਾਰੀਆਂ ਅਨੁਭਵੀ ਪ੍ਰਾਪਤੀਆਂ ਨੂੰ ਸੂਤਰਬੱਧ ਕਰ ਸਕੇ। ਇਹ ਸੂਤ੍ਰਣ ਮਨੋਬਿਰਤੀਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਤੁਲਨ ਹੈ। ਇਨ੍ਹਾਂ ਅਰਥਾਂ ਵਿਚ ਹੀ ਰੱਬ ਨੂੰ ਇਕ ਪਾਰਲੌਕਿਕ ਸੰਕਲਪ ਕਹਿ ਕੇ, ਉਸ ਨੂੰ ਸਮੁੱਚੀ ਲੌਕਿਕਤਾ ਦਾ ਬਾਨਣੂ ਬਨ੍ਹਣ ਵਾਲਾ ਕਿਹਾ ਗਿਆ ਹੈ। ਗੁਰਬਾਣੀ ਨੇ ਇਸ ਨਾਲ ਇਕ ਵੇਰਵਾ ਇਹ ਵੀ ਜੋੜ ਦਿੱਤਾ ਹੈ ਕਿ ਇਸੇ ਦ੍ਰਿਸ਼ਟੀ ਦੁਆਰਾ ਮਨੁੱਖ ਕੱਚ ਤੇ ਪੱਕ, ਸੱਚ ਤੇ ਕੂੜ, ਖੋਟੇ ਤੇ ਖਰੇ ਦਾ ਨਿਬੇੜਾ ਕਰ ਸਕਦਾ ਹੈ। ਉਪਰੋਕਤ ਨਿਬੇੜਾ-ਵਿਵਰਣ ਨਿਸ਼ਚੇ ਹੀ ਇਸ ਰੱਬੀ ਅਧਿਆਤਮਵਾਦ ਨੂੰ ਸਮਾਜ ਨਾਲ ਜੋੜ ਕੇ, ਮਨੁੱਖ ਨਾਲ ਜੋੜ ਦਿੰਦਾ ਹੈ ਅਤੇ ਇਤਿਹਾਸ ਵਿਚ ਰੱਖ ਕੇ ਕੀਤੀ ਇਸ ਦੀ ਵਿਆਖਿਆ, ਇਨ੍ਹਾਂ ਅਰਥਾਂ ਨੂੰ ਵੀ ਉਘਾੜਦੀ ਹੈ ਕਿ ਮੱਧਕਾਲੀ ਰਾਜਨੀਤੀ ਪ੍ਰਬੰਧ ਵਿਚ ਇਸ ਦਾ ਅਰਥ ਇਕ ਵਿਦਰੋਹੀ ਲਹਿਰ ਦੇ ਅਰਥਾਂ ਦਾ ਨਿਕਲਦਾ ਹੈ। ਗੁਰਬਾਣੀ ਸੰਬੰਧੀ ਇਹ ਗੱਲ ਖਾਸ ਅਰਥ-ਭਰਪੂਰ ਹੈ। ਪਰ ਜਦੋਂ ਅਸੀਂ ਪਾਰਲੌਕਿਕ ਰੱਬ ਦੀ ਲੌਕਿਕ ਅਸਲੀਅਤ ਨੂੰ ਨਿਰਧਾਰਤ ਕਰਨ ਦਾ ਯਤਨ ਕਰਦੇ ਹਾਂ, ਉਦੋਂ ਅਸੀਂ ਇਕ ਤਰ੍ਹਾਂ ਨਾਲ ਉਸਾਰ ਨੂੰ ਪਾਰਦਰਸ਼ੀ ਬਣਾ ਕੇ, ਉਸ ਵਿਚੋਂ ਸਿੱਧਾ ਹੀ ਆਧਾਰ ਨੂੰ ਦੇਖਣ ਦਾ ਯਤਨ ਕਰਦੇ ਹਾਂ। ਪ੍ਰੋ. ਸੰਤ ਸਿੰਘ ਸੇਖੋਂ ਤਾਂ ਇਹ ਧਾਰਨਾ ਸਿੱਧੀ ਹੀ ਅਪਣਾਂਦਾ ਹੈ ਪਰ ਕਿਸ਼ਨ ਸਿੰਘ ਰੱਤਾ ਕੁ ਲੁਕਵੇਂ ਢੰਗ ਨਾਲ ਆਪਣੀ ਸਾਰੀ ਵਿਆਖਿਆ ਇਸੇ ਸੇਧ ਵਿਚ ਕਰਦਾ ਹੈ।

ਗੁਰਬਾਣੀ ਨੂੰ ਸਥਾਪਤੀ ਦਾ ਵਿਰੋਧ ਕਰਨ ਵਾਲੀ ਲਹਿਰ ਕਹਿਣਾ ਤਾਂ ਗੁਰਬਾਣੀ ਦੀ ਪ੍ਰਸੰਸਾ ਕਰਨਾ ਹੈ ਤੇ ਗੁਰਬਾਣੀ ਦੀ ਵਸਤੂ ਆਪਣੇ ਆਪ ਹੀ ਅਜਿਹੀ ਧਾਰਨਾ ਦਾ ਸਮਰਥਨ ਕਰਦੀ ਹੈ, ਪਰ ਗੁਰਬਾਣੀ ਦੀ ਅਜਿਹੀ ਵਿਆਖਿਆ ਨੂੰ ਮਾਰਕਸਵਾਦ ਤੇ ਆਰਥਕਤਾ ਕੇਂਦ੍ਰਿਤ, ਮਾਨਵ-ਕੇਂਦ੍ਰਿਤ ਤੇ ਸਮਾਜ-ਕੇਂਦ੍ਰਿਤ ਮਾਡਲ ਰਾਹੀਂ ਪੜ੍ਹਨ ਦਾ ਯਤਨ ਕੋਈ ਬਹੁਤਾ ਪ੍ਰਮਾਣਿਕ ਨਹੀਂ ਰਹਿ ਜਾਂਦਾ। ਇਸ ਵਿਚ ਸੰਦੇਹ ਨਹੀਂ ਕਿ ਮਾਰਕਸਵਾਦੀ ਮਾਡਲਾਂ ਨੂੰ ਅਜੋਕੇ ਸਮੇਂ ਵਿਚ ਸਮਾਜ-ਅਧਿਐਨ ਦੇ ਪ੍ਰਮਾਣਿਕ ਮਾਡਲ ਵਜੋਂ ਗ੍ਰਹਿਣ ਕੀਤਾ ਗਿਆ ਹੈ ਪਰ ਇਨ੍ਹਾਂ ਮਾਡਲਾਂ ਵਿਚ ਕਾਫ਼ੀ ਤਰਮੀਮ ਹੋਈ ਹੈ। ਵਿਸ਼ੇਸ਼ ਤੌਰ ਉੱਤੇ ਸੰਰਚਨਾਵਾਦ ਤੇ ਆਧੁਨਿਕ ਭਾਸ਼ਾ ਵਿਗਿਆਨ ਦੇ ਮਾਡਲਾਂ ਦੇ ਸਾਹਮਣੇ ਆਉਣ ਨਾਲ ਮਾਰਕਸਵਾਦ ਦੀ ਸਰਲ ਸਮਾਜਕ ਸਮਸਿਆਵਾਦ ਦੇ ਅਰਥਾਂ ਵਿਚ ਵਿਆਖਿਆ ਕਰਨੀ ਅਪ੍ਰਸੰਗਿਕ ਹੋ ਗਈ ਹੈ। ਇਸ ਸੰਦਰਭ ਵਿਚ ਮਾਰਕਸਵਾਦ ਨੂੰ ਸਮਾਜ-ਨਿਰਮਾਨ ਦੇ ਵਿਗਿਆਨ ਵਜੋਂ ਜਾਣਿਆ ਜਾਂਦਾ ਹੈ। ਪ੍ਰੋ. ਕਿਸ਼ਨ ਸਿੰਘ ਤੇ ਸੰਤ ਸਿੰਘ ਸੇਖੋਂ ਮਾਰਕਸਵਾਦ ਨੂੰ ਸਮਾਜ-ਨਿਰਮਾਨ ਤੇ ਗਿਆਨ-ਨਿਰਮਾਨ ਦੇ ਮਾਡਲ ਵਜੋਂ ਪਛਾਣਨ ਤੋਂ ਬਿਲਕੁਲ ਕੋਰੇ ਹਨ। ਇਨ੍ਹਾਂ ਪਾਸ ਇਨਕਲਾਬੀ ਦ੍ਰਿਸ਼ਟੀ ਦਾ ਇਕ ਸਰਲ ਜਿਹਾ ਮਾਡਲ ਹੈ, ਜਿਸ ਅਨੁਸਾਰ ਇਹ ਹਰ ਰਚਨਾ ਵਿਚੋਂ ਸਿੱਧੀ ਹੀ ਸਮਾਜਕਤਾ ਜਾਂ ਤਾਂ ਵੇਖ ਲੈਂਦੇ ਹਨ ਜਾਂ ਬਦੋ-ਬਦੀ ਨਚੋੜ ਲੈਂਦੇ ਹਨ। ਇਸ ਪ੍ਰਸੰਗ ਵਿਚ ਸਾਨੂੰ ਇਹ ਨਹੀਂ ਭੁੱਲ ਜਾਣਾ ਚਾਹੀਦਾ ਕਿ ਗੁਰਬਾਣੀ ਪੰਜਾਬੀ ਸਭਿਆਚਾਰ ਦੇ ਨਿਰਮਾਨ-ਇਤਿਹਾਸ ਵਿਚ ਇਕ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ। ਉਹ ਯੋਗਦਾਨ ਸਮੂਹਕ ਰਹਤਲ ਹੈ ਗਿਆਨ-ਸ਼ਾਸਤਰੀ ਪਾਸਾਰਾਂ ਨਾਲ ਜੋੜਨ ਵਾਲਾ ਹੈ। ਅਜਿਹੀ ਮੁਹਿੰਮ ਵਿਚ ਜੋ ਵਿਸ਼ੇਸ਼ ਪ੍ਰਾਪਤੀ ਸਾਹਮਣੇ ਆਉਂਦੀ ਹੈ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤੀਕ ਸਿਰਜਨ ਦੀ ਪ੍ਰਾਪਤੀ ਹੈ ਅਤੇ ਪ੍ਰਤੀਕ ਸਿਰਜਨ ਹਮੇਸ਼ਾ ਹੀ ਪ੍ਰਚਲਿਤ ਤੇ ਪ੍ਰਦੱਤ ਅਸਲੀਅਤ ਦੇ ਲੁਕਵੇਂ ਅਰਥਾਂ ਦੇ ਆਯਾਮਾਂ ਨੂੰ ਉਘਾੜਨ ਦੇ ਕੰਮ ਆਉਂਦਾ ਹੈ। ਅਸਲ ਵਿਚ ਸਮਾਜਕ ਅਸਲੀਅਤ ਦਾ ਨਿਰਮਾਨ ਤੇ ਗਿਆਨ, ਪ੍ਰਤੀਕ ਤੋਂ ਬਿਨਾ ਸੰਭਵ ਹੀ ਨਹੀਂ। ਪ੍ਰਤੀਕ-ਪ੍ਰਾਪਤੀ ਇਕ ਅਜਿਹੀ ਪ੍ਰਾਪਤੀ ਹੁੰਦੀ ਹੈ ਜੋ ਠੋਸ ਵਾਸਤਵਿਕਤਾ ਵਿਚੋਂ ਨਿਕਲਣ ਦੇ ਬਾਵਜੂਦ ਵੀ, ਠੋਸ ਵਾਸਤਵਿਕਤਾ ਉੱਪਰ ਘਟਾਈ ਨਹੀਂ ਜਾ ਸਕਦੀ। ਇਸ ਲਈ ਸਤਿਗੁਰੂਆਂ ਦੀ ਬਾਣੀ ਵਿਚ ਗਿਆਨ-ਸ਼ਾਸਤਰੀ ਪਾਸਾਰ ਹਰ ਕਦਮ ਉਤੇ ਵਧਦਾ ਚਲਾ ਜਾਂਦਾ ਹੈ ਅਤੇ ਠੋਸ ਅਸਲੀਅਤ ਦਾ ਪ੍ਰਤਿਬਿੰਬ ਨਸ਼ਟ ਹੁੰਦਾ ਚਲਾ ਜਾਂਦਾ ਹੈ। ਇਥੇ ਇਸ ਤੱਥ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਨਕਲਾਬ ਮਾਨਵੀ ਸੰਦਰਭਾਂ ਵਿਚ ਤਾਂ ਹੀ ਹੁੰਦਾ ਹੈ ਜੇ ਲੋਕਾਈ ਵਿਚ ਗਿਆਨ ਸੰਬੰਧੀ ਚੇਤੰਨਤਾ ਪੈਦਾ ਹੋ ਜਾਏ। ਗੁਰਬਾਣੀ ਦੀ ਮਾਰਕਸਵਾਦੀ ਵਿਆਖਿਆ ਕਰਨ ਲਈ ਮਾਨਵੀ ਸਭਿਆਚਾਰ ਨਿਰਮਾਨ ਦੀ ਉਪਰੋਕਤ ਵਿਧੀ ਨੂੰ ਧਿਆਨ ਵਿਚ ਰਖਣਾ ਬਹੁਤ ਜ਼ਰੂਰੀ ਹੈ।

ਸਾਡੀ ਗੁਰਬਾਣੀ ਸੰਬੰਧੀ ਮਾਰਕਸਵਾਦੀ ਆਲੋਚਨਾ ਦੀ ਉਪਰੋਕਤ ਗਿਆਨ-ਸ਼ਾਸ਼ਤਰੀ ਨਿਰਮਾਨ-ਪ੍ਰਕਿਰਿਆ ਵਿਚ ਕੋਈ ਦਿਲਚਸਪੀ ਨਹੀਂ ਲਗਦੀ। ਇਸ ਤਰ੍ਹਾਂ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹਾਂ ਕਿ ਗੁਰਬਾਣੀ ਸੰਬੰਧੀ ਮਾਰਕਸਵਾਦੀ ਪਹੁੰਚ-ਵਿਧੀ ਗੁਰਬਾਣੀ ਦੀ ਵਿਆਖਿਆ ਲਈ ਜਾਂ ਤਾਂ ਆਪਹੁਦਰੀ ਵਿਧੀ ਦਾ ਪ੍ਰਯੋਗ ਕਰਦੀ ਹੈ ਜਾਂ ਘਟਾਉਣ ਵਿਧੀ ਨੂੰ ਲਾਗੂ ਕਰਦੀ ਹੈ। ਪਰ ਅਜਿਹਾ ਕਰਨ ਵਿਚ ਇਸ ਆਲੋਚਨਾ ਨੂੰ ਬਹੁਤ ਫ਼ਰਕ ਇਸ ਲਈ ਨਹੀਂ ਪੈਂਦਾ ਕਿ ਇਹ ਵੀ ਥਾਂ ਪਰ ਥਾਂ ਦਲੀਲ ਗੁਰਬਾਣੀ ਦੇ ਹੱਕ ਵਿਚ ਹੀ ਦੇਂਦੀ ਹੈ। ਕੁਲ ਮਿਲਾ ਕੇ ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਗੁਰਬਾਣੀ ਨੂੰ ਸਮੁੱਚੇ ਪੰਜਾਬੀ ਸਭਿਆਚਾਰ ਦੇ ਅੰਤਰਗਤ ਇਕ ਸਿਸਟਮ ਵਜੋਂ ਨਿਸ਼ਚਿਤ ਕਰਨ ਦਾ ਯਤਨ ਕੀਤਾ ਜਾਏ। ਮਾਰਕਸਵਾਦੀ ਆਲੋਚਨਾ ਦੁਆਰਾ ਇਸ ਤਰ੍ਹਾਂ ਦਾ ਯਤਨ ਅਧੂਰਾ ਜਿਹਾ ਹੀ ਹੈ।

ਡਾ. ਹਰਿਭਜਨ ਸਿੰਘ

ਮਾਰਕਸਵਾਦੀ ਆਲੋਚਨਾ ਤੋਂ ਉਪਰੰਤ ਗੁਰਬਾਣੀ-ਅਧਿਐਨ ਦਾ ਅਗਲਾ ਅਧਿਆਇ ਕੁਝ ਨਵੀਆਂ ਅਧਿਐਨ ਵਿਧੀਆਂ ਦੇ ਆਧਾਰ ਉਤੇ ਗੁਰਬਾਣੀ ਨੂੰ ਸਮਝਣ ਦਾ ਹੈ। ਇਸ ਦਾ ਅਰੰਭ ਡਾ. ਹਰਿਭਜਨ ਸਿੰਘ ਦੀ ਆਲੋਚਨਾ ਤੋਂ ਹੁੰਦਾ ਹੈ। ਡਾ. ਹਰਿਭਜਨ ਸਿੰਘ ਨੇ ਜਦੋਂ 1968 ਵਿਚ ਦਿੱਲੀ ਵਿਸ਼ਵ-ਵਿਦਿਆਲੇ ਵਿਚ ਪੰਜਾਬੀ ਦੇ ਪ੍ਰੋਫਸਰ ਦਾ ਪਦ ਸੰਭਾਲਿਆ ਤਾਂ ਉਦੋਂ ਹੀ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਪਰਪਾਟੀਆਂ ਬਾਰੇ ਉਸ ਨੇ ਆਪਣਾ ਆਲੋਚਨਾਤਮਕ ਕਾਰਜ ਵੀ ਗੰਭੀਰਤਾ ਨਾਲ ਕਰਨਾ ਸ਼ੁਰੂ ਕੀਤਾ। ਡਾ. ਹਰਿਭਜਨ ਸਿੰਘ ਸਾਹਿਤ-ਅਧਿਐਨ ਵਿਚ ਮੂਲ ਸਮਸਿਆ ਸੁਹਜ ਨੂੰ ਪਛਾਣਨ ਦੀ ਬਣਾ ਕੇ ਚਲਦੇ ਹਨ। ਸੁਹਜ, ਜੋ ਡਾ. ਹਰਿਭਜਨ ਸਿੰਘ ਦੀ ਆਲੋਚਨਾ ਵਿਚੋਂ ਦ੍ਰਿਸ਼ਟਮਾਨ ਹੁੰਦਾ ਹੈ, ਉਹ ਸਾਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਕਾਵਿ ਦੀ ਐਂਦ੍ਰੀਯਤਾ ਆਧਾਰੀ ਵਿਸ਼ਸ਼ਤਾਵਾਂ ਨਾਲ ਜੁੜਿਆ ਹੋਇਆ ਹੈ। ਡਾ. ਹਰਿਭਜਨ ਸਿੰਘ ਆਪਣੇ ਸਮੀਖਿਆ ਕਾਰਜ ਵਿਚ ਇਹ ਪ੍ਰਸਤਾਵ ਬਾਰ ਬਾਰ ਦੁਹਰਾਉਂਦੇ ਹਨ ਕਿ ਕਾਵਿ ਵਿਚ ਤੇ ਕਲਾ ਵਿਚ ਬਿੰਬ ਦੀ ਪ੍ਰਧਾਨਤਾ ਹੁੰਦੀ ਹੈ ਜਾਂ ਇਸ ਜਗਤ ਵਿਚ ਪ੍ਰਤੱਖਣਾ ਰੂਪਮਾਨ ਹੁੰਦੀ ਹੈ। ਹਰਿਭਜਨ ਸਿੰਘ ਕਾਵਿ ਦੀਆਂ ਦੂਸਰੀਆਂ ਪਰਿਪਾਟੀਆਂ ਉੱਪਰ ਇਸ ਨੂੰ ਲਾਗੂ ਕਰ ਕੇ ਕਾਵਿ-ਬਿੰਬ ਦੀ ਪਛਾਣ ਨਿਸ਼ਚਿਤ ਕਰਦੇ ਹਨ। ਪਰੰਤੂ ਜਦੋਂ ਉਹ ਗੁਰਬਾਣੀ ਦਾ ਵਿਸ਼ਲੇਸ਼ਣ ਕਰਦੇ ਹਨ ਤਾਂ ਗੁਰਬਾਣੀ ਦੇ ਆਪਣੇ ਵੱਖਰੇ ਮੁਹਾਂਦਰੇ ਨੂੰ ਪਛਾਣਦੇ ਹੋਏ ਕਾਵਿ ਤੇ ਬਾਣੀ ਦਾ ਨਿਖੇੜਾ ਸਥਾਪਿਤ ਕਰ ਦੇਂਦੇ ਹਨ। ਡਾ. ਹਰਿਭਜਨ ਸਿੰਘ ਨੇ 'ਅਧਿਐਨ ਤੇ ਅਧਿਆਪਨ', 'ਧਰਮ ਤੇ ਧਾਰਮਿਕ ਕਾਵਿ' ਅਤੇ 'ਅਰੰਭਕਾ' ਪੁਸਤਕਾਂ ਵਿਚ ਗੁਰਬਾਣੀ ਦੀ ਬੁਨਿਆਦੀ ਪ੍ਰਕਿਰਤੀ ਨੂੰ ਸਮਝਣ ਦਾ ਆਪਣਾ ਪ੍ਰਥਮ ਯਤਨ ਅਰੰਭਿਆ। ਪੁਰਾਣੀ ਪੰਜਾਬੀ ਆਲੋਚਨਾ ਅਨੁਸਾਰਨ ਦੇ ਭਰਮ ਕਾਰਨ ਬਾਣੀ ਨੂੰ ਕਵਿਤਾ ਕਹਿੰਦੀ ਰਹੀ। ਡਾ. ਹਰਿਭਜਨ ਸਿੰਘ ਦੇ ਬਾਣੀ-ਅਧਿਐਨ ਦੀ ਬੁਨਿਆਦੀ ਦਿਸ਼ਾ ਬਾਣੀ ਦੀ ਕਵਿਤਾ ਨਾਲੋਂ ਵਿਲਖਣ ਹੋਂਦ ਨੂੰ ਨਿਸ਼ਚਿਤ ਕਰਨ ਦੀ ਹੈ। ਇਸ ਸੰਬੰਧ ਵਿਚ ਉਨ੍ਹਾਂ ਦੇ ਇਨ੍ਹਾਂ ਸਾਰੇ ਨਿਬੰਧਾਂ--(1) ਗੁਰੂ ਨਾਨਕ ਦੀ ਕਾਵਿ-ਭਾਵਨਾ (2) ਨਾਨਕ-ਬਾਣੀ : ਸੰਰਚਨਾ-ਸ਼ੈਲੀ ਦਾ ਅਧਿਐਨ (3) ਪੰਜਾਬੀ ਨਿਰਗੁਣ ਕਾਵਿ (4) ਧਰਮ ਤੇ ਧਾਰਮਿਕ ਕਾਵਿ (5) ਨਾਨਕ-ਬਾਣੀ ਤੇ ਸ਼ਿੰਗਾਰ-ਸਿਰਜਣਾ—ਦੀ ਕੇਂਦਰੀ ਸਮੱਸਿਆ ਬਾਣੀ ਦੀ ਪ੍ਰਕਿਰਤੀ ਨੂੰ ਕਾਵਿ ਦੀ ਪ੍ਰਕਿਰਤੀ ਨਾਲੋਂ ਨਿਖੇੜ ਕੇ ਵੇਖਣ ਦੀ ਹੈ। ਬਾਣੀ ਦਾ ਕੇਂਦਰ ਨਿਰਗੁਣ ਬ੍ਰਹਮ ਜਾਂ ਦਿਬ-ਹੋਂਦ ਹੈ ਜੋ ਕਿ ਐਂਦ੍ਰੀਯਤਾ ਤੋਂ ਪਾਰਗਾਮੀ ਹੋਣ ਨਾਲ ਹੀ ਗਿਆਨ ਦਾ ਵਿਸ਼ਾ ਬਣ ਸਕਦਾ ਹੈ। ਇਸੇ ਲਈ ਗੁਰਬਾਣੀ ਵਿਚ ਥਾਂ ਪਰ ਥਾਂ ਐਂਦ੍ਰੀਯਤਾ ਨੂੰ ਪਿਠਭੂਮਨ ਵਿਚ ਕਰਨ ਦੀ ਗੱਲ ਦੁਹਰਾਈ ਗਈ ਹੈ। ਗੁਰਬਾਣੀ ਵਿਚ ਤਾਂ ਇਹ ਦੱਸਿਆ ਗਿਆ ਹੈ ਜੇ ਵਿਅਕਤੀ ਆਪਣੀ ਨਜ਼ਰ ਵਿਚ ਸੰਜਮ, ਅਨੁਸ਼ਾਸਨ ਦੀ ਇਕਾਗ੍ਰਤਾ ਨੂੰ ਉਤਾਰਨਾ ਚਾਹੁੰਦਾ ਹੈ ਤਾਂ ਉਸ ਨੂੰ ਐਂਦ੍ਰੀਯਤਾ ਤੋਂ ਪਾਰ ਜਾ ਕੇ ਵੇਖ ਸਕਣ ਦੀ ਵਿਧੀ ਉੱਪਰ ਅਧਿਕਾਰ ਹੋਣਾ ਚਾਹੀਦਾ ਹੈ। ਇਹ ਵਿਧੀ ਗੁਰਬਾਣੀ ਦੇ ਮੁਤਾਬਕ ਪ੍ਰਦਤ ਨਹੀਂ ਹੁੰਦੀ ਨਿਰਮਿਤ ਹੁੰਦੀ ਹੈ। ਗੁਰਬਾਣੀ ਅਨੁਸਾਰ ਪ੍ਰਦਤ ਜੀਵ ਹੈ, ਵਾਤਾਵਰਨ ਹੈ। ਜੀਵ ਤੇ ਵਾਤਾਵਰਨ ਵਿਚਕਾਰ ਸਹਿਜ ਤੇ ਨਿਰੰਤਰ ਆਦਾਨ ਪ੍ਰਦਾਨ ਹੈ। ਇਹ ਆਦਾਨ ਪ੍ਰਦਾਨ ਨਿਸ਼ਚੇ ਹੀ ਐਂਦ੍ਰੀਯ ਆਧਾਰਿਤ ਹੈ। ਇਸ ਤੋਂ ਪਾਰ ਜਾਣ ਲਈ ਗੁਰਬਾਣੀ ਵਿਚ ਸ਼ਬਦ ਦੀ ਵਿਚੋਲਗੀਰੀ ਦਾ ਮਹੱਤਵ ਦ੍ਰਿੜ੍ਹ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰਬਾਣੀ ਐਂਦ੍ਰੀਯਤਾ ਨੂੰ ਸ਼ਬਦ ਦੇ ਅਧੀਨ ਰੱਖ ਕੇ ਆਪਣੀ ਸਾਰੀ ਜਗਤ ਬਣਾਂਦੀ ਹੈ। ਇਉਂ ਗੁਰਬਾਣੀ ਦਾ ਸਿਸਟਮ ਕਾਵਿ ਦੇ ਐਂਦ੍ਰੀਯ ਆਧਾਰੀ ਸਿਸਟਮ ਤੋਂ ਭਿੰਨ ਹੋ ਜਾਂਦਾ ਹੈ। ਬਾਣੀ ਦਾ ਨਾਇਕ ਨਿਰਗੁਣ ਬ੍ਰਹਮ ਹੈ ਜੋ ਐਂਦ੍ਰੀਯ ਅਨੁਭਵ ਤੋਂ ਪਾਰਗਾਮੀ ਹੋਣ ਨਾਲ ਹੀ ਗਿਆਨ ਦਾ ਵਿਸ਼ਾ ਬਣ ਸਕਦਾ ਹੈ। ਇਸੇ ਕਾਰਨ ਹਰਿਭਜਨ ਸਿੰਘ ਗੁਰਬਾਣੀ ਦੀ ਰਚਨਾ-ਬੁਣਤੀ ਦੀ ਨੁਹਾਰ ਨੂੰ ਕਾਵਿ ਨਾਲੋਂ ਬਿਲਕੁਲ ਭਿੰਨ ਹੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨਿਸ਼ਚਿਤ ਕਰਦਾ ਹੈ। ਗੁਰਬਾਣੀ ਦੀ ਰਚਨਾ-ਬੁਣਤੀ ਦਾ ਪ੍ਰਮੁਖ ਲੱਛਣ ਉਸ ਵਿਚਲੀ ਵਰਤੀ ਗਈ ਪਰਿਭਾਸ਼ਕ ਸ਼ਬਦਾਵਲੀ ਹੈ। ਅਰੂਪ-ਹੋਂਦ ਨੂੰ ਨਾਇਕ ਦੇ ਰੂਪ ਵਿਚ ਪੇਸ਼ ਕਰਨ ਦਾ ਮਾਧਿਅਮ ਇਹੋ ਪਰਿਭਾਸ਼ਕ ਸ਼ਬਦਾਵਲੀ ਹੀ ਹੈ। ਇਹ ਪਰਿਭਾਸ਼ਕ ਸ਼ਬਦਾਵਲੀ ਬ੍ਰਹਮ ਦੀ ਪ੍ਰਕਿਰਤੀ ਵਾਂਗ ਅਮੂਰਤ ਹੀ ਹੈ। ਗੁਰਬਾਣੀ ਦੀ ਕਾਵਿ ਨਾਲੋਂ ਵਿਲੱਖਣ ਹੋਂਦ ਨਿਸ਼ਚਿਤ ਕਰਨ ਵਿਚ ਇਹ ਦਾ ਮਹੱਤਵਪੂਰਨ ਪ੍ਰਭਾਵ ਹੈ :

> 'ਹੁਕਮ, ਨਾਮ, ਸ਼ਬਦ, ਗੁਰੂ, ਸੱਚ, ਨਦਰ ਨਾਨਕ-ਬਾਣੀ ਦੇ ਪ੍ਰਮੁਖ ਸੰਕੇਤ ਹਨ। ਇਹ ਛੋਟੀ ਜਿਹੀ ਪਰਿਭਾਸ਼ਕ ਸ਼ਬਦਾਵਲੀ ਗੁਰਬਾਣੀ ਦੀ ਸ਼ਬਦ-ਬੁਣਤੀ ਅਤੇ ਰਚਨਾ-ਬਣਤਰ ਦੀ ਕੰਗਰੋੜ ਹੈ। ਇਨ੍ਹਾਂ ਦੀ ਅਸਪਾਤੀ ਪਕੜ ਨੇ ਗੁਰਬਾਣੀ ਦੀ ਸੀਮਾ ਨਿਸ਼ਚਿਤ ਕਰ ਰੱਖੀ ਹੈ।[72]

ਨਿਰਗੁਣ ਬ੍ਰਹਮ ਜਾਂ ਦਿਬ-ਹੋਂਦ ਦੇ ਨਾਇਕ ਹੋਣ ਕਾਰਨ ਹੀ ਇਸ ਬਾਣੀ ਦੇ ਸੰਬੋਧਨ ਸੁਰ ਅਤੇ ਕੀਮਤ-ਪ੍ਰਬੰਧ ਵਿਚ ਵੀ ਕਾਵਿ ਨਾਲੋਂ ਬੁਨਿਆਦੀ ਅੰਤਰ ਵਾਪਰਦਾ ਹੈ। ਕਾਵਿ ਦਾ ਸੰਬੋਧਨ ਸੁਰ ਮਨੁੱਖ, ਮਨੁੱਖ ਨਾਲ ਹੋਣ ਕਰ ਕੇ ਸਮਪ੍ਰਕਿਰਤਿਕ ਹੈ ਤੇ ਬਾਣੀ ਦਾ ਮਨੁੱਖ ਤੇ ਰੱਬ ਨਾਲ ਸੰਬੰਧਿਤ ਹੋਣ ਕਰ ਕੇ ਅਸਮਪ੍ਰਕਿਰਤਿਕ ਹੈ। ਇਵੇਂ ਹੀ ਕਾਵਿ ਦਾ ਕੀਮਤ-ਪ੍ਰਬੰਧ ਇਹਲੋਕ ਨਾਲ ਸੰਬੰਧਿਤ ਹੈ ਤੇ ਬਾਣੀ ਦਾ ਲੋਕ-ਪਰਲੋਕ ਦੋਹਾਂ ਕੀਮਤਾਂ ਨਾਲ। ਇਸ ਤਰ੍ਹਾਂ ਡਾ. ਹਰਿਭਜਨ ਸਿੰਘ ਨੇ ਆਪਣੀ ਗੁਰਬਾਣੀ-ਆਲੋਚਨਾ ਰਾਹੀਂ ਗੁਰਬਾਣੀ ਦੀ ਪ੍ਰਕਿਰਤੀ ਨੂੰ ਕਾਵਿ ਦੀ ਪ੍ਰਕਿਰਤੀ ਨਾਲੋਂ ਭਿੰਨ ਸਾਬਤ ਕਰਨ ਵਿਚ ਪਹਿਲ ਕੀਤੀ। ਰਤਾ ਕੁ ਡੂੰਘੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਪਤਾ ਚਲੇਗਾ ਕਿ ਗੁਰੂ ਨਾਨਕ-ਬਾਣੀ ਬੁਨਿਆਦੀ ਤੌਰ ਉੱਤੇ ਸੁਹਜਵਾਦੀ ਤਥਾ ਬਿੰਬਵਾਦੀ ਕਾਵਿ-ਮਾਨਸਿਕਤਾ ਨੂੰ ਧਾਰਨ ਕਰਨ ਵਾਲੀ ਹੈ। ਪਰ ਗੁਰੂ ਨਾਨਕ-ਬਾਣੀ ਦਾ ਸਾਰਾ ਰਚਨਾ-ਵਿਧਾਨ ਸੁਹਜਸੰਪੰਨ ਐਂਦ੍ਰੀਯਤਾ ਤੋਂ ਪਾਰ ਜਾਣ ਵਿਚ ਨਿਹਿਤ ਹੈ। ਉਹ ਐਂਦ੍ਰੀਯਤਾ ਕੇਂਦ੍ਰਿਤ ਬਿੰਬ ਦੀ ਉਸਾਰੀ ਕਰਦਾ ਹੈ ਤਾਂ ਵੀ ਉਹ ਸ਼ਬਦ ਉੱਪਰ ਆਧਾਰਿਤ ਹੁੰਦੀ ਹੈ ਅਤੇ ਜੇ ਇਸ ਤੋਂ ਪਾਰ ਜਾਂਦਾ ਹੈ ਤਾਂ ਵੀ ਸ਼ਬਦ ਆਧਾਰੀ ਹੀ ਹੁੰਦਾ ਹੈ। ਸ਼ਬਦ, ਇਕ ਮਧਿਅਸਤ ਜੁਗਤ ਵਾਂਗ ਗੁਰੂ ਨਾਨਕ ਦੇ ਸਾਰੇ ਵਿਧਾਨ ਵਿਚ ਕੰਮ ਕਰਦਾ ਹੈ। ਇਸ ਗੁਰਬਾਣੀ ਵਿਚੋਂ ਮਨੋਰੰਜਕ ਸੁਹਜ ਦੀ ਆਸ ਕਰਨੀ ਕਈ ਬਹੁਤੀ ਸਾਰਥਕ ਗੱਲ ਨਹੀਂ। ਬਾਣੀ ਗਿਆਨਮੂਲ ਸੰਜਮ ਦੀ ਇਕਾਗ੍ਰਤਾ ਦੇ ਨਿਯੰਤ੍ਰਣ ਵਿਚ ਟਿਕਾਉ ਗ੍ਰਹਿਣ ਕਰਨ ਦੀ ਤਾਕੀਦ ਕਰਦੀ ਹੈ। ਇਸੇ ਕਾਰਨ ਗੁਰਬਾਣੀ ਦੀ ਹੋਂਦ ਕਾਵਿ ਨਾਲੋਂ ਬਿਲਕੁਲ ਭਿੰਨ ਹੈ।

ਡਾ. ਤਰਲੋਕ ਸਿੰਘ ਕੰਵਰ

ਡਾ. ਹਰਿਭਜਨ ਸਿੰਘ ਤੋਂ ਅੱਗੇ ਗੁਰਬਾਣੀ ਨੂੰ ਸਭਿਆਚਾਰ-ਨਿਰਮਾਨ ਦੀ ਦ੍ਰਿਸ਼ਟੀ ਤੋਂ ਵੇਖਣ ਵਾਲੇ ਕਈ ਹੋਰ ਅਧਿਐਨ ਵੀ ਸਾਹਮਣੇ ਆਏ ਹਨ। ਇਨ੍ਹਾਂ ਵਿਚ ਵਰਣਨਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੰਮ ਡਾ. ਤਰਲੋਕ ਸਿੰਘ ਕੰਵਰ ਨੇ ਅਰੰਭਿਆ ਹੋਇਆ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਉਸ ਨੇ ਗੁਰਬਾਣੀ ਨੂੰ ਸਭਿਆਚਾਰ-ਵਿਗਿਆਨ ਤੇ ਚਿਹਨ-ਵਿਗਿਆਨ ਦੇ ਅੰਤਰ ਰੱਖ ਕੇ ਪੜ੍ਹਨ ਦਾ ਯਤਨ ਕੀਤਾ ਹੈ ਅਤੇ ਥਾਂ ਪਰ ਥਾਂ ਅਜਿਹੇ ਸਿੱਟੇ ਕੱਢੇ ਹਨ ਕਿ ਗੁਰਬਾਣੀ ਨੂੰ ਪੜ੍ਹਨ ਲਈ ਗੁਰਬਾਣੀ ਦਾ ਅਧਿਐਨ ਸਿਧਾਂਤ ਗੁਰਬਾਣੀ ਦੇ ਅੰਦਰੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਅਜਿਹੇ ਅਧਿਐਨ-ਸਿਧਾਂਤ ਦੀ ਪ੍ਰਾਪਤੀ ਲਈ ਵਿਸ਼ਵ ਪੱਧਰ ਉੱਤੇ ਸੰਭਵ ਹੋ ਰਹੇ ਗਿਆਨ-ਸ਼ਾਸਤਰੀ ਪ੍ਰਤਿਮਾਨਾ ਨੂੰ ਨਾਲ ਲੈ ਕੇ ਚਲਣਾ ਜ਼ਰੂਰੀ ਹੈ। ਵਿਸ਼ਵ ਪੱਧਰ ਉੱਪਰ ਗਿਆਨ-ਸ਼ਾਸਤਰ ਦੀ ਸੋਧ ਮਨੁੱਖ ਆਧਾਰੀ, ਵਾਸਤਵਿਕਤਾ ਆਧਾਰੀ, ਪ੍ਰਦਰਸ਼ਨ ਆਧਾਰੀ ਵਿਧੀਆਂ ਨੂੰ ਛੋਕ ਕੇ, ਪ੍ਰਤੀਕ ਆਧਾਰੀ, ਸ਼ਬਦ ਆਧਾਰੀ ਤਥਾ ਚਿਹਨ ਆਧਾਰੀ ਵਿਧੀਆਂ ਦੇ ਪ੍ਰਯੋਗ ਉੱਤੇ ਆ ਪੁੱਜੀ ਹੈ। ਤੇ ਇਸ ਵਿਧੀ ਨੇ ਮਨੁੱਖੀ ਗਿਆਨ-ਜਗਿਆਸਾ ਦਾ ਸਫ਼ਰ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਮਨੁੱਖ ਇਕ ਜੀਵ ਵਾਂਗ ਵਾਤਾਵਰਨ ਨਾਲ ਸੰਬੰਧਿਤ ਹੋ ਕੇ ਚਲਣਾ ਸ਼ੁਰੂ ਕਰਦਾ ਹੈ ਪਰੰਤੂ ਭਾਸ਼ਾਈ ਮਾਧਿਅਮ ਦੀ ਵਿਚੋਲਗਿਰੀ ਦੀ ਸਹਾਇਤਾ ਨਾਲ ਉਹ ਆਪਣੇ ਅਨੁਭਵ ਦੀਆਂ ਅਜਿਹੀਆਂ ਸੀਮਾਵਾਂ ਤੇ ਮਜਬੂਰੀਆਂ ਨੂੰ ਪਾਰ ਕਰ ਜਾਂਦਾ ਹੈ ਅਤੇ ਇਸ ਤਰ੍ਹਾਂ ਆਪਣੀ ਸਭਿਆਚਾਰਕ ਹੋਂਦ ਦੀ ਅਸਲੀਅਤ ਨੂੰ ਪਛਾਣਨ ਲੱਗ ਪੈਂਦਾ ਹੈ। ਅਜਿਹੀ ਹਾਲਤ ਵਿਚ ਭਾਸ਼ਾ, ਸਭਿਆਚਾਰ ਦਾ ਅਵਚੇਤਨ ਬਣ ਜਾਂਦੀ ਹੈ। ਮਨੁੱਖ ਦੀਆਂ ਸਾਰੀਆਂ ਵਿਹਾਰਕ ਤੇ ਸਿਧਾਂਤਕ ਪ੍ਰਾਪਤੀਆਂ ਇਸੇ ਦੇ ਆਧਾਰ ਉੱਤੇ ਰਚੀਆਂ ਤੇ ਸਮਝੀਆਂ ਜਾਂਦੀਆਂ ਹਨ। ਪੰਜਾਬ ਵਿਚ, ਜੇਕਰ ਧਿਆਨ ਨਾਲ ਵੇਖਿਆ ਜਾਏ, ਤਾ ਪਤਾ ਲੱਗਦਾ ਹੈ ਕਿ ਭਾਸ਼ਾ ਦੀ ਅਜਿਹੀ ਪ੍ਰਤੀਕਾਤਮਕ ਵਿਚੋਲਗਿਰੀ ਨੂੰ ਗੁਰਬਾਣੀ ਨੇ ਪਛਾਣਿਆ ਹੈ ਅਤੇ ਇਸ ਤਰ੍ਹਾਂ ਗੁਰਬਾਣੀ ਨੇ ਪੰਜਾਬ ਨੂੰ ਭਾਸ਼ਾਈ/ਪ੍ਰਤੀਕਾਤਮਕ/ਗਿਆਨ-ਸ਼ਾਸਤਰੀ ਪ੍ਰਬੰਧ ਦਿੱਤਾ ਹੈ। ਡਾ. ਤਰਲੋਕ ਸਿੰਘ ਕੰਵਰ ਨੇ ਆਪਣੀ ਇਸ ਧਾਰਨਾ ਨੂੰ ਬੇਲਾਗ ਹੋ ਕੇ ਇਸ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਗੁਰਬਾਣੀ ਆਪਣੀ ਧਰਮ-ਪਰੰਪਰਾ ਨਾਲ ਵੀ ਸੰਬੰਧਿਤ ਰਹਿੰਦੀ ਹੈ, ਪੰਜਾਬੀ ਸਭਿਆਚਾਰ ਨਾਲ ਵੀ ਜੁੜੀ ਰਹਿੰਦੀ ਹੈ ਅਤੇ ਅਤਿਅੰਤ ਨਵੀਨ ਗਿਆਨ-ਸ਼ਾਸਤਰੀ ਪਰਿਪੇਖਾਂ ਅਨੁਸਾਰ ਇਸ ਦੀ ਵਿਆਖਿਆ ਵੀ ਹੋ ਜਾਂਦੀ ਹੈ। ਕਾਵਿਵਾਦੀ ਮਾਰਕਸਵਾਦੀ ਵਿਧੀਆਂ ਇਸ ਸਾਰੇ ਪਰਿਪੇਖ ਦੇ ਅਧੀਨ ਹੋ ਜਾਂਦੀਆਂ ਹਨ। ਇਸ ਤਰ੍ਹਾਂ ਗੁਰਬਾਣੀ-ਅਧਿਐਨ ਦੀ ਇਹ ਵਿਆਖਿਆ ਨਿਸ਼ਚੇ ਹੀ ਇਕ ਨਵਾਂ ਅਧਿਆਇ ਹੈ ਜਿਸ ਦੀਆਂ ਸੰਭਾਵਨਾਵਾਂ ਨੇ ਅਜੇ ਉਜਾਗਰ ਹੋਣਾ ਹੈ।

ਇਸ ਤਰ੍ਹਾਂ ਗੁਰਬਾਣੀ-ਅਧਿਐਨ ਸੰਪਰਦਾਈ ਵਿਆਖਿਆ ਤੋਂ ਲੈ ਕੇ, ਸਿੰਘ ਸਭਾਈ ਵਿਆਖਿਆ-ਵਿਧੀ ਵਿਚੋਂ ਲੰਘਦਾ ਹੋਇਆ, ਮਾਰਕਸਵਾਦੀ ਤੇ ਸੰਰਚਨਾਵਾਦੀ-ਪ੍ਰਣਾਲੀਆਂ ਦਾ ਵਿਸ਼ੈ-ਵਸਤੂ ਬਣਦਾ ਆਪਣੇ ਵਰਤਮਾਨ ਪ੍ਰਸੰਗ ਵਿਚ ਨਵੇਂ ਗਿਆਨ-ਸ਼ਾਸਤਰੀ ਪ੍ਰਤਿਮਾਨਾ ਨਾਲ ਆਪਣਾ ਬਰ ਮੇਚਣ ਲੱਗ ਪਿਆ ਹੈ। ਸਾਡੇ ਇਸ ਪੁਸਤਕ ਵਿਚਲੇ ਗੁਰਬਾਣੀ-ਅਧਿਐਨ ਦਾ ਉਦੇਸ਼ ਇਸ ਸਾਰੇ ਕੁਝ ਦਾ ਜਾਇਜ਼ਾ ਲੈਂਦਿਆਂ ਇਹ ਦੱਸਣਾ ਹੈ ਕਿ ਗੁਰਬਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਪੰਜਾਬ ਦੀ ਸਹਿਜ ਰਹਤਲ ਨੂੰ ਚਿੰਤਨ ਗਿਆਨ ਦੇ ਦੇਸ਼ ਲੈ ਜਾਣ ਦਾ ਉਪਰਾਲਾ ਕਰਦੀ ਹੈ, ਉਸ ਵਿਚ ਕਿਸ ਤਰ੍ਹਾਂ ਦੇ ਪੈਟਰਨ ਕਾਰਜਸ਼ੀਲ ਹਨ। ਅਸਲ ਵਿਚ ਸੂਚਨਾ ਦੇ ਵਿਖੰਡਿਤ ਟੋਟਿਆਂ ਨੂੰ ਇਕ ਸਮੁੱਚ ਵਿਚ ਪਰੋ ਕੇ ਸੰਗਠਿਤ ਕਰਨਾ, ਪੈਟਰਨ ਦਾ ਕੰਮ ਹੈ। ਪੈਟਰਨ ਬਣਾ ਸਕਣ ਦੀ ਸਮਰਥਾ ਮਨੁੱਖ ਵਿਚ ਜਾਗਦੀ ਹੀ ਉਦੋਂ ਹੈ, ਜਦੋਂ ਉਹ ਅਨੁਭਵ ਦੀ ਹਾਜ਼ਰੀ ਨੂੰ, ਚਿੰਤਨ ਦੇ ਗੈਰਹਾਜ਼ਰੀ ਵਾਲੇ ਪ੍ਰਸੰਗ ਵਿਚ ਲੈ ਜਾਂਦਾ ਹੈ। ਇਸ ਹਾਲਤ ਵਿਚ ਪ੍ਰਤੀਕ ਤੇ ਭਾਸ਼ਾ ਤੋਂ ਬਿਨਾ ਕੰਮ ਚੱਲ ਹੀ ਨਹੀਂ ਸਕਦਾ। ਇਸ ਲਈ ਇਥੇ ਪ੍ਰਤੀਕ, ਭਾਸ਼ਾ ਤੇ ਪੈਟਰਨ ਤਿੰਨੇ ਇਕ ਸਮਾਨਾਰਥੀ ਪੱਧਰ ਉੱਤੇ ਇਕੱਠੇ ਹੋ ਕੇ ਅਨੁਭਵੀ ਸੂਚਨਾ ਨੂੰ ਸੁਗਠਿਤ ਪ੍ਰਬੰਧ ਵਿਚ ਢਾਲਣ ਦਾ ਪ੍ਰਯਾਸ ਕਰਨ ਵਾਲੇ ਹਨ। ਇਨ੍ਹਾਂ ਵਿਚ ਅੰਤਰ ਜੇਕਰ ਹੈ ਵੀ ਤਾਂ ਉਹ ਅੰਦਰਲੇ ਤੇ ਬਾਹਰਲੇ ਦਾ ਹੈ। ਅੰਦਰਲੀ ਵਸਤ ਅਦ੍ਰਿਸ਼ਟ ਹੋ ਜਾਂਦੀ ਹੈ ਤੇ ਬਾਹਰਲੀ ਅਭਿਵਿਅਕਤੀਸ਼ੀਲ ਹੋਣ ਕਾਰਨ ਦ੍ਰਿਸ਼ਟਮਾਨ। ਸ਼ਬਦ ਜਾਂ ਪ੍ਰਤੀਕ, ਪੈਟਰਨ ਦੇ ਮੁਕਾਬਲੇ ਉੱਤੇ ਵਧੇਰੇ ਦ੍ਰਿਸ਼ਟਮਾਨ ਹਨ। ਪੈਟਰਨ ਤਾਂ ਸੁਗਠਵੇਂ ਸੂਤ੍ਰਣ ਦਾ ਨਾਂ ਹੈ ਅਤੇ ਪ੍ਰਤੀਕ ਤੇ ਸ਼ਬਦ ਇਸ ਸੂਤ੍ਰਿਤ ਸੰਗਠਨ ਨੂੰ ਸਮੂਰਤ ਸਾਰਥਕਤਾ ਦੇ ਪਾਸਾਰ ਵਿਚ ਪਾਣ ਵਾਲੇ ਹਨ। ਇਉਂ ਅਸੀਂ ਇਸ ਦ੍ਰਿਸ਼ਟੀ-ਬਿੰਦੂ ਤੋਂ ਗੁਰਬਾਣੀ ਦੇ ਅੰਤਰਗਤ ਨਿਹਿਤ ਪੈਟਰਨਾਂ ਨੂੰ ਪਛਾਣਨ ਦਾ ਕੰਮ ਅਗਲੇ ਅਧਿਆਵਾਂ ਵਿਚ ਕਰਨ ਦਾ ਯਤਨ ਕਰ ਰਹੇ ਹਾਂ।

ਹਵਾਲੇ ਅਤੇ ਟਿੱਪਣੀਆਂ

1. ਹਰਿਭਜਨ ਸਿੰਘ, "ਪੰਜਾਬੀ ਸਮੀਖਿਆ ਸੰਸਕਾਰ", ਸਰਦਾਰ ਜੋਗਿੰਦਰ ਸਿੰਘ ਸਿਮਰਤੀ ਵਖਿਆਨ—1977, ਪੰਨੇ 11-12.
2. "ਪੁਰਾਤਨ ਜਨਮ ਸਾਖੀ", 'ਖਾਲਸਾ ਸਮਾਚਾਰ', ਪੰਨੇ 21-22 (ਸਾਖੀ ਨੰਬਰ 13)
3. ਉਹੀ, ਪੰਨੇ 38-40.
4. ਭਾਈ ਗੁਰਦਾਸ, ਵਾਰ 1 ਪਉੜੀ 1.
5. ਉਹੀ, ਵਾਰ 1 ਪਉੜੀ 2.
6. ਉਹੀ, ਵਾਰ 1 ਪਉੜੀ 23.
7. ਉਹੀ, ਵਾਰ 1 ਪਉੜੀ 22.
8. ਉਹੀ, ਵਾਰ 1 ਪਉੜੀ 32.
9. ਉਹੀ, ਵਾਰ 1 ਪਉੜੀ 33.
10. ਉਹੀ, ਵਾਰ 1 ਪਉੜੀ 17.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. ਉਹੀ, ਵਾਰ 1 ਪਉੜੀ 19.
12. ਉਹੀ, ਵਾਰ 1 ਪਉੜੀ 21.
13. ਉਹੀ, ਵਾਰ 1 ਪਉੜੀ 38.
14. ਉਹੀ, ਵਾਰ 1 ਪਉੜੀ 27.
15. ਉਹੀ, ਵਾਰ 1 ਪਉੜੀ 38.
16. ਉਹੀਂ, ਵਾਰ 1 ਪਉੜੀ 42.
17. ਉਹੀ, ਵਾਰ 1 ਪਉੜੀ 43.
18. ਉਹੀ, ਵਾਰ 1 ਪਉੜੀ 44.
19. ਉਹੀ, ਵਾਰ 1 ਪਉੜੀ 12.
20. ਉਹੀ, ਵਾਰ 1 ਪਉੜੀ 9.
21. ਉਹੀ, ਵਾਰ 1 ਪਉੜੀ 19.
22. ਉਹੀ, ਵਾਰ 1 ਪਉੜੀ 25.
23. ਰਾਮਕਲੀ ਮ. 1, 'ਸਿਧ ਗੋਸਟਿ', ਪੰਨੇ 942-43.
24. ਗੌਂਡ ਮਹਲਾ 5, ਪੰਨਾ 864.
25. ਭਾਈ ਗੁਰਦਾਸ, ਵਾਰ 24 ਪਉੜੀ 11.
26. ਉਹੀ, ਵਾਰ 32 ਪਉੜੀ 2.
27. ਉਹੀ, ਵਾਰ 24 ਪਉੜੀ 25.
28. ਉਹੀ, ਵਾਰ 1 ਪਉੜੀ 12-13
29. ਉਹੀ, ਵਾਰ 1 ਪਉੜੀ 21.
30 ਉਹੀ, ਵਾਰ 1 ਪਉੜੀ 23.
31. ਸੋਢੀ ਮਿਹਰਬਾਨ, ਪੰਨੇ 30-31.
32. ਤਾਰਨ ਸਿੰਘ, "ਭੂਮਿਕਾ", 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ', ਸ੍ਰੀ ਮਿਹਰਬਾਨ ਲਿਖੀ ਲਿਖਵਾਈ, ਪੰਨਾ 99.
33. ਉਹੀ ।
34. ਉਹੀ, ਪੰਨਾ 17.
35. Langer, Susanne K., *Problems of Art*, Pp. 163-180.
36. Langer, Susanne K., *Feeling and Form*, Pp. 45-46.
37. Frye, Northrop, *Anatomy of Criticism*, Pp. 350-354.
38. Ibid, P. 243.
39. Langer, Susanne K., *Feeling and Form* Pp. 45-67.
40. ਭਾਈ ਮਨੀ ਸਿੰਘ, 'ਸਿੱਖਾਂ ਦੀ ਭਗਤਮਾਲਾ', ਪੰਨਾ 21.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

41. ਉਹੀ, ਪੰਨਾ 23.
42. ਭਾਈ ਵੀਰ ਸਿੰਘ, "ਭੂਮਿਕਾ", 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' (ਪੋਥੀ ਪਹਿਲੀ), ਪੰਨੇ ੳ ਅ।
43. ਉਹੀ, ਪੰਨਾ ਅ।
44. ਪ੍ਰੋ. ਸਾਹਿਬ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', ਪੋਥੀ ਤੀਜੀ, ਪੰਨਾ 829.
45. ਉਹੀ।
46. ਉਹੀ, ਪੰਨਾ 834.
47. ਹਰਿਭਜਨ ਸਿੰਘ, 'ਰਚਨਾ ਸੰਰਚਨਾ', ਪੰਨਾ 76.
48. ਹਰਿਭਜਨ ਸਿੰਘ, "ਭਾਈ ਵੀਰ ਸਿੰਘ : ਤਲਾਸ਼ ਇਕ ਮੂਲ ਆਦਰਸ਼ ਦੀ", 'ਭਾਈ ਵੀਰ ਸਿੰਘ ਪੁਨਰ-ਵਿਚਾਰ', ਪੰਨਾ 17.
49. Howe, Reuel L., *The Miracle of Dialogue*, Pp. 36-50.
50. ਹਰਿਭਜਨ ਸਿੰਘ, "ਭਾਈ ਵੀਰ ਸਿੰਘ : ਤਲਾਸ਼ ਇਕ ਮੂਲ ਆਦਰਸ਼ ਦੀ", 'ਭਾਈ ਵੀਰ ਸਿੰਘ ਪੁਨਰ-ਵਿਚਾਰ', ਪੰਨਾ 17.
51. ਉਹੀ।
52. ਭਾਈ ਜੋਧ ਸਿੰਘ 'ਗੁਰਮਤਿ ਨਿਰਣਯ', ਪੰਨਾ 18.
53. ਉਹੀ, ਪੰਨਾ 23.
54. ਉਹੀ, ਪੰਨਾ 52.
55. ਉਹੀ, ਪੰਨੇ 56-57.
56. ਉਹੀ, ਪੰਨਾ 265.
57. Cassirer, Ernst, *An Essay on Man*, Pp. 143-44.
58. Ibid, Pp. 142-45.
59 Saussurə, Ferdinand De, *Course in General Linguistics*, Pp. 65-67.
60. Kant, Immuel 'Critique of Judgement', Secs. 76-77.
61, ਤੇਜਾ ਸਿੰਘ ਪ੍ਰਿੰਸੀਪਲ, 'ਸਾਹਿਤ ਦਰਸ਼ਨ' ਪੰਨਾ 124.
62. ਉਹੀ, ਪੰਨਾ 125.
63. ਉਹੀ।
64. ਉਹੀ।
65, ਮੋਹਨ ਸਿੰਘ, **ਜਿਤਿੰਦਰ ਸਾਹਿਤ ਸਰੋਵਰ** ਪੰਨਾ 311.
66. ਗੋਪਾਲ ਸਿੰਘ **ਗੁਰੂ ਗ੍ਰੰਥ ਦੀ ਸਾਹਿਤਕ ਵਿਸ਼ੇਸ਼ਤਾ** ਪੰਨੇ 43-56,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

67. ਗੋਪਾਲ ਸਿੰਘ, 'ਪੰਜਾਬੀ ਸਾਹਿਤ ਦਾ ਇਤਿਹਾਸ', ਪੰਨਾ 70.
68. ਉਹੀ, ਪੰਨੇ 23-27.
69. ਤਾਰਨ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ', ਪੰਨੇ 60-62.
70. ਸੰਤ ਸਿੰਘ ਸੇਖੋਂ, 'ਪੰਜਾਬੀ ਕਾਵਿ ਸ਼ਿਰੋਮਣੀ' ਪੰਨੇ 10-11
71. ਪ੍ਰੋ. ਕਿਸ਼ਨ ਸਿੰਘ, 'ਗੁਰਬਾਣੀ ਦਾ ਸੱਚ', ਪੰਨਾ 3
72. ਹਰਿਭਜਨ ਸਿੰਘ, 'ਅਧਿਅਨ ਤੇ ਅਧਿਆਪਨ', ਪੰਨਾ 141

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਗ ਦੂਜਾ

ਗੁਰਬਾਣੀ-ਸਭਿਆਚਾਰ : ਪੈਟਰਨ-ਬੱਧ ਪ੍ਰਵਚਨ-ਪ੍ਰਬੰਧ

(ੳ) ਪੈਟਰਨ-ਬੱਧ ਪ੍ਰਵਚਨ-ਪ੍ਰਬੰਧ ਦਾ ਸੰਕਲਪ

ਪਿਛਲੇ ਅਧਿਆਇ ਵਿਚ ਅਸੀਂ ਗੁਰਬਾਣੀ ਦੇ ਪੈਟਰਨ-ਬੱਧ ਪ੍ਰਵਚਨ ਨੂੰ ਪਛਾਣਨ ਵਾਲੀ ਵਿਆਖਿਆ-ਸਮੀਖਿਆ ਦੇ ਬਦਲਦੇ ਪ੍ਰਤਿਮਾਨਾਂ ਦਾ ਘੋਖਵਾਂ ਲੇਖਾ-ਜੋਖਾ ਕੀਤਾ ਹੈ। ਅਜਿਹੀ ਯਾਤਰਾ ਵਿਚ ਅਸੀਂ ਇਸ ਸਮੀਖਿਆ-ਵਿਆਖਿਆ ਦੇ ਕਈ ਵੱਖਰੇ ਵੱਖਰੇ ਪਰਿਪੇਖ ਪੇਸ਼ ਕੀਤੇ ਹਨ ਅਤੇ ਉਨ੍ਹਾਂ ਨੂੰ ਇਤਿਹਾਸਕ ਕ੍ਰਮ ਦੀ ਇਕ ਵਿਕਾਸ-ਰੇਖਾ ਵਿਚ ਪਾ ਕੇ ਵੇਖਣ ਦਾ ਯਤਨ ਕੀਤਾ ਹੈ। ਸਾਡੀ ਜਾਚੇ ਗੁਰਬਾਣੀ ਦੀ ਵਿਆਖਿਆ-ਸਮੀਖਿਆ ਗੁਰਬਾਣੀ ਦੇ ਰਚਨ-ਕਾਲ ਤੋਂ ਹੀ ਅਰੰਭ ਹੋ ਜਾਂਦੀ ਹੈ। ਇਸ ਸਮੇਂ ਗੁਰਬਾਣੀ ਇਕ ਸੰਸਥਾ ਦਾ ਰੂਪ ਧਾਰਨ ਕਰਦੀ ਹੈ ਅਤੇ ਗੁਰਬਾਣੀ ਦੇ ਵਿਆਖਿਆਕਾਰ ਇਸ ਦੀ ਸੰਸਥਾ-ਗਤ ਮਹਾਨਤਾ ਨੂੰ ਨਿਸ਼ਚਿਤ ਕਰਨ ਲਈ ਇਸ ਦੀ ਸੰਪ੍ਰਦਾਈ ਵਿਆਖਿਆ ਸ਼ੁਰੂ ਕਰ ਦੇਂਦੇ ਹਨ। ਗੁਰਬਾਣੀ-ਵਿਆਖਿਆ ਦੇ ਇਸ ਪ੍ਰਤਿਮਾਨ ਨੂੰ ਅਸੀਂ ਸੰਪ੍ਰਦਾਇਕ ਪਰਿਪੇਖ ਵਜੋਂ ਸੰਕਲਪਦੇ ਹਾਂ। ਅਜਿਹੇ ਵਿਆਖਿਆਤਮਕ ਪਰਿਪੇਖ ਦੀ ਉਸਾਰੀ ਕਰਤਾ 'ਪੁਰਾਤਨ ਜਨਮਸਾਖੀ', ਭਾਈ ਗੁਰਦਾਸ, ਸੋਢੀ ਮਿਹਰਵਾਨ, ਭਾਈ ਮਨੀ ਸਿੰਘ ਆਦਿ ਵਿਦਵਾਨ ਮੱਧਕਾਲ ਵਿਚ ਹੀ ਕਰ ਦੇਂਦੇ ਹਨ।

ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਇਸੇ ਪਰਿਪੇਖ ਦਾ ਵਿਸਤਾਰ ਕਰਨ ਵਾਲਾ ਅਧਿਆਇ ਸ਼ੁਰੂ ਹੁੰਦਾ ਹੈ। ਇਸ ਅਧਿਆਇ ਵਿਚ ਭਾਈ ਵੀਰ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਤਾਰਨ ਸਿੰਘ ਆਦਿ ਵਿਦਵਾਨ ਗਿਣੇ ਜਾ ਸਕਦੇ ਹਨ। ਇਨ੍ਹਾਂ ਨੇ ਸੰਪ੍ਰਦਾਇਕ ਸਾਮੂਹਕਤਾ ਦੇ ਦ੍ਰਿਸ਼ਟੀਕੋਣ ਤੋਂ ਨਵੀਨ ਪ੍ਰਸੰਗ ਵਿਚ ਗੁਰਬਾਣੀ ਦੀ ਵਿਆਖਿਆ-ਸਮੀਖਿਆ ਪੇਸ਼ ਕੀਤੀ। ਇਹ ਸਾਰੇ ਵਿਦਵਾਨ ਮੱਧਕਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪੇਸ਼ ਸੰਪ੍ਰਦਾਇਕ ਵਿਆਖਿਆ ਦਾ ਵਿਸਤਾਰ ਕਰਦਿਆਂ ਅਤੇ ਆਪਣੇ ਤਰਕ ਦੇ ਨਵੇਂ ਨੁਕਤੇ ਵੀ ਜ਼ਰੂਰ ਆਪਣੀ ਵਿਆਖਿਆ ਵਿਚ ਸ਼ਾਮਲ ਕਰ ਦੇਂਦੇ ਹਨ।

ਭਾਈ ਵੀਰ ਸਿੰਘ ਨੇ 'ਸੰਥਯਾ-ਭਾਵਨਾ' ਤੋਂ ਗੁਰਬਾਣੀ-ਪ੍ਰਵਚਨ ਦੇ ਅੰਤਰਗਤ ਨਿਹਿਤ ਵਿਚਾਰਧਾਰਾਈ ਸੰਦੇਸ਼ ਨੂੰ, ਬਿਨਾ ਕਿਸੇ ਨਿੱਜੀ ਖਿਚੋਤਾਣ ਦੇ, ਗੁਰਬਾਣੀ ਦੇ ਆਪਣੇ ਅੰਦਰਲੇ ਚਿਹਨ-ਪ੍ਰਬੰਧ ਵਿਚੋਂ ਹੀ ਗ੍ਰਹਿਣ ਕਰਨ ਦਾ ਯਤਨ ਕੀਤਾ। 'ਸੰਥਯਾ' ਲੈਣ ਤੋਂ ਉਨ੍ਹਾਂ ਦਾ ਮਤਲਬ ਹੈ : ਗੁਰਬਾਣੀ ਦੇ ਪ੍ਰਵਚਨ-ਪ੍ਰਬੰਧ ਦੇ ਅੰਤਰ-ਨਿਹਿਤ ਚਿਹਨਕਾਰੀ ਨੂੰ ਸਮਝਣ ਲਈ ਉਸ ਦੇ ਆਪਣੇ ਸਮੁੱਚੇ-ਪ੍ਰਬੰਧ ਦੀ ਸ਼ਰਨ ਲੈਣੀ/ਸ਼ਰਨ ਲੈਣ ਤੋਂ ਭਾਵ ਪੂਰਬਲੇ ਬਣੇ ਸਿਧਾਂਤਾਂ ਤੇ ਆਧਾਰਾਂ ਦਾ, ਗੁਰਬਾਣੀ-ਪ੍ਰਵਚਨ ਵਿਚਲੀ ਚਿਹਨਕਾਰੀ ਨੂੰ ਸਮਝਣ ਲਈ, ਤਿਆਗ ਕਰਨ ਤੋਂ ਹੈ। ਪੂਰਬਲੇ ਸਿਧਾਂਤਾਂ ਨੂੰ ਤਿਆਗਣ ਦਾ ਸੰਕੇਤ ਲੇਖਕ ਦੇ ਭੂਮਿਕਾ ਵਿਚਲੇ ਇਨ੍ਹਾਂ ਸ਼ਬਦਾਂ ਤੋਂ ਪ੍ਰਾਪਤ ਹੁੰਦਾ ਹੈ : 'ਜਿਥੋਂ ਤੱਕ ਇਸੇ ਬਾਣੀ ਦੀ ਸਹਾਇਤਾ ਨਾਲ ਇਸ ਦੀ ਵੱਧ ਤੋਂ ਵੱਧ ਸਮਝ ਆ ਸਕੇ...।'[1] ਅਜਿਹੀ ਅਧਿਐਨ-ਬਿਰਤੀ ਹੀ ਸਾਨੂੰ ਗੁਰਬਾਣੀ-ਪ੍ਰਵਚਨ ਦੇ ਅੰਦਰਲੇ ਚਿਹਨ-ਪ੍ਰਬੰਧ ਦੀ ਆਪਣੀ ਚਿਹਨਕਾਰੀ ਦੇ ਪੱਧਾਂ ਦਾ, ਉਸ ਦੇ ਸਮੁੱਚੇ ਸਿਸਟਮ ਨਾਲ ਅੰਤਰਸੰਬੰਧਿਤ ਕਰਕੇ, ਉਸ ਦੀ ਅਰਥ-ਉਤਪਾਦਨਾ ਦੀ ਆਪਣੀ ਵਿਲੱਖਣ ਸਾਰਥਕਤਾ ਵੱਲ ਲਿਜਾ ਸਕਦੀ ਹੈ। ਅਜਿਹੀ ਅਧਿਐਨ-ਪ੍ਰਕਿਰਿਆ ਹੀ ਸਾਨੂੰ ਗੁਰਬਾਣੀ-ਪ੍ਰਵਚਨ ਦੇ ਸਿਸਟਿਮ ਦੇ ਅੰਤਰਗਤ ਪੈਟਰਨ-ਬੱਧ ਪ੍ਰਤਿਮਾਨਾਂ ਤੱਕ ਪੁੱਜਣ ਵਿਚ ਸਹਾਈ ਹੋ ਸਕਦੀ ਹੈ।

ਪ੍ਰੋ. ਸਾਹਿਬ ਸਿੰਘ ਗੁਰਬਾਣੀ-ਵਿਆਖਿਆ-ਸਮੀਖਿਆ ਦਾ ਜੋ ਪ੍ਰਤਿਮਾਨ ਪੇਸ਼ ਕਰਦੇ ਹਨ, ਉਹ ਗੁਰਬਾਣੀ-ਪ੍ਰਵਚਨ ਦੇ ਆਪਣੇ ਚਿਹਨ-ਪ੍ਰਬੰਧ ਦੇ ਸਮੁੱਚੇ ਸਿਸਟਿਮ ਦੇ ਵਿਆਕਰ-ਣਿਕ ਨੇਮਾਂ ਉਪਰ ਆਧਾਰਿਤ ਹੈ। ਇਸ ਪੱਖੋਂ ਪ੍ਰੋ. ਸਾਹਿਬ ਸਿੰਘ ਗੁਰਬਾਣੀ ਵਿਆਖਿਆ-ਸਮੀਖਿਆ ਦਾ ਇਕ ਵੱਖਰਾ ਪ੍ਰਤਿਮਾਨ ਸਥਾਪਿਤ ਕਰਨ ਵਾਲੇ ਵਿਦਵਾਨ ਹਨ। ਜਿੱਧਰ ਭਾਈ ਵੀਰ ਸਿੰਘ ਨੇ ਗੁਰਬਾਣੀ-ਪ੍ਰਵਚਨ ਵਿਚ ਸ਼ਾਮਲ ਚਿਹਨਾਂ ਤੇ ਉਨ੍ਹਾਂ ਦੇ ਸਮੁੱਚੇ ਅੰਦਰਲੇ ਪ੍ਰਬੰਧ ਉਤੇ ਆਧਾਰਿਤ ਕਰਕੇ ਗੁਰਬਾਣੀ ਦੀ ਵਿਆਖਿਆ-ਸਮੀਖਿਆ ਦੀ ਪਿਰਤ ਪਾਈ, ਉੱਧਰ ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਦੇ ਵਿਆਕਰਣ-ਸ਼ਾਸਤਰ ਦਾ ਨਿਰਮਾਣ ਕਰਕੇ, ਉਸ ਅਨੁਸਾਰ ਗੁਰਬਾਣੀ ਦੀ ਵਿਆਖਿਆ ਸਮੀਖਿਆ ਦੀ ਪਿਰਤ ਪਾਈ। ਵਿਆਕਰਣ ਨੂੰ ਆਧਾਰ ਬਣਾ ਕੇ ਗੁਰਬਾਣੀ ਦੇ ਪਾਠ-ਪ੍ਰਬੰਧ ਨੂੰ ਪੜ੍ਹਨਾ, ਉਸ ਪਾਠ ਦੀ ਪਾਠ-ਗਤ ਬਣਤਰ ਤੇ ਸਾਰਥਕਤਾ ਦੇ ਨੇਮਾ/ਪੈਟਰਨਾਂ ਦੇ ਵਿਆਕਰਣਿਕ ਸਿਸਟਿਮ ਨੂੰ ਪਛਾਣਨ ਬਰਾਬਰ ਹੈ। ਅਜਿਹੀ ਰੁਚੀ ਨਾਲ ਵਿਆਖਿਆ ਕਰਦੇ ਸਮੇਂ ਅਭਿਨੰਦਨ ਦਾ ਮੋਹ ਤਿਆਗਣਾ ਪੈਂਦਾ ਹੈ ਅਤੇ ਇਕ ਵਿਗਿਆਨੀ ਵਾਂਗ ਰਚਿਤ ਪਾਠ ਵਿਚਲੀ ਨੇਮਾਂ ਦੀ ਤਰਤੀਬ ਤੋਂ ਦਿਸ਼ਾ ਗ੍ਰਹਿਣ ਕਰਕੇ ਅਰਥ-ਵਿਆਖਿਆ ਕਰਨੀ ਹੁੰਦੀ ਹੈ। ਵਿਆਕਰਣ ਇਕ ਸ਼ਾਸਤਰ ਹੈ ਜੋ ਚਿੰਤਨ ਦਾ ਇਕ ਅਜਿਹਾ ਸਿਸਟਮ ਦੇਂਦਾ ਹੈ, ਜਿਸ ਅਨੁਸਾਰ ਬਾਣੀ-ਪ੍ਰਵਚਨ ਦੇ ਆਪਣੇ ਵਿਲੱਖਣ ਅਰਥਾਂ ਨੂੰ ਸਮਝਿਆ ਜਾ ਸਕਦਾ ਹੈ। ਸ਼ਾਇਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਲਈ ਪ੍ਰੋਫੈਸਰ ਸਾਹਿਬ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਪੇਸ਼ ਕਰਨ ਤੋਂ ਪਹਿਲਾਂ ਗੁਰਬਾਣੀ ਦੇ ਆਪਣੇ ਅੰਦਰਲੇ ਵਿਆਕਰਣ-ਸ਼ਾਸਤਰ ਦਾ ਨਿਰਮਾਣ ਕੀਤਾ ਅਤੇ ਫਿਰ ਵਿਆਕਰਣ-ਸ਼ਾਸਤਰ ਦੁਆਰਾ ਪ੍ਰਦਾਨ ਕੀਤੇ 'ਚਿੰਤਨ ਦੇ ਸਿਸਟਮ' ਦੇ ਆਧਾਰ ਉਤੇ ਉਹਦੀ ਅਰਥ-ਵਿਆਖਿਆ ਕੀਤੀ। ਇਉਂ ਭਾਈ ਵੀਰ ਸਿੰਘ ਤੇ ਪ੍ਰੋ. ਸਾਹਿਬ ਸਿੰਘ ਦੋਹਾਂ ਵਿਦਵਾਨਾਂ ਦੇ ਪ੍ਰਤਿਮਾਨ ਗੁਰਬਾਣੀ ਦੇ ਆਪਣੇ ਅੰਤਰ-ਨਿਹਿਤ ਸਮੁੱਚੇ ਪ੍ਰਵਚਨ-ਪ੍ਰਬੰਧ ਨੂੰ ਆਧਾਰ ਬਣਾ ਕੇ ਵਿਆਖਿਆ ਕਰਨ ਵਾਲੇ ਹਨ। ਸਾਡੇ ਅਧਿਐਨ ਦੇ ਪ੍ਰਸੰਗ ਵਿਚ ਇਹ ਦੋਵੇਂ ਪ੍ਰਤਿਮਾਨ ਇਕ ਮੁੱਲਵਾਨ ਪ੍ਰਾਪਤੀ ਹਨ, ਜੋ ਗੁਰਬਾਣੀ ਦੇ ਆਪਣੇ ਪ੍ਰਵਚਨ-ਪ੍ਰਬੰਧ ਨੂੰ ਨਿਸ਼ਚਿਤ ਕਰਨ ਵਿਚ ਸਹਾਈ ਸਿੱਧ ਹੁੰਦੇ ਹਨ।

ਭਾਈ ਵੀਰ ਸਿੰਘ ਤੇ ਪ੍ਰੋ. ਸਾਹਿਬ ਸਿੰਘ ਦੇ ਸਮਕਾਲੀ ਪ੍ਰਿੰਸੀਪਲ ਜੋਧ ਸਿੰਘ ਵੀ ਗੁਰਬਾਣੀ ਦੇ ਪ੍ਰਮਾਣਿਕ ਵਿਦਵਾਨ ਹਨ। ਪ੍ਰਿੰਸੀਪਲ ਜੋਧ ਸਿੰਘ ਦਾ ਵਿਸ਼ੇਸ਼ ਉਤਸ਼ਾਹ ਗੁਰਬਾਣੀ ਦੀ ਵਿਆਖਿਆ/ਸਮੀਖਿਆ ਨੂੰ ਵਿਗਿਆਨਕ ਪ੍ਰਸੰਗ ਵਿਚ ਰੱਖ ਕੇ ਸਾਰਥਕ ਸਿੱਧ ਕਰਨ ਵਾਲੇ ਪ੍ਰਤਿਮਾਨ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਇਸੀ ਸਮੇਂ ਪ੍ਰਿੰਸੀਪਲ ਤੇਜਾ ਸਿੰਘ, ਡਾ. ਗੁਪਾਲ ਸਿੰਘ, ਡਾ. ਤਾਰਨ ਸਿੰਘ ਆਦਿ ਵਿਦਵਾਨ ਗੁਰਬਾਣੀ ਨੂੰ ਕਾਵਿ-ਸ਼ਾਸਤਰੀ ਆਧਾਰਾਂ ਉਤੇ ਪੜ੍ਹਨ ਵਾਲੇ ਪ੍ਰਤਿਮਾਨ ਦਾ ਅਰੰਭ ਕਰਦੇ ਹਨ। ਇਨ੍ਹਾਂ ਵਿਦਵਾਨਾਂ ਤੋਂ ਬਾਅਦ ਡਾ. ਹਰਿਭਜਨ ਸਿੰਘ ਕਾਵਿ ਤੇ ਬਾਣੀ ਦੇ ਨਿਖੇੜੇ ਨੂੰ ਸਥਾਪਿਤ ਕਰਨ ਵਾਲਾ ਪਹਿਲਾ ਪ੍ਰਮਾਣਿਕ ਵਿਦਵਾਨ ਹੈ। ਉਸ ਨੇ ਗੁਰਬਾਣੀ ਵਿਚਲੇ ਕਾਵਿ ਨਾਲ ਸੰਬੰਧਿਤ ਸੁਹਜ-ਆਧਾਰੀ ਪੱਖ ਤੇ ਬ੍ਰਹਮ ਨਾਲ ਸੰਬੰਧਿਤ ਗਿਆਨ ਆਧਾਰੀ ਪੱਖ ਦਾ ਨਿਖੇੜਾ ਸਥਾਪਿਤ ਕਰਨ ਵਾਲੇ ਪ੍ਰਤਿਮਾਨ ਨੂੰ ਸਾਹਮਣੇ ਲਿਆਂਦਾ। ਡਾ. ਹਰਿਭਜਨ ਸਿੰਘ ਤੇ ਉਹਦੇ ਹੋਰ ਅਨੁਯਾਈਆਂ ਨੇ ਇਸੇ ਪ੍ਰਤਿਮਾਨ ਨੂੰ ਹੋਰ ਉਘਾੜਨ ਤੇ ਨਿਖਾਰਨ ਦੇ ਯਤਨ-ਪ੍ਰਯਤਨ ਕੀਤੇ। ਡਾ. ਮਹਿੰਦਰ ਕੌਰ ਗਿੱਲ ਤੇ ਡਾ. ਜਗਬੀਰ ਸਿੰਘ ਦੇ ਯਤਨ ਇਸ ਦਿਸ਼ਾ ਵਿਚ ਖਾਸ ਧਿਆਨਯੋਗ ਹਨ।

ਨਵੀਨ ਪ੍ਰਸੰਗ ਵਿਚ ਗੁਰਬਾਣੀ ਵਿਆਖਿਆ-ਸਮੀਖਿਆ ਦਾ ਸਮਾਜਵਾਦੀ ਤੇ ਸਮਾਜ-ਸ਼ਾਸਤਰੀ ਪਰਿਪੇਖ ਵੀ ਸਾਹਮਣੇ ਆਉਂਦਾ ਹੈ। ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ ਤੇ ਉਨ੍ਹਾਂ ਦੇ ਅਨੁਯਾਈਆਂ ਦੇ ਯਤਨ ਇਸ ਨਵੇਂ ਪ੍ਰਤਿਮਾਨ ਨੂੰ ਗੁਰਬਾਣੀ ਦੀ ਵਿਆਖਿਆ-ਸਮੀਖਿਆ ਨਾਲ ਜੋੜਦੇ ਹਨ। ਇਸ ਪ੍ਰਤਿਮਾਨ ਨਾਲ ਸੰਬੰਧਿਤ ਵਿਦਵਾਨ ਗੁਰਬਾਣੀ-ਪ੍ਰਵਚਨ ਵਿਚਲੇ ਸਮਾਜ ਆਧਾਰੀ ਸੰਦੇਸ਼ ਨੂੰ ਮਾਰਕਸਵਾਦੀ ਨਜ਼ਰੀਏ ਤੋਂ ਨਿਰਖਣ ਪਰਖਣ ਦਾ ਯਤਨ ਕਰਦੇ ਹਨ।

ਇਸੇ ਤਰ੍ਹਾਂ ਗੁਰਬਾਣੀ ਦੇ ਇਨ੍ਹਾਂ ਸੰਪ੍ਰਦਾਇਕ, ਵਿਆਕਰਣਿਕ, ਸੁਹਜ ਤੇ ਗਿਆਨ ਦੇ ਵਿਵੇਕ ਆਧਾਰੀ ਤੇ ਸਮਾਜ-ਸ਼ਾਸਤਰੀ ਪ੍ਰਤਿਮਾਨਾਂ ਤੋਂ ਉਪਰੰਤ ਇਕ ਨਵਾਂ ਅਧਿਆਇ ਵੀ ਸਾਹਮਣੇ ਆਉਂਦਾ ਹੈ। ਇਸ ਵਿਚ ਗੁਰਬਾਣੀ ਨੂੰ ਇਕ ਅਜਿਹੀ ਪ੍ਰਾਪਤੀ ਵਜੋਂ ਗ੍ਰਹਿਣ ਕੀਤਾ ਗਿਆ ਹੈ ਜੋ ਸੰਸਕ੍ਰਿਤੀ-ਨਿਰਮਾਣ ਦੀ ਪ੍ਰਕਿਰਿਆ ਵਿਚ ਨਿਰੰਤਰ ਪਈ ਨਜ਼ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੀ ਹੈ। ਇਸ ਪੱਖ ਤੋਂ ਗੁਰਬਾਣੀ ਨੂੰ ਵਿਚਾਰਨ ਵਾਲਾ ਵਿਦਵਾਨ ਪ੍ਰੋਫੈਸਰ ਤਰਲੋਕ ਸਿੰਘ ਕੰਵਰ ਹੈ ਜੋ ਆਪਣੀ ਸਾਰੀ ਵਿਆਖਿਆ-ਯਾਤਰਾ ਵਿਚ ਗੁਰਬਾਣੀ ਨੂੰ ਪੰਜਾਬੀ ਸਭਿਆਚਾਰ ਤੇ ਪ੍ਰਵਚਨ-ਨਿਰਮਾਣ ਤੇ ਸ਼ਾਸਤਰੀ ਪ੍ਰਬੰਧ ਵਜੋਂ ਗ੍ਰਹਿਣ ਕਰਦਾ ਹੈ।

ਹਥਲਾ ਅਧਿਆਇ ਗੁਰਬਾਣੀ-ਸਭਿਆਚਾਰ ਨੂੰ ਪ੍ਰਵਚਨ-ਪ੍ਰਬੰਧ ਦੇ ਅਰਥਾਂ ਵਿਚ ਗ੍ਰਹਿਣ ਕਰਨ ਤੇ ਇਸ ਨਜ਼ਰੀਏ ਦੀ ਸਾਰਥਕਤਾ ਤੇ ਉਚਿਤਤਾ ਨੂੰ ਨਿਸ਼ਚਿਤ ਕਰਨ ਨਾਲ ਸੰਬੰਧਿਤ ਹੈ। ਪਿਛਲੇ ਅਧਿਆਇ ਵਿਚ ਸਾਡੀ ਯਾਤਰਾ ਪ੍ਰਤਿਮਾਨ-ਮੁੱਖ ਰਹੀ ਹੈ। ਪਰਖ-ਪੜਤਾਲ ਜਦੋਂ ਪ੍ਰਤਿਮਾਨਾਂ ਨੂੰ ਉਘਾੜਨ ਵੱਲ ਤੱਤਪਰ ਹੁੰਦੀ ਹੈ ਤਾਂ ਉਸ ਦੀ ਯਾਤਰਾ ਵਿਸ਼ਿਸ਼ਟ ਪ੍ਰਸੰਗ ਤੋਂ ਵਿਆਪਕ ਪ੍ਰਸਤਾਵ ਵੱਲ ਦੀ ਹੁੰਦੀ ਹੈ। ਇਸ ਯਾਤਰਾ ਵਿਚ ਪ੍ਰਤਿਮਾਨਾਂ ਦੀ ਪਪੱਕਤਾ ਸਥਾਪਿਤ ਹੁੰਦੀ ਚਲੀ ਜਾਂਦੀ ਹੈ। ਅਧਿਐਨ ਨੂੰ ਸਾਰਥਕਤਾ ਦੇ ਅਤਿਅੰਤ ਉਚੇਰੇ ਬਿੰਦੂ ਉਪਰ ਟਿਕਾਣ ਲਈ ਪ੍ਰਤਿਮਾਨ ਤਕ ਪੁੱਜਣਾ ਜ਼ਰੂਰੀ ਹੁੰਦਾ ਹੈ। ਪਰ ਪ੍ਰਤਿਮਾਨ ਜਦੋਂ ਅਤਿਅੰਤ ਅਮੂਰਤ ਪ੍ਰਸਤਾਵ ਦੀ ਕੋਟੀ ਵਿਚ ਰੂਪਾਂਤ੍ਰਿਤ ਹੋ ਜਾਂਦਾ ਹੈ, ਉਦੋਂ ਉਹ ਸੰਬੰਧਿਤ ਅਧਿਐਨ-ਸਮੱਗਰੀ ਤੋਂ ਵੀ ਅਜਨਬੀ ਬਣ ਜਾਂਦਾ ਹੈ, ਕਿਉਂ ਜੋ ਮੂਲ ਸਮੱਗਰੀ ਵਿਸ਼ਿਸ਼ਟ ਸਮੂਰਤਣ ਦੇ ਨੇੜੇ ਹੁੰਦੀ ਹੈ, ਅਤੇ ਉਸ ਦੇ ਆਧਾਰ ਉਤੇ ਬਣਾਇਆ ਪ੍ਰਤਿਮਾਨ ਅਤਿਅੰਤ ਅਮੂਰਤ ਹੋ ਜਾਂਦਾ ਹੈ। ਪ੍ਰਤਿਮਾਨ ਦਾ ਬਿੰਦੂ ਕਿਸੇ ਵੀ ਸਾਰਥਕ ਪ੍ਰਣਾਲੀ ਨੂੰ ਸ਼ਾਸਤਰੀ ਅਰਥਾਂ ਵਿਚ ਪਕੜਨ ਤੇ ਸਮਝਣ ਵਿਚ ਇਕ ਸਰਲ ਤੇ ਗਣਿਤ ਸ਼ਾਸਤਰੀ ਤਕਨੀਕ ਦਾ ਕੰਮ ਕਰਦਾ ਹੈ। ਇਸ ਲਈ ਇਸ ਦੀ ਅਵਸ਼ਕਤਾ ਤਾਂ ਬਣੀ ਰਹਿੰਦੀ ਹੈ, ਪਰ ਜਦੋਂ ਇਸ ਦੀ ਨਿਸ਼ਚਿੱਤਤਾ ਨੂੰ ਪਛਾਣ ਲਿਆ ਜਾਂਦਾ ਹੈ, ਉਦੋਂ ਫਿਰ ਜ਼ਰੂਰਤ ਹੁੰਦੀ ਹੈ ਕਿ ਅਮੂਰਤ ਵਿਆਪਕਤਾ ਤੋਂ ਸਮੂਰਤ ਵਿਸ਼ਿਸ਼ਟਤਾ ਵੱਲ ਦਾ ਸਫ਼ਰ ਕੀਤਾ ਜਾਏ। ਇਸ ਨਾਲ ਪ੍ਰਤਿਮਾਨ ਦੀ ਪੜਤਾਲ ਹੋ ਜਾਂਦੀ ਹੈ ਅਤੇ ਸਮੂਰਤਾ ਵਿਸ਼ਿਸ਼ਟਤਾ ਦੀ ਸਾਰਥਕਤਾ ਹੋਰ ਉਘੜ ਆਉਂਦੀ ਹੈ। ਇਸੇ ਪ੍ਰਕਿਰਿਆ ਦੇ ਅਧੀਨ ਅਸੀਂ ਆਪਣੀ ਚਰਚਾ ਗੁਰਬਾਣੀ ਦੇ ਪਾਠ ਉਪਰ ਆਧਰਿਤ ਕਰ ਰਹੇ ਹਾਂ।

ਸਾਡੀ ਇਸ ਚਰਚਾ ਵਿਚ ਸਾਡੀ ਪ੍ਰਤਿਮਾਨ-ਮੂਲਕ ਦਿਸ਼ਾ ਗੁਰਬਾਣੀ ਨੂੰ ਇਕ ਪ੍ਰਵਚਨ-ਪ੍ਰਬੰਧ ਵਜੋਂ ਗ੍ਰਹਿਣ ਕਰਨ ਦੀ ਹੈ। ਪ੍ਰਵਚਨ, ਸਾਡੇ ਮੱਤ ਅਨੁਸਾਰ, ਇਕ ਅਜਿਹੀ ਪੈਟਰਨ-ਬੱਧ ਰਚਨਾ ਦਾ ਨਾਂ ਹੈ ਜੋ ਆਪਣੇ ਕੇਂਦਰੀ ਪ੍ਰਸਤਾਵ ਨਾਲ ਇਕ ਸਿਸਟਮ-ਬੱਧ ਵਿਉਂਤ ਵਿਚ ਆਂਤਰਿਕ ਤੇ ਅੰਤਰਨਿਹਿਤ ਤੌਰ ਉਤੇ ਸੰਗਠਿਤ ਹੁੰਦੀ ਹੈ। ਇਸ ਤੋਂ ਇਲਾਵਾ ਇਹ ਅੰਤਰਸੰਬੰਧਿਤਾ ਖੰਡਨ ਰਾਹੀਂ ਵੀ ਕੀਤੀ ਜਾ ਸਕਦੀ ਹੈ, ਦਾਹਵੇ-ਮੂਲਕ ਦ੍ਰਿੜ ਕਥਨ ਰਾਹੀਂ ਵੀ ਤੇ ਆਲੋਚਨਾਤਮਕ ਟਿੱਪਣੀ ਰਾਹੀਂ ਵੀ। ਪਰੰਤੂ ਇਸ ਸਾਰੇ ਕੁਝ ਦੀ ਮੂਲ ਸ਼ਰਤ ਇਹ ਹੈ ਕਿ ਪ੍ਰਵਚਨ ਦਾ ਕੇਂਦਰੀ ਪ੍ਰਸਤਾਵ ਆਪਣੇ ਤੋਂ ਅਗਲੇ ਪਿਛਲੇ ਵਿਚਾਰਾਂ ਨਾਲ ਇਕ ਸੰਸ਼ਲੇਸ਼ਣ ਵਿਚ ਬਝਿਆ ਹੋਣਾ ਚਾਹੀਦਾ ਹੈ। ਅਜਿਹੇ ਪ੍ਰਵਚਨ ਨੂੰ ਭਾਸ਼ਾਈ/ਪ੍ਰਤੀਕੀ ਆਧਾਰਾਂ ਉਪਰ ਇਸ ਤਰ੍ਹਾਂ ਨਿਰਮਿਤ ਕੀਤਾ ਗਿਆ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿ ਉ[illegible]ਉਂਦੀਆਂ ਹਨ, ਜੋ ਮਨੁੱਖ ਦੀ ਉਚੇਰੀ ਮੱਤ ਨੂੰ ਘੜ ਕੇ, ਉਸ ਨੂੰ ਮਾਨਵੀ ਆਜ਼ਾਦੀ ਦਾ ਰਾਹ ਵਿਖਾਉਂਦੀਆਂ ਹਨ। ਪ੍ਰਵਚਨ, ਹਮੇਸ਼ਾ ਹੀ ਮਾਨਵੀ ਆਜ਼ਾਦੀ ਦੀਆਂ ਸੰਭਾਵਨਾਵਾਂ ਨੂੰ ਉਘਾੜਨ ਦਾ ਕੰਮ ਕਰਦਾ ਹੈ।

ਗੁਰਬਾਣੀ ਨੂੰ ਇਸ ਦ੍ਰਿਸ਼ਟੀ ਤੋਂ ਵੇਖਿਆਂ ਇਹ ਪਤਾ ਚਲਦਾ ਹੈ ਕਿ ਇਸ ਦੀਆਂ ਲਗਭਗ ਬਹੁਤੀਆਂ ਰਚਨਾਵਾਂ 'ਰਹਾਉ' ਦੇ ਕੇਂਦਰੀ ਪ੍ਰਸਤਾਵ ਨਾਲ ਇਉਂ ਪੈਟਰਨ-ਬੱਧ ਕੀਤੀਆਂ ਗਈਆਂ ਹੁੰਦੀਆਂ ਹਨ ਕਿ ਰਚਨਾ ਦਾ ਕੇਂਦਰੀ ਪ੍ਰਸਤਾਵ ਆਪਣੇ ਤੋਂ ਅਗਲੇ ਪਿਛਲੇ ਵਿਚਾਰਾਂ ਨਾਲ ਇਕ ਸੰਸ਼ਲੇਸ਼ਣ ਵਿਚ ਬਝਿਆ ਹੁੰਦਾ ਹੈ। ਇਸੇ ਲਈ ਅਸੀਂ ਗੁਰਬਾਣੀ ਦੀਆਂ ਕਿਰਤਾਂ ਨੂੰ ਪੈਟਰਨ-ਬੱਧ ਪ੍ਰਵਚਨ-ਪ੍ਰਬੰਧ ਵਜੋਂ ਵਿਚਾਰਨ ਦਾ ਵਿਸ਼ਾ ਬਣਾਉਣਾ ਇਥੇ ਉਚਿਤ ਸਮਝਿਆ ਹੈ। ਜਿਸ ਕਿਸੇ ਕਿਰਤ ਵਿਚ 'ਰਹਾਉ' ਦੇ ਸੰਕੇਤ ਦੀ ਅਣਹੋਂਦ ਹੈ, ਉਨ੍ਹਾਂ ਰਚਨਾਵਾਂ ਦਾ ਸੁਭਾ ਵੀ ਕੇਂਦਰੀ ਪ੍ਰਸਤਾਵ ਨਾਲ ਖੰਡਨ-ਮੰਡਨ ਦੇ ਪ੍ਰਬੰਧ ਵਿਚ ਪੈਟਰਨ-ਬੱਧ ਹੁੰਦਾ ਹੈ। ਇਸ ਤਰ੍ਹਾਂ ਗੁਰਬਾਣੀ ਕਿਰਤਾਂ ਦੀ ਬਿਰਤੀ ਕੁਲ ਮਿਲਾ ਕੇ ਪ੍ਰਵਚਨ-ਪ੍ਰਬੰਧ ਵਾਲੀ ਹੀ ਹੈ। ਇਸ ਤੋਂ ਇਲਾਵਾ ਗੁਰਬਾਣੀ ਰਾਹੀਂ ਮੱਧਕਾਲੀ ਪੰਜਾਬ ਵਿਚ ਇਕ ਅਜਿਹੇ ਸਭਿਆਚਾਰ ਪ੍ਰਬੰਧ ਦੀ ਸਿਰਜਨਾ ਕੀਤੀ ਗਈ ਹੈ, ਜਿਸ ਦੀ ਨਿਸ਼ਾਨਦੇਹੀ ਮਨੁੱਖੀ ਆਜ਼ਾਦੀ ਦਾ ਰਾਹ ਨਿਸ਼ਚਿਤ ਕਰਨ ਦੇ ਅਰਥਾਂ ਵਿਚ ਕੀਤੀ ਜਾ ਸਕਦੀ ਹੈ। ਸਾਰੀ ਗੁਰਬਾਣੀ ਇਸੇ ਪ੍ਰਕਰਮ ਤੇ ਉੱਦਮ ਦੇ ਯਗ ਵਿਚ ਯੋਗਦਾਨ ਪਾਣ ਵਾਲੀ ਪਰਪਾਟੀ ਹੈ।

ਗੁਰਬਾਣੀ-ਕਿਰਤਾਂ ਨੂੰ ਜਦੋਂ ਅਸੀਂ ਅਜੋਕੇ ਗਿਆਨ-ਵਿਗਿਆਨ ਦੇ ਯੁਗ ਵਿਚ ਵਿਆਖਿਆ-ਸਮੀਖਿਆ ਦਾ ਵਿਸ਼ਾ ਬਣਾਉਣਾ ਹੈ ਤਾਂ ਸਾਨੂੰ ਘਟੋ ਘੱਟ ਤਿੰਨ ਪ੍ਰਸੰਗਾਂ ਵਲ ਸਮਸਾਮਿਅਕ ਤੌਰ ਉਤੇ ਸੁਚੇਤ ਹੋਣਾ ਪਵੇਗਾ। ਇਕ ਪ੍ਰਸੰਗ ਗੁਰਬਾਣੀ ਦੇ ਆਪਣੇ ਪਾਠ-ਪ੍ਰਬੰਧ ਦਾ ਹੈ, ਦੂਜਾ ਪ੍ਰਸੰਗ ਭਾਰਤ ਦੇ ਪ੍ਰਾਚੀਨ ਪਰੰਪਰਾਗਤ ਵਿਦਵਾਨਾਂ ਦਾ ਤੇ ਤੀਜਾ ਪ੍ਰਸੰਗ ਪੱਛਮ ਦੇ ਨਵੇਂ ਯੁਗ ਦੇ ਵਿਗਿਆਨਕ ਪੈਮਾਨਿਆਂ ਦੇ ਆਧਾਰ ਉਤੇ ਸਾਹਿਤ-ਅਧਿਐਨ ਦੇ ਪ੍ਰਸੰਗ ਦਾ। ਸਭ ਤੋਂ ਪਹਿਲਾਂ ਗੁਰਬਾਣੀ ਦੇ ਆਪਣੇ ਪਾਠ-ਗਤ ਅਧਿਐਨ ਤੋਂ ਅਰੰਭ ਕਰਨਾ ਉਚਿਤ ਜਾਪਦਾ ਹੈ। ਇਸ ਸੰਬੰਧੀ ਅਸੀਂ ਸਭ ਤੋਂ ਪਹਿਲਾਂ ਗੁਰਬਾਣੀ ਦੇ ਪਾਠ ਵਿਚੋਂ ਕੁਝ ਕੁ ਟੂਕਾਂ ਨੂੰ ਆਪਣੇ ਸਨਮੁੱਖ ਕਰਨਾ ਉਚਿਤ ਸਮਝਦੇ ਹਾਂ। ਇਸ ਜੁਗਤ ਰਾਹੀਂ ਹੀ ਅਸੀਂ ਗੁਰਬਾਣੀ ਦੇ ਪਾਠ-ਪ੍ਰਬੰਧ ਦੇ ਅੰਦਰੋਂ ਦਿਸ਼ਾ ਗ੍ਰਹਿਣ ਕਰ ਕੇ, ਪਰੰਪਰਾਗਤ ਪ੍ਰਾਚੀਨ ਭਾਰਤੀ ਪ੍ਰਸੰਗ ਵਿਚ ਅਤੇ ਨਵੀਨ ਪੱਛਮੀ ਪ੍ਰਸੰਗ ਵਿਚ ਗੁਰਬਾਣੀ-ਪ੍ਰਵਚਨ ਦੀ ਸ਼ਾਸਤਰੀ ਸਾਰਥਕਤਾ ਨੂੰ ਨਿਸ਼ਚਿਤ ਕਰ ਸਕਦੇ ਹਾਂ। ਸੋ ਸਭ ਤੋਂ ਪਹਿਲਾਂ ਗੁਰਬਾਣੀ ਦੇ ਪਾਠ ਵਲ ਰੁਚਿਤ ਹੁੰਦੇ ਹਾਂ। ਚਰਚਾ ਦਾ ਅਰੰਭ ਬਿੰਦੂ ਗੁਰੂ ਨਾਨਕ ਦੇਵ ਦੇ ਹੇਠਲੇ ਸਲੋਕ ਨੂੰ ਬਣਾਉਣਾ ਇਸ ਲਈ ਉਚਿਤ ਹੈ ਕਿ ਇਸ ਵਿਚਲੀ ਗੁਰੂ ਨਾਨਕ-ਬਾਣੀ ਦੀ ਚੇਤਨਾ ਦਾ ਪੈਟਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਤਨਾ ਪ੍ਰਾਚੀਨ ਭਾਰਤ ਦੇ ਪਰੰਪਰਾਗਤ ਵਿਦਵਾਨਾਂ ਦੇ ਪ੍ਰਸੰਗ ਵਿਚ ਸਾਰਥਕ ਹੈ ਉਤਨਾ ਹੀ ਅਜੋਕੇ ਗਿਆਨ-ਸ਼ਾਸਤਰੀ ਪ੍ਰਸੰਗਾਂ ਦੇ ਭਾਸ਼ਾਈ ਤੇ ਚਿਹਨ ਵਿਗਿਆਨਕ ਪ੍ਰਸੰਗਾਂ ਵਿਚ ਵੀ ਸਾਰਥਕ ਹੈ। ਵਿਸ਼ਲੇਸ਼ਣ ਤੋਂ ਪਹਿਲਾਂ ਸਲੋਕ ਨੂੰ ਸਨਮੁਖ ਕਰ ਲੈਣਾ ਉਚਿਤ ਹੈ :

ਮਨਹੁ ਜਿ ਅੰਧੇ ਘੂਪ, ਕਹਿਆ ਬਿਰਦੁ ਨ ਜਾਣਨੀ ॥
ਮਨਿ ਅੰਧੈ, ਊਧੇ ਕੰਵਲਿ, ਦਿਸਨਿ ਖਰੇ ਕਰੂਪ ॥
ਇਕ ਕਹਿ ਜਾਣਨਿ, ਕਹਿਆ ਬੁਝਨ ਤੇ ਨਰ ਸੁਘੜ ਸਰੂਪ ॥
ਇਕਨਾ ਨਾਦ ਨ, ਬੇਦ ਨ, ਗੀਅ ਰਸ, ਰਸ ਕਸ ਨ ਜਾਣੰਤਿ ॥
ਇਕਨਾ ਸਿਧਿ ਨ, ਬੁਧਿ ਨ, ਅਕਲ ਸਰ, ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ, ਜਿ ਬਿਨ ਗੁਣ ਗਰਬ ਕਰੰਤ ॥੧੫॥[2]

ਰਤਾ ਕੁ ਗਹੁ ਨਾਲ ਵੇਖਿਆਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਇਸ ਸਲੋਕ ਵਿਚ ਮਨੁੱਖ ਦੀ ਮਨੁੱਖਤਾ ਦਾ ਲੱਛਣ ਨਿਸ਼ਚਿਤ ਕਰਦੇ ਜਾਪਦੇ ਹਨ। ਅੰਤਰ 'ਸੁਘੜ ਸਰੂਪ' ਨਰ (ਮਨੁੱਖ) ਅਤੇ 'ਖਰੇ ਕਰੂਪ' ਨਰ (ਮਨੁੱਖ) ਵਿਚ ਹੈ। ਇਸ ਅੰਤਰ ਦਾ ਨਿਖੇੜਾ ਕਰਨ ਲਈ ਗੁਰੂ ਨਾਨਕ ਕਹੀ 'ਗਲ' ਦੇ 'ਬਿਰਦ' ਨੂੰ 'ਜਾਣਨਿ' ਤੇ 'ਕਹਿਆ ਬੁਝਨ' ਨੂੰ ਬਣਾਂਦੇ ਹਨ। ਕਹੀ ਗੱਲ ਨੂੰ ਬੁਝਣ ਦੀ ਗੱਲ ਭਾਸ਼ਾਈ ਸੰਚਾਰ ਨਾਲ ਹੀ ਸੰਬੰਧਿਤ ਹੈ। ਸਾਡੇ ਪ੍ਰਾਚੀਨ ਭਾਰਤੀ ਪਰੰਪਰਾਗਤ ਵਿਦਵਾਨਾਂ ਤੇ ਅਜੋਕੇ ਵੀਹਵੀਂ ਸਦੀ ਦੇ ਵਿਦਵਾਨਾਂ—ਦੋਹਾਂ ਨੇ ਹੀ ਕਹਿਣ (ਬੋਲਣ) ਤੇ ਬੁੱਝਣ (ਸੁਣੇ ਹੋਏ ਦੇ ਗੁਹਜ ਅਰਥ ਦੇ ਬੋਧ) ਨੂੰ ਭਾਸ਼ਾਈ ਉਚਾਰ ਤੇ ਉਸ ਪਿਛੇ ਕੰਮ ਕਰਦੇ ਵਿਆਕਰਣ-ਸ਼ਾਸਤਰ ਨਾਲ ਜੋੜਿਆ ਹੈ।[3] ਇਉਂ ਗੁਰੂ ਨਾਨਕ ਦੇਵ ਦਾ ਇਹ ਸਲੋਕ ਮਨੁੱਖ ਦੀ ਮਨੁੱਖਤਾ ਦੀ ਵਿਸ਼ੇਸ਼ਤਾ ਦਾ ਸੰਬੰਧ ਉਸ ਦੀ ਭਾਸ਼ਾਈ ਕੋਡਾਂ/ਚਿਹਨਾਂ ਤੇ ਉਨ੍ਹਾਂ ਸੰਬੰਧਿਤ ਭਾਸ਼ਾਈ ਨੇਮਾਂ ਦੀ ਯੋਗਤਾ ਰਾਹੀਂ ਭਾਸ਼ਾਈ ਆਪਰੇਟਸ ਦੀ ਸੁਯੋਗ ਵਰਤੋਂ ਨਾਲ ਜੋੜਦਾ ਜਾਪਦਾ ਹੈ। ਗੁਰਬਾਣੀ ਅਨੁਸਾਰ ਪਸ਼ੂ ਜਗਤ ਨਾਲੋਂ ਮਨੁੱਖ ਇਸੇ ਭਾਸ਼ਾਈ ਆਪਰੇਟਸ ਦੀ ਯੋਗਤਾ ਹੋਣ ਕਾਰਨ ਹੀ ਵਿਲੱਖਣ ਹੈ। ਗੁਰਬਾਣੀ ਦਾ ਵਾਕ ਹੈ :

ਪਸੂ ਮਿਲਹਿ ਚੰਗਿਆਈਆਂ, ਖੜ ਖਾਵਹਿ, ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ, ਧ੍ਰਿਗੁ ਜੀਵਨ ਕਰਮ ਕਰੇਹਿ ॥[4]

ਇਨ੍ਹਾਂ ਪੰਗਤੀਆਂ ਵਿਚ ਸਪਸ਼ਟ ਹੈ ਕਿ ਪਸ਼ੂ-ਜਗਤ ਨੇ ਜੀਵਨ ਭਰ ਜੋ ਕਰਨਾ ਹੈ ਉਹ ਉਸ ਨੇ ਪ੍ਰਦੱਤ ਜੈਵਿਕ ਹੋਂਦ ਦੀ ਪੱਧਰ ਉਤੇ ਹੀ ਕਰਨਾ ਹੈ। ਘਾਹ ਖਾਣਾ ਤੇ ਅੰਮ੍ਰਿਤ ਵਰਗਾ ਦੁੱਧ ਦੇਣ ਦੀ ਸਮਰੱਥਾ ਦਾ ਆਪਰੇਟਿਸ ਉਸ ਨੂੰ ਜਨਮਜਾਤ ਹੀ ਪ੍ਰਾਪਤ ਹੈ ਤੇ ਇਹੋ ਉਹਦੀ ਵਿਸ਼ੇਸ਼ਤਾ ਹੈ। ਪਰ ਮਨੁੱਖ ਨੇ ਕੇਵਲ ਜੈਵਿਕ ਹੋਂਦ ਵਾਲੀ ਪੱਧਰ ਉਤੇ ਹੀ ਨਹੀਂ ਵਿਚਰਨਾ। ਗੁਰੂ ਨਾਨਕ ਮਨੁੱਖ ਦੀ ਅਜਿਹੀ ਜੈਵਿਕ ਹੋਂਦ ਦੀ ਪੱਧਰ ਉਤੇ ਵਿਚਰਨ ਵਾਲੀ ਸਹਿਜ ਵਿਹਾਰਕਤਾ ਦੀ ਸਾਰੀ ਯਾਤਰਾ ਨੂੰ ਹੇਠਲੇ ਸਲੋਕ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੈ ਪਿਆਰਿ ਲਗਾ ਥਣ ਦੁਧਿ ॥
ਦੂਜੈ ਮਾਇ ਬਾਪ ਕੀ ਸੁਧਿ ।
ਤੀਜੈ ਭਯਾ ਭਾਭੀ ਬੇਬ ॥
ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤ ॥
ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥
ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥
ਦਸਵੈ ਦਧਾ ਹੋਆ ਸੁਆਹ ॥
ਗਏ ਸਿਗੀਤ ਪੁਕਾਰੀ ਧਾਹ ॥
ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥
ਪਿਛੈ ਪਤਲ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥੨॥[6]

ਜਿਵੇਂ ਪਹਿਲੇ ਸਲੋਕ ਵਿਚ ਭਾਸ਼ਾਈ ਅਪਰੇਟਿਸ ਵਾਲੀ ਸੰਚਾਰ ਦੀ ਸਮਰੱਥਾ ਤੋਂ ਊਣੇ ਮਨੁੱਖ ਨੂੰ 'ਮਨਹੁ ਜਿ ਅੰਧੇ ਘੂਪ', 'ਮਨਿ ਅੰਧੈ', 'ਉਧੇ ਕੰਵਲਿ, ਦਿਸਨਿ ਖਰੇ ਕਰੂਪ' ਕਹਿ ਕੇ ਨਿਸ਼ੇਧਿਆ ਗਿਆ ਹੈ ਉਵੇਂ ਹੀ ਕੇਵਲ ਜੈਵਕ ਹੋਂਦ ਵਾਲੀ ਸਹਿਜ ਪ੍ਰਾਪਤ ਵਿਹਾਰਕ ਮਾਨਵੀ ਯਾਤਰਾ ਨੂੰ ਵੀ ਦੂਜੇ ਸਲੋਕ ਵਿਚ ਨਿਸ਼ੇਧ ਦਿੱਤਾ ਗਿਆ ਹੈ। ਇਹ ਦੋਵੇਂ ਨਿਸ਼ੇਧ ਸਪਸ਼ਟ ਸੰਕੇਤ ਕਰਦੇ ਹਨ ਕਿ ਗੁਰੂ ਨਾਨਕ ਮਨੁੱਖ ਦੀ ਮਨੁੱਖਤਾ ਦਾ ਸੰਬੰਧ ਪਸ਼ੂ ਵਰਗੀ ਜੈਵਿਕ ਹੋਂਦ ਦੇ ਸਹਿਜ ਵਿਕਾਸ ਦੀ ਨਿਰੰਤਰਤਾ ਨੂੰ ਭੰਗ ਕਰਕੇ, ਉਸ ਨੂੰ ਦ੍ਰਿਸ਼ਟੀਸੰਪੰਨ ਨਾਮਮੂਲਕ ਮਾਨਵਤਾ ਵਿਚ ਰੂਪਾਂਤ੍ਰਿਤ ਕਰਨ ਨਾਲ ਜੋੜਦੇ ਜਾਪਦੇ ਹਨ। 'ਨਾਮੁ' ਗੁਰਬਾਣੀ ਸਭਿਆਚਾਰ ਦੀ ਅਜਿਹੀ ਅੰਤਿਮ ਪ੍ਰਾਪਤੀ ਹੈ ਜੋ ਕਿ ਗੁਰਬਾਣੀ/ਗੁਰਸ਼ਬਦ ਦੇ ਸਭਿਆਚਾਰ ਨੂੰ ਆਤਮਸਾਤ ਕਰਨ ਰਾਹੀਂ ਹੀ ਸੰਭਵ ਹੈ। ਗੁਰਬਾਣੀ ਦੇ ਉਪਰ ਦਿੱਤੇ ਪਹਿਲੇ ਸਲੋਕ ਵਿਚ 'ਨਾਦ-ਬੇਦ' ਤੇ 'ਗੀਅ-ਰਸ' ਦੇ ਗਿਆਨ ਦੀ ਯੋਗਤਾ ਨੂੰ ਮਾਨਵੀ ਯੋਗਤਾ ਨਾਲ ਜੋੜਿਆ ਗਿਆ ਜਾਪਦਾ ਹੈ। ਇਸੇ ਭਾਸ਼ਾ-ਸ਼ਾਸਤਰੀ ਤੇ ਸਾਹਿਤ-ਸ਼ਾਸਤਰੀ ਯੋਗਤਾ ਰਾਹੀਂ ਮਨੁੱਖ 'ਨਾਮ' ਦੇ ਅਮੂਰਤ ਗਿਆਨ ਦੀ ਪ੍ਰਾਪਤੀ ਦੇ ਪੱਧ ਤਕ ਪੁੱਜ ਸਕਦਾ ਹੈ। ਪਰ ਅਜਿਹਾ ਰੂਪਾਂਤ੍ਰਣ ਗੁਰਬਾਣੀ ਅਨੁਸਾਰ ਗੁਰੂ ਤੇ ਗੁਰਸ਼ਬਦ ਦੁਆਰਾ ਹੀ ਸੰਭਵ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(1) ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥[6]

(2) ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥[7]

ਉਪਰੋਕਤ ਸਲੋਕ ਤੋਂ ਸਪੱਸ਼ਟ ¯ ਹੈ ਕਿ ਮਨੁੱਖ ਦੀ ਜੈਵਿਕ ਹੋਂਦ ਦੀ ਸਹਿਜ ਵਿਹਾਰਕਤਾ ਵਾਲੀ ਵਿਕਾਸ-ਯਾਤਰਾ ਨੂੰ ਭੰਗ ਕਰ ਕੇ ਦੇਵਤਿਆਂ ਵਾਲੀ ਗਿਆਨਮੁਖ ਨਾਮ ਪਾਸਾਰੀ ਵਿਹਾਰਕਤਾ ਵਿਚ ਰੂਪਾਂਤਰਣ ਦੇਣ ਦੀ ਸਮਰੱਥਾ ਰੱਖਣ ਵਾਲਾ ਵਿਚੋਲਾ/ ਗੁਰੂ, ਗੁਰਸ਼ਬਦ ਤੇ ਗੁਰਬਾਣੀ ਹੀ ਹੈ । ਇਥੇ ਗੁਰੂ ਤੋਂ ਭਾਵ ਕਿਸੇ ਸਰੀਰਕ ਵਿਅਕਤੀ ਤੋਂ ਨਹੀਂ ਸਗੋਂ ਗੁਰਬਾਣੀ/ਗੁਰਸ਼ਬਦ-ਸਭਿਆਚਾਰ ਵਿਚ ਪੇਸ਼ ਉਸ ਪ੍ਰਵਚਨ-ਪ੍ਰਬੰਧ ਤੋਂ ਹੈ ਜੋ ਮਨੁੱਖ ਦੀ ਜੈਵਕ ਹੋਂਦ ਦੀ ਨਿਰੰਤਰਤਾ ਨੂੰ ਭੰਗ ਕਰ ਕੇ, ਉਸ ਨੂੰ ਗਿਆਨ ਮਾਰਗ ਦੇ ਰਾਹ ਉਤੇ ਪਾਂਦੀ ਤੇ ਨਾਮਮੂਲਕ ਨਿਯੰਤ੍ਰਣ ਤੇ ਰੂਪਾਂਤ੍ਰਣ ਪ੍ਰਦਾਨ ਕਰਦੀ ਹੈ । ਗੁਰਬਾਣੀ-ਸਭਿਆਚਾਰ ਦਾ ਉਦੇਸ਼ ਮਨੁੱਖ ਅੰਦਰ ਅਜਿਹੀ ਦ੍ਰਿਸ਼ਟੀ ਦਾ ਨਿਰਮਾਣ ਕਰਨਾ ਹੈ, ਜਿਸ ਰਾਹੀਂ ਉਹ ਪ੍ਰਾਕ੍ਰਿਰਤਿਕ ਨਿਰੰਤਰਤਾ ਵਾਲੇ ਐਂਦ੍ਰੀਯ ਵਿਹਾਰ ਤੋਂ ਉਪਰ ਉਠ ਕੇ ਨਿਯੰਤ੍ਰਣ ਪ੍ਰਾਪਤ ਕਰ ਸਕੇ । ਗੁਰਬਾਣੀ-ਸਭਿਆਚਾਰ ਦੇ ਸ਼ਾਬਦਕ ਪੈਟਰਨ-ਬੱਧ ਪ੍ਰਵਚਨ ਦਾ ਇਹੀ ਉਦੇਸ਼ ਹੈ । ਸਾਡੀ ਪ੍ਰਾਚੀਨ ਭਾਰਤੀ ਪਰੰਪਰਾ ਵਿਚ ਵੀ ਵਿਦਵਾਨਾਂ ਨੇ ਭਾਸ਼ਾ, ਸ਼ਬਦ ਤੇ ਗੁਰੂ ਦੀ ਅਜਿਹੀ ਸਮਰੱਥਾ ਬਾਰੇ ਇਉਂ ਸੰਕੇਤ ਕੀਤਾ ਹੈ :

> The best way to introduce the problem of deriving knowledge from linguistic utterance would be to go back to *Aksapāda*, the author of the *Nayāyasūtra*. According to him, the 'word' is *pramāna* 'a means of knowledge' and he defines it in the Nyāyasūtra 1, 1. 7. as follows :
>
> *Sabda* or Word is what, is instructed by a trust-worthy person (āpta). Āpta stands for a trustworthy or a realiable person. He defins the word āptā :
>
> An āpta is one who is in a position to instruct or command (updestā) and he must be qualified by the following characteristics. He has realised or perceived the *dharma* and he is engaged in making a statement with a desire to communicate (cikyā-payesaya) the facts as has perceived them[10]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਗੁਰਬਾਣੀ [illegible] ਪ੍ਰਵਚਨ-ਪ੍ਰਬੰਧ ਵਿਚਲੇ ਗੂਹਜ ਨੂੰ ਬੁਝਣ ਵਾਲੀ ਗੁਰਬਾਣੀ-ਪ੍ਰਵਚਨ ਦੀ ਪਰਵਿਰਤੀ ਪ੍ਰਾਚੀਨ ਭਾਰਤੀ ਪ੍ਰਸੰਗ ਵਿਚ ਵੀ ਇਤਨੀ ਹੀ ਸਾਰਥਕ ਹੈ ਜਿਤਨੀ ਕਿ ਅਜੋਕੇ ਵੀਹਵੀਂ ਸਦੀ ਦੇ ਪੱਛਮੀ ਪ੍ਰਸੰਗ ਵਿਚ। ਅੱਜ ਵੀਹਵੀਂ ਸਦੀ ਦੇ ਵਿਦਵਾਨ ਸਾਸੂਰ, ਲੈਵੀ ਸ਼ਤਰੌਸ, ਤੇ ਮਿਸ਼ੈਲ ਫੂਕੋ ਆਦਿ ਇਸ ਮੱਤ ਦੇ ਧਾਰਨੀ ਹਨ ਕਿ ਮਨੁੱਖ ਦੀ ਮਨੁੱਖਤਾ ਇਸੇ ਤੱਥ ਵਿਚ ਵਿਦਵਾਨ ਹੈ ਕਿ ਮਨੁੱਖ ਸੁਨੇਹਿਆਂ ਦਾ ਸੰਚਾਰ ਭਾਸ਼ਾਈ ਤੇ ਗੈਰਭਾਸ਼ਾਈ ਚਿਹਨਾ ਦੇ ਪ੍ਰਵਚਨ-ਪ੍ਰਬੰਧ ਵਿਚ ਹੀ ਪੈਟਰਨ-ਬੱਧ ਕਰਦਾ ਹੈ। ਇਕ ਤਰ੍ਹਾਂ ਨਾਲ ਉਹ ਭਾਸ਼ਾ ਨੂੰ ਮਨੁੱਖੀ ਸਭਿਆਚਾਰ ਦਾ ਆਧਾਰ ਧਰਾਤਲ ਮੰਨ ਲੈਂਦੇ ਹਨ ਅਤੇ ਭਾਸ਼ਾ ਅੰਤਰਿਕ ਸਾਂਸਕ੍ਰਿਤਿਕ ਪ੍ਰਾਪਤੀਆਂ ਨੂੰ ਉਸਾਰ ਸੰਰਚਨਾਵਾਂ ਦੇ ਅਰਥਾਂ ਵਿਚ ਗ੍ਰਹਿਣ ਕਰਦੇ ਹਨ। ਇਸ ਤਰ੍ਹਾਂ ਇਸ ਅਧਿਐਨ ਦੇ ਅੰਤਰਗਤ ਦੂਜੈਲੀ ਮਾਡਲ ਸਿਰਜਨਾ ਪਰਵੇਸ਼ ਕਰ ਜਾਂਦੀ ਹੈ। ਇਸੇ ਮਾਡਲ-ਸਿਰਜਨਾ ਨੂੰ ਚਿਹਨਕੀ ਪ੍ਰਕਿਰਿਆ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਇਸ ਪ੍ਰਸੰਗ ਦੇ ਅੰਤਰਗਤ ਰੱਖ ਕੇ ਗੁਰਬਾਣੀ ਦੇ ਪ੍ਰਵਚਨ-ਪ੍ਰਬੰਧ ਦੇ ਸਿਧਾਂਤ ਨੂੰ ਵੇਖੀਏ ਤਾਂ ਗੁਰਬਾਣੀ ਪਹਿਲੀ ਪੱਧਰ ਤੇ ਭਾਸ਼ਾਈ ਸਮਰੱਥਾ ਨੂੰ ਮਾਨਵੀ ਵਿਸ਼ੇਸ਼ਤਾ ਨਾਲ ਜੋੜਦੀ ਹੈ ਤੇ ਫਿਰ ਭਾਸ਼ਾ ਅਤਿਰਿਕ ਪੰਜਾਬੀ ਸਭਿਆਚਾਰ ਦੀਆਂ ਚਿਹਨ-ਪ੍ਰਣਾਲੀਆਂ ਦੇ ਦੁਜੈਲੇ ਸੰਗਠਨ ਰਾਹੀਂ ਆਪਣੇ ਅਧਿਆਤਮ ਪ੍ਰਵਚਨ-ਪ੍ਰਬੰਧ ਨੂੰ ਪੈਟਰਨ-ਬੱਧ ਕਰਦੀ ਹੈ। ਇਸ ਪ੍ਰਸੰਗ ਵਿਚ ਵੇਖਿਆਂ ਗੁਰਬਾਣੀ ਦਾ ਪ੍ਰਵਚਨ-ਪ੍ਰਬੰਧ ਪ੍ਰਾਚੀਨ ਭਾਰਤੀ ਪ੍ਰਸੰਗ ਵਿਚ ਵੀ ਉਤਨਾ ਹੀ ਸਾਰਥਕ ਹੈ ਜਿਤਨਾ ਕਿ ਆਧੁਨਿਕ ਗਿਆਨ-ਵਿਗਿਆਨ ਦੇ ਪ੍ਰਸੰਗ ਵਿਚ।

ਜਦੋਂ ਗੁਰਬਾਣੀ-ਪ੍ਰਵਚਨ ਨੂੰ ਦੁਜੈਲੀ ਮਾਡਲ ਸਿਰਜਨਾ ਵਾਲੇ ਪੈਟਰਨ-ਬੱਧ ਪ੍ਰਵਚਨ ਦੇ ਅਰਥਾਂ ਵਿਚ ਦ੍ਰਿੜ੍ਹ ਕੀਤਾ ਜਾਂਦਾ ਹੈ ਤਾਂ ਇਥੇ ਉਚਿਤ ਜਾਪਦਾ ਹੈ ਕਿ ਅਸੀਂ ਗੁਰਬਾਣੀ ਪ੍ਰਵਚਨ ਵਿਚਲੇ ਪੈਟਰਨਾ ਬਾਰੇ ਚਰਚਾ ਕਰਨ ਤੋਂ ਪਹਿਲਾਂ ਪੈਟਰਨ ਦੇ ਸੰਕਲਪ ਨੂੰ ਸਪਸ਼ਟ ਕਰ ਲਈਏ। ਪੈਟਰਨ ਦਾ ਕੀ ਅਰਥ ਹੈ? ਪੈਟਰਨ ਤੋਂ ਸਾਡਾ ਭਾਵ ਕਿਸੇ ਸੰਗਠਿਤ ਸਮੁੱਚ ਦੀ ਉਸ ਕ੍ਰਿਆਸ਼ੀਲ-ਏਕਤਾ ਤੋਂ ਹੈ ਜੋ ਕਿ ਉਸ ਸਮੁੱਚ ਵਿਚ ਸੰਗਠਿਤ ਹੋਏ ਅੰਗਾਂ-ਅੰਸ਼ਾਂ ਨੂੰ ਇਕ ਇਕਾਗ੍ਰਕਾਰੀ-ਸੂਤਰ ਵਿਚ ਪਰੋ ਰਹੀ ਹੁੰਦੀ ਹੈ।[11] ਇਸ ਕ੍ਰਿਆਸ਼ੀਲ-ਏਕਤਾ ਨੂੰ ਕਿਸੇ ਸੰਗਠਿਤ-ਸਮੁੱਚ ਦੇ ਭਿੰਨ ਭਿੰਨ ਅੰਗਾਂ-ਅੰਸ਼ਾਂ ਵਿਚ ਇਕ ਸੰਪੂਰਨ-ਇਕਾਈ ਵਜੋਂ ਕੰਮ ਕਰਦਿਆਂ, ਜਾਣਿਆ-ਪਛਾਣਿਆ ਤੇ ਸੂਤ੍ਰਬੱਧ ਕੀਤਾ ਜਾ ਸਕਦਾ ਹੈ। ਇਉਂ ਪੈਟਰਨ ਕਿਸੇ ਵੀ ਸੰਗਠਿਤ-ਸਮੁੱਚ ਦੇ ਇਕਾਗ੍ਰਕਾਰੀ ਸਿਧਾਂਤ ਦੇ ਅਰਥਾਂ ਵਿਚ ਸਾਹਮਣੇ ਆਉਂਦਾ ਪ੍ਰਤੀਤ ਹੁੰਦਾ ਹੈ। ਪੈਟਰਨ ਨੂੰ ਇਕਾਗ੍ਰਕਾਰੀ-ਸਿਧਾਂਤ ਦੇ ਅਰਥਾਂ ਵਿਚ ਗ੍ਰਹਿਣ ਕਰ ਲੈਣ ਨਾਲ ਇਕ ਇਹ ਭਰਮ ਪੈਦਾ ਹੋ ਸਕਦਾ ਹੈ ਕਿ ਇਹ ਇਕ ਪ੍ਰਕਾਰ ਦੀ ਸੂਖਮ ਤੇ ਅਮੂਰਤ ਪ੍ਰਾਪਤੀ ਹੀ ਹੈ। ਪਰ ਪੈਟਰਨ ਨਿਰੋਲ ਕਲਪਨਾ ਹੀ ਨਹੀਂ ਤੇ ਨਾ ਹੀ ਇਹ ਸ਼ੁਧ ਅਮੂਰਤੀਕਰਨ ਹੀ ਹੈ। ਇਸ ਨੂੰ ਇਕ ਸਿਧਾਂਤ ਦੇ ਰੂਪ ਵਿਚ ਸੂਤ੍ਰਿਤ ਤਾਂ ਕੀਤਾ ਜਾ ਸਕਦਾ ਹੈ, ਪਰ ਇਹ ਕੇਵਲ ਸਿਧਾਂਤ ਹੀ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਤਾਂ ਪ੍ਰਕਿਰਤੀ ਦੀ ਕਿਸੇ ਵੀ ਭੌਤਿਕ-ਵਸਤੂ ਜਾਂ ਚੇਤਨਾ ਦੀ ਉਪਜ, ਕਿਸੇ ਵੀ ਸੰਸਕ੍ਰਿਤਕ-ਵਸਤੂ ਦਾ ਦ੍ਰਿਸ਼ਟੀਗੋਚਰ ਕੀਤਾ ਜਾ ਸਕਣ ਵਾਲਾ ਸਮੂਰਤ ਤੇ ਸਥੂਲ ਗੁਣ-ਲੱਛਣ ਵੀ ਹੈ ।[12]

ਪੈਟਰਨ, ਇਕੱਠਵਾਚਕ ਨਾਉ ਹੈ । ਕੋਈ ਵੀ ਇਕ ਇਕੱਲਾ ਅੰਸ਼ ਜਾਂ ਇਕੱਲਾ ਤੱਤ ਆਪਣੇ ਆਪ ਵਿਚ ਪੈਟਰਨ ਦੇ ਲੱਛਣ ਦਾ ਧਾਰਨੀ ਨਹੀਂ ਹੋ ਸਕਦਾ । ਪੈਟਰਨ ਦੀ ਹੋਂਦ ਲਈ ਇਕ ਤੋਂ ਵਧੇਰੇ ਤੱਤਾਂ ਦਾ ਹੋਣਾ ਲਾਜ਼ਮੀ ਹੈ ।[13] ਵੰਨ-ਸੁਵੰਨੇ ਅੰਸ਼ ਜਾਂ ਤੱਤ ਆਪਣੀ ਬੁਨਿਆਦੀ ਪ੍ਰਕਿਰਤੀ ਵਿਚ ਵਿਵਿਧ ਤੇ ਵਿਸਤ੍ਰਿਤ ਹੁੰਦੇ ਹਨ । ਇਸ ਲਈ ਉਘੜ-ਦੁਗੜੀ ਸਥਿਤੀ ਵਿਚ ਪਏ ਹੋਏ ਅੰਸ਼ ਜਾਂ ਤੱਤ ਵੀ ਪੈਟਰਨ ਨਹੀਂ ਅਖਵਾ ਸਕਦੇ । ਬਹੁ-ਬਿਧ ਅੰਗ-ਅੰਸ਼ ਜਦੋਂ ਨਿਸ਼ਚਿਤ-ਸੰਬੰਧਾਂ ਵਿਚ ਜੁੜ ਕੇ ਇਕ ਸੰਗਠਿਤ-ਸਮੁੱਚ ਦਾ ਰੂਪ ਧਾਰਨ ਕਰ ਲੈਂਦੇ ਹਨ, ਉਨ੍ਹਾਂ ਨੂੰ ਪੈਟਰਨ ਦਾ ਨਾਂ ਦਿੱਤਾ ਜਾਂਦਾ ਹੈ ।[14] ਸੰਗਠਿਤ ਪੈਟਰਨ ਵਿਚ ਬੱਝੇ ਤੱਤ ਹੀ ਸਾਡਾ ਧਿਆਨ ਆਪਣੇ ਵੱਲ ਖਿੱਚਦੇ ਹਨ ।[15] ਇਹ ਤੱਤ ਇਕ ਦੂਜੇ ਨਾਲ ਕ੍ਰਿਆਸ਼ੀਲ ਸੰਬੰਧਾਂ ਵਿਚ ਜੁੜ ਕੇ ਹੀ ਸੰਜਠਿਤ-ਪੈਟਰਨ ਨੂੰ ਜਨਮ ਦਿੰਦੇ ਹਨ । ਪੈਟਰਨ ਨੂੰ ਸੰਗਠਿਤ ਰੂਪ ਵਿਚ ਨਿਸ਼ਚਿਤ ਕਰਨ ਵਿਚ ਪਰਸਪਰ ਵਿਰੋਧੀ ਤੱਤਾਂ ਵਿਚਲੇ ਕ੍ਰਿਆਸ਼ੀਲ ਸੰਬੰਧਾਂ ਦਾ ਵਿਸ਼ੇਸ਼ ਹੱਥ ਹੁੰਦਾ ਹੈ । ਇਹ ਸੰਬੰਧ ਕਿਸੇ ਵੀ ਪੈਟਰਨ ਵਿਚ ਬਾਰ ਬਾਰ ਦੁਹਰਾਏ ਜਾਂਦੇ ਹਨ । ਇਹੀ ਦੁਹਰਾਏ ਜਾਣ ਵਾਲੀ ਬਿਰਤੀ ਪੈਟਰਨ ਨੂੰ ਇਕ ਸੰਗਠਿਤ-ਪ੍ਰਬੰਧ ਜ਼ਾਂ ਵਿਵਸਥਾ ਦੇ ਅਰਥਾਂ ਵਿਚ ਪ੍ਰਸਤੁਤ ਕਰਦੀ ਹੈ । ਜਦੋਂ ਕਦੇ ਪੈਟਰਨ ਵਿਚਲੇ ਵਿਵਸਥ-ਸੰਬੰਧਾਂ ਦਾ ਬਾਰ ਬਾਰ ਦੁਹਰਾਓ ਕੀਤਾ ਜਾਂਦਾ ਹੈ ਤਾਂ ਸਾਨੂੰ ਦੁਹਰਾਉ ਮੂਲਕ-ਪੈਟਰਨ (repetitive pattern) ਦੀ ਪ੍ਰਾਪਤੀ ਹੁੰਦੀ ਹੈ ।[16] ਅਜਿਹੇ ਦੁਹਰਾਉ ਮੂਲਕ-ਪੈਟਰਨ ਗੁਰਬਾਣੀ-ਖੇਤਰ ਦੀ ਅਨਿਖੜ ਵਿਸ਼ੇਸ਼ਤਾ ਹਨ ।

ਪੈਟਰਨ ਸੰਬੰਧੀ ਇਨ੍ਹਾਂ ਵਿਚਾਰਾਂ ਨੂੰ ਗੈਸਟਾਲਟ ਮਨੋਵਿਗਿਆਨ ਨੇ ਬਹੁਤ ਸਪੱਸ਼ਟ ਕੀਤਾ ਹੈ । ਗੈਸਟਾਲਟ ਜਰਮਨ ਭਾਸ਼ਾ ਦਾ ਸ਼ਬਦ ਹੈ । ਅੰਗਰੇਜ਼ੀ ਭਾਸ਼ਾ ਵਿਚ ਇਸ ਦਾ ਸਹੀ ਸਮਾਨਾਰਥੀ ਸ਼ਬਦ ਨਹੀਂ ਮਿਲਦਾ । ਆਮ ਤੌਰ ਉਤੇ ਮਨੋਵਿਗਿਆਨੀ ਇਸ ਦੀ ਥਾਂ ਉਤੇ ਪੈਟਰਨ (pattern) ਜਾਂ ਸਮੂਰਤ-ਪ੍ਰਬੰਧ (configuration) ਆਦਿ ਸ਼ਬਦਾਂ ਦੀ ਵਰਤੋਂ ਕਰ ਲੈਂਦੇ ਹਨ । ਆਧੁਨਿਕ ਜਰਮਨ ਭਾਸ਼ਾ ਵਿਚ ਗੈਸਟਾਲਟ ਸ਼ਬਦ ਦੀ ਵਰਤੋਂ ਉਸ ਵਿਧੀ ਦੇ ਅਰਥਾਂ ਵਿਚ ਕੀਤੀ ਜਾਂਦੀ ਹੈ, ਜਿਸ ਅਨੁਸਾਰ ਕਿ ਵਸਤੂ ਨੂੰ ਸੰਗਠਿਤ ਕੀਤਾ ਗਿਆ ਹੁੰਦਾ ਹੈ ।[17] ਗੈਸਟਾਲਟ ਆਧੁਨਿਕ ਮਨੋਵਿਗਿਆਨ ਦੀ ਅਜਿਹੀ ਪ੍ਰਣਾਲੀ ਹੈ ਜੋ ਪੈਟਰਨ ਦੇ ਸੰਗਠਿਤ-ਸਮੁੱਚ ਨੂੰ ਆਪਣੇ ਅਧਿਐਨ-ਵਿਧੀ ਵਿਚ ਵਿਸ਼ੇਸ਼ ਸਥਾਨ ਦਿੰਦੀ ਹੈ ।[18] ਇਸ ਸਬੰਧ ਵਿਚ ਇਥੇ ਪ੍ਰਸਿਧ ਮਨੋਵਿਗਿਆਨੀ ਡਾਕਟਰ ਵੂਲਫ਼ਗੈਂਗ ਕੋਹਲਰ ਦਾ ਜ਼ਿਕਰ ਕਰਨਾ ਉਚਿਤ ਜਾਪਦਾ ਹੈ । ਉਸ ਨੇ ਆਪਣੀ ਪੁਸਤਕ ਗੈਸਟਾਲਟ ਮਨੋਵਿਗਿਆਨ ਵਿਚ ਇਸ ਸੱਚ ਵਲ ਸੰਕੇਤ ਕੀਤਾ ਹੈ ਕਿ ਮਨੁੱਖ ਪ੍ਰਵ੍ਰਿਤਿਕ ਤੌਰ ਉਤੇ ਹੀ ਵਸਤੂਆਂ ਨੂੰ ਪੈਟਰਨ ਵਿਚ ਪਛਾਣਦਾ ਹੈ । ਜੀਵਨ ਯਥਾਰਥ ਦੀ ਪਛਾਣ ਮਨੁੱਖ

CC-0. In Public Domain. Gurukul Kangri Collection, Haridwar

ਪੈਟਰਨ ਦੀ ਸੀਮਾਂ ਵਿਚ ਬੁੱਝ ਕੇ ਹੀ ਕਰਦਾ ਹੈ।[19] ਮਨੁੱਖ ਦਾ ਸੁਭਾ ਹੀ ਕੁਝ ਇਸ ਪ੍ਰਕਾਰ ਦਾ ਹੈ ਕਿ ਉਹ ਪ੍ਰਤੱਖ-ਪ੍ਰਕਿਰਿਆ ਸਮੇਂ ਵਸਤਾਂ ਨੂੰ ਨਿਸ਼ਚਿਤ ਸੰਬੰਧਾਂ ਵਿਚ ਸੰਗਠਿਤ ਕਰ ਕੇ ਵੇਖਦਾ ਹੈ । ਅਤੇ ਇਸ ਪ੍ਰਕਾਰ ਉਨ੍ਹਾਂ ਨੂੰ ਬਾਕੀ ਖਿੰਡਰੀ ਸਮੱਗ੍ਰੀ ਤੋਂ ਵੱਖ ਕਰ ਲੈਂਦਾ ਹੈ। ਆਪਣੀ ਗੱਲ ਨੂੰ ਰਤਾ ਸਪੱਸ਼ਟ ਕਰਨ ਲਈ ਅਸੀਂ ਲਿਖਣ-ਪ੍ਰਕਿਰਿਆ ਨੂੰ ਮਿਸਾਲ ਵਜੋਂ ਆਪਣੇ ਸਾਹਮਣੇ ਰੱਖਦੇ ਹਾਂ। ਲਿਖਣ ਸਮੇਂ ਕਾਗਜ਼, ਕਲਮ ਤੇ ਹਿਲਦਾ-ਹੱਥ ਤਿੰਨੇ ਇਕ ਨਿਸ਼ਚਿਤ-ਸੰਬੰਧ ਵਿਚ ਕ੍ਰਿਆਸ਼ੀਲ ਹੁੰਦੇ ਹਨ ਅਤੇ ਇਸ ਤਰ੍ਹਾਂ ਇਕ ਪੈਟਰਨ ਜਨਮ ਲੈਂਦਾ ਹੈ। ਪੈਟਰਨ ਵਿਚ ਸੰਗਠਿਤ ਹੋਣ ਲਈ ਵਸਤਾਂ ਦਾ ਨਿਸ਼ਚਿਤ ਸੰਬੰਧਾਂ ਵਿਚ ਕ੍ਰਿਆਸ਼ੀਲ ਹੋਣਾ ਲਾਜ਼ਮੀ ਹੈ।

ਗੈਸਟਾਲਟ ਮਨੋਵਿਗਿਆਨ ਨੇ ਇਸ ਸੱਚ ਨੂੰ ਬਾਰ ਬਾਰ ਦੁਹਰਾਇਆ ਹੈ ਕਿ ਪੈਟਰਨ-ਪ੍ਰਾਪਤੀ ਮਨੁੱਖ ਦੀ ਪ੍ਰਤੱਖ-ਪ੍ਰਕਿਰਿਆ ਦਾ ਅੰਤਮ ਪੜਾ ਹੈ । ਕਿਉਂਕਿ ਇਕ ਕਲਾ-ਕ੍ਰਿਤ ਦੀ ਸਿਰਜਨਾ ਵੀ ਮਨੁੱਖ ਦੇ ਇੰਦ੍ਰੀ ਜਾਂ ਕਲਪਨਾ ਰਾਹੀਂ ਪ੍ਰਤੱਖ ਕੀਤੇ ਜਾਣ ਲਈ ਕੀਤੀ ਜਾਂਦੀ ਹੈ।[20] ਇਸ ਲਈ ਇਥੇ ਪ੍ਰਤੱਖ-ਪ੍ਰਕਿਰਿਆ ਦੀ ਪ੍ਰਕਿਰਤੀ ਦੀ ਚਰਚਾ ਕਰਨੀ ਉਚਿਤ ਜਾਪਦੀ ਹੈ। ਕਿਸੇ ਵੀ ਖੇਤਰ ਦਾ ਮਾਨਵੀ-ਪ੍ਰਤੱਖ ਇਕ ਪ੍ਰਕਿਰਿਆ ਹੈ, ਕਾਰਜ ਨਹੀਂ । ਕਾਰਜ ਸਿੱਧਾ ਤੇ ਤੱਤਫਟ ਪ੍ਰਤਿਕਰਮ ਹੈ ਪਰ ਪ੍ਰਕਿਰਿਆ ਵਾਤਾਵਰਨ ਪ੍ਰਤਿ ਸਿੱਧਾ ਤੇ ਤੱਤਫ਼ਟ ਪ੍ਰਤਿਕਰਮ ਨਹੀਂ। ਪ੍ਰਕਿਰਿਆ ਕਾਰਜ ਦੀ ਨਿਰੰਤਰਤਾ ਨੂੰ ਭੰਗ ਕਰ ਕੇ ਇਸ ਨੂੰ ਇਕ ਨਿਸ਼ਚਿਤ ਦਿਸ਼ਾ ਵਿਚ ਤੋਰਦੀ ਹੈ। ਇਹੀ ਅੰਤਰ ਹੈ ਸਹਜ ਕਾਰਜ ਵਿਚ ਅਤੇ ਸੰਜਮ-ਬੱਧ ਪ੍ਰਕਿਰਿਆ ਵਿਚ । ਸਹਜ-ਕਾਰਜ ਜਿਥੇ ਪ੍ਰਵਿਰਤੀ-ਮੂਲਕ ਹੁੰਦਾ ਹੈ, ਪ੍ਰਕਿਰਿਆ ਦ੍ਰਿਸ਼ਟੀ-ਮੂਲਕ ਹੁੰਦੀ ਹੈ। ਕਿਸੇ ਵੀ ਮਨੁੱਖੀ-ਪ੍ਰਤੱਖ ਵਿਚ ਦ੍ਰਿਸ਼ਟੀ-ਮੂਲਕ ਸੰਜਮ ਦਾ ਹੋਣਾ ਲਾਜ਼ਮੀ ਹੈ । ਏਸੇ ਲਈ ਇਹ ਕਿਹਾ ਜਾਂਦਾ ਹੈ ਕਿ ਪ੍ਰਤੱਖ-ਪ੍ਰਕਿਰਿਆ ਦਾ ਉਦੇਸ਼ ਕਿਸੇ ਵੀ ਖੇਤਰ ਨਾਲ ਸਾਰਥਕ ਸੰਬੰਧਾਂ ਵਿਚ ਜੁੜਨਾ ਹੈ। ਇਹ ਪ੍ਰਕਿਰਿਆ ਕਈ ਪੜਾਵਾਂ ਵਿਚੋਂ ਲੰਘ ਕੇ ਆਪਣੀ ਯਾਤਰਾ ਸੰਪੂਰਨ ਕਰਦੀ ਹੈ। ਇਸ ਯਾਤਰਾ ਦਾ ਪਹਿਲਾ ਪੜਾ ਇੰਦ੍ਰੀਕਰਨ ਦਾ ਹੈ।[21] ਇਸ ਅਵਸਥਾ ਵਿਚ ਅਸੀਂ ਉਦੀਪਨੀ-ਤੱਤਾਂ ਬਾਰੇ ਕੇਵਲ ਸਾਵਧਾਨ ਹੀ ਹੁੰਦੇ ਹਾਂ। ਸਾਡੀਆਂ ਇੰਦ੍ਰੀਆਂ ਦੀ ਸ਼ਕਤੀ ਸੀਮਿਤ ਹੈ। ਇਹ ਸੰਸਾਰ ਦੇ ਸੀਮਿਤ-ਪੱਖ ਬਾਰੇ ਹੀ ਸਾਨੂੰ ਸੁਚੇਤ ਕਰਦੀਆਂ ਹਨ। ਪਰ ਫਿਰ ਵੀ ਵਾਤਾਵਰਨ ਵਿਚ ਇਤਨਾ ਕੁਝ ਵਾਪਰ ਰਿਹਾ ਹੁੰਦਾ ਹੈ ਕਿ ਮਨੁੱਖ ਉਸ ਸਾਰੇ ਕੁਝ ਬਾਰੇ ਇਕੋ ਸਮੇਂ ਅਨੁਕਿਰਿਆਸ਼ੀਲ ਹੋ ਹੀ ਨਹੀਂ ਸਕਦਾ। ਸਾਡੀਆਂ ਇੰਦ੍ਰੀਆਂ ਉਤੇ ਬੇਅੰਤ ਉਦੀਪਨੀ ਤੱਤ ਹਰ ਘੜੀ ਆਪਣਾ ਅਸਰ ਕਰਦੇ ਰਹਿੰਦੇ ਹਨ। ਪੜ੍ਹਨ ਸਮੇਂ ਅੱਖਾਂ ਇਕ ਕਾਰਜ ਕਰ ਰਹੀਆਂ ਹੁੰਦੀਆਂ ਹਨ ਪਰ ਇਸ ਦੇ ਨਾਲ ਹੀ ਬੇਅੰਤ ਬੇਲੋੜੀਆਂ ਆਵਾਜ਼ਾਂ ਵੀ ਉਪਜ ਰਹੀਆਂ ਹੁੰਦੀਆਂ ਹਨ। ਕਪੜਿਆਂ, ਕੁਰਸੀ ਤੇ ਕਿਤਾਬ ਵਲੋਂ ਬੇਲੋੜਾ ਦਬਾ ਵੀ ਪੈ ਰਿਹਾ ਹੁੰਦਾ ਹੈ। ਮਾਸਪੇਸ਼ੀਆਂ ਵਲੋਂ ਖਿੱਚ ਦੀ ਉਤੇਜਨਾ ਵੀ ਪੈਦਾ ਕੀਤੀ ਜਾ ਰਹੀ ਹੁੰਦੀ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਇਸ ਨਾਲ ਹੀ ਅਧਿਏਤਾ ਨੂੰ

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜ੍ਹੀ ਬਹੁਤ ਭੁੱਖ ਵੀ ਮਹਿਸੂਸ ਹੋ ਰਹੀ ਹੋਵੇ । ਅਤੇ ਇਸ ਤਰ੍ਹਾਂ ਦਾ ਬਹੁਤਾ ਕੁਝ ਹੋਰ ਵੀ ਵਾਪਰ ਰਿਹਾ ਹੁੰਦਾ ਹੈ। ਪਰ ਇਸ ਸਾਰੇ ਕੁਝ ਬਾਰੇ ਅਸੀਂ ਇਕੋ ਸਮੇਂ ਅਨੁਕਿਰਿਆ-ਸ਼ੀਲ ਨਹੀਂ ਹੋ ਸਕਦੇ। ਜੇ ਹੋ ਵੀ ਜਾਈਏ ਤਾਂ ਵੀ ਸਾਨੂੰ ਕੋਈ ਲਾਭ ਨਹੀਂ ਹੋਵੇਗਾ। ਚੂੰਕਿ ਸਾਰੇ ਕੁਝ ਬਾਰੇ ਸਾਵਧਾਨ ਹੋਣ ਨਾਲ ਸਾਨੂੰ ਇਕ ਅਸੰਗਠਿਤ-ਪ੍ਰਭਾਵਾਂ ਦੇ ਮਿਸ਼੍ਰਣ ਦੀ ਧੁੰਦਲਾਹਟ ਹੀ ਪ੍ਰਾਪਤ ਹੋਵੇਗੀ। ਇਸੇ ਲਈ ਹੀ ਸ਼ਾਇਦ ਅਸੀਂ ਇੰਦ੍ਰੀਆਂ ਦੁਆਰਾ ਪੇਸ਼ ਕੀਤੇ ਗਏ ਸਾਰੇ ਉਦੀਪਨੀ-ਤੱਤਾਂ ਬਾਰੇ ਇਕ-ਦਮ ਇਕੱਠੀ ਗਡਮਡ ਅਨੁਕਿਰਿਆ ਨਹੀਂ ਪ੍ਰਗਟਾਂਦੇ। ਅਸੀਂ ਕੁਝ ਕੁ ਲੋੜੀਂਦੇ ਸੰਬੰਧਤ ਤੱਤਾਂ ਬਾਰੇ ਹੀ ਅਨੁਕਿਰਿਆਸ਼ੀਲ ਹੁੰਦੇ ਹਾਂ। ਇਸ ਲਈ ਪ੍ਰਤੱਖ-ਪ੍ਰਕਿਰਿਆ ਇਕ ਅਜਿਹੀ ਵਿਧੀ ਹੈ ਜਿਸ ਰਾਹੀਂ ਅਸੀਂ ਵਾਤਾਵਰਨ ਨਾਲ ਸਾਰਥਕ ਸੰਬੰਧ ਸਥਾਪਤ ਕਰਦੇ ਹਾਂ। ਅਸੀਂ ਇੰਦ੍ਰੀਆਂ ਦੁਆਰਾ ਪੇਸ਼ ਕੀਤੇ ਤੱਤਾਂ ਨੂੰ ਪਿੱਠ-ਭੂਮੀ ਵਿਚ ਰੱਖ ਕੇ ਨਜ਼ਰ ਅੰਦਾਜ਼ ਕਰ ਦਿੰਦੇ ਹਾਂ।[22] ਇਸ ਤਰ੍ਹਾਂ ਅਸੀਂ ਹਰ ਸਮੇਂ ਕੁਝ ਕੁ ਹੀ ਤੱਤਾਂ ਨੂੰ ਉਭਾਰ ਕੇ ਅਗਰ-ਭੂਮੀ ਵਿਚ ਲਿਆ ਕੇ ਆਪਣੇ ਧਿਆਨ ਦਾ ਕੇਂਦਰ ਬਣਾਂਦੇ ਹਾਂ। ਅਜਿਹਾ ਕਰਨਾ ਸਾਡੇ ਲਈ ਲਾਜ਼ਮੀ ਹੈ। ਸਾਰੇ ਸੰਸਾਰ ਨੂੰ ਅਸੀਂ ਆਪਣੇ ਧਿਆਨ ਦਾ ਕੇਂਦਰ ਨਹੀਂ ਬਣਾ ਸਕਦੇ। ਸੰਪੂਰਨ ਇੰਦ੍ਰੀ-ਸਮੱਗ੍ਰੀ ਦਾ ਅਨੁਭਵ ਵੀ ਅਸੀਂ ਇਕੋ ਸਮੇਂ ਨਹੀਂ ਕਰ ਸਕਦੇ। ਇਥੋਂ ਤਕ ਕਿ ਅਸੀਂ ਕੇਵਲ ਇਕ ਕਮਰੇ ਨੂੰ ਵੀ ਸੰਪੂਰਨ ਤੌਰ ਉਤੇ ਇਕੋ ਸਮੇਂ ਪ੍ਰਤੱਖ ਨਹੀਂ ਕਰ ਸਕਦੇ। ਇਸੇ ਲਈ ਹੀ ਅਸੀਂ ਸਾਰੇ ਪਰਵਾਹ ਵਿਚੋਂ ਕੁਝ ਕੁ ਸੰਬੰਧਿਤ ਵਸਤਾਂ ਨੂੰ ਵੱਖ ਕਰ ਲੈਂਦੇ ਹਾਂ। ਇਸ ਤਰ੍ਹਾਂ ਕਰਨ ਨਾਲ ਇਕ ਉਦੇਸ਼ ਨਾਲ ਸੰਬੰਧਿਤ ਵਸਤਾਂ ਸਾਹਮਣੇ ਆ ਜਾਂਦੀਆਂ ਹਨ ਅਤੇ ਬਾਕੀ ਵਸਤਾਂ ਪਿੱਠ-ਭੂਮੀ ਵਿਚ ਚਲੀਆਂ ਜਾਂਦੀਆਂ ਹਨ। ਸੰਬੰਧਿਤ ਵਸਤਾਂ ਨੂੰ ਵੱਖ ਕਰਕੇ ਅਸੀਂ ਉਨ੍ਹਾਂ ਨੂੰ ਸੰਗਠਿਤ ਕਰਦੇ ਹਾਂ। ਪ੍ਰਤੱਖ-ਪ੍ਰਕਿਰਿਆ ਉਦੋਂ ਆਪਣੇ ਅੰਤਮ ਪੜਾ ਉਤੇ ਪੁੱਜਦੀ ਹੈ ਜਦੋਂ ਅਸੀਂ ਪੇਸ਼ ਹੋਈ ਅਨੇਕਰੂਪਤਾ ਵਿਚ ਕੰਮ ਕਰਦੀ ਏਕਤਾ ਦੀ ਪਛਾਣ ਕਰ ਲੈਂਦੇ ਹਾਂ।[23] ਪ੍ਰਤੱਖ-ਪ੍ਰਕਿਰਿਆ ਦਾ ਇਹ ਪੜਾ ਪੈਟਰਨ-ਪ੍ਰਾਪਤੀ ਦਾ ਪੜਾ ਹੈ। ਇਹੋ ਹੀ ਪ੍ਰਤੱਖ ਪ੍ਰਕਿਰਿਆ ਦਾ ਅੰਤਮ ਪੜਾ ਹੈ।

ਇਉਂ ਪੈਟਰਨ-ਨਿਰਮਾਣ ਕਰਨਾ ਸਾਡੀ ਪ੍ਰਤੱਖ-ਪ੍ਰਕਿਰਿਆ ਦਾ ਅਨਿੱਖੜ ਅੰਗ ਹੈ। ਗੇਸਟਾਲਟ ਮਨੋਵਿਗਿਆਨੀਆਂ ਦਾ ਕਥਨ ਹੈ ਕਿ ਪ੍ਰਤੱਖ-ਪ੍ਰਕਿਰਿਆ ਦਾ ਇਹ ਬਨਿਆਦੀ ਲੱਛਣ ਹੈ ਕਿ ਉਹ ਇੰਦ੍ਰੀਆਂ ਦੁਆਰਾ ਪੇਸ਼ ਕੀਤੇ ਬਿੰਬਾਂ ਦੇ ਧੁੰਦੂਕਾਰ ਨੂੰ ਸੰਗਠਿਤ-ਵਿਵਸਥਾ ਵਿਚ ਗ੍ਰਹਿਣ ਕਰੇ। ਇਸ ਸੰਬੰਧ ਵਿਚ ਇਥੇ ਪ੍ਰੋਫੈਸਰ ਕੋਫਕਾ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ। ਉਸ ਅਨੁਸਾਰ, ਮਨੁੱਖ ਦੀ ਪ੍ਰਤੱਖ-ਪ੍ਰਕਿਰਿਆ ਦੀ ਦਿਸ਼ਾ ਪੈਟਰਨ-ਪ੍ਰਾਪਤੀ ਵੱਲ ਵੀ ਹੁੰਦੀ ਹੈ। ਵਾਤਾਵਰਨ ਦੇ ਉਦੀਪਨੀ ਤੱਤ, ਅੱਖਾਂ ਦੇ ਦ੍ਰਿਸ਼ਟੀਪੱਟ ਨਾਲ ਟਕਰਾਣ ਉਤੇ ਕੁਝ ਉਦੀਪਨੀ ਪ੍ਰਭਾਵ ਪੈਦਾ ਕਰ ਦਿੰਦੇ ਹਨ। ਇਨ੍ਹਾਂ ਪ੍ਰਭਾਵਾਂ ਦੇ ਅਸਰ ਅਧੀਨ ਮਨੁੱਖ ਦੀ ਤੰਤੂ-ਪ੍ਰਣਾਲੀ ਕੁਝ ਅਜਿਹੀਆਂ ਸੰਗਠਨਾਤਮਕ ਪ੍ਰਕਿਰਿਆਵਾਂ ਨੂੰ ਜਨਮ ਦੇ ਦੇਂਦੀ ਹੈ, ਜਿਨ੍ਹਾਂ ਦੀ ਸੇਧ ਇਕ ਪੈਟਰਨ ਵਿਚ ਸੰਗਠਿਤ ਹੋਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਹੁੰਦੀ ਹੈ। ਇਸ ਤਰ੍ਹਾਂ ਪ੍ਰਤੱਖ ਮਨੁੱਖ ਦੀ ਅਜਿਹੀ ਸ਼ਕਤੀ ਹੈ ਜਿਸ ਰਾਹੀਂ ਉਹ ਇੰਦ੍ਰੀਗਤ ਪ੍ਰਭਾਵਾਂ ਨੂੰ ਆਤਮਸਾਤ ਕਰਦਾ ਅਤੇ ਫਿਰ ਉਨ੍ਹਾਂ ਨੂੰ ਸਾਰਥਕ ਸੰਬੰਧਾਂ ਦੇ ਪੈਟਰਨ ਵਿਚ ਸੰਗਠਿਤ ਕਰਦਾ ਹੈ। ਇਉਂ ਮਨੁੱਖ ਨੂੰ ਪੈਟਰਨ ਦੀ ਪ੍ਰਾਪਤੀ ਪ੍ਰਤੱਖ-ਪ੍ਰਕਿਰਿਆ ਦੇ ਸਿੱਟੇ ਵਜੋਂ ਹੁੰਦੀ ਹੈ। ਇਹ ਅਜਿਹੀ ਅਵਸਥਾ ਹੈ ਜਦੋਂ ਕਿ ਮਨੁੱਖ ਵਸਤਾਂ ਵਿਚਲੇ ਸੰਬੰਧਾਂ ਦੀ ਸਾਰਥਕਤਾ ਨੂੰ ਚੰਗੀ ਤਰ੍ਹਾਂ ਪਛਾਣ ਕੇ ਉਨ੍ਹਾਂ ਨੂੰ ਇਕ ਪੈਟਰਨ ਵਿਚ ਸੰਗਠਿਤ ਹੋਏ ਮਹਿਸੂਸ ਕਰ ਲੈਂਦਾ ਹੈ। ਅਜਿਹੀ ਅਵਸਥਾ ਵਿਚ ਹੀ ਕੋਈ ਚੀਜ਼ ਮਨੁੱਖ ਦੀ ਪਕੜ ਵਿਚ ਆਉਂਦੀ ਹੈ।[24]

ਕਿਸੇ ਵੀ ਪ੍ਰਤੱਖ ਸਥਿਤੀ ਦਾ ਜਿਹੜਾ ਭਾਗ ਨਿਸ਼ਚਿਤ ਤੇ ਸਾਰਥਕ ਵਿਖਾਈ ਦਿੰਦਾ ਹੈ, ਉਹ ਪੈਟਰਨ ਬਣ ਜਾਂਦਾ ਹੈ। ਇਸ ਨਿਸ਼ਚਿਤ ਰੂਪ-ਰੇਖਾ ਵਾਲੇ ਪੈਟਰਨ ਨੂੰ ਮਨੁੱਖ ਆਪਣੇ ਧਿਆਨ ਦਾ ਕੇਂਦਰ ਬਨਾਣ ਲਈ ਪਿੱਠ-ਭੂਮੀ ਤੋਂ ਵੱਖ ਕਰ ਲੈਂਦਾ ਹੈ। ਪਿੱਠ-ਭੂਮੀ ਦੇ ਮੁਕਾਬਲੇ ਉਤੇ ਪੈਟਰਨ ਵਧੇਰੇ ਪ੍ਰਬਲ ਤੇ ਪ੍ਰਭਾਵਕ ਹੁੰਦਾ ਹੈ। ਪੈਟਰਨ ਨਾਲ ਸੰਬੰਧਿਤ ਸਾਰੇ ਤੱਤ ਅਜਿਹੀ ਵਿਹਾਰਕ ਏਕਤਾ ਵਿਚ ਜੁੜੇ ਹੁੰਦੇ ਹਨ ਜੋ ਕਿ ਸੁਭਾਵਕ ਤੌਰ ਉਤੇ ਹੀ ਮਨੁੱਖੀ ਬਿਰਤੀ ਨੂੰ ਇਕਾਗਰ ਕਰ ਦਿੰਦੇ ਹਨ। ਪੈਟਰਨ ਦੀ ਆਪਣੀ ਇਕ ਸੁਨਿਸ਼ਚਿਤ ਰੂਪ ਰੇਖਾ ਹੁੰਦੀ ਹੈ ਪਰ ਪਿੱਠ-ਭੂਮੀ ਇਸ ਦੇ ਮੁਕਾਬਲੇ ਉਤੇ ਖਿੰਡਰੀ-ਪੁੰਡਰੀ ਤੇ ਅਵਿਵਸਥਿਤ ਜਾਪਦੀ ਹੈ।[25] ਪਿੱਠ-ਭੂਮੀ, ਪੈਟਰਨ ਦੇ ਪਿੱਛੇ ਲਗਾਤਾਰ ਪਸਰੀ ਹੋਈ ਪ੍ਰਤੀਤ ਹੁੰਦੀ ਹੈ।

ਪੈਟਰਨ-ਪਿੱਠਭੂਮੀ ਦਾ ਸਿਧਾਂਤ ਪ੍ਰਤੱਖ-ਪ੍ਰਕਿਰਿਆ ਵਿਚ ਬੁਨਿਆਦੀ ਮਹੱਤਾ ਰੱਖਦਾ ਹੈ। ਇਸ ਦਾ ਸੰਬੰਧ ਦ੍ਰਿਸ਼ਟੀਗਤ ਪ੍ਰਤੱਖ ਨਾਲ ਹੀ ਨਹੀਂ, ਸ੍ਰਵਣੀ-ਪ੍ਰਤੱਖ ਨਾਲ ਵੀ ਹੈ। ਅਕਸਰ ਇਕੋ ਜਿਹੀਆਂ ਮਿਲਦੀਆਂ ਜੁਲਦੀਆਂ ਆਵਾਜ਼ਾਂ ਦੀ ਪਿੱਠ-ਭੂਮੀ ਵਿਚੋਂ ਕੋਈ ਵੀ ਵਧੇਰੇ ਉਚੇਰੀ ਤੇ ਸਪਸ਼ਟ ਆਵਾਜ਼ ਪੈਟਰਨ ਬਣ ਕੇ ਸਾਡਾ ਧਿਆਨ ਖਿੱਚ ਲੈਂਦੀ ਹੈ। ਰਾਗ ਵਿਚ ਲੈਅ, ਸੁਰਾਂ ਤੇ ਸਾਜ਼ਾਂ ਦੀ ਪਿੱਠ ਭੂਮੀ ਵਿਚੋਂ ਪੈਟਰਨ ਦੇ ਰੂਪ ਵਿਚ ਉਭਰ ਆਉਂਦੀ ਹੈ।[26]

ਇਉਂ ਪੈਟਰਨ ਤੇ ਪਿੱਠ-ਭੂਮੀ ਦਾ ਅੰਤਰ ਮਨੁੱਖ ਦੀ ਪ੍ਰਤੱਖ-ਪ੍ਰਕਿਰਿਆ ਦੇ ਬੁਨਿਆਦੀ ਲੱਛਣ ਵਜੋਂ ਸਾਹਮਣੇ ਆਉਂਦਾ ਪ੍ਰਤੀਤ ਹੁੰਦਾ ਹੈ। ਅਸੀਂ ਇਕ ਸਮੇਂ ਇਕੋ ਦਿਸ਼ਾ ਦਾ ਵੀ ਕੁਝ ਕੁ ਭਾਗ ਹੀ ਵੇਖ ਸਕਦੇ ਹਾਂ। ਸਪਸ਼ਟਤਾ ਲਈ ਇਕ ਦੋ ਉਦਾਹਰਣ ਦੇਣੇ ਉਚਿਤ ਜਾਪਦੇ ਹਨ। ਇਕ ਸਮੇਂ ਜਦੋਂ ਅਸੀਂ ਅੱਖਾਂ ਖੋਹਲਦੇ ਹਾਂ ਤਾਂ ਦੀਵਾਰ ਦੀ ਪਿੱਠ-ਭੂਮੀ ਵਿਚ ਮੇਜ਼, ਕੁਰਸੀ ਤੇ ਉਪਰ ਟੰਗੀ ਤਸਵੀਰ ਨੂੰ ਇਕ ਪੈਟਰਨ ਦੇ ਰੂਪ ਵਿਚ ਵੇਖਦੇ ਹਾਂ। ਇਸੇ ਹੀ ਦਿਸ਼ਾ ਵਿਚ ਅਸੀਂ ਹੋਰ ਵੀ ਕਈ ਪ੍ਰਕਾਰ ਦੇ ਪੈਟਰਨ ਵੇਖ ਸਕਦੇ ਹਾਂ। ਪਰ ਇਥੇ ਸ਼ਰਤ ਇਹ ਹੈ ਕਿ ਕਿਸੇ ਹੋਰ ਪੈਟਰਨ ਨੂੰ ਉਭਾਰਨ ਨਾਲ ਪਹਿਲੇ ਵਾਲਾ ਪੈਟਰਨ ਪਿੱਠ-ਭੂਮੀ ਵਿਚ ਚਲਾ ਜਾਂਦਾ ਹੈ। ਉਸੇ ਹੀ ਦਿਸ਼ਾ ਵਿਚ ਜੇ ਅਸੀਂ ਨੀਲੇ ਰੰਗ ਦੀ ਪੁਨਰਾਵ੍ਰਿਤੀ ਦਾ ਪੈਟਰਨ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਮੇਜ਼, ਕੁਰਸੀ ਤੇ ਤਸਵੀਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਚੌਖਟੇ ਨੂੰ ਪਿਠ-ਭੂਮੀ ਵਿਚ ਦਬਾਣਾ ਪਵੇਗਾ। ਇਸ ਹਾਲਤ ਵਿਚ ਦੀਵਾਰ ਉਪਰ ਲੱਗੇ ਨੀਲੇ ਕਾਗਜ਼, ਮੇਜ਼ ਉਤੇ ਪਈ ਨੀਲੀ ਕਿਤਾਬ ਅਤੇ ਤਸਵੀਰ ਵਿਚਲੇ ਨੀਲੇ ਆਕਾਸ਼ ਦੇ ਰੰਗਾਂ ਨੂੰ ਸੁਸੰਗਤ ਕਰਕੇ ਇਕ ਪੈਟਰਨ ਵਿਚ ਵੇਖਣਾ ਪਵੇਗਾ। ਮੇਜ਼ ਜੋ ਪਹਿਲੀ ਪੈਟਰਨ-ਸਥਿਤੀ ਦੇ ਕੇਂਦਰ ਬਿੰਦੂ ਸੀ ਉਹ ਹੁਣ ਪਿੱਠ-ਭੂਮੀ ਦਾ ਭਾਗ ਬਣ ਜਾਂਦਾ ਹੈ। ਇਹ ਮਨੁੱਖੀ ਸੀਮਾਂ ਹੈ ਕਿ ਉਹ ਇਕ ਤੋਂ ਵਧੇਰੇ ਪੈਟਰਨਾਂ ਨੂੰ ਸਮ-ਸਾਮਿਅਕ ਰੂਪ ਵਿਚ ਆਪਣੇ ਧਿਆਨ ਦਾ ਕੇਂਦਰ ਨਹੀਂ ਬਣ ਸਕਦਾ। ਅਜਿਹੀ ਸਥਿਤੀ ਵਿਚ ਜੇ ਉਹ ਦੂਹਾਂ ਪੈਟਰਨਾਂ ਨੂੰ ਇਕੱਠਾ ਵੇਖਣ ਦਾ ਯਤਨ ਵੀ ਕਰੇ ਤਾਂ ਉਸ ਨੂੰ ਤੇਜ਼ੀ ਨਾਲ ਆਪਣੀ ਦ੍ਰਿਸ਼ਟੀ ਨੂੰ ਇਕ ਪੈਟਰਨ ਤੋਂ ਹਟਾ ਕੇ ਦੂਜੇ ਪੈਟਰਨ ਉਤੇ ਟਿਕਾਣਾ ਪੈਂਦਾ ਹੈ। ਪਰ ਮਨੁੱਖੀ ਅਨੁਭਵ ਲਈ ਇਹ ਇਕ ਕਠਨ ਸਮੱਸਿਆ ਬਣ ਜਾਂਦੀ ਹੈ।[27]

ਇਥੇ ਪ੍ਰਸਿੱਧ ਮਨੋਵਿਗਿਆਨੀ ਕੋਹਲਰ ਦੁਆਰਾ ਕੀਤੇ ਗਏ ਇਕ ਪ੍ਰਯੋਗ ਦਾ ਜ਼ਿਕਰ ਕਰਨਾ ਉਚਿਤ ਜਾਪਦਾ ਹੈ। ਉਹ ਪ੍ਰਯੋਗ ਉਸ ਨੇ ਸੰਗਠਿਤ ਖੇਤਰ ਦੇ ਅਨੁਭਵ ਲਈ ਕੀਤਾ ਸੀ। ਮਨੋਵਿਗਿਆਨ ਵਿਚ ਇਸ ਤਜਰਬੇ ਦਾ ਨਾਂ ਕੋਹਲਰ ਕ੍ਰਾਸ (Kohler Cross) ਕਰਕੇ ਪ੍ਰਸਿੱਧ ਹੈ। ਜਿਸ ਦਾ ਚਿੱਤ੍ਰ ਹੇਠ ਲਿਖੇ ਅਨੁਸਾਰ ਹੈ :



ਇਸ ਪ੍ਰਯੋਗ ਵਿਚ ਕੋਹਲਰ ਨੇ ਇਕੋ ਹੀ ਦਾਇਰੇ ਨੂੰ ਦੋ ਰੰਗਾਂ ਦੇ ਦੋ ਬਰਾਬਰ ਚੱਕਰਾਂ ਵਿਚ ਵੰਡ ਦਿੱਤਾ। ਇਕ ਚੱਕਰ ਨੂੰ ਕਾਲੇ ਰੰਗ ਨਾਲ ਭਰ ਦਿੱਤਾ ਤੇ ਦੂਜੇ ਨੂੰ ਸਫ਼ੈਦ ਹੀ ਰਹਿਣ ਦਿੱਤਾ। ਉਸ ਨੇ ਤਜ਼ਰਬੇ ਰਾਹੀਂ ਇਹ ਸਿੱਧ ਕੀਤਾ ਕਿ ਮਨੁੱਖ ਇਕੋ ਸਮੇਂ ਦੋਹਾਂ ਚੱਕਰਾਂ ਨੂੰ ਆਪਣੇ ਧਿਆਨ ਦਾ ਕੇਂਦਰ ਨਹੀਂ ਬਣਾ ਸਕਦਾ। ਕਾਲੇ ਰੰਗ ਦੇ ਚੱਕਰ ਉਤੇ ਧਿਆਨ ਜਮਾਣ ਨਾਲ ਚਿੱਟੇ ਰੰਗ ਦਾ ਚੱਚਰ ਪਿੱਠ-ਭੂਮੀ ਵਿਚ ਚਲਾ ਜਾਂਦਾ ਹੈ ਅਤੇ ਚਿੱਟੇ ਰੰਗ ਦੇ ਚੱਕਰ ਉਪਰ ਧਿਆਨ ਕੇਂਦਰਿਤ ਕਰਨ ਨਾਲ ਕਾਲਾ ਚੱਕਰ ਪਿੱਠ-ਭੂਮੀ ਦਾ ਕੰਮ ਕਰਦਾ ਹੈ। ਕੋਈ ਵੀ ਮਨੁੱਖ ਅੱਧੇ ਕਾਲੇ ਚੱਕਰ ਅਤੇ ਅੱਧੇ ਸਫ਼ੈਦ ਚੱਕਰ ਨੂੰ ਇਕ ਪੈਟਰਨ ਵਿਚ ਸੰਗਠਿਤ ਕਰ ਕੇ ਨਹੀਂ ਵੇਖ ਸਕਦਾ। ਚੱਕਰ ਦੀਆਂ ਚਾਰੋ ਭੁਜਾਵਾਂ ਸੰਬੰਧਿਤ ਹੋ ਕੇ ਹੀ ਕ੍ਰਿਆਸ਼ੀਲ ਹੁੰਦੀਆਂ ਹਨ। ਜੇ ਚੱਕਰ ਦਾ ਪੈਟਰਨ ਬਦਲਦਾ ਹੈ ਤਾਂ ਉਹ ਸੰਗਠਿਤ ਤੇ ਸੰਪੂਰਨ ਰੂਪ ਵਿਚ ਹੀ ਬਦਲਦਾ ਹੈ। ਅਸੀਂ ਚਿੱਟੇ ਪੈਟਰਨ ਦੀ ਇਕ ਰੇਖਾ ਨੂੰ ਕਾਲੇ ਪੈਟਰਨ ਦੀਆਂ ਭਿੰਨ ਰੇਖਾਵਾਂ ਨਾਲ ਮਿਲਾ ਕੇ ਵੀ ਨਹੀਂ ਵੇਖ ਸਕਦੇ। ਸੰਗਠਨ, ਮਨੁੱਖ ਦੀ ਪ੍ਰਤੱਖ-ਪ੍ਰਿਕ੍ਰਿਆ ਦਾ ਬੁਨਿਆਦੀ ਲੱਛਣ ਹੈ।[28] ਇਸੇ ਕਾਰਨ ਜਦੋਂ ਪ੍ਰਤੱਖ ਦੇ ਸੰਗਠਨ ਵਿਚ ਪਰਿਵਰਤਨ ਆਉਂਦਾ ਹੈ ਤਾਂ ਅਸੀਂ ਕੁਝ ਅਜਿਹੇ ਨਵੇਂ ਸੰਬੰਧਾਂ ਨੂੰ ਵੇਖਦੇ ਹਾਂ ਜੋ ਕਿ ਪਹਿਲਾਂ ਸਾਡੇ ਧਿਆਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇਂਦਰ ਨਹੀਂ ਬਣ ਸਨ ।[29] ਇਹ ਸੱਚ ਸਾਡੀ ਚਿੰਤਨ-ਪ੍ਰਕਿਰਿਆ ਬਾਰੇ ਵੀ ਉਤਨਾ ਹੀ ਠੀਕ ਹੈ ਜਿਤਨਾ ਕਿ ਪ੍ਰਤੱਖ-ਪ੍ਰਕਿਰਿਆ ਬਾਰੇ । ਸਾਡੀ ਚਿੰਤਨ ਪ੍ਰਕਿਰਿਆ ਵੀ ਸੰਗਠਨ ਦੇ ਵਿਵਸਥਿਤ-ਪੜਾਵਾਂ ਵਿਚੋਂ ਲੰਘਦੀ ਹੈ । ਕਿਸੇ ਸਮੁੱਚੇ ਖੇਤਰ ਦੇ ਅਧਿਐਨ ਸਮੇਂ ਅਸੀਂ ਸਮੱਸਿਆ ਦੇ ਕਿਸੇ ਇਕ ਪੱਖ ਦੇ ਸੰਗਠਿਤ-ਪੈਟਰਨ ਨੂੰ ਪਹਿਲੋਂ ਆਪਣੇ ਧਿਆਨ ਦਾ ਕੇਂਦਰ ਬਣਾ ਕੇ ਫਿਰ ਦੂਸਰੇ ਪੱਖ ਵਲ ਵਧਦੇ ਹਾਂ ਅਤੇ ਇਸ ਤਰ੍ਹਾਂ ਸਮੁੱਚੀ ਸਮੱਸਿਆ ਦੇ ਸੰਪੂਰਨ ਪੈਟਰਨ ਨੂੰ ਸਮਝਣ ਦੇ ਯੋਗ ਬਣਦੇ ਹਾਂ ।[30]

ਇਕ ਵਿਸ਼ੇਸ਼ ਪ੍ਰਕਾਰ ਦਾ ਅਨੁਭਵ ਵੀ ਮਨੁੱਖ ਨੂੰ ਕਈ ਹੋਰ ਅਸੰਬੰਧਿਤ ਅਨੁਭਵ-ਸਮੁੱਚਾਂ ਤੋਂ ਵੱਖ ਕਰ ਕੇ ਹੀ ਕਰਨਾ ਪੈਂਦਾ ਹੈ । ਸਪੱਸ਼ਟਤਾ ਲਈ ਇਕ ਉਦਾਹਰਣ ਉਚਿਤ ਹੋਵੇਗਾ । ਇਕ ਲਕੜਹਾਰਾ ਲਕੜੀ ਕੱਟਣ ਦਾ ਅਨੁਭਵ ਕਰ ਰਿਹਾ ਹੈ । ਪਰ ਇਸ ਅਨੁਭਵ ਦੇ ਨਾਲ ਨਾਲ ਹੀ ਉਸ ਨੂੰ ਹੋਰ ਵੀ ਕਈ ਤਰ੍ਹਾਂ ਦੇ ਅਨੁਭਵ ਹੋ ਰਹੇ ਹਨ । ਉਸ ਦੇ ਨੱਕ ਉਤੇ ਮੱਖੀ ਬੈਠੀ ਹੋਣ ਕਾਰਨ ਉਹ ਖਿੱਝ ਵੀ ਮਹਿਸੂਸ ਕਰ ਰਿਹਾ ਹੈ । ਨਾਲੋ ਨਾਲ ਉਹ ਗੁਣਗੁਣਾ ਵੀ ਰਿਹਾ ਹੈ ਤੇ ਨਾਲ ਹੀ ਉਸ ਦਾ ਕੰਨ ਪੀੜ ਕਰ ਰਿਹਾ ਹੈ ਤੇ ਗਰਮ ਲੂਅ ਵੀ ਤੰਗ ਕਰ ਰਹੀ ਹੈ । ਇਉਂ ਇਸ ਲਕੜੀ ਕੱਟਣ ਦੇ ਅਨੁਭਵ ਨਾਲ ਕਈ ਪ੍ਰਕਾਰ ਦੇ ਹੋਰ ਅਨੁਭਵ ਵੀ ਜੁੜੇ ਪਏ ਹਨ । ਇਸ ਲਈ ਇਸ ਅਨੁਭਵ ਦਾ ਨਾਂ ਅਸੀਂ ਕੇਵਲ ਲਕੜੀ ਕੱਟਣ ਦਾ ਅਨੁਭਵ ਹੀ ਨਹੀਂ ਰੱਖ ਸਕਦੇ । ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਨੁਭਵ ਸਪੱਸ਼ਟ ਤੌਰ ਉਤੇ ਵਿਰੋਧੀ ਤੇ ਅਸੰਬੰਧਿਤ ਤੱਤਾਂ ਨਾਲ ਮਿਲ ਕੇ ਸਦਾ ਜਟਿਲ ਰੂਪ ਵਿਚ ਹੀ ਹੁੰਦਾ ਹੈ । ਇਹ ਸੰਪੂਰਨ ਤੌਰ ਉਤੇ ਇਕ ਹੀ ਭਾਵ ਨਾਲ ਕਦੇ ਵੀ ਸੰਬੰਧਿਤ ਨਹੀਂ ਹੁੰਦਾ । ਹਾਂ ਜੇ ਕਦੀ ਇਸ ਉਪਰ ਇਕ ਤੀਬਰ ਭਾਵ ਹਾਵੀ ਹੁੰਦਾ ਹੈ ਤਾਂ ਕੇਵਲ ਪਲ ਭਰ ਲਈ ਹੀ ਅਜਿਹਾ ਸੰਭਵ ਹੋ ਸਕਦਾ ਹੈ । ਇਹ ਸਦਾ ਕਈ ਪ੍ਰਕਾਰ ਦੇ ਵੱਖ ਕੀਤੇ ਜਾ ਸਕਣ ਵਾਲੇ ਸਮੁੱਚਾਂ ਵਿਚ ਜਟਿਲ ਹੋਇਆ ਹੁੰਦਾ ਹੈ ਅਤੇ ਸਾਡੀ ਸੀਮਾਂ ਇਹ ਹੈ ਕਿ ਅਸੀਂ ਉਨ੍ਹਾਂ ਸਾਰਿਆਂ ਨੂੰ ਇਕੋ ਸਮੇਂ ਆਪਣੇ ਪ੍ਰਤੱਖ ਦਾ ਕੇਂਦਰ ਨਹੀਂ ਬਣਾ ਸਕਦੇ । ਅਸੀਂ ਤਾਂ ਇਕ ਅਨੁਭਵ-ਸਮੁੱਚ ਤੋਂ ਆਪਣੇ ਧਿਆਨ ਨੂੰ ਹਟਾ ਕੇ ਦੂਜੇ ਅਨੁਭਵ-ਸਮੁੱਚ ਉਪਰ ਟਿਕਾ ਸਕਦੇ ਹਾਂ । ਸਾਰਿਆਂ ਅਨੁਭਵ-ਸਮੁੱਚਾਂ ਦਾ ਸਮ-ਸਾਮਿਅਕ ਪ੍ਰਤਖਣ ਸਾਡੇ ਲਈ ਅਸੰਭਵ ਹੈ ।[31]

ਪਰ ਕਾਵਿ-ਪੈਟਰਨ ਵਿਚ ਸੰਗਠਿਤ ਕੀਤਾ ਅਨੁਭਵ ਵੱਖਰੀ ਪ੍ਰਕਿਰਤੀ ਦਾ ਧਾਰਨੀ ਹੋ ਜਾਂਦਾ ਹੈ । ਇਸ ਦਾ ਆਪਣਾ ਪਛਾਣਿਆਂ ਜਾ ਸਕਣ ਵਾਲਾ ਆਦਿ, ਮੱਧ ਤੇ ਅੰਤ ਹੁੰਦਾ ਹੈ । ਕਵਿਤਾ ਅਨੁਭਵ ਦਾ ਪੈਟਰਨ ਸਿਰਜਨ ਸਮੇਂ ਅਨੁਭਵ ਦੇ ਕੇਂਦਰੀ ਤੇ ਲਾਜ਼ਮੀ ਸਮੁੱਚ ਨੂੰ ਹੀ ਸਿਰਜਦੀ ਹੈ । ਇਸ ਲਈ ਕਵਿਤਾ ਵਿਚ ਇਕ ਅਜਿਹੀ ਸੰਗਤੀ (Coherence) ਤੇ ਏਕਤਾ ਆ ਜਾਂਦੀ ਹੈ ਜੋ ਜੀਵਨ-ਅਨੁਭਵ ਵਿਚ ਨਹੀਂ ਹੁੰਦੀ । ਦਰਅਸਲ ਕਵੀ ਜੀਵਨ-ਅਨੁਭਵ ਵਿਚੋਂ ਲੋੜੀਂਦਾ ਤੇ ਸੰਬੰਧਿਤ ਅਨੁਭਵ ਸਮੁੱਚ ਵੱਖ ਕਰ ਲੈਂਦਾ ਹੈ ਤੇ ਜੋ ਕੁਝ ਅਸੰਬੰਧਿਤ ਤੇ ਬੇਲੋੜਾ ਹੈ । ਉਸ ਨੂੰ ਪਿੱਠ-ਭੂਮੀ ਵਿਚ ਦਬਾ

CC-0. In Public Domain. Gurukul Kangri Collection, Haridwar

ਦਿੰਦਾ ਹੈ ।[32] Digitized by Arya Samaj Foundation Chennai and eGangotri

ਪਰ ਇਸ ਦਾ ਭਾਵ ਇਹ ਨਹੀਂ ਕਿ ਕਵਿਤਾ ਵਿਚਲੇ ਸੰਗਠਿਤ-ਪੈਟਰਨ ਦਾ ਅਨੁਭਵ ਕਰਨ ਲਗਿਆਂ ਪੈਟਰਨ ਤੇ ਪਿੱਠ-ਭੂਮੀ ਦੀ ਸਮੱਸਿਆ ਦਾ ਅੰਤ ਹੋ ਜਾਂਦਾ ਹੈ। ਕਵਿਤਾ ਦਾ ਸਮੁੱਚਾ-ਪੈਟਰਨ ਵੀ ਅਗੋਂ ਕਈ ਪ੍ਰਕਾਰ ਦੇ ਸੰਗਠਿਤ-ਸਮੁੱਚਾਂ ਦਾ ਜਟਿਲ-ਪੈਟਰਨ ਹੈ। ਮੋਟੇ ਤੌਰ ਉਤੇ ਰਾਗ-ਪੈਟਰਨ, ਬਿੰਬ-ਪੈਟਰਨ ਤੇ ਥੀਮਿਕ-ਪੈਟਰਨ ਉਸ ਵਿਚ ਕੰਮ ਕਰਦੇ ਤਿੰਨ ਪ੍ਰਮੁੱਖ ਪੈਟਰਨ ਹਨ। ਕਾਵਿ-ਪੈਟਰਨ ਇਹਨਾਂ ਤਿੰਨਾਂ ਦੀ ਕ੍ਰਿਆਸ਼ੀਲਤਾ ਵਿਚੋਂ ਉਭਰ ਕੇ ਸਾਹਮਣੇ ਆਉਂਦਾ ਇਕ ਸੰਪੂਰਨ ਸਮੁੱਚ ਹੈ । ਪਰ ਅਧਿਏਤਾ ਇਕ ਸਮੇਂ ਇਕੋ ਪੈਟਰਨ ਨੂੰ ਹੀ ਆਪਣੇ ਧਿਆਨ ਦਾ ਕੇਂਦਰ ਬਣਾ ਸਕਦਾ ਹੈ। ਜੇ ਉਹ ਰਾਗ-ਪੈਟਰਨ ਵਲ ਧਿਆਨ ਦਿੰਦਾ ਹੈ ਤਾਂ ਥੀਮ ਤੇ ਬਿੰਬ-ਪੈਟਰਨ, ਪਿੱਠ-ਭੂਮੀ ਵਿਚ ਚਲੇ ਜਾਂਦੇ ਹਨ ਅਤੇ ਜੇ ਚਿਤ੍ਰ-ਪੈਟਰਨ ਵਲ ਧਿਆਨ ਦਿੰਦਾ ਹੈ ਤਾਂ ਬਾਕੀ ਦੇ ਪੈਟਰਨ ਪਿੱਠ-ਭੂਮੀ ਵਿਚ ਚਲੇ ਜਾਂਦੇ ਹਨ। ਪੈਟਰਨਾਂ ਦਾ ਇਹ ਪਰਿਵਰਤਨ ਵੀ ਸੰਗਠਿਤ ਰੂਪ ਵਿਚ ਹੀ ਹੁੰਦਾ ਹੈ। ਇਕ ਸਮੇਂ ਅਸੀਂ ਇਕ ਪ੍ਰਕਾਰ ਦੇ ਸੰਬੰਧਾਂ ਦੇ ਪੈਟਰਨ ਬਾਰੇ ਹੀ ਸੁਚੇਤ ਹੁੰਦੇ ਹਾਂ।[33] ਕਾਵਿ-ਖੇਤਰ ਵਿਚ ਇਹ ਪੈਟਰਨ ਤੇ ਪਿੱਠ-ਭੂਮੀ ਦੀ ਸਮੱਸਿਆ ਹੋਰ ਕਈ ਪੱਧਰਾਂ ਉਤੇ ਕੰਮ ਕਰਦੀ ਵੇਖੀ ਜਾ ਸਕਦੀ ਹੈ। ਇਕ ਦਾ ਸੰਬੰਧ ਕਾਵਿ ਦੇ ਮਾਧਿਅਮ ਦੇ ਪ੍ਰਕਿਰਤੀ ਨਾਲ ਹੈ। ਕਾਵਿ ਦੇ ਮਾਧਿਅਮ ਸ਼ਬਦ, ਕਵਿਤਾ ਵਿਚ ਵਰਤੇ ਜਾਣ ਤੋਂ ਪਹਿਲਾਂ ਵੀ ਕੁਝ ਅਰਥਾਂ ਦੇ ਧਾਰਨੀ ਹੁੰਦੇ ਹਨ। ਪਰ ਕਵਿਤਾ ਵਿਚ ਉਹ ਨਵੇਂ ਕ੍ਰਿਆਸ਼ੀਲ ਸੰਬੰਧਾਂ ਵਿਚ ਜੁੜ ਕੇ ਇਕ ਨਵੀਨ ਥੀਮਿਕ ਪੈਟਰਨ ਨੂੰ ਵੀ ਸਿਰਜ ਰਹੇ ਹੁੰਦੇ ਹਨ। ਅਧਿਏਤਾ ਨੂੰ ਇਸ ਨਵੀਨ ਥੀਮਿਕ-ਪੈਟਰਨ ਦੀ ਪ੍ਰਾਪਤੀ ਪੂਰਬ-ਨਿਸ਼ਚਿਤ ਕੋਸ਼-ਅਰਥਾਂ ਦੀ ਪਿੱਠ-ਭੂਮੀ ਵਿਚੋਂ ਹੀ ਹੁੰਦੀ ਹੈ।

ਸਪੱਸ਼ਟਤਾ ਲਈ ਕਾਵਿ-ਖੇਤਰ ਵਿਚੋਂ ਇਕ ਉਦਾਹਰਣ ਦੇਣਾ ਉਚਿਤ ਜਾਪਦਾ ਹੈ :

ਚੇਤਿ ਬਸੰਤੁ ਭਲਾ ਭੰਵਰ ਸੁਹਾਵੜੇ ॥
ਬਨ ਫੂਲੇ ਮੰਝਧਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ ਬਿਰਹ ਬਿਰੋਧ ਤਨੁ ਛੀਜੈ ॥
ਕੋਕਿਲਿ ਅੰਬਿ ਸੁਹਾਵੀ ਬੋਲੇ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉਂ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖ ਪਾਵੈ, ਜੇ ਹਰਿ ਵਰ ਘਰਿ ਧਨ ਪਾਏ ॥[34]

ਗੁਰੂ ਨਾਨਕ ਦੇ ਇਸ ਪਦ ਵਿਚ ਕਈ ਵੱਖਰੇ ਵੱਖਰੇ ਪੈਟਰਨ ਮਿਲ ਕੇ ਇਕ ਸਮੁੱਚੇ ਪੈਟਰਨ ਨੂੰ ਸਿਰਜ ਰਹੇ ਹਨ । ਇਹ ਸਮੁੱਚਾ-ਪੈਟਰਨ ਇਕ ਵਿਸ਼ੇਸ਼ ਪ੍ਰਕਾਰ ਦੀ ਸਾਰਥਕਤਾ ਦੇ ਸਿਰਜਨ ਵਿਚ ਹੀ ਪਛਾਣਿਆ ਜਾ ਸਕਦਾ ਹੈ । ਇਹ ਕਈ ਪ੍ਰਕਾਰ ਦੇ ਪਰਸਪਰ ਵਿਰੋਧੀ ਤੱਤਾਂ ਤੇ ਪੈਟਰਨਾਂ ਦਾ ਬਣਿਆ ਹੈ ਪਰ ਇਹ ਭਿੰਨ ਭਿੰਨ ਪੈਟਰਨਾਂ ਦੇ ਪਰਸਪਰ ਸੰਬੰਧਾਂ ਦੀ ਕ੍ਰਿਆਸ਼ੀਲਤਾ ਵਿਚੋਂ ਉਘੜਦਾ ਹੈ। ਜਿਵੇਂ ਕਿ ਅਸੀਂ ਪਿਛੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਕੇਤ ਕਰ ਚੁੱਕੇ ਕਿ ਪੈਟਰਨ ਦੀ ਪਛਾਣ, ਪ੍ਰਕਿਰਿਆ ਹੈ, ਕਾਰਜ ਨਹੀਂ, ਉਵੇਂ ਹੀ ਗੁਰਬਾਣੀ-ਪੈਟਰਨ ਦੇ ਅਧਿਏਤਾ ਨੂੰ ਵੀ ਗੁਰਬਾਣੀ ਪੈਟਰਨ ਦੀ ਪਛਾਣ ਲਈ ਇਕ ਪ੍ਰਕਾਰ ਦੀ ਪ੍ਰਕਿਰਿਆ ਵਿਚ ਪੈਣਾ ਜ਼ਰੂਰੀ ਹੈ । ਉਹ ਕਿਸੇ ਰਚਨਾ ਦੇ ਪੈਟਰਨ ਦੀ ਤਹਿ ਤਕ ਤਦ ਹੀ ਪਹੁੰਚ ਸਕਦਾ ਹੈ ਜੇ ਉਹ ਰਚਨਾ ਵਿਚ ਸਿਰਜੇ ਗਏ ਵੱਖ ਵੱਖ ਪੈਟਰਨਾਂ ਨੂੰ ਆਂਸ਼ਿਕ ਰੂਪ ਵਿਚ ਪਛਾਣਦਾ ਅੰਤ ਵਿਚ ਉਨ੍ਹਾਂ ਨੂੰ ਇਕ ਸਮੁੱਚੇ ਗੁਰਬਾਣੀ-ਪ੍ਰਵਚਨ ਦੇ ਅਰਥਾਂ ਵਿਚ ਗ੍ਰਹਿਣ ਕਰਦਾ ਹੈ । ਇਸ ਤਰ੍ਹਾਂ ਅਧਿਏਤਾ ਦੀ ਯਾਤਰਾ ਭਾਵ ਅਨੁਭਵ ਦੀਆਂ ਵੱਖ ਵੱਖ ਪੱਧਰਾਂ ਤੋਂ ਸ਼ੁਰੂ ਹੋ ਕੇ ਗੁਰਬਾਣੀ-ਪ੍ਰਵਚਨ ਦੀ ਜੀਵੰਤ ਤੇ ਨਿੱਖਰੀ ਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਦੀ ਹੁੰਦੀ ਹੈ ।

ਉਪਰਲੇ ਪਦ ਵਿਚ ਗੁਰਬਾਣੀ-ਪ੍ਰਵਚਨ ਇਸ ਦੇ ਆਂਸ਼ਿਕ ਪੈਟਰਨਾਂ - ਰਾਗ-ਪੈਟਰਨ, ਬਿੰਬ-ਪੈਟਰਨ ਤੇ ਥੀਮਿਕ ਪੈਟਰਨ ਦੀ ਕ੍ਰਿਆਸ਼ੀਲਤਾ ਵਿਚੋਂ ਪੈਦਾ ਹੁੰਦੀ ਜੀਵੰਤ ਤੇ ਨਿੱਖਰੀ ਦ੍ਰਿਸ਼ਟੀ ਦੇ ਰੂਪ ਵਿਚ ਹੀ ਪਛਾਣਿਆ ਜਾ ਸਕਦਾ ਹੈ । ਪਰ ਅਧਿਐਨ ਸਮੇਂ ਅਧਿਏਤਾ ਇਸ ਗੁਰਬਾਣੀ-ਪ੍ਰਵਚਨ ਵਿਚ ਭਾਗ ਪਾ ਰਹੇ ਕਈ ਪ੍ਰਕਾਰ ਦੇ ਪੈਟਰਨਾਂ ਬਾਰੇ ਸੁਚੇਤ ਹੁੰਦਾ ਰਹਿੰਦਾ ਹੈ । ਇਕ ਪਾਸੇ ਇਸ ਪਦ ਦਾ ਬਿੰਬ ਪੈਟਰਨ ਹੈ । ਇਸ ਵਿਚ ਅਧਿਏਤਾ ਜਿੱਧਰ ਇਕ ਪਾਸੇ ਬਸੰਤ ਵਿਚ ਖਿੜੇ ਫੁੱਲਾਂ ਉਪਰ ਸੋਹਣੇ ਲੱਗ ਰਹੇ ਭੰਵਰਿਆਂ ਦਾ ਚਿਤ੍ਰ ਵੇਖ ਰਿਹਾ ਹੈ ਉਸ ਦੇ ਨਾਲ ਹੀ ਇਕ ਬਿਰਹਨ ਦਾ ਵੀ ਚਿਤ੍ਰ ਵੇਖ ਰਿਹਾ ਹੈ ਜੋ ਕਿ ਪੀਆ ਦੇ ਪ੍ਰਦੇਸ ਚਲੇ ਜਾਣ ਕਾਰਣ ਵਿਯੋਗ ਦੀ ਅੱਗ ਵਿਚ ਸੜ ਰਹੀ ਹੈ । ਇਹ ਚਿਤ੍ਰ-ਪੈਟਰਨ, ਅਧਿਏਤਾ ਨੂੰ ਸੁੰਦਰ ਸੰਸਾਰ ਵਿਚਲੀਆਂ ਸਥਿਤੀਆਂ ਦੇ ਜੀਵਨ-ਪੈਟਰਨ ਵੱਲ ਖਿੱਚ ਲੈ ਜਾਂਦਾ ਹੈ । ਗੁਰਬਾਣੀ ਵਿਚ ਕੰਮ ਕਰ ਰਹੇ ਬਾਕੀ ਪੈਟਰਨਾਂ ਦੀ ਪਿੱਠ-ਭੂਮੀ ਵਿਚੋਂ ਇਕ ਵਿਸ਼ੇਸ਼ ਸਮੇਂ ਅਧਿਏਤਾ ਗੁਰਬਾਣੀ ਦੇ ਇਸ ਪੈਟਰਨ ਬਾਰੇ ਸੁਚੇਤ ਹੁੰਦਾ ਹੈ । ਉਸ ਸਮੇਂ ਇਹ ਪੈਟਰਨ ਅਗ੍ਰ-ਭੂਮੀ ਵਿਚ ਆ ਜਾਂਦਾ ਹੈ ਤੇ ਬਾਕੀ ਦੇ ਪੈਟਰਨ ਪਿੱਠ-ਭੂਮੀ ਵਿਚ ਚਲੇ ਜਾਂਦੇ ਹਨ । ਪਰ ਇਹ ਬਿੰਬ-ਪੈਟਰਨ ਇਕ ਵਿਸ਼ੇਸ਼ ਪ੍ਰਕਾਰ ਦੇ ਥੀਮਕ ਪੈਟਰਨ ਨੂੰ ਵੀ ਸਿਰਜ ਰਿਹਾ ਹੈ । ਥੀਮਿਕ-ਪੈਟਰਨ ਦੇ ਉਜਾਗਰ ਹੋ ਕੇ ਸਾਹਮਣੇ ਆਉਣ ਨਾਲ ਬਿੰਬ-ਪੈਟਰਨ ਪਿੱਠ-ਭੂਮੀ ਬਣ ਜਾਂਦਾ ਹੈ । ਇਸ ਦੇ ਨਾਲ ਹੀ ਗੁਰਬਾਣੀ-ਪ੍ਰਵਚਨ ਵਿਚਲੇ ਸ਼ਬਦਾਂ ਦਾ ਧੁਨੀਗਤ-ਸੰਗਠਨ ਇਕ ਰਾਗਾਤਮਕ ਪੈਟਰਨ ਨੂੰ ਵੀ ਸਿਰਜ ਰਿਹਾ ਹੈ । ਇਸ ਧੁਨੀਗਤ-ਪ੍ਰਬੰਧ ਬਾਰੇ ਸੁਚੇਤ ਹੁੰਦਿਆਂ ਹੀ ਬਾਕੀ ਦੇ ਪੈਟਰਨ ਪਿੱਠ-ਭੂਮੀ ਵਿਚ ਦੱਬ ਜਾਂਦੇ ਹਨ । ਸਾਰਿਆਂ ਪੈਟਰਨਾਂ ਦੀ ਕ੍ਰਿਆਸ਼ੀਲਤਾ ਵਿਚੋਂ ਹੀ ਇਸ ਗੁਰਬਾਣੀ-ਪ੍ਰਵਚਨ ਦਾ ਸਮੁੱਚਾ ਸਰੂਪ ਇਕ ਜੀਵੰਤ ਤੇ ਨਿਖਰੀ ਦ੍ਰਿਸ਼ਟੀ ਦੇ ਰੂਪ ਵਿਚ ਉਜਾਗਰ ਹੁੰਦਾ ਹੈ । ਇਸ ਸਥਿਤੀ ਵਿਚ ਗੁਰਬਾਣੀ-ਪ੍ਰਵਚਨ ਦੇ ਬਾਕੀ ਸਾਰੇ ਪੈਟਰਨ ਪਿੱਠ-ਭੂਮੀ ਦਾ ਕਾਰਜ ਕਰ ਰਹੇ ਹੁੰਦੇ ਹਨ । ਇਉਂ ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ ਕਿ ਗੁਰਬਾਣੀ-ਪ੍ਰਵਚਨ ਦੀ ਪ੍ਰਤੱਖ-ਪ੍ਰਕਿਰਿਆ ਸਮੇਂ ਵੀ ਪੈਟਰਨ ਤੇ ਪਿੱਠ-ਭੂਮੀ ਦਾ ਅੰਤਰ ਇਕ ਬੁਨਿਆਦੀ ਸਿਧਾਂਤ ਵਜੋਂ ਕੰਮ ਕਰ ਰਿਹਾ ਹੁੰਦਾ ਹੈ । ਇਸੇ ਲਈ ਅਸੀਂ ਗੁਰਬਾਣੀ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਵਚਨ ਨੂੰ ਪੈਟਰਨ-ਬੱਧ ਸਮੁੱਚ ਵਜੋਂ ਪਰਿਭਾਸ਼ਿਤ ਕਰਨਾ ਉਚਿਤ ਸਮਝਿਆ ਹੈ।

(ਅ) ਪ੍ਰਾਕਿਰਤਿਕ ਨਿਰੰਤਰਤਾ ਤੇ ਨਿਯੰਤ੍ਰਿਤ ਸਭਿਆਚਾਰ ਦਾ ਪੈਟਰਨ

ਗੁਰਬਾਣੀ-ਪ੍ਰਵਚਨ ਨੂੰ ਇਕ ਪੈਟਰਨ-ਬੱਧ ਸੰਗਠਨ ਵਜੋਂ ਨਿਸ਼ਚਿਤ ਕਰ ਲੈਣ ਤੋਂ ਉਪਰੰਤ ਹੁਣ ਇਸ ਦੇ ਪ੍ਰਮੁੱਖ-ਪੈਟਰਨਾਂ ਨੂੰ ਚਰਚਾ ਦਾ ਵਿਸ਼ਾ ਬਣਾਉਣਾ ਉਚਿਤ ਹੈ। ਗੁਰਬਾਣੀ-ਪ੍ਰਵਚਨ ਦਾ ਪ੍ਰਯੋਜਨ ਮਾਨਵੀ ਆਜ਼ਾਦੀ ਤੇ ਸਭਿਆਚਾਰ-ਨਿਰਮਾਣ ਕਰਨਾ ਹੈ। ਮਾਨਵੀ ਆਜ਼ਾਦੀ ਤੇ ਸਭਿਆਚਾਰ-ਨਿਰਮਾਣ ਦੇ ਆਦਰਸ਼ ਨੂੰ ਸਾਹਮਣੇ ਰੱਖਣ ਵਾਲੀ ਪਰਪਾਟੀ ਪ੍ਰਾਕਿਰਤਿਕ ਨਿਰੰਤਰਤਾ ਤੋਂ ਸ਼ੁਰੂ ਕਰ ਕੇ, ਨਿਯੰਤ੍ਰਿਤ ਸਭਿਆਚਾਰ ਵੱਲ ਜਾਣ ਦਾ ਉਪਰਾਲਾ ਕਰਦੀ ਹੈ। ਪ੍ਰਾਕਿਰਤਿਕ ਨਿਰੰਤਰਤਾ ਵਿਚ ਵੀ ਨੇਮ-ਵਿਧਾਨ ਕਾਰਜਸ਼ੀਲ ਹੁੰਦਾ ਹੈ ਪਰੰਤੂ ਸਭਿਆਚਾਰ ਨਿਯੰਤਰਣ ਵਿਚ ਇਹ ਨੇਮ-ਵਿਧਾਨ ਸ਼ਾਸਤਰੀ ਬੁੱਧ ਦੀ ਪਕੜ ਵਿਚ ਆ ਜਾਂਦਾ ਹੈ, ਜਿਸ ਸਦਕਾ ਸ਼ਾਸਤਰੀ ਬੁੱਧ ਨਿਰੰਤਰਤਾ ਵਿਚੋਂ ਪੈਦਾ ਹੋਣ ਵਾਲੀ ਸ਼ਕਤੀ ਨੂੰ ਸੰਜਮ ਵਿਚ ਬਦਲਦੀ ਹੈ। ਸਭਿਆਚਾਰ, ਅਸਲ ਵਿਚ ਬੇਮੁਹਾਰ ਸ਼ਕਤੀ ਨੂੰ, ਨਿਯੰਤ੍ਰਿਤ ਸੰਜਮ ਵਿਚ ਬੰਨ੍ਹਣ ਦਾ ਨਾਮ ਹੈ। ਇਸ ਬੇਮੁਹਾਰ ਸ਼ਕਤੀ ਨੂੰ ਗੁਰਬਾਣੀ ਵਿਚ ਕਈ ਨਾਵਾਂ ਨਾਲ ਯਾਦ ਕੀਤਾ ਗਿਆ ਹੈ ਪਰ ਇਸ ਦੀ ਪ੍ਰਤਿਨਿਧ ਮਿਸਾਲ ਸੰਸਾਰ ਨੂੰ ਭਉਜਲ ਕਹਿਣ ਨਾਲ ਸੰਬੰਧਿਤ ਹੈ। ਗੁਰੂ ਨਾਨਕ ਦੀ ਬਾਣੀ ਤੋਂ ਲੈ ਕੇ ਹੋਰ ਭਗਤਾਂ, ਗੁਰੂਆਂ, ਸੂਫੀਆਂ ਆਦਿ ਦੀ ਬਾਣੀ ਤੀਕ ਇਹ ਧਾਰਨਾ ਬਾਰ ਬਾਰ ਦੁਹਰਾਈ ਗਈ ਹੈ। ਨਮੂਨੇ ਮਾਤਰ ਇਕ ਦੋ ਉਦਾਹਰਣਾਂ ਪੇਸ਼ ਹਨ :

(1) ਦੁਨੀਆ ਸਾਗਰੁ ਦੁਤਰੁ ਕਹੀਐ, ਕਿਉ ਕਰਿ ਪਾਈਐ ਪਾਰੋ ॥[35]

(2) ਸੰਸਾਰ ਸਮੁੰਦੇ ਤਾਰਿ ਗੋਬਿੰਦੇ, ਤਾਰਿ ਲੈ ਬਾਪ ਬੀਠਲਾ ॥ਰਹਾਉ॥[36]

ਇਉਂ ਗੁਰਬਾਣੀ ਵਿਚ ਸੰਸਾਰ ਨੂੰ ਬੇਕਾਰ ਸਾਗਰ ਕਿਹਾ ਗਿਆ ਹੈ ਜਾਂ ਭਉਜਲ ਕਿਹਾ ਗਿਆ ਹੈ। ਇਸ ਭਉਜਲ ਨੂੰ ਜੀਵ ਨੇ ਪਾਰ ਕਰਨਾ ਹੈ। ਜੀਵ ਦੁਆਰਾ ਇਹ ਭਉਜਲ ਤਾਂ ਹੀ ਪਾਰ ਕੀਤਾ ਜਾ ਸਕਦਾ ਹੈ ਜੇ ਉਹ ਆਪਣੀ ਜੈਵਿਕਤਾ ਨੂੰ ਰੂਪਾਂਤ੍ਰਣ ਦੇ ਰਾਹ ਪਾ ਲਏ। ਉਹ ਰੂਪਾਂਤ੍ਰਣ ਜੀਵ ਨੇ ਸਾਧ ਸੰਗਤਿ ਵਿਚ ਜਾ ਕੇ ਗੁਰੂ ਦੀ ਰਾਹੀਂ ਨਾਮ ਸਿਮਰਨ ਦੇ ਸਭਿਆਚਾਰ ਨਾਲ ਜੁੜ ਕੇ ਪ੍ਰਾਪਤ ਕਰਨਾ ਹੈ। ਸਪਸ਼ਟਤਾ ਲਈ ਕੁਝ ਉਦਾਹਰਣਾਂ ਪੇਸ਼ ਹਨ :

(1) ਸੰਸਾਰ ਭਵਜਲੁ ਕਿਉ ਤਰੈ ॥
ਗੁਰਮੁਖਿ ਨਾਮੁ ਨਿਰੰਜਨੁ ਪਾਈਐ,
ਅਫਰਿਓ ਭਾਰੁ ਅਫਰੁ ਟਰੈ ॥੧॥ਰਹਾਉ॥[37]

CC-0. In Public Domain. Gurukul Kangri Collection, Haridwar

(2) ਜਪਿ ਮਨ ਨਾਮੁ ਹਰਿ ਸਰਣੀ ॥

Digitized by Arya Samaj Foundation Chennai and eGangotri

ਸੰਸਾਰ ਸਾਗਰ, ਤਾਰਿ ਤਾਰਣ ਰਾਮ ਨਾਮ ਹਰਿ ਕਰਣੀ ॥੧॥ਰਹਾਉ॥[38]

(3) ਜਿਨਾ ਮਸਤਕਿ ਲਿਖਿਆ ਤੇ ਮਿਲੇ ਸੰਗਾਰ ॥
ਸੰਸਾਰ ਭਉਜਲ ਤਾਰਿਆ ਹਰਿ ਸੰਤ ਪੁਰਖ ਅਪਾਰ ॥੧॥[39]

(4) ਸਗਲ ਮਨੋਰਥ ਪ੍ਰਭ ਤੇ ਪਾਏ, ਕੰਠਿ ਲਾਇ ਗੁਰਿ ਰਾਖੇ ॥
ਸੰਸਾਰ ਸਾਗਰ ਮਹਿ ਜਲਨਿ ਨ ਦੀਨੈ, ਕਿਨੈ ਨ ਦੁਤਰੁ ਭਾਖੇ ॥[40]

ਉਪਰੋਕਤ ਪੰਗਤੀਆਂ ਵਿਚ ਗੁਰਬਾਣੀ ਪ੍ਰਵਚਨ ਵਿਚਲੀਆਂ ਦੋ ਕੋਟੀਆਂ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ । ਇਕ ਕੋਟੀ ਦਾ ਸੰਬੰਧ ਸੰਸਾਰ ਵਿਚਲੀ ਮਾਇਆਵੀ ਸ਼ਕਤੀ ਦੀ ਨਿਰੰਤਰਤਾ ਹੈ ਤੇ ਦੂਸਰੀ ਕੋਟੀ ਨਾਮ-ਸਭਿਆਚਾਰ ਦੇ ਨਿਯੰਤ੍ਰਣ ਦੀ । ਮਧਿਅਸਤ ਜੁਗਤ ਗੁਰੂ, ਸਤਸੰਗਤਿ ਤੇ ਗੁਰਸ਼ਬਦਿ ਹੈ । ਜੀਵ ਦੁਆਰਾ ਇਹ ਭਉਜਲ ਤਾਂ ਹੀ ਪਾਰ ਕੀਤਾ ਜਾ ਸਕਦਾ ਹੈ ਜੇ ਉਹ ਆਪਣੀ ਜੈਵਿਕ ਵਿਹਾਰਕਤਾ ਦੀ ਨਿਰੰਤਰਤਾ ਨੂੰ ਨਾਮ, ਸ਼ਬਦ ਰਾਹੀਂ ਰੂਪਾਂਤ੍ਰਣ ਦੇ ਰਾਹ ਪਾ ਲਏ । ਰੂਪਾਂਤ੍ਰਣ ਬਿਨਾਂ ਸਭਿਆਚਾਰ ਨਿਰ-ਮਾਣ ਸੰਭਵ ਹੀ ਨਹੀਂ । ਜੈਵਿਕਤਾ, ਪ੍ਰਾਕਿਰਤਿਕ ਸ਼ਕਤੀ ਦਾ ਹੀ ਰੂਪ ਹੈ, ਜੋ ਪ੍ਰਾਣਾਧਾਰੀ ਜੀਵ ਵਿਚ ਸਹਿਜੇ ਹੀ ਵਿਦਮਾਨ ਹੋ ਜਾਂਦਾ ਹੈ । ਜਦੋਂ ਅਜਿਹਾ ਬੇਮੁਹਾਰ ਵਹਾਉ ਜੀਵ ਵਿਚ ਵਿਦਮਾਨ ਹੋ ਜਾਂਦਾ ਹੈ, ਤਾਂ ਜੀਵ ਦਾ ਪ੍ਰਾਕਿਰਤਿ ਸੰਜਮ ਕਿਤੇ ਰੁੜ੍ਹ ਪੁੜ੍ਹ ਜਾਂਦਾ ਤੇ ਉਹ ਪ੍ਰਾਕਿਰਤਿਕ ਸ਼ਕਤੀ ਦੀਆਂ ਭਿਅੰਕਰ ਲਹਿਰਾਂ ਵਿਚ ਫਸ ਜਾਂਦਾ ਹੈ । ਭਗਤ ਨਾਮਦੇਵ ਨੇ ਇਸ ਸਮੱਸਿਆ ਨੂੰ ਆਪਣੀ ਬਾਣੀ ਵਿਚ ਇਉਂ ਪੇਸ਼ ਕੀਤਾ ਹੈ :

ਲੋਭ ਲਹਿਰ ਅਤਿ ਨੀਝਰ ਬਾਜੈ ॥
ਕਾਇਆ ਡੂਬੈ ਕੇਸਵਾ ॥੧॥
ਸੰਸਾਰ ਸਮੁੰਦੇ ਤਾਰਿ ਗੋਬਿੰਦੇ ॥
ਤਾਰਿ ਲੈ ਬਾਪ ਬੀਠਲਾ ॥੧॥ਰਹਾਉ॥

ਅਨਲ ਬੇੜਾ ਹਉ ਖੇਵਿ ਨ ਸਾਕਉ ॥
ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥
ਹੋਹੁ ਦਇਆਲੁ ਸਤਿਗੁਰੁ ਮੇਲਿ ਤੂੰ ॥
ਮੋ ਕਉ ਪਾਰਿ ਉਤਾਰੇ ਕੇਸਵਾ ॥੩॥

ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥
ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥[41]

ਉਪਰੋਕਤ ਬਾਣੀ-ਕਿਰਤ ਪਹਿਲਾਂ ਤਾਂ ਸਾਰੇ ਸੰਸਾਰ ਨੂੰ ਸਮੁੰਦਰ ਦੇ ਰੂਪਕ ਰਾਹੀਂ ਪੇਸ਼ ਕਰਦੀ ਹੈ । ਫਿਰ ਮਨੁੱਖੀ ਸਰੀਰ ਨੂੰ ਸਮੁੰਦਰ ਵਿਚ ਚਲ ਰਹੇ ਬੇੜੇ ਦੇ ਰੂਪਕ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ ਕਰਦੀ ਹੈ। ਦੋਹਾਂ ਦਾ ਸਾਂਝਾ ਤੱਤ ਨਿਰੰਤਰ ਲਹਿਰਾਂ ਰਾਹੀਂ ਬਦਲਦੇ ਰਹਿਣ ਦਾ ਹੈ। ਬੇੜਾ ਸਮੁੰਦਰ ਦੀ ਬਦਲਾਉ ਪ੍ਰਕਿਰਿਆ ਤੋਂ ਨਿਰੰਤਰ ਪ੍ਰਭਾਵਿਤ ਹੁੰਦਾ ਰਹਿੰਦਾ ਹੈ। ਬੇੜਾ ਇਥੇ ਮਨੁੱਖੀ ਸਰੀਰਕ ਹੋਂਦ ਦਾ ਰੂਪਕ ਹੈ। ਇਸ ਤਰ੍ਹਾਂ ਸਮੁੰਦਰ ਵਿਚ ਉਪਜਦੀਆਂ ਲਹਿਰਾਂ ਦੀ ਨਿਰੰਤਰਤਾ ਨੂੰ ਮਨੁੱਖੀ ਸਰੀਰ ਤੇ ਵਾਤਾਵਰਨ ਦੇ ਸੰਪਰਕ ਵਿਚੋਂ ਉਪਜਦੀਆਂ ਲੋਭ ਆਦਿਕ ਵਿਸ਼ੇ ਵਿਕਾਰਾਂ ਦੀਆਂ ਪ੍ਰਾਕਿਰਤਿਕ ਤੇ ਪਾਰਵਿਰਤਿਕ ਲਹਿਰਾਂ ਤੇ ਤਰੰਗਾਂ ਦੀ ਨਿਰੰਤਰਤਾ ਨਾਲ ਉਪਮਾਇਆ ਗਿਆ ਹੈ। ਇਹਨਾਂ ਲਹਿਰਾਂ ਤੇ ਤਰੰਗਾਂ ਦੀ ਨਿਰੰਤਰਤਾ ਦਾ ਵਹਾਉਸ਼ੀਲ ਵੇਗ ਇਤਨਾ ਤੇਜ਼ ਹੈ ਕਿ ਮਨੁੱਖ ਦੀ ਕਾਇਆਂ ਇਹਨਾਂ ਦਾ ਮੁਕਾਬਲਾ, ਆਪਣੇ ਆਪ, ਕਰ ਸਕਣ ਤੋਂ ਅਸਮਰੱਥ ਦਿਖਾਈ ਗਈ ਹੈ। ਇਹ ਅਵਸਥਾ ਸੰਸਾਰ ਵਿਚਲੇ ਪ੍ਰਾਕਿਰਤਕ ਅਨੁਭਵ ਦੀ ਜਨਮ ਜਾਤ ਦਸ਼ਾ ਨੂੰ ਸਪੱਸ਼ਟ ਕਰਦੀ ਹੈ। ਇਸ ਜਨਮ ਜਾਤ ਪ੍ਰਾਪਤ ਪ੍ਰਾਕਿਰਤਿਕ ਦਸ਼ਾ ਦਾ ਅਨੁਭਵ, ਮਨੁੱਖੀ ਜੈਵਿਕਤਾ ਦੀ ਮਨੋਅਵਸਥਾ ਵਿਚ ਮਾਇਅਕ ਵਿਕਾਰਾਂ ਦੀਆਂ ਲਹਿਰਾਂ ਦੀ ਕੋਟੀ ਨੂੰ ਜਗਾ ਦੇਂਦਾ ਹੈ। ਅਜਿਹੀ ਵਹਾਉਸ਼ੀਲ ਅਨੁਭਵੀ ਅਵਸਥਾ ਸਮੇਂ 'ਰਹਾਉ' ਵਿਚਲਾ ਪ੍ਰਸਤਾਵ ਠਹਿਰਾਉ ਤੇ ਟਿਕਾਉ ਦੇ ਸੰਜਮੀ ਬਿੰਦੂ ਨੂੰ ਪੇਸ਼ ਕਰਦਾ ਹੈ। ਇਸ ਸੰਜਮੀ ਬਿੰਦੂ ਨੂੰ ਇਥੇ ਅਰਦਾਸਿ ਦੇ ਰੂਪਕ ਰਾਹੀਂ ਪੇਸ਼ ਕੀਤਾ ਗਿਆ ਹੈ। ਅਰਦਾਸਿ ਦਾ ਰੂਪਕ ਆਪੇ ਤੇ 'ਹਉ' ਨੂੰ ਮਾਰ ਕੇ, ਵਿਅਕਤੀਅਤੀਤ ਤੇ ਅਨਾਤਮ ਪ੍ਰਭੂ ਸ਼ਕਤੀ ਅੱਗੇ ਆਪਾ ਸਮਰਪਣ ਦਾ ਰੂਪਕ ਹੈ। ਗੁਰਬਾਣੀ-ਸਭਿਆਚਾਰ ਵਿਚ ਇਹ 'ਹਉ' ਨਿਵਾਰਨ ਤੇ 'ਹੁਕਮ' ਪਛਾਨਣ ਅਤੇ ਆਪਣੇ 'ਆਪੇ' ਨੂੰ 'ਹੁਕਮ' ਦੇ ਨੇਮ ਸੰਜਮ ਅਨੁਸਾਰ ਰੂਪਾਂਤ੍ਰਣ ਦੇਣ ਨਾਲ ਸੰਬੰਧਤ ਹੈ। ਇਉਂ 'ਰਹਾਉ' ਵਿਚਲਾ ਠਹਿਰਾਉਸ਼ੀਲ ਪ੍ਰਸਤਾਵ 'ਹਉ' ਨਿਵਾਰਨ ਤੇ 'ਹੁਕਮ' ਪਛਾਨਣ ਦੇ ਸੰਜਮੀ ਟਿਕਾਉ ਨਾਲ ਸੰਬੰਧਿਤ ਹੋ ਜਾਂਦਾ ਹੈ। 'ਅਨਲ ਬੇੜਾ ਹਉ ਖੇਵਿ ਨ ਸਾਕਉ' ਵਿਚਲਾ 'ਹਉ ਖੇਵਿ ਨ ਸਾਕਉ' ਦਾ ਵਾਕਾਂਸ 'ਹਉ' ਨਿਵਾਰਨ ਨਾਲ ਸੰਬੰਧਿਤ ਹੈ ਤੇ 'ਅਨਲ ਬੇੜਾ' ਦਾ ਵਾਕਾਂਸ ਸੰਸਾਰ-ਸਮੁੰਦਰ ਵਿਚ ਲਹਿਰਾਂ ਦੇ ਝੱਖੜ ਵਿਚ ਫਸੇ ਹੋਏ ਬੇੜੇ ਦੇ ਰੂਪਕ ਰਾਹੀਂ ਮਨੁੱਖੀ ਸਰੀਰ ਤੇ ਵਾਤਾਵਰਨ ਦੇ ਸੰਪਰਕ ਵਿਚੋਂ ਉਪਜ ਰਹੀਆਂ ਪ੍ਰਾਕਿਰਤਕ ਤੇ ਪਾਰਵਿਰਤਿਕ ਲਹਿਰਾਂ ਦੇ ਵਹਾਉਸ਼ੀਲ ਝੱਖੜ ਦੇ ਅਨੁਭਵ ਨੂੰ ਪੇਸ਼ ਕਰਦਾ ਹੈ। ਅਜਿਹੀ ਅਨੁਭਵੀ ਸਥਿਤੀ ਸਮੇਂ ਅਰਦਾਸਿ ਇਹ ਕੀਤੀ ਗਈ ਹੈ ਕਿ ਪ੍ਰਭੂ ਦੀ ਮਿਹਰ ਸਦਕਾ ਜੇ ਸਤਿਗੁਰੂ ਨਾਲ ਮੇਲ ਹੋ ਜਾਵੇ ਤਾਂ ਹੀ ਪਾਰਵਿਰਤਿਕ ਤਰੰਗਾਂ ਦੀ ਨਿਰੰਤਰਤਾ ਦਾ ਵਹਾਉ, ਸੰਜਮੀ ਠਹਿਰਾਉ ਵਿਚ ਟਿਕ ਸਕਦਾ ਹੈ। ਇਉਂ 'ਸਤਿਗੁਰ' ਨੂੰ ਗੁਰਬਾਣੀ ਵਿਚ ਰੂਪਾਂਤ੍ਰਣੀ ਜੁਗਤ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਜੁਗਤ ਗੁਰੂ ਨਾਨਕ ਦੇਵ ਦੇ ਹੇਠਲੇ ਸਲੋਕ ਵਿਚ ਅਤਿਅੰਤ ਸਪੱਸ਼ਟ ਰੂਪ ਵਿਚ ਪੇਸ਼ ਹੈ :

> ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
> ਜਿਨਿ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਵਾਰ ॥੧॥[42]

ਉਪਰੋਕਤ ਸਲੋਕ ਵਿਚ ਗੁਰੂ ਤੋਂ ਬਲਿਹਾਰ ਹੋਣ ਤੋਂ ਭਾਵ ਗੁਰੂ ਅੱਗੇ 'ਹਉ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਵਾਰ ਕੇ ਆਪਾ ਸਮਰਪਿਤ ਕਰਨ ਤੋਂ ਹੈ। 'ਹਉ' ਨਿਵਾਰਨ ਨਾਲ ਹੀ ਗੁਰੂ ਦੀ ਰੂਪਾਂਤ੍ਰਣੀ ਜੁਗਤ ਕਾਰਜਸ਼ੀਲ ਹੁੰਦੀ ਹੈ । ਰੂਪਾਂਤ੍ਰਣੀ ਜੁਗਤ 'ਮਾਣਸ' ਤੋਂ 'ਦੇਵਤੇ' ਦੇ ਰੂਪ ਵਿਚ ਰੂਪਾਂਤ੍ਰਣ ਦੇਣ ਨਾਲ ਸੰਬੰਧਿਤ ਹੈ । 'ਮਾਣਸ' ਤੋਂ ਭਾਵ ਮਨੁੱਖ ਦੇ 'ਹਉ' ਆਧਾਰਿਤ ਜਨਮ ਜਾਤ ਪ੍ਰਾਪਤ ਪ੍ਰਾਕਿਰਤਿਕ ਤੇ ਪਾਰਵਿਰਤਿਕ ਜੈਵਿਕ ਸਰੂਪ ਤੋਂ ਹੈ। ਇਹ ਜੈਵਿਕ ਸਰੂਪ ਹੀ ਮਨੁੱਖੀ ਅਨੁਭਵ ਵਿਚ ਮਾਇਆਵੀ ਵਹਾਉਸ਼ੀਲ ਨਿਰੰਤਰਤਾ ਦਾ ਵੇਗ ਪੈਦਾ ਕਰਦਾ ਹੈ। ਇਹੋ ਮਨੁੱਖ ਦਾ ਹਉਂ ਆਧਾਰਿਤ ਮਾਣਸ' ਰੂਪ ਹੈ ਇਹੋ ਉਸ ਦਾ ਜਨਮਜਾਤ ਆਪਾ ਹੈ। ਗੁਰੂ ਦੀ ਰੂਪਾਂਤ੍ਰਣੀ ਜੁਗਤ, 'ਹਉ' ਆਧਾਰਿਤ ਪਾਰਵਿਰਤਿਕ ਮਨੁੱਖ ਨੂੰ, 'ਹਉ' ਮੁਕਤ ਗਿਆਨਵੰਤ ਜਾਗ੍ਰਿਤ ਦੇਵਤੇ ਦੇ ਰੂਪ ਵਿਚ, ਬਦਲ ਦੇਂਦੀ ਹੈ। ਗੁਰੂ ਦੀ ਇਸੇ ਰੂਪਾਂਤ੍ਰਣੀ ਜੁਗਤ ਦਾ ਜ਼ਿਕਰ ਹੇਠਲੇ ਸਲੋਕ ਵਿਚ ਸਪੱਸ਼ਟਤਾ ਨਾਲ ਪੇਸ਼ ਹੈ :

> ਝੜ ਝਖੜ ਓਹਾੜ, ਲਹਿਰੀ ਵਹਿਨ ਲਖੇਸਰੀ ॥
> ਸਤਿਗੁਰ ਸਿਉ ਆਲਾਇ, ਬੇੜੇ ਡੁਬਣਿ ਨਾਹਿ ਭਉ ॥[43]

ਉਪਰੋਕਤ ਸਲੋਕਾਂ ਵਿਚ 'ਮਾਣਸ' ਤੋਂ 'ਦੇਵਤੇ' ਵਿਚ ਰੂਪਾਂਤ੍ਰਣ ਦੀ ਜੁਗਤ ਗੁਰੂ ਨੂੰ ਦੱਸਿਆ ਗਿਆ ਹੈ। ਇਹਨਾਂ ਪੰਗਤੀਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਗਿਆਨਵੰਤ ਆਦਰਸ਼ ਮਾਨਵੀ ਚਰਿੱਤਰ ਦੇ ਨਿਰਮਾਣ ਲਈ ਗੁਰੂ ਹੀ ਰੂਪਾਂਤ੍ਰਣੀ ਸਮਰੱਥਾ ਰੱਖਣ ਵਾਲਾ ਵਿਚੋਲਾ ਹੈ, ਜੋ ਜਨਮਜਾਤ ਪ੍ਰਾਪਤ ਪ੍ਰਾਕਿਰਤਿਕ ਨਿਰੰਤਰਤਾ ਵਾਲੀ ਹਉਂ ਨੂੰ, ਗਿਆਨਵੰਤ ਸਭਿਆਚਾਰਕ ਵਿਅਕਤਿਤਵ ਵਿਚ ਰੂਪਾਂਤ੍ਰਿਤ ਕਰ ਦੇਂਦਾ ਹੈ । ਇਉਂ ਗੁਰੂ, ਮਨੁੱਖ ਦੇ ਪ੍ਰਾਕਿਰਤਿਕ ਤੇ ਜੈਵਿਕ ਆਪੇ ਨੂੰ ਆਦਰਸ਼ ਮਾਨਵੀ ਚਰਿੱਤਰ ਵਿਚ ਬਦਲ ਸਕਣ ਦੇ ਸਮਰੱਥ ਹੈ । ਇਸ ਸਲੋਕ ਦੇ ਡੂੰਘੇਰੇ ਅਧਿਐਨ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਾਕਿਰਤਿਕ ਨਿਰੰਤਰਤਾ ਦੇ ਜਨਮਜਾਤ ਸਰੂਪ ਨੂੰ ਗੁਰੂ ਹੀ ਸਭਿਆਚਾਰਕ ਨਿਯੰਤ੍ਰਣ ਦੇ ਕੇ, ਆਦਰਸ਼ ਮਨੁੱਖੀ ਕੋਟੀ ਦੇ ਸਾਂਚੇ ਵਿਚ ਢਾਲਣ ਦੀ ਜੁਗਤ ਹੈ। ਇਉਂ ਗੁਰਬਾਣੀ ਦੀ ਦਿਸ਼ਾ ਮਾਨਵੀ ਸਮਾਜ ਤੇ ਸਭਿਆਚਾਰ ਦੇ ਨਿਰਮਾਣ ਵੱਲ ਦੀ ਹੈ। ਪਰ ਇਸ ਸਭਿਆਚਾਰਕ ਨਿਰਮਾਣ ਦੀ ਜੁਗਤ ਨੂੰ ਇਕ ਗਿਆਨਮੂਲਕ ਰੂਪਾਂਤ੍ਰਣੀ ਦ੍ਰਿਸ਼ਟੀ ਨਾਲ ਸੰਬੰਧਿਤ ਕਰ ਦਿੱਤਾ ਗਿਆ ਹੈ । ਇਹ ਦ੍ਰਿਸ਼ਟੀ ਮਨੁੱਖ ਨੂੰ ਗਿਆਨ ਮਾਰਗ ਰਾਹੀਂ ਰੂਪਾਂਤ੍ਰਣ ਦੇ ਰਾਹ ਉੱਤੇ ਪਾਉਂਦੀ ਹੈ । ਜੇ ਮਨੁੱਖੀ ਜਨਮਜਾਤ ਪ੍ਰਾਪਤ ਪ੍ਰਾਕਿਰਤਿਕ ਨਿਰੰਤਰਤਾ ਵਾਲੀ ਕੋਟੀ ਨੂੰ ਸਭਿਆਚਾਰਕ ਨਿਯੰਤ੍ਰਣ ਦੇ ਸੰਤੁਲਨ ਵਿਚ ਪਰਵਰਤਿਤ ਕਰਨਾ ਹੀ ਹੈ ਤਾਂ ਇਹ ਪਰਵਰਤਨ ਕਿਸੇ ਨਾ ਕਿਸੇ ਵਿਧੀ ਜੁਗਤ ਰਾਹੀਂ ਹੀ ਸੰਭਵ ਹੋ ਸਕਦਾ ਹੈ। ਉਸ ਵਿਧੀ/ਜੁਗਤ ਨੂੰ ਹੀ ਇਹਨਾਂ ਸਲੋਕਾਂ ਰਾਹੀਂ ਗੁਰੂ ਦੁਆਰਾ ਦਿੱਤੇ ਗਿਆਨਮਈ ਰੂਪਾਂਤ੍ਰਣ ਨਾਲ ਜੋੜਿਆ ਗਿਆ ਹੈ। ਇਉਂ ਇਹ ਸਲੋਕ ਮਨੁੱਖ ਦੀ ਜਨਮ-ਜਾਤ ਪ੍ਰਾਪਤ ਪ੍ਰਕਿਰਤੀ ਨੂੰ, ਰੂਪਾਂਤ੍ਰਣੀ ਜੁਗਤ ਰਾਹੀਂ, ਆਦਰਸ਼ ਮਨੁੱਖੀ ਚਰਿੱਤਰ ਵਿਚ ਢਾਲਣ ਦੀ ਪ੍ਰਕਿਰਿਆ ਨੂੰ ਸਪੱਸ਼ਟ ਕਰਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਅਜਿਹੇ ਟੀਚੇ ਨੂੰ ਸਪੱਸ਼ਟ ਕਰਨ ਲਈ ਗੁਰਬਾਣੀ ਪ੍ਰਾਕਿਰਤਿਕ ਤੇ ਪਾਰ-ਵਿਰਤਿਕ ਵਿਹਾਰ, ਤੇ ਆਦਰਸ਼ ਮਾਨਵੀ ਵਿਹਾਰ ਦੀਆਂ ਦੋ ਕੋਟੀਆਂ ਨਿਸ਼ਚਿਤ ਕਰ ਦੇਂਦੀ ਹੈ। ਪਹਿਲੀ ਕੋਟੀ ਪ੍ਰਾਕਿਰਤਿਕ ਤੇ ਪਾਰਵਿਰਤਿਕ ਨਿਰੰਤਰਤਾ ਦੇ ਅਨੁਭਵ ਦੀ ਕੋਟੀ ਹੈ, ਜੋ ਸਾਡੀ ਜੈਵਿਕਤਾ ਦੀ ਮਨੋਅਵਸਥਾ ਵਿਚ ਐਂਦ੍ਰਿਆਵੀ ਨਿਰੰਤਰਤਾ ਨੂੰ ਜਗਾ ਦੇਂਦੀ ਹੈ। ਇਸ ਦਾ ਸਭ ਤੋਂ ਸਪੱਸ਼ਟ ਵਰਣਨ ਬਾਣੀ ਦੇ ਹੇਠਲੇ ਸ਼ਬਦ ਵਿਚ ਪੇਸ਼ ਕੀਤਾ ਗਿਆ ਹੈ :

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥
ਰਸਨਾ ਸੋਈ ਲੋਭ ਮੀਠੇ ਸਾਦਿ ॥
ਮਨੁ ਸੋਇਆ ਮਾਇਆ ਬਿਸਮਾਦਿ ॥੧॥

ਇਸ ਗ੍ਰਿਹ ਮਹਿ ਕੋਈ ਜਾਗਤ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ਰਹਾਉ॥

ਸਗਲ ਸਹੇਲੀ ਅਪਨੈ ਰਸ ਮਾਤੀ ॥
ਗ੍ਰਿਹ ਅਪਨੇ ਕੀ ਖਬਰ ਨ ਜਾਤੀ ॥
ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥[44]

ਉਪਰੋਕਤ ਬਾਣੀ-ਪੰਗਤੀਆਂ ਪ੍ਰਾਕਿਰਤਿਕ ਤੇ ਐਂਦ੍ਰਿਆਵੀ ਅਨੁਭਵ ਦੀਆਂ ਲਹਿਰਾਂ ਵਿਚ ਤਰੰਗਿਤ ਆਪੇ ਦੀ ਅਤਿਅੰਤ ਸਪੱਸ਼ਟ ਉਦਾਹਰਣ ਪੇਸ਼ ਕਰਦੀਆਂ ਹਨ। ਇਸ ਵਿਚ ਅੱਖਾਂ, ਕੰਨ, ਜੀਭ ਤੇ ਮਨ ਦੀ ਸਹਿਜ ਐਂਦ੍ਰਿਆਵੀ ਨਿਰੰਤਰਤਾ ਨੂੰ ਨੀਂਦ ਦੇ ਰੂਪਕ ਰਾਹੀਂ ਪੇਸ਼ ਕੀਤਾ ਗਿਆ ਹੈ। 'ਰਹਾਉ' ਦੀਆਂ ਪੰਗਤੀਆਂ ਇਸ ਪ੍ਰਾਕਿਰਤਿਕ ਨਿਰੰਤਰਤਾ ਦੀ ਨੀਂਦ ਵਿਚੋਂ ਜਾਗਣ ਦੇ ਠਹਿਰਾਊਮੂਲਕ ਪ੍ਰਸਤਾਵ ਨੂੰ ਪੇਸ਼ ਕਰਦੀਆਂ ਹਨ। ਜਾਗਣ ਤੋਂ ਭਾਵ ਇੰਦ੍ਰੀਆਂ ਦੀ ਮਾਇਆਵੀ ਨਿਰੰਤਰਤਾ ਨੂੰ ਭੰਗ ਕਰਕੇ, ਆਦਰਸ਼ ਮਾਨਵੀ ਚਰਿੱਤਰ ਦੇ ਸੰਜਮ ਵਿਚ ਰੂਪਾਂਤ੍ਰਨ ਦੇਣ ਤੋਂ ਹੈ। ਗੁਰਬਾਣੀ ਦੀ ਇਹ ਸਭਿਆਚਾਰ-ਨਿਰਮਾਣ ਦੀ ਕੋਟੀ ਹੈ। ਇਹ ਗਿਆਨਮਈ ਰੂਪਾਂਤ੍ਰਨੀ ਬਿੰਦੂ ਰਾਹੀਂ ਆਪਣਾ ਪ੍ਰਕਾਰਜ ਕਰਦੀ ਹੈ। ਇਸ ਕੋਟੀ ਦਾ ਜ਼ਿਕਰ ਨਮੂਨੇ ਮਾਤਰ ਹੇਠ ਲਿਖੀ ਬਾਣੀ-ਕਿਰਤ ਵਿਚ ਮਿਲਦਾ ਹੈ :

ਚਿਤ ਸਿਮਰਨ ਕਰਉ ਨੈਨ ਅਵਲੋਕਨੋ,
ਸ੍ਰਵਣ ਬਾਣੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ, ਚਰਨ ਹਿਰਦੇ ਧਰਉ ॥
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੀ ਪ੍ਰੀਤ ਗੋਬਿੰਦੁ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ਰਹਾਉ॥[45]

ਉਪਰੋਕਤ ਬਾਣੀ-ਕਿਰਤ ਐਂਦ੍ਰਿਆਵੀ ਨਿਰੰਤਰਤਾ ਨੂੰ ਭੰਗ ਕਰਕੇ, ਗਿਆਨਮੂਲਕ ਮੋੜ ਦੇਣ ਰਾਹੀਂ ਸਭਿਆਚਾਰਕ ਨਿਯੰਤ੍ਰਣ ਤੇ ਸੰਜਮਮੂਲਕ ਰੂਪਾਂਤ੍ਰਣ ਦੇਣ ਨਾਲ ਸੰਬੰਧਿਤ ਹੈ। ਅੱਖ, ਕੰਨ, ਜੀਭ ਤੇ ਮਨ ਦੀ ਪ੍ਰਾਕਿਰਤਿਕ ਤੇ ਪਾਰਵਿਰਤਿਕ ਅਨੁਭਵੀ ਨਿਰੰਤਰਤਾ ਨੂੰ ਭੰਗ ਕਰਕੇ, ਗਿਆਨ-ਸ਼ਾਸਤਰ ਟਿਕਾਉ ਦਾ ਸੰਜਮੀ ਰੂਪਾਂਤ੍ਰਣ ਦਿੱਤਾ ਗਿਆ ਹੈ। ਪ੍ਰਾਕਿਰਤਕ ਨਿਰੰਤਰਤਾ ਦੇ ਅਨੁਭਵ ਵਿਚ ਅੱਖਾਂ ਪਰਾਏ ਤਨ ਤੇ ਪਰਾਏ ਧਨ ਨੂੰ ਵਿਕਾਰ ਦੀ ਦ੍ਰਿਸ਼ਟੀ ਨਾਲ ਦੇਖਦੀਆਂ ਹਨ। ਇਹ ਅੱਖਾਂ ਦੀ ਐਂਦ੍ਰਿਆਵੀ ਅਨੁਭਵ ਦੀ ਨਿਰੰਤਰਤਾ ਹੈ। ਇਸ ਅਨੁਭਵੀ ਨਿਰੰਤਰਤਾ ਨੂੰ ਉਲੰਘ ਕੇ ਹੀ ਗਿਆਨ-ਸ਼ਾਸਤਰੀ ਸੰਜਮ ਵਿਚ ਟਿਕਾਉ ਵਾਲਾ ਰੂਪਾਂਤ੍ਰਣ ਸੰਭਵ ਹੈ। ਗੁਰਬਾਣੀ ਅੱਖਾਂ ਦੀ ਵਿਕਾਰੀ ਬਿਰਤੀ ਦੀ ਨਿਰੰਤਰਤਾ ਨੂੰ ਭੰਗ ਕਰਕੇ, ਗਿਆਨਮਈ ਸੰਜਮ ਇਹ ਦੇਂਦੀ ਹੈ ਕਿ ਅੱਖਾਂ ਰਾਹੀਂ ਹਰ ਪਾਸੇ ਪਰਮਾਤਮਾ ਦੀ ਸਰਬ ਵਿਆਪੀ ਜੋਤਿ ਨੂੰ ਮਹਿਸੂਸ ਕੀਤਾ ਜਾਏ। ਇਸੇ ਤਰ੍ਹਾਂ ਕੰਨਾਂ ਦੀ ਪ੍ਰਾਕਿਰਤਿਕ ਨਿਰੰਤਰਤਾ ਵਾਲੇ ਸੁਭਾਉ ਨੂੰ ਨਿੰਦਿਆ ਸੁਣਨ ਦੇ ਰੂਪਕ ਰਾਹੀਂ ਪੇਸ਼ ਕੀਤਾ ਗਿਆ ਹੈ। ਇਥੇ ਕੰਨਾਂ ਦੀ ਅਜਿਹੀ ਨਿਰੰਤਰਤਾ ਨੂੰ ਭੰਗ ਕਰਕੇ, ਬਾਣੀ ਤੇ ਸ਼ਬਦ ਦੇ ਸੰਜਮ ਵਿਚ ਟਿਕੇ ਰਹਿਣ ਦਾ ਗਿਆਨਮਈ ਰੂਪਾਂਤ੍ਰਣ ਦਿੱਤਾ ਗਿਆ ਹੈ। ਇਵੇਂ ਹੀ ਜੀਭ ਤੇ ਮਨ ਦੇ ਮਾਇਆਵੀ ਨਿਰੰਤਰਤਾ ਵਾਲੇ ਸਰੂਪ ਨੂੰ ਤੋੜ ਕੇ, ਗਿਆਨਮਈ ਨਾਮ ਦੇ ਸੰਜਮ ਵਿਚ ਟਿਕਾਇਆ ਗਿਆ ਹੈ। ਇਉਂ ਗੁਰਬਾਣੀ ਮਨੁੱਖ ਦੀਆਂ ਜਨਮ ਜਾਤ ਜੈਵਿਕ ਪਰਵਿਰਤੀਆਂ ਦੀ ਨਿਰੰਤਰਤਾ ਨੂੰ ਭੰਗ ਕਰਕੇ, ਉਨ੍ਹਾਂ ਨੂੰ ਗਿਆਨ-ਸ਼ਾਸਤਰੀ ਸੰਜਮ ਵਿਚ ਬੰਨ੍ਹਦੀ ਹੈ। ਇਹ ਬਾਣੀ ਦੀ ਸਭਿਆਚਾਰ-ਸਿਰਜਣ ਵੱਲ ਦੀ ਦਿਸ਼ਾ ਹੈ। ਸਭਿਆਚਾਰ-ਸਿਰਜਣ ਸਦਾ ਹੀ ਜੈਵਿਕ ਨਿਰੰਤਰਤਾ ਨੂੰ ਭੰਗ ਕਰਕੇ, ਉਸ ਨੂੰ ਗਿਆਨਮਈ ਸੰਜਮ ਵਿਚ ਰੂਪਾਂਤ੍ਰਣ ਦੇ ਕੇ ਟਿਕਾਣ ਨਾਲ ਸੰਬੰਧਿਤ ਹੁੰਦਾ ਹੈ। ਇਵੇਂ ਹੀ ਮਾਨਵੀ ਪ੍ਰਕਿਰਤੀ ਦੀ ਕਾਂਇਆਂ ਪਲਟੀ ਜਾਂਦੀ ਹੈ। ਗੁਰਬਾਣੀ ਕਦਮ ਕਦਮ ਉਤੇ ਮਾਨਵੀ ਜੈਵਿਕਤਾ ਦੀ ਨਿਰੰਤਰਤਾ ਨੂੰ ਭੰਗ ਕਰਕੇ, ਉਹਨੂੰ ਸੰਜਮੀ ਨਿਖਾਰ ਵਿਚ ਟਿਕਾਉਣ ਨਾਲ ਸੰਬੰਧਿਤ ਹੈ। ਇਹ ਗਤੀ ਨੂੰ ਸਥਿਤੀ ਦੇਣ ਦੀ ਪ੍ਰਕਿਰਿਆ ਹੈ। ਇਹੋ ਬਾਣੀ ਦੀ ਸਭਿਆਚਾਰਕ ਨਿਯੰਤ੍ਰਣ ਪੈਦਾ ਕਰਨ ਦੀ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਨੂੰ ਅਸੀਂ ਇੰਦ੍ਰੀਆਂ ਦੀ ਪ੍ਰਾਕਿਰਤਿਕ ਨਿਰੰਤਰਤਾ ਦੀ ਕੋਟੀ ਦਾ ਆਦਰਸ਼ ਮਾਨਵੀ ਚਰਿੱਤਰ ਵਾਲੀ ਕੋਟੀ ਵਿਚ ਰੂਪਾਂਤ੍ਰਣ ਕਰਨ ਦੀ ਪ੍ਰਕਿਰਿਆ ਵੀ ਕਹਿ ਸਕਦੇ ਹਾਂ। ਗੁਰਬਾਣੀ ਅਜਿਹੇ ਰੂਪਾਂਤ੍ਰਣ ਰਾਹੀਂ ਸਭਿਆਚਾਰਕ ਨਿਰਮਾਣ ਦੀ ਪ੍ਰਕਿਰਿਆ ਵਿਚ ਨਰੰਤਰ ਕਾਰਜਸ਼ੀਲ ਰਹਿੰਦੀ ਹੈ। ਇਸੇ ਪ੍ਰਕਿਰਿਆ ਰਾਹੀਂ 'ਮਾਣਸ' ਤੋਂ 'ਦੇਵਤੇ' ਵਿਚ ਰੂਪਾਂਤ੍ਰਣ ਕੀਤਾ ਜਾਂਦਾ ਹੈ।

ਉਪਰ ਅਸੀਂ ਮਾਇਆਵੀ ਨਿਰੰਤਰਤਾ ਦੀ ਕੋਟੀ ਦਾ ਆਦਰਸ਼ ਮਾਨਵੀ ਚਰਿੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਰੂਪਾਂਤ੍ਰਣ ਦਾ ਜ਼ਿਕਰ ਕੀਤਾ ਹੈ। ਆਦਰਸ਼ ਮਾਨਵੀ ਚਰਿਤਰ ਵਾਲੀ ਕੋਟੀ ਵਿਚ ਪਰਿਵਰਤਨ ਕਰਨਾ ਹੀ ਸਭਿਆਚਾਰ-ਨਿਰਮਾਣ ਦਾ ਰਾਹ ਹੈ। ਮਾਇਆਵੀ ਨਿਰੰਤਰਤਾ ਦੀ ਕੋਟੀ ਅਨੁਭਵ ਰਾਹੀਂ ਸਾਡੀ ਜੈਵਿਕਤਾ ਤੇ ਮਨੋਅਵਸਥਾ ਵਿਚ ਪ੍ਰਾਕਿਰਤਿਕ ਤੇ ਪਾਰਵਿਰਤਿਕ ਲਹਿਰਾਂ ਤੇ ਪ੍ਰਤਿਕਰਮਾਂ ਨੂੰ ਜਗਾ ਦੇਂਦੀ ਹੈ। ਜਦੋਂ ਅਸੀਂ ਇਸ ਮਾਇਆ ਰਾਹੀਂ ਉਤੇਜਿਤ ਤੇ ਤਰੰਗਿਤ ਅਨੁਭਵੀ ਅਵਸਥਾ ਨੂੰ ਉਲੰਘ ਕੇ ਇਸ ਸੰਬੰਧੀ ਕੋਈ ਸਾਰਥਕ ਪ੍ਰਸਤਾਵ ਬਣਾਉਂਦੇ ਹਾਂ ਤਾਂ ਅਸੀਂ ਇਕ ਵਿਸ਼ੇਸ਼ ਪ੍ਰਕਾਰ ਦੀ ਗਤੀ ਤੋਂ ਸਥਿਤੀ ਤੱਕ ਪੁੱਜਦੇ ਹਾਂ। ਗਿਆਨ ਦੀ ਸੰਰਚਨਾ-ਪ੍ਰਕਿਰਿਆ ਵਿਚ ਇਸ ਅਵਸਥਾ ਦਾ ਆਉਣਾ ਬਹੁਤ ਜ਼ਰੂਰੀ ਹੈ। ਗੁਰਬਾਣੀ ਕਿਉਂਕਿ ਮਨੁੱਖ ਦੀ ਉਚੇਰੀ ਮੱਤ ਦੀ ਸਿਰਜਨਾ ਉੱਪਰ ਵਿਸ਼ੇਸ਼ ਧਿਆਨ ਦੇਂਦੀ ਹੈ, ਇਸ ਲਈ ਇਸ ਦਾ ਤਾਂ ਬੁਨਿਆਦੀ ਕੰਮ ਹੀ ਇਹ ਹੈ। ਪਹਿਲਾਂ ਇਹ ਉਹ ਦ੍ਰਿਸ਼ ਪੈਦਾ ਕਰਦੀ ਹੈ, ਜਿਸ ਨਾਲ ਮਨੁੱਖ ਅੰਦਰ ਮਾਇਆ ਦੀ ਤਰੰਗਿਤ ਉਤੇਜਨਾ ਪੈਦਾ ਹੋ ਜਾਂਦੀ ਹੈ ਅਤੇ ਇਸ ਤੋਂ ਉਪਰੰਤ ਬਾਣੀ ਇਹ ਦੱਸਦੀ ਹੈ ਕਿ ਅਜਿਹੀ ਉਤੇਜਨਾ ਦੇ ਪਿਛਲਗ ਹੋਣ ਨਾਲ ਮਨੁੱਖ ਦਾ ਸਾਰਾ ਕੁਝ ਵਿਗਠਿਤ ਹੋ ਜਾਂਦਾ ਹੈ। ਇਸ ਦੇ ਨਾਲ ਹੀ ਗੁਰਬਾਣੀ ਇਹ ਵੀ ਦੱਸਦੀ ਹੈ ਕਿ ਮਨੁੱਖ ਨੇ ਆਦਰਸ਼ ਮਾਨਵੀ ਚਰਿੱਤਰ ਪ੍ਰਾਪਤ ਕਰਨ ਲਈ ਇਕ ਵਿਸ਼ੇਸ਼ ਪ੍ਰਕਾਰ ਦਾ ਮਾਨਸਿਕ ਸੰਗਠਨ ਵੀ ਪ੍ਰਾਪਤ ਕਰਨਾ ਹੈ। ਇਸ ਸਥਿਤੀ ਨੂੰ ਪ੍ਰਗਟਾਉਣ ਲਈ ਗੁਰਬਾਣੀ ਥਾਉਂ ਥਾਈਂ ਬਾਣੀ-ਕਿਰਤਾਂ ਵਿਚ ਅਜਿਹੀਆਂ ਸੂਤ੍ਰਿਤ ਤੇ ਪ੍ਰਸਤਾਵੀ ਪੰਗਤੀਆਂ ਪੇਸ਼ ਕਰਦੀ ਹੈ, ਜਿਨ੍ਹਾਂ ਨਾਲ 'ਰਹਾਉ' ਲੱਗਾ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਗੁਰਬਾਣੀ ਪਹਿਲਾਂ ਤਾਂ ਮਨੁੱਖ ਦੇ ਆਲੇ ਦੁਆਲੇ ਨਾਲ ਸੰਬੰਧ ਜੋੜ ਕੇ, ਇਕ ਵਿਸਤ੍ਰਿਤ ਤੇ ਭਰਪੂਰ ਦ੍ਰਿਸ਼ ਦਾ ਪ੍ਰਕਾਸ਼ ਕਰਦੀ ਹੈ ਤੇ ਫਿਰ ਇਸ ਸਾਰੇ ਪ੍ਰਕਾਸ਼ ਨੂੰ ਸੰਤੋਖਦੀ ਹੈ। ਸੰਤੋਖਣ ਵਾਲੀਆਂ ਸਾਰੀਆਂ ਪੰਗਤੀਆਂ ਰਹਾਉਸ਼ੀਲ ਹੁੰਦੀਆਂ ਹਨ। ਸਪੱਸ਼ਟਤਾ ਲਈ ਉਪਰੋਕਤ ਵਰਣਿਤ ਦੋਹਾਂ ਕੋਟੀਆਂ ਦੀ ਇਕ ਉਦਾਹਰਣ ਪੇਸ਼ ਹੈ :

ਚੋਆ ਚੰਦਨੁ ਅੰਕਿ ਚੜਾਵਉ ॥
ਪਾਟ ਪਟੰਬਰ ਪਹਿਰਿ ਹਢਾਵਉ ॥
ਬਿਨੁ ਹਰਿ ਨਾਮ ਕਹਾ ਸੁਖੁ ਪਵਾਉ ॥ ੧ ॥

ਕਿਆ ਪਹਿਰਉ ਕਿਆ ਓਢਿ ਦਿਖਾਵਉ ॥
ਬਿਨੁ ਜਗਦੀਸ ਕਹਾ ਸੁਖੁ ਪਵਾਉ ॥ ੧ ॥ **ਰਹਾਉ** ॥

ਕਾਨੀ ਕੁੰਡਲ ਗਲਿ ਮੋਤੀਅਨਿ ਕੀ ਮਾਲਾ ॥
ਲਾਲ ਨਿਹਾਲੀ ਫੂਲ ਗੁਲਾਲਾ ॥
ਬਿਨੁ ਜਗਦੀਸ ਕਹਾ ਸੁਖੁ ਭਾਲਾ ॥ ੨ ॥

ਨੈਨ ਸਲੋਨੀ ਸੁੰਦਰ ਨਾਰੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁ ਸੀਗਾਰ ਕਰਿ ਅਤਿ ਪਿਆਰੀ ॥
ਬਿਨੁ ਜਗਦੀਸ਼ ਭਜੈ ਨਿਤ ਖੁਆਰੀ ॥ ੩ ॥

ਦਰ ਘਰ ਮਹਲਾ ਸੇਜ ਸੁਖਾਲੀ ॥
ਅਹਿਨਿਸ ਫੂਲ ਬਿਛਾਵੈ ਮਾਲੀ ॥
ਬਿਨੁ ਹਰਿ ਨਾਮੁ ਸੁ ਦੇਹ ਦੁਖਾਲੀ ॥ ੪ ॥

ਹੈਵਰ ਗੈਵਰ ਨੇਜੇ ਵਾਜੇ ॥
ਲਸਕਰ ਨੇਬ ਖਵਾਸੀ ਪਾਜੇ ॥
ਬਿਨੁ ਜਗਦੀਸ ਝੂਠੇ ਦਿਵਾਜੇ ॥ ੫ ॥
ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥
ਬਿਨੁ ਜਗਦੀਸ ਕਹਾ ਸਚੁ ਪਾਵਉ ॥ ੬ ॥
ਖਾਨੁ ਮਲੂਕੁ ਕਹਾਵਉ ਰਾਜਾ ॥
ਅਬੇ ਤਬੇ ਕੂੜੇ ਹੈ ਪਾਜਾ ॥
ਬਿਨੁ ਗੁਰ ਸਬਦ ਨ ਸਰਵਸਿ ਕਾਜਾ ॥ ੭ ॥

ਹਉਮੈ ਮਮਤਾ ਗੁਰਸਬਦਿ ਵਿਸਾਰੀ ॥
ਗੁਰਮਤਿ ਜਾਨਿਆ ਰਿਦੈ ਮੁਰਾਰੀ ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥[46]

ਉਪਰੋਕਤ ਬਾਣੀ-ਕਿਰਤ ਵਿਚ ਮਾਇਆਵੀ ਨਿਰੰਤਰਤਾ ਤੇ ਗਿਆਨਮੂਲਕ ਸੰਜਮ ਵਾਲੀਆਂ ਦੋ ਕੋਟੀਆਂ ਅਤਿਅੰਤ ਸਪੱਸ਼ਟ ਹਨ । ਇਕ 'ਰਹਾਉ' ਪੂਰਬ ਕੋਟੀ ਹੈ ਜੋ ਮਾਇਆਵੀ ਨਿਰੰਤਰਤਾ ਦੇ ਵਹਾਉ ਨਾਲ ਸੰਬੰਧਿਤ ਹੈ ਤੇ ਦੂਸਰੀ ਵਹਾਉ ਉੱਤਰ ਕੋਟੀ ਹੈ ਜੋ ਪ੍ਰਾਕਿਰਤਿਕ ਨਿਰੰਤਰਤਾ ਨੂੰ ਭੰਗ ਕਰ ਕੇ, ਸਭਿਆਚਾਰਕ ਨਿਯੰਤ੍ਰਣ ਵਿਚ ਰੂਪਾਂਤ੍ਰਣੀ ਟਿਕਾਉ ਦਾ ਸੰਗਠਨ ਪ੍ਰਦਾਨ ਕਰਦੀ ਹੈ । ਪਹਿਲੇ ਹੀ ਬੰਦ ਵਿਚ ਮਾਇਆਵੀ ਵਹਾਉ ਵਾਲੀ ਕੋਟੀ ਦੀ ਨਿਰੰਤਰਤਾ ਨੂੰ ਪੇਸ਼ ਕਰ ਦਿੱਤਾ ਗਿਆ ਹੈ । ਇਹ ਬੰਦ ਐਸ਼ਵਰੀਜ ਦੇ ਦ੍ਰਿਸ਼ ਦਾ ਫੈਲਾਉ ਪੇਸ਼ ਕਰਦਾ ਹੈ । ਇਸ ਐਸ਼ਵਰੀਯ ਦੇ ਦ੍ਰਿਸ਼ ਦੀ ਪੇਸ਼ਕਾਰੀ ਰਾਹੀਂ ਇਕ ਅਜਿਹੇ ਮਨੁੱਖ ਦਾ ਵਰਣਨ ਕੀਤਾ ਗਿਆ ਹੈ, ਜਿਸ ਨੇ ਆਪਣੇ ਸਰੀਰ ਨੂੰ ਅਤਰ ਤੇ ਚੰਦਨ ਰਾਹੀਂ ਸੁਗੰਧਿਤ ਕਰ ਕੇ, ਤੇ ਰੇਸ਼ਮੀ ਕਪੜੇ ਪਹਿਨ ਕੇ, ਸਜਾਇਆ ਹੋਇਆ ਹੈ । ਇਹ ਰਹਾਉ ਉੱਤਰ ਕੋਟੀ ਮਾਇਆਵੀ ਨਿਰੰਤਰਤਾ ਨੂੰ ਪੇਸ਼ ਕਰਦੀ ਹੈ ਪਰ ਨਾਲ ਹੀ ਇਸ ਦੀ ਨਿਰੰਤਰਤਾ ਨੂੰ ਭੰਗ ਕਰ ਕੇ ਸਭਿਆਚਾਰਕ ਸੰਜਮ ਦੀ ਚੇਤੰਨਤਾ ਪੈਦਾ ਕਰਨ ਵਾਲੀ ਵਹਾਉ ਉੱਤਰ ਕੋਟੀ ਨਾਲ ਇਸ ਉਤੇਜਿਤ ਤਰੰਗ ਨੂੰ ਸੰਤੋਖ ਦਿੱਤਾ ਗਿਆ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਤੋਖਣ ਵਾਲੀ ਕੋਟੀ ਵਿਚ ਨਾਮ ਦੇ ਟਿਕਾਉ ਤੇ ਸੰਜਮ ਵਿਚ ਰਹਿਣ ਦੀ ਤਾਕੀਦ ਕੀਤੀ ਗਈ ਹੈ। ਇਹ ਕੋਟੀ 'ਰਹਾਉ' ਵਿਚ ਪੇਸ਼ ਪ੍ਰਸਤਾਵ ਰਾਹੀਂ ਪੇਸ਼ ਕਰ ਦਿੱਤੀ ਗਈ ਹੈ। ਇਸ ਤਰ੍ਹਾਂ 'ਰਹਾਉ' ਦੀ ਜੁਗਤ ਬਾਣੀ-ਪ੍ਰਵਚਨ ਵਿਚ ਮਾਇਆਵੀ ਨਿਰੰਤਰਤਾ ਨੂੰ ਭੰਗ ਕਰ ਕੇ, ਗਿਆਨਮੂਲਕ ਮੋੜ ਦੇਣ ਨਾਲ ਜੋੜ ਦਿੱਤੀ ਗਈ ਹੈ। ਇਉਂ ਬਾਣੀ-ਪ੍ਰਵਚਨ ਵਿਚ 'ਰਹਾਉ', ਨਿਰੰਤਰਤਾ ਨੂੰ ਭੰਗ ਕਰ ਕੇ, ਨਿਯੰਤ੍ਰਣੀ ਰੂਪਾਂਤ੍ਰਣ ਪੈਦਾ ਕਰਨ ਦੀ ਇਕ ਜੁਗਤ ਵਜੋਂ ਸਾਹਮਣੇ ਆਉਂਦਾ ਹੈ; ਜਿਸ ਰਾਹੀਂ ਬਾਣੀ ਸਭਿਆਚਾਰਕ ਚੇਤੰਨਤਾ ਦਾ ਸਿਰਜਨ ਕਰਦੀ ਹੈ। ਇਸੇ ਜੁਗਤ ਨੂੰ ਉਪਰੋਕਤ ਪਦੇ ਵਿਚ ਬਾਰ ਬਾਰ ਦੁਹਰਾ ਕੇ ਬਾਣੀ ਦੇ ਸਰੋਤਿਆਂ ਅੰਦਰ ਨਵੀਂ ਚੇਤੰਨਤਾ ਦੇ ਅਹਿਸਾਸ ਨੂੰ ਜਗਾਇਆ ਗਿਆ ਹੈ।

ਦੂਜੇ ਬੰਦ ਵਿਚ ਸੁੰਦਰ ਸ਼ਿੰਗਾਰ ਵਾਲੀ ਸੇਜਾ ਤੇ ਤੀਜੇ ਬੰਦ ਵਿਚ ਅਜਿਹੀ ਸੇਜਾ ਉਤੇ ਸੁਹਣੀਆਂ ਅੱਖਾਂ ਵਾਲੀ ਅਜਿਹੀ ਸੁੰਦਰ ਇਸਤ੍ਰੀ ਦਾ ਦ੍ਰਿਸ਼ ਪੇਸ਼ ਹੈ, ਜਿਸ ਨੇ ਸੋਲ੍ਹਾਂ ਕਿਸਮਾਂ ਦੇ ਸ਼ਿੰਗਾਰਾਂ ਰਾਹੀਂ ਆਪਣੇ ਆਪ ਨੂੰ ਸਜਾ ਕੇ ਪਿਆਰ ਦਾ ਅਜਿਹਾ ਪਾਸਾਰਾ ਫੈਲਾਇਆ ਹੋਇਆ ਹੈ ਜੋ ਮਨੁੱਖ ਨੂੰ ਮਾਇਆਵੀ ਨਿਰੰਤਰਤਾ ਦੇ ਸਹਿਜ ਵਿਚ ਵਹਿ ਜਾਣ ਦਾ ਤਰੰਗਣ ਪੈਦਾ ਕਰਦਾ ਹੈ, ਪਰ ਨਾਲ ਹੀ 'ਰਹਾਉ' ਦੇ ਦੁਹਰਾਉ ਰਾਹੀਂ ਅਜਿਹੀ ਮਾਇਆਵੀ ਨਿਰੰਤਰਤਾ ਨੂੰ ਭੰਗ ਕਰ ਕੇ, ਨਾਮਮੂਲਕ ਸੰਜਮ ਦੇ ਟਿਕਾਉ ਵਿਚ ਹੀ ਰਹਿਣ ਦੀ ਚੇਤੰਨਤਾ ਨੂੰ ਵੀ ਜਗਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਅਗਲੇ ਬੰਦ ਵਿਚ ਸੁੰਦਰ ਮਹਲ ਮਾੜੀਆਂ ਅੰਦਰ ਵਿਛੇ ਹੋਏ ਸੁੱਖ ਦੇਣ ਵਾਲੇ ਸੁੰਦਰ ਪਲੰਘਾਂ ਉਪਰ ਮਾਲੀ ਰਾਹੀਂ ਵਿਛਾਈ ਹੋਈ ਕੋਮਲ ਫੁੱਲਾਂ ਵਾਲੀ ਸੇਜਾ ਦੇ ਦ੍ਰਿਸ਼ ਦਾ ਫੈਲਾਉ ਹੈ ਪਰ ਇਸ ਫੈਲਾਉ ਤੇ ਮਾਇਆਵੀ ਵਹਾਉ ਪੈਦਾ ਕਰਨ ਵਾਲੇ ਦ੍ਰਿਸ਼ ਨੂੰ ਵੀ 'ਰਹਾਉ' ਵਾਲੀ ਕੋਟੀ ਰਾਹੀਂ ਸੰਤੋਖ ਕੇ, ਨਵੀਂ ਨਾਮਮੂਲਕ ਚੇਤੰਨਤਾ ਨੂੰ ਉਪਜਾਣ ਵਾਲੀ ਕੋਟੀ ਰਾਹੀਂ ਰੂਪਾਂਤ੍ਰਣ ਦੇ ਦਿੱਤਾ ਗਿਆ ਹੈ। ਇਉਂ ਹੀ ਇਸ ਬਾਣੀ-ਕਿਰਤ ਦੇ ਅਗਲੇ ਬੰਦ ਕਰਾਮਾਤੀ ਸਾਧੂ ਤੇ ਰਾਜ ਦੇ ਐਸ਼ਵਰੀਯ ਤੇ ਸ਼ਕਤੀਆਂ ਦੇ ਫੈਲਾਉ ਵਾਲੇ ਦ੍ਰਿਸ਼ਾਂ ਦੀ ਨਿਰੰਤਰਤਾ ਨੂੰ, 'ਰਹਾਉ' ਮੂਲਕ ਪ੍ਰਸਤਾਵੀ ਕੋਟੀਆਂ ਨਾਲ ਬਾਰ ਬਾਰ ਸੰਤੋਖ ਕੇ, ਇਕ ਗਿਆਨਮੂਲਕ ਮੋੜ ਪੈਦਾ ਕਰਦੇ ਹਨ। ਇਸ ਕਿਰਤ ਵਿਚ ਪ੍ਰਪੰਚੀ ਵਹਾਉ ਨੂੰ ਸੰਤੋਖ ਕੇ, ਗਿਆਨਮਈ ਟਿਕਾਉ ਪੈਦਾ ਕਰਨ ਵਾਲੀਆਂ ਪੰਗਤੀਆਂ ਨੂੰ ਦੁਹਰਾਉ ਰਾਹੀਂ ਰੇਖਾਂਕਿਤ ਕਰ ਦਿੱਤਾ ਗਿਆ ਹੈ। ਪਰ 'ਰਹਾਉ' ਦਾ ਸੰਕੇਤ ਕੇਵਲ ਦੋ ਪੰਗਤੀਆਂ ਅਗੇ ਹੀ ਦਿੱਤਾ ਗਿਆ ਹੈ। ਪਰ 'ਰਹਾਉ' ਵਰਗੀਆਂ ਗਿਆਨਮੂਲਕ ਮੋੜਾ ਦੇਣ ਵਾਲੀਆਂ ਪ੍ਰਸਤਾਵੀ ਸੁਭਾ ਵਾਲੀਆਂ ਹੋਰ ਵੀ ਪੰਗਤੀਆਂ ਇਸ ਬਾਣੀ ਕਿਰਤ ਵਿਚ ਹਨ। ਅਜਿਹੀਆਂ 'ਰਹਾਉ' ਦੀ ਪ੍ਰਕਿਰਤੀ ਵਾਲੀਆਂ ਪੰਗਤੀਆਂ, ਜਿਨ੍ਹਾਂ ਨਾਲ 'ਰਹਾਉ' ਸੰਕੇਤਿਕ ਤੌਰ ਉਤੇ ਨਹੀਂ ਲਿਖਿਆ ਗਿਆ, ਉਹ ਇਸ ਧਾਰਨਾ ਨੂੰ ਪੇਸ਼ ਕਰਦੀਆਂ ਹਨ ਕਿ ਇਹ ਜ਼ਰੂਰੀ ਨਹੀਂ ਕਿ ਪ੍ਰਸਤਾਵਮੂਲਕ ਸੂਤ੍ਰਿਤ ਪੰਗਤੀਆਂ ਨਾਲ ਹਰ ਹਾਲਤ ਵਿਚ 'ਰਹਾਉ' ਸੂਚਨਾ ਵਜੋਂ ਦਿੱਤਾ ਗਿਆ ਹੋਵੇ। ਸਗੋਂ ਬਾਣੀ ਦਾ ਅਧਿਐਤਾ ਮਾਇਆਵੀ ਨਿਰੰਤਰਤਾ ਨੂੰ ਪੈਦਾ ਕਰਨ ਵਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੱਤਰਾਂ ਪ੍ਰਤੀ ਹੇਠ ਲਿਖੀਆਂ ਪੰਗਤੀਆਂ ਵਿਚ ਪੇਸ਼ ਵਤੀਰੇ ਨੂੰ ਧਾਰਨ ਕਰਦਾ ਹੈ :

ਚਚਾ ਰਚਿਤ ਚਿੱਤਰ ਹੈ ਭਾਰੀ ॥ ਤਜਿ ਚਿਤਰੈ, ਚੇਤਉ ਚਿਤਕਾਰੀ ॥
ਚਿਤਰ ਵਿਚਤਰ ਇਹੈ ਅਵਝੇਰਾ ॥ ਤਜਿ ਚਿਤਰੈ, ਚਿਤਿ ਰਾਖੁ ਚਿਤੇਰਾ ॥[47]

ਉਪਰੋਕਤ ਪੰਗਤੀਆਂ ਵਿਚ ਮਾਇਆਵੀ ਫੈਲਾਉ ਵਾਲੇ ਦ੍ਰਿਸ਼ਾਂ ਦੀ ਨਿਰੰਤਰਤਾ ਨੂੰ ਭੰਗ ਕਰ ਕੇ, ਪ੍ਰਪੰਚੀ ਚਿੱਤਰ ਕੇ ਰਚੈਤਾ ਕਰਤਾ ਪੁਰਖ ਵਿਚ ਸੁਰਤਿ ਨੂੰ ਟਿਕਾਣ ਦੇ ਸੰਜਮ ਦਾ ਸਪੱਸ਼ਟ ਸੰਕੇਤ ਹੈ । ਬਸ ਬਾਣੀ ਕਿਰਤ ਦੇ ਰਹਾਉ ਸ਼ਾਸਤਰ ਦੀ ਇਹੋ ਸਭਿਆਚਾਰ ਨਿਰਮਾਣ ਕਰਨ ਵਾਲੀ ਦਿਸ਼ਾ ਹੈ । ਜਿਥੇ ਕਿਧਰੇ ਦੀ ਪ੍ਰਪੰਚੀ ਫੈਲਾਉ ਦੇ ਚਿੱਤਰ ਨੂੰ ਸੰਤੋਖ ਕੇ, ਕਰਤਾ ਪੁਰਖ ਵਿਚ ਟਿਕਾਉ ਦਾ ਜ਼ਿਕਰ ਹੈ; ਉਹ ਫੈਲਾਉ ਉਤਰ ਕੋਟੀ ਹੈ ਤੇ ਇਹੋ ਹੀ 'ਰਹਾਉ' ਵਾਲੀ ਕੋਟੀ ਦਾ ਪ੍ਰਕਾਰਜ ਹੈ । ਬਾਣੀ ਦਾ ਪਾਠ ਕਰਨ ਵਾਲੇ ਨੂੰ ਗੁਰਬਾਣੀ-ਪ੍ਰਵਚਨ ਦੇ ਇਸ ਦੁਹਰਾਉਸ਼ੀਲ ਚਰਿੱਤਰ ਰਾਹੀਂ, ਇਹ ਆਪ ਹੀ ਸਮਝ ਆ ਜਾਂਦੀ ਹੈ ਕਿ ਜਿਥੇ ਬਾਣੀ ਅਨੁਭਵ ਤੇ ਸੰਵੇਦਨਾ ਆਦਿ ਨੂੰ ਉਲੰਘ ਕੇ, ਕੋਈ ਸੂਤ੍ਰਿਤ ਨਿਸ਼ਕਰਸ਼ ਪੇਸ਼ ਕਰਦੀ ਹੈ, ਉਥੇ 'ਰਹਾਉ' ਪਰਵਿਸ਼ਟ ਕਰ ਜਾਂਦਾ ਹੈ, ਭਾਵੇਂ ਇਸ ਦੀ ਲਿਖਤੀ ਸੂਚਨਾ ਦਿੱਤੀ ਹੋਵੇ ਜਾਂ ਨਾਂਹ । ਖਾਸ ਤੌਰ ਉਤੇ 'ਜਪੁ' ॥ (ਜੀ), 'ਅਨੰਦ' (ਸਾਹਿਬ), ਰਾਮਕਲੀ ਦੀ ਪਹਿਲੀ ਵਾਰ ਨੂੰ ਛੱਡ ਕੇ ਬਾਕੀ ਵਾਰਾਂ ਤੇ ਛੰਤਾਂ ਆਦਿ ਵਿਚ 'ਰਹਾਉ' ਦਾ ਲਿਖਤੀ ਸੰਕੇਤ ਨਹੀਂ । 'ਜਪੁ' ॥ ਜੀ ਤਾਂ ਸ਼ੁੱਧ ਸੰਕਲਪੀ ਤੇ ਸੂਤ੍ਰਿਤ ਪ੍ਰਸਤਾਵਾਂ ਵਾਲੀ ਦਾਰਸ਼ਨਿਕ ਰਚਨਾ ਹੈ । ਉਸ ਸਾਰੀ ਰਚਨਾ ਦੀ ਪ੍ਰਕਿਰਤੀ ਹੀ 'ਰਹਾਉ' ਵਾਲੀ ਹੈ । ਜੇ ਕਿਹਾ ਜਾਏ ਕਿ ਜਪੁ ॥ (ਜੀ) ਦੀ ਬਾਣੀ ਸਾਰੇ 'ਆਦਿ ਸ੍ਰੀ ਗ੍ਰੰਥ' ਜੀ ਦਾ ਰਹਾਉ-ਸ਼ਾਸਤਰ ਦਾ ਵਿਦਾ-ਬਿੰਦੂ ਹੈ ਤਾਂ ਇਸ ਵਿਚ ਕੋਈ ਅਤਿ ਕਥਨੀ ਨਹੀਂ । ਜਪੁ ॥ ਬਾਣੀ ਦਾ ਪ੍ਰਯੋਜਨ ਉਨ੍ਹਾਂ ਪਉੜੀ-ਪ੍ਰਬੰਧ ਦੇ ਸੂਤ੍ਰਿਤ ਪੜਾਵਾਂ ਦੇ ਸੰਕਲਪੀ ਢਾਂਚੇ ਨੂੰ ਪੇਸ਼ ਕਰਨਾ ਹੈ ਜੋ ਕਿ 'ਮਾਣਸ' ਚਰਿੱਤਰ ਨੂੰ ਆਦਰਸ਼ 'ਦੈਵੀ' ਚਰਿੱਤਰ ਵਾਲੇ ਰੂਪਾਂਤ੍ਰਣ ਵਿਚ ਢਾਲਦਾ ਹੈ । ਇਹ ਬਾਣੀ 'ਮਾਣਸ' ਦੀ ਮਨ, ਮਤਿ, ਬੁਧਿ ਤੇ ਸੁਰਤਿ ਦੀ ਘਾੜਤ ਕਰ ਕੇ, ਦੇਵਤਾ ਰੂਪ ਵਿਚ ਰੂਪਾਂਤ੍ਰਣ ਕਰਨ ਦੀ ਸਾਧਨਾ ਪ੍ਰਕਿਰਿਆ ਦਸਦੀ ਹੈ । 'ਅਨੰਦ' ਵੀ ਇਸੇ ਪ੍ਰਕਿਰਤੀ ਵਾਲੀ ਰਚਨਾ ਹੈ, ਸੋ ਉਸ ਦਾ ਵੀ ਰਹਾਉ ਪੇਸ਼ ਨਹੀਂ । ਵਾਰਾਂ ਦੇ ਸਲੋਕ ਮਨੁੱਖ ਸਮਾਜਾਂ ਅੰਦਰਿ ਮਨੁੱਖ ਦੇ ਅੰਦਰਲੇ ਦੈਵੀ ਤੱਤ ਦੀ ਵਿਫਲਤਾ ਦਾ ਚਿਤਰਨ ਕਰ ਕੇ, ਪਉੜੀਆਂ ਵਿਚਲੀ ਪ੍ਰਸਤਾਵੀ ਇਕਾਗ੍ਰਤਾ ਵਾਲੇ ਰਹਾਉਸ਼ੀਲ ਸੰਜਮ ਵਿਚ ਟਿਕਾਂਦੇ ਹਨ । ਇਉਂ ਵਾਰਾਂ ਦਾ 'ਰਹਾਉ' ਪਉੜੀ-ਪ੍ਰਬੰਧ ਵਿਚ ਨਿਹਿਤ ਹੈ । ਛੰਤ ਆਦਿ ਹੋਰ ਲੌਕਿਕ ਰੂਪਾਕਾਰਾਂ ਵਿਚ ਜਿਥੇ ਰਹਾਉ ਦਾ ਸਪੱਸ਼ਟ ਸੰਕੇਤ ਨਹੀਂ; ਉਥੇ ਵੀ ਰਚਨਾਵਾਂ ਵਿਚ ਪਹਿਲਾਂ ਤਾਂ ਮਨੁੱਖ ਦਾ ਆਲੇ ਦੁਆਲੇ ਦੇ ਪ੍ਰਪੰਚੀ ਜੀਵਨ ਨਾਲ ਸੰਬੰਧ ਜੋੜ ਕੇ ਇਕ ਵਿਸਤ੍ਰਿਤ ਤੇ ਭਰਪੂਰ ਦ੍ਰਿਸ਼ ਦਾ ਪ੍ਰਕਾਸ਼ ਪੇਸ਼ ਕੀਤਾ ਜਾਂਦਾ ਹੈ ਤੇ ਬਾਅਦ ਵਿਚ ਇਸ ਪ੍ਰਕਾਸ਼ ਨੂੰ ਸੰਤੋਖਣ ਵਾਲੀਆਂ ਸੂਤ੍ਰਿਤ ਤੇ ਪ੍ਰਸਤਾਵੀ ਪ੍ਰਕਿਰਤੀ ਵਾਲੀਆਂ ਪੰਗਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ । ਇਉਂ ਬਾਣੀ-ਪ੍ਰਵਚਨ ਵਿਚ ਪ੍ਰਚੰਡੀ ਦ੍ਰਿਸ਼ ਨੂੰ ਸੰਤੋਖਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੀਆਂ ਸਾਰੀਆਂ ਪੰਗਤੀਆਂ ਰਹਾਉਸ਼ੀਲ ਹੀ ਹੁੰਦੀਆਂ ਹਨ ।

ਇਸ ਤਰ੍ਹਾਂ ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਉਤੇ ਪੁੱਜਦੇ ਹਾਂ ਕਿ ਗੁਰਬਾਣੀ-ਪ੍ਰਵਚਨ ਦਾ ਵਿਨਿਆਸ 'ਰਹਾਉ' ਪੂਰਬ ਫੈਲਾਉ ਤੇ ਵਹਾਉਸ਼ੀਲ ਮਾਇਆਵੀ ਚਿੱਤਰ ਦੀ ਕੋਟੀ ਨੂੰ ਪੇਸ਼ ਕਰ ਕੇ, ਵਹਾਉ ਉੱਤਰ ਰਹਾਉਸ਼ੀਲ ਪ੍ਰਸਤਾਵੀ ਸੰਜਮ ਵਾਲੀ ਕੋਟੀ ਰਾਹੀਂ ਬਾਣੀ-ਪ੍ਰਵਚਨ ਨੂੰ ਸੰਤੋਖਦਾ ਹੈ । ਇਉਂ ਇਕ ਕੋਟੀ ਨੂੰ 'ਰਹਾਉ' ਪੂਰਬ ਕੋਟੀ ਤੇ ਦੂਸਰੀ ਨੂੰ ਵਹਾਉ ਉਤਰ ਕੋਟੀ ਦੇ ਰੂਪ ਵਿਚ ਸੂਤ੍ਰਿਤ ਕੀਤਾ ਜਾ ਸਕਦਾ ਹੈ। ਰਹਾਉ ਪੂਰਬ ਕੋਟੀ ਵਿਚ ਕਿਉਂਕਿ ਮਾਇਆਵੀ ਉਤੇਜਿਤ ਤਰੰਗਾਂ ਦਾ ਚਿੱਤਰ ਹੁੰਦਾ ਹੈ, ਇਸ ਲਈ ਇਸ ਮਾਇਆਵੀ ਨਿਰੰਤਰਤਾ ਦੇ ਵਹਾਉ ਦਾ ਰੋੜ੍ਹ ਪ੍ਰਬਲ ਹੁੰਦਾ ਹੈ ਤੇ ਵਹਾਉ ਉੱਤਰ ਕੋਟੀ ਕਿਉਂਕਿ ਪ੍ਰਸਤਾਵੀ ਨਿਸ਼ਕਰਸ਼ ਦਾ ਸੰਜਮ ਪੇਸ਼ ਕਰਦੀ ਹੈ, ਇਸ ਲਈ ਇਸ ਵਿਚ 'ਰਹਾਉ' ਦਾ ਠਹਿਰਾਉ, ਇਕਾਗ੍ਰਤਾ ਤੇ ਸੰਤੁਲਨ ਦਾ ਬਿੰਦੂ ਹੁੰਦਾ ਹੈ। ਸਾਡੀ ਉਪਰੋਕਤ ਧਾਰਨਾ ਦੀ ਸਪੱਸ਼ਟ ਉਦਾਹਰਣ ਗੁਰੂ ਨਾਨਕ ਦੇ ਸਿਰੀ ਰਾਗੁ ਵਿਚਲੇ ਹੇਠ ਲਿਖੇ ਪਦੇ ਵਿਚ ਖ਼ਾਸੇ ਭਰਵੇਂ ਰੂਪ ਵਿਚ ਪੇਸ਼ ਹੈ :

ਮੋਤੀ ਤ ਮੰਦਰ ਊਸਰਹਿ, ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤਿ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈਂ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ਰਹਾਉ॥

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥

ਸਿਧੁ ਹੋਵਾ, ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥

ਸੁਲਤਾਨੁ ਹੋਵਾਂ ਮੇਲਿ ਲਸਕਰ, ਤਖਤਿ ਰਾਖਾ ਪਾਉ ॥
ਹੁਕਮੁ ਹਾਸਲ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥[48]

ਉਪਰੋਕਤ ਬਾਣੀ-ਕਿਰਤ ਵਿਚ ਮਾਇਆਵੀ ਨਿਰੰਤਰਤਾ ਤੇ ਵਹਾਉਸ਼ੀਲ ਚਿੱਤਰਾਂ ਦਾ ਪ੍ਰਕਾਸ਼ ਵੀ ਹੈ ਤੇ ਇਸ ਉਪਰ ਸੰਜਮ ਦਾ ਅੰਕਸ਼ ਲਗਾਣ ਵਾਲੀ ਪ੍ਰਕਿਰਤੀ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪੰਗਤੀਆਂ ਵੀ ਹਨ ਤੇ ਫਿਰ ਰਹਾਉ ਦਾ ਟਿਕਾਉ ਵੀ ਹੈ। ਮਾਇਆਵੀ ਵਹਾਉ ਤੇ ਨਾਮ-ਮੂਲਕ ਸੰਜਮੀ ਰਹਾਉ ਨੂੰ ਸਮਝਣ ਲਈ ਇਹ ਸ਼ਬਦ ਇਕ ਪ੍ਰਮਾਣਕ ਸੂਰਤ ਤੇ ਸੰਕਲਪ ਦਾ ਕੰਮ ਕਰਦਾ ਹੈ। ਇਸ ਦੀ ਪਿੱਠਭੂਮੀ ਵਿਚ ਅਸੀਂ ਗੁਰਬਾਣੀ-ਪ੍ਰਵਚਨ ਵਿਚ ਨਵੀਨ ਅਰਥ ਸਿਰਜਨ ਤੇ ਅਰਥ ਬੋਧਨ ਦੇ ਜੁਗਤ ਵਿਵੇਕ ਦੇ ਵਿਨਿਆਸ ਨੂੰ ਸਮਝ ਸਕਣ ਦੇ ਯੋਗ ਹੋ ਸਕਦੇ ਹਾਂ। ਇਸ ਸਾਰੇ ਪਦੇ ਨੂੰ ਧਿਆਨ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਇਸ ਦੇ ਚਾਰ ਬੰਦਾਂ ਵਿਚ ਮਾਇਆਵੀ ਦ੍ਰਿਸ਼ਾ ਦੀ ਨਿਰੰਤਰਤਾ ਦੀ ਹਾਜ਼ਰੀ ਹੈ। ਪਹਿਲਾਂ ਸੁੰਦਰ ਮਹਲ ਦਾ ਦ੍ਰਿਸ਼ ਹੈ, ਦੂਸਰਾ ਸੁੰਦਰ ਨਾਰੀ ਨਾਲ ਸੇਜ ਮਾਣਨ ਦਾ ਦ੍ਰਿਸ਼ ਹੈ ਤੀਸਰਾ ਰਿਧੀਆਂ ਸਿਧੀਆਂ ਪ੍ਰਾਪਤ ਕਰ ਚੁੱਕੇ ਸਿੱਧ ਦਾ ਦ੍ਰਿਸ਼ ਹੈ, ਚੌਥਾ ਛਤਰਪਤੀ ਰਾਜੇ ਦਾ ਦ੍ਰਿਸ਼ ਹੈ। ਇਹ ਸਾਰੇ ਦ੍ਰਿਸ਼, ਗੁਰਬਾਣੀ-ਪ੍ਰਵਚਨ ਦੇ ਵਿਨਿਆਸ ਵਿਚ ਮਾਇਆ ਜਾਲ ਦੀ ਨਿਰੰਤਰਤਾ ਦੀ ਕੋਟੀ ਨੂੰ ਪੇਸ਼ ਕਰਨ ਵਾਲੇ ਹਨ। ਪਰ ਕੇਵਲ ਇਨ੍ਹਾਂ ਦੀ ਪੇਸ਼ਕਾਰੀ ਤਾਂ ਇਹ ਹੀ ਦੱਸਦੀ ਹੈ ਕਿ ਸੰਸਾਰੀ ਜੀਵ ਇਨ੍ਹਾਂ ਦੇ ਭੋਗ ਵਿਲਾਸ ਦੀ ਅਕਾਂਖਿਆ ਕਰਦਾ ਹੈ। ਜੀਵ ਅਤੇ ਇਨ੍ਹਾਂ ਮਾਇਆਵੀ ਉਤੇਜਨਾ ਪੂਰਤ ਦ੍ਰਿਸ਼ਾਂ ਵਿਚ ਰਿਸ਼ਤਾ ਨਿਰੰਤਰਤਾ ਦਾ ਹੈ। ਇਸ ਲਈ ਇਹ ਨਿਰੰਤਰਤਾ ਇਕ ਪ੍ਰਾਕਿਰਤਿਕ ਵਹਾਉ ਵਾਲਾ ਸੰਚਾਰ ਹੈ। ਇਸ ਵਿਚ ਸਭਿਆਚਾਰਕ ਸੰਜਮ ਦੇ ਅਰਥ ਤਾਂ ਹੀ ਪੈਦਾ ਹੋ ਸਕਦੇ ਹਨ ਜੇ ਇਨ੍ਹਾਂ ਦ੍ਰਿਸ਼ਾਂ ਵਿਚਲੀ ਮਾਇਆਵੀ ਨਿਰੰਤਰਤਾ ਦੇ ਵਹਾਉ ਦੀ ਸ਼ਕਤੀ ਨੂੰ ਰੋਕ ਕੇ, ਰੂਪਾਂਤ੍ਰਿਤ ਕੀਤਾ ਜਾਵੇ। ਇਹ ਰੁਪਾਂਤ੍ਰਣ ਹੀ ਮਾਇਆਵੀ ਨਿਰੰਤਰਤਾ ਨੂੰ ਰੋਕ ਕੇ, ਗਿਆਨਮੂਲਕ ਮੋੜ ਦੇਣ ਦੀ ਗਿਆਨ ਸ਼ਾਸਤਰੀ ਪ੍ਰਕਿਰਿਆ ਹੈ। ਗੁਰਬਾਣੀ ਇਉਂ ਮਾਇਆਵੀ ਨਿਰੰਤਰਤਾ ਵਾਲੇ ਪ੍ਰਪੰਚੀ ਵੇਰਵਿਆਂ ਦੇ ਦ੍ਰਿਸ਼ਾਂ ਨੂੰ ਨਾਮਮੁਖੀ ਵਿਚਾਰਧਾਰਾ ਦੇ ਸਭਿਆਚਾਰਕ ਸੰਤੁਲਨ ਵਿਚ ਰੂਪਾਂਤ੍ਰਣ ਦੇਣ ਦੀ ਪ੍ਰਕਿਰਿਆ ਵਿਚ ਪਈ ਜਾਪਦੀ ਹੈ। ਇਸੇ ਪ੍ਰਕਿਰਿਆ ਵਿਚੋਂ ਹੀ ਗੁਰਬਾਣੀ ਦੇ ਨਾਮ-ਸਭਿਆਚਾਰ ਦੀ ਚੇਤੰਨਤਾ ਦਾ ਉਦੈ ਹੁੰਦਾ ਹੈ ਤੇ ਗੁਰਬਾਣੀ ਮਾਨਵੀ ਸਭਿਆਚਾਰ-ਨਿਰਮਾਣ ਵਾਲਾ ਉਤਕ੍ਰਿਸ਼ਟ ਪ੍ਰਵਚਨ ਦਾ ਰੂਪ ਧਾਰਦੀ ਹੈ। ਇਸ ਸ਼ਬਦ (Bani poem) ਵਿਚ ਗੁਰੂ ਸਾਹਿਬ ਨੇ ਮਾਇਆਵੀ ਪ੍ਰਪੰਚਾ ਵਾਲੇ ਦ੍ਰਿਸ਼ਾਂ ਦੀ ਨਿਰੰਤਰਤਾ ਨੂੰ 'ਰਹਾਉ' ਤੇ ਰਹਾਉ ਦੀ ਪ੍ਰਕਿਰਿਆ ਦੀਆਂ ਹੋਰ ਪੰਗਤੀਆਂ ਰਾਹੀਂ ਰੋਕ ਕੇ ਸਾਰੀ ਬਾਣੀ ਕਿਰਤ ਨੂੰ ਨਾਮ-ਸਭਿਆਚਾਰ ਦੀ ਚੇਤਨਤਾ ਪੈਦਾ ਕਰਨ ਵਾਲੇ ਪ੍ਰਵਚਨ ਦੇ ਰੂਪ ਵਿਚ ਬਦਲ ਦਿੱਤਾ ਹੈ। ਇਸੇ ਦ੍ਵੰਦਾਤਮਕ ਪ੍ਰਕਿਰਿਆ ਰਾਹੀਂ ਬਾਣੀ-ਪ੍ਰਵਚਨ, ਨਾਮ-ਸਭਿਆਚਾਰ ਦੀ ਚੇਤਨਤਾ ਨੂੰ ਭਾਸ਼ਾ ਵਿਚ ਉਤਾਰਦਾ ਹੈ ਤੇ ਇਉਂ ਮਾਇਆਵੀ ਵਹਾਉ ਵਾਲਾ ਸੰਚਾਰ, ਨਾਮ ਦੇ 'ਰਹਾਉ' ਵਾਲੇ ਸੰਚਾਰ ਵਿਚ ਪ੍ਰੇਿਤ ਹੋ ਜਾਂਦਾ ਹੈ। ਇਸੇ ਦ੍ਵੰਦਾਤਮਕ ਪ੍ਰਕਿਰਿਆ ਰਾਹੀਂ ਹੀ ਬਾਣੀ-ਪ੍ਰਵਚਨ ਰੂਪ-ਰੰਗ ਰਹਿਤ ਨਾਮ ਦੀ ਚੇਤਨਤਾ ਨੂੰ ਭਾਸ਼ਾਈ ਸੰਚਾਰ ਰਾਹੀਂ ਪੇਸ਼ ਕਰਦਾ ਹੈ। ਇਉਂ ਗੁਰਬਾਣੀ ਕਿਸੇ ਅਕਾਰਣ ਰਹਸਮਈਅਤਾ ਦਾ ਨਾਂ ਨਹੀਂ; ਇਹ ਤਾਂ ਇਕ ਨਿਯੋਜਿਤ ਦੇ ਬੰਨ੍ਹੇ ਹੋਏ ਸਿਧਾਂਤ ਦਾ ਨਾਮ ਹੈ, ਜੋ ਮੱਧਕਾਲ ਦੇ ਪੰਜਾਬ ਨੂੰ ਚੇਤਨਤਾ ਦੇਂਦਾ ਹੈ, ਜਿਸ ਰਾਹੀਂ

CC-0. In Public Domain. Gurukul Kangri Collection, Haridwar

ਮਨੁੱਖ ਨੇ ਸਮਾਜ ਦੇ [illegible] ਮਸਲਿਆਂ ਨਾਲ ਲੜਨਾ ਹੈ। ਇਹ ਇਕ ਖ਼ਾਸ ਤਰ੍ਹਾਂ ਦੇ ਭਾਸ਼ਾਈ ਪ੍ਰਵਚਨ ਦੇ ਸਿਸਟਮ ਦਾ ਸਿਰਜਨ ਹੈ, ਜੋ ਇਕ ਖਾਸ ਤਰ੍ਹਾਂ ਦੇ ਕੱਥ ਨੂੰ ਭਾਸ਼ਾਈ ਸੰਚਾਰ ਦੀ ਅਭਿਵਿਅਕਤੀ ਵਿਚ ਬੰਨ੍ਹਦਾ ਹੈ। ਜਦੋਂ ਗੁਰਬਾਣੀ ਦੇ ਉਪਰੋਕਤ ਪ੍ਰਵਚਨ ਵਿਚ, ਮਹਲ ਦੇ ਮਾਇਆਵੀ ਚਿੱਤਰ ਨੂੰ 'ਰਹਾਉ' ਦੇ ਨਾਮਮੂਲਕ ਚੇਤਨਤਾ ਪੈਦਾ ਕਰਨ ਵਾਲੇ ਪਾਸਾਰ ਦੇ ਦ੍ਵੰਦ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਉਦੋਂ ਇਕ ਅਜਿਹੀ ਭਾਸ਼ਾਈ ਸੰਰਚਨਾ ਤੇ ਸਿਸਟਮ ਦਾ ਨਿਰਮਾਣ ਹੁੰਦਾ ਹੈ, ਜਿਥੇ ਬਾਅਦ ਵਿਚ ਮਾਇਆਵੀ ਦ੍ਰਿਸ਼ ਨੂੰ ਕਾਟੇ ਹੇਠ ਰੱਖ ਕੇ, 'ਮਤ ਦੇਖਿ ਭੂਲਾ, ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥' ਤੇ 'ਹਰਿ ਬਿਨ ਜੀਉ ਜਲਿ ਬਲਿ ਜਾਉ' ਰਾਹੀਂ ਨਾਮਮੁਖੀ ਦ੍ਰਿਸ਼ਟੀ ਨੂੰ ਅਗ੍ਰਭੂਮਿਤ ਕੀਤਾ ਗਿਆ ਹੈ। ਇਹ ਇਕ ਨਿਯੋਜਿਤ ਭਾਸ਼ਾਈ ਪ੍ਰਵਚਨ ਹੈ, ਜੋ ਗੁਰਬਾਣੀ ਦੀ ਵਿਸ਼ੇਸ਼ ਭਾਂਤ ਦੀ ਪ੍ਰਤੀਕ ਪਰੰਪਰਾ ਦਾ ਨਿਰਮਾਣ ਕਰਦਾ ਹੈ। ਪ੍ਰਵਚਨੀ ਸੰਚਾਰ ਦੀ ਗੱਲ ਸ਼ੁਰੂ ਕਰਨ ਸਮੇਂ ਪਹਿਲਾਂ ਮਾਨਸਿਕ ਨਿਸ਼ਾਨਦੇਹੀ ਦਾ ਇਕ ਲਿਖਿਤ ਸੰਸਕਾਰਮਈ ਰੂਪ ਬਾਣੀਕਾਰਾਂ ਦਾ, ਭਾਸ਼ਾਈ ਅਵਚੇਤਨ ਹੈ। ਇਹ ਪ੍ਰਵਚਨੀ-ਸੰਸਾਰ ਨ ਪ੍ਰਤਖਣਾ ਤੋਂ ਆਰੰਭ ਹੁੰਦਾ ਹੈ, ਨ ਅਨੁਭਵ ਤੋਂ ਤੇ ਨ ਹੀ ਸੰਵੇਦਨਾ ਤੋਂ। ਜੇ ਇਹ ਮੰਨ ਲਿਆ ਜਾਏ ਕਿ ਗੁਰਬਾਣੀ ਪ੍ਰਵਚਨ ਸੰਵੇਦਨਾ ਤੋਂ ਆਰੰਭ ਹੁੰਦਾ ਹੈ ਤਾਂ ਗੁਰਬਾਣੀ, ਸੰਸਾਰ ਦੇ ਖਿਲਾਫ਼ ਸਿੱਧ ਹੋ ਜਾਂਦੀ ਹੈ। ਬਾਣੀ-ਪ੍ਰਵਚਨ ਦੀ ਮਾਨਸਿਕ ਨਿਸ਼ਾਨਦੇਹੀ ਵਿਚ ਇਹ ਗੱਲ ਹੋ ਹੀ ਨਹੀਂ ਸਕਦੀ। ਇਸ ਲਈ ਅਸਲ ਗੱਲ ਇਹ ਹੈ ਕਿ ਗੁਰਬਾਣੀ-ਪ੍ਰਵਚਨ ਰਾਹੀਂ ਗੁਰੂ ਇਕ ਦ੍ਰਿਸ਼ਟੀ ਦਾ ਸਿਰਜਨ ਕਰਦੇ ਹਨ ਤੇ ਉਹ ਅਜਿਹੀ ਦ੍ਰਿਸ਼ਟੀ ਦਾ ਸਿਰਜਨ, ਦ੍ਵੰਦਾਤਮਕ ਸੰਰਚਨਾ ਤੇ ਸਿਸਟਮ ਰਾਹੀਂ ਉਸਾਰਦੇ ਹਨ। ਜਦੋਂ ਇਸ ਦ੍ਰਿਸ਼ਟੀਮੂਲਕ ਭਾਸ਼ਾ ਦੀ ਪੇਸ਼ਕਾਰੀ ਹੁੰਦੀ ਹੈ ਤਾਂ ਮਾਇਆਵੀ ਪ੍ਰਪੰਚ ਦੇ ਵੇਰਵੇ ਪਿੱਠਭੂਮੀ ਵਿਚ ਸਿਰਕ ਜਾਂਦੇ ਹਨ। ਬਾਣੀ-ਪ੍ਰਵਚਨ ਇਉਂ ਇਕ ਅਜਿਹੀ ਸਾਰਥਕ ਚਿਹਨ-ਪ੍ਰਕਿਰਿਆ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਜੋ ਪਰਵਿਰਤੀਮੂਲਕ ਦ੍ਰਿਸ਼ਾਂ ਨੂੰ ਸੰਜਮ ਮੂਲਕ ਨਾਮ ਦੇ ਨਿਰਗੁਣੀ ਪਾਸਾਰਾਂ ਦੀ ਦ੍ਵੰਦਾਤਮਕ ਪੇਸ਼ਕਾਰੀ ਵਿਚੋਂ ਇਉਂ ਲੰਘਾਂਦਾ ਹੈ ਕਿ ਨਤੀਜੇ ਵਜੋਂ ਇਕ ਨਵੀਨ ਦ੍ਰਿਸ਼ਟੀ ਦੀ ਚੇਤੰਨਤਾ ਦਾ ਸਿਰਜਨ ਕੀਤਾ ਜਾਂਦਾ ਹੈ। ਅਜਿਹੀ ਨਵੀਨ ਦ੍ਰਿਸ਼ਟੀ ਦੇ ਸਿਰਜਨ ਲਈ ਬਾਣੀ-ਪ੍ਰਵਚਨ ਨਿਰੰਤਰਤਾ ਤੇ ਨਿਯੰਤ੍ਰਣ ਦੀ ਦ੍ਵੰਦਾਤਮਕਤਾ ਨੂੰ ਪੇਸ਼ ਕਰ ਕੇ, ਨਿਰੰਤਰਤਾ ਵਾਲੇ ਪਾਸਾਰ ਨੂੰ ਕਾਟੇ ਹੇਠ ਕਰ ਦੇਂਦੀ ਹੈ ਤੇ ਇਉਂ ਨਾਮਮੂਲਕ ਨਿਯੰਤ੍ਰਣ ਵਾਲੇ ਪਾਸਾਰ ਨੂੰ ਅਗ੍ਰਭੂਮਿਤ ਕਰਦੀ ਹੈ। ਇਹ ਬਾਣੀ-ਪ੍ਰਵਚਨ ਦੀ ਵਿਸਥਾਪਣ ਤੇ ਉਥਾਪਣ ਦੀ ਸਿਰਜਨਾਤਮਕ ਪ੍ਰਕਿਰਿਆ ਹੈ, ਜਿਸ ਨੂੰ ਗੁਰਬਾਣੀ ਦੇ ਸਿਰਜਨ-ਸਿਧਾਂਤ ਦੇ ਰੂਪ ਵਿਚ ਕਈ ਥਾਈਂ ਪੇਸ਼ ਕੀਤਾ ਗਿਆ ਹੈ। ਅਸੀਂ ਇਥੇ ਕੇਵਲ ਨਮੂਨੇ ਮਾਤਰ ਕੇਵਲ ਇਕ ਹੀ ਉਦਾਹਰਣ ਪੇਸ਼ ਕਰਦੇ ਹਾਂ :

ਹਉ ਨਾਹੀ, ਤੂ ਹੋਵਹਿ, ਤੁਧ ਹੀ ਸਾਜਿਆ ॥
ਆਪੇ ਥਾਪਿ ਉਥਾਪਿ, ਸਬਦਿ ਨਿਵਾਜਿਆ ॥[49]

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਪਗਤੀਆਂ ਵਿਚ ਵਿਸਥਾਪਣ ਤੇ ਥਾਪਣ ਦੀ ਪ੍ਰਕਿਰਿਆ ਨੂੰ ਸ਼ਬਦ ਰਾਹੀਂ ਨਿਵਾਜਨ (ਅਗ੍ਰਭੂਮਨ ਦਾ ਸਿਧਾਂਤ ਅਤਿਅੰਤ ਸਪੱਸ਼ਟ ਹੈ। ਸ਼ਬਦ ਰਾਹੀਂ ਨਿਵਾਜਨ (ਅਗ੍ਰਭੂਮਨ) ਦੀ ਕਿਰਿਆ-ਪ੍ਰਕਿਰਿਆ ਦ੍ਵੰਦਾਤਮਕਤਾ ਦੇ ਇਕ ਪੱਖ ਨੂੰ ਕਾਟੇ ਹੇਠ ਕਰ ਕੇ ਪਿੱਠਭੂਮੀ ਵਿਚ ਸਿਰਕਾਣ ਤੇ ਦੂਸਰੇ ਪੱਖ ਨੂੰ ਅਗਰਭੂਮੀ ਵਿਚ ਉਭਾਰਨ ਨਾਲ ਸੰਬੰਧਿਤ ਹੈ। ਇਹ ਸਾਰਾ ਪ੍ਰਕਾਰਜ ਬਾਣੀ-ਪ੍ਰਵਚਨ ਵਿਚ ਸ਼ਬਦ ਰਾਹੀਂ ਵਾਪਰਦਾ ਹੈ। ਸ਼ਬਦ ਦੀ ਚਿਹਨ ਪ੍ਰਕਿਰਿਆ ਦੇ ਪ੍ਰਯੋਗ ਬਿਨਾ ਵਿਸਥਾਪਣ-ਥਾਪਣ ਸੰਭਵ ਹੀ ਨਹੀਂ ਹੋ ਸਕਦਾ। ਸਿਰਜਨ ਦਾ ਇਹੋ ਸਿਧਾਂਤ ਗੁਰਬਾਣੀ ਦੇ ਗਿਆਨ-ਸ਼ਾਸਤਰ ਦਾ ਸਿਧਾਂਤ ਹੈ ਜੋ ਰਹਾਉ-ਸ਼ਾਸਤਰ ਵਿਚ ਵੀ ਇਨ੍ਹਾਂ ਹੀ ਅਰਥਾਂ ਵਿਚ ਕਾਰਜਸ਼ੀਲ ਹੈ। ਰਹਾਉ ਸ਼ਾਸਤਰ ਵਿਚ ਵੀ 'ਰਹਾਉ' ਪੂਰਬ ਵਹਾਉਸ਼ੀਲ ਪ੍ਰਪੰਚੀ ਦ੍ਰਿਸ਼ ਵਾਲੀ ਕੋਟੀ ਨੂੰ ਤਿਆਗ ਕੇ ਪਿੱਠਭੂਮੀ ਵਿਚ ਸਰਕਾ ਦਿੱਤਾ ਜਾਂਦਾ ਹੈ ਤੇ ਵਹਾਉ ਉੱਤਰ ਰਹਾਉਸ਼ੀਲ ਪ੍ਰਸਤਾਵੀ ਇਕਾਗ੍ਰਤਾ ਦੇਣ ਵਾਲੀ ਕੋਟੀ ਨੂੰ ਅਗ੍ਰਭੂਮੀ ਵਿਚ ਲਿਆ ਕੇ ਨਿਵਾਜਿਆ ਜਾਂਦਾ ਹੈ। ਉੱਪਰ ਅਸੀਂ ਨਾਨਕ-ਬਾਣੀ ਦੇ ਦੋ ਸ਼ਬਦਾਂ ਦੇ ਆਧਾਰ ਉਤੇ ਜਿਸ ਰਹਾਉ-ਸ਼ਾਸਤਰ ਦਾ ਨਿਰਮਾਣ ਕੀਤਾ ਹੈ, ਉਸ ਨੂੰ ਰਹਾਉ-ਸੰਕੇਤ ਦੇ ਬਿਨਾ ਵਾਰਾਂ ਵਿਚਲੇ ਸਲੋਕਾਂ ਵਿਚ ਕਾਰਜਸ਼ੀਲ ਹੋਇਆ ਵੇਖਣ ਲਈ ਇਥੇ ਕੇਵਲ ਇਕ ਨਮੂਨੇ ਮਾਤਰ ਉਦਾਹਰਣ ਦੇਣੀ ਯੋਗ ਜਾਪਦੀ ਹੈ :

ਸਲੋਕ ਮ. ੧ :

ਨਦੀਆਂ ਹੋਵਹਿ ਧੇਵਣਾਂ, ਸੁੰਮ ਹੋਵਹਿ ਦੁਧੁ ਘੀਉ ॥
ਸਗਲੀ ਧਰਤੀ ਸਕਰ ਹੋਵੈ, ਖੁਸੀ ਕਰੇ ਨਿਤ ਜੀਉ ॥
ਪਰਬਤੁ ਸੁਇਨਾ ਰੁਪਾ ਹੋਵੈ, ਹੀਰੇ ਲਾਲ ਜੜਾਉ ॥
ਭੀ ਤੂੰ ਹੈ ਸਾਲਾਹਣਾ, ਆਖਣ ਲਹੈ ਨ ਚਾਉ ॥੧॥

ਮ. ੧ :

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥
ਚੰਦੁ ਸੂਰਜ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥
ਭੀ ਤੂੰ ਹੈ ਸਲਾਹਣਾ, ਆਖਣ ਲਹੈ ਨ ਚਾਉ ॥੨॥

ਮ. ੧ :

ਜੇ ਦੇਹੈ ਦੁਖੁ ਲਾਈਐ, ਪਾਪ ਗਰਹ ਦੁਇ ਰਾਹੁ ॥
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥
ਭੀ ਤੂੰ ਹੈ ਸਾਲਾਹਣਾ, ਆਖਣ ਲਹੈ ਨ ਚਾਉ ॥

ਮ. ੧ :

ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥

CC-0. In Public Domain. Gurukul Kangri Collection, Haridwar

ਸੁਰਗੇ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ ॥
Digitized by Arya Samaj Foundation Chennai and eGangotri
ਭੀ ਤੂੰ ਹੈ ਸਲਾਹਣਾ, ਆਖਣ ਲਹੈ ਨ ਚਾਉ ॥

ਪਵੜੀ :

ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥
ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥
ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥
ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥
ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥

ਸਭ ਦੁਨੀਆ ਸੁਬਹਾਨ ਸਚਿ ਸਮਾਈਐ ॥
ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੬॥[50]

ਇਨ੍ਹਾਂ ਪੰਗਤੀਆਂ ਦੇ ਪਾਠ ਨੂੰ ਧਿਆਨ ਨਾਲ ਪੜ੍ਹਿਆਂ ਇਹ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚ ਵਹਾਉ ਤੇ ਰਹਾਉ ਦੋਵੇਂ ਮੌਜੂਦ ਹਨ। ਭਾਵੇਂ ਰਹਾਉ ਸ਼ਬਦ ਕਿਤੇ ਵੀ ਅੰਕਿਤ ਨਹੀਂ। ਜਦੋਂ ਅਸੀਂ ਇਨ੍ਹਾਂ ਦਾ ਪਾਠ ਕਰਦੇ ਹਾਂ ਤਾਂ ਪਹਿਲਾਂ ਗੁਰੂ ਸਾਹਿਬ ਸਰੀਰਕ ਪੱਧਰ ਉਤੇ ਤਰ੍ਹਾਂ ਤਰ੍ਹਾਂ ਅਨੰਦ ਦੇਣ ਵਾਲੇ ਪਦਾਰਥਾਂ ਦਾ ਜ਼ਿਕਰ ਕਰਦੇ ਹਨ ਅਤੇ ਖਾਸ ਤੌਰ ਉਤੇ ਇਹ ਕਹਿੰਦੇ ਹਨ ਕਿ ਇਹ ਅਨੰਦਦਾਇਕ ਪਦਾਰਥ ਸਰੀਰ ਨੂੰ ਅੰਦਰੋਂ ਬਾਹਰੋਂ ਰੋੜ੍ਹ ਕੇ ਲੈ ਜਾਂਦੇ ਹਨ। ਪਰ ਇਸ ਦੇ ਬਾਵਜੂਦ ਵੀ ਉਹ ਇਹ ਕਹਿੰਦੇ ਹਨ ਕਿ ਅਸਲੀ ਸਿਫਤ ਤਾਂ ਉਸ ਪਰਮਾਤਮਾ ਦੀ ਹੈ ਜਿਸ ਦੀ ਸਿਫਤ ਸਲਾਹ ਕਰਦਿਆਂ ਚਾਉ ਮੱਠਾ ਹੀ ਨਹੀਂ ਪੈਂਦਾ। ਦੁਨਿਆਵੀ ਰਸਾਵਦਨ ਇਕ ਪੱਧਰ ਉਤੇ ਸੰਤੁਸ਼ਟੀ ਦੇ ਦੇਂਦਾ ਹੈ ਪਰ ਪ੍ਰਭੂ ਸਿਮਰਨ ਵਿਚ, ਸਿਮਰਨ ਦੀ ਅਕਾਂਖਿਆਂ ਵੱਧਦੀ ਜਾਂਦੀ ਹੈ। ਅਸਲ ਵਿਚ ਇਹ ਭੋਗ ਤੇ ਜਗਿਆਸ ਦੇ ਆਪਸੀ ਦੰਵ੍ਦ ਦੀ ਗੱਲ ਹੈ। ਭੋਗ ਵਹਾਉ ਨਾਲ ਸੰਬੰਧਿਤ ਹੈ ਤੇ ਜਗਿਆਸ ਉਚੇਰੀ ਮਾਨਸਿਕਤਾ ਦੇ ਰਹਾਉ ਨਾਲ। ਇਸ ਤਰ੍ਹਾਂ ਗੁਰਬਾਣੀ ਵਿਚ ਬੁਨਿਆਦੀ ਮਹੱਤਵ ਰਹਾਉ ਦਾ ਹੀ ਹੈ। ਵਹਾਉਸ਼ੀਲ ਪੰਗਤੀਆਂ, ਰਹਾਉਸ਼ੀਲ ਪ੍ਰਸਤਾਵਾਂ ਨੂੰ ਉਘਾੜ ਕੇ ਪ੍ਰਸ਼ਤੁਤ ਕਰਨ ਲਈ ਹੀ ਰਚੀਆਂ ਗਈਆਂ ਹਨ। ਇਹ ਗੁਰਬਾਣੀ ਦੀ ਸੰਰਚਨਾ-ਵਿਧੀ ਹੈ, ਜੋ ਵੱਖੋ ਵੱਖਰੇ ਬਿੰਦੂਆਂ ਉਪਰ ਸੁਗਠਿਤ ਹੋਈ ਪ੍ਰਾਪਤ ਹੁੰਦੀ ਹੈ। ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਗੁਰਬਾਣੀ ਦੀ ਅਸਲ ਯਾਤਰਾ ਰਹਾਉ ਤੋਂ ਰਹਾਉ ਤੱਕ ਦੀ ਹੈ। ਵਹਾਉ ਤਾਂ ਮਾਨਵੀ ਜੈਵਿਕਤਾ ਤੇ ਤਤਕਾਲੀ ਵਾਤਾਵਰਨ ਦੇ ਟਕਰਾਉ ਵਿਚੋਂ ਪੈਦਾ ਹੋਣ ਵਾਲੀਆਂ ਉਤੇਜਨਾਵਾਂ ਦੀ ਨਿਸ਼ਾਨਦੇਹੀ ਕਰਨ ਵਜੋਂ ਆਉਂਦਾ ਹੈ। ਗੁਰਬਾਣੀ ਵਿਚ ਭਾਰਤੀ ਪਰੰਪਰਾ ਅਨੁਸਾਰ ਇਸੇ ਨਿਸ਼ਾਨਦੇਹੀ ਦੇ ਅਧੀਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਸ ਨੂੰ ਮਾਇਆ ਦੇ ਜਾਲ ਜੰਜਾਲ ਦੀ ਕੋਟੀ ਵਿਚ ਰੱਖਿਆ ਗਿਆ ਹੈ। ਮਨੁੱਖ ਨੇ ਇਸ ਜਾਲ ਜੰਜਾਲ ਦੀ ਨਿਸ਼ਾਨਦੇਹੀ ਕਰਕੇ, ਨਾਮ-ਸਭਿਆਚਾਰ ਦੇ ਟਿਕਾਉ, ਇਕਾਗ੍ਰਤਾ ਤੇ ਸੰਤੁਲਨ ਵਿਚ ਰਹਿਣਾ ਹੈ, ਇਸੇ ਵਿਚ ਮਨੁੱਖ ਦੀ ਮਨੁੱਖੀ-ਆਜ਼ਾਦੀ ਹੈ ਤੇ ਇਹੋ ਗੁਰਬਾਣੀ-ਪ੍ਰਵਚਨ ਦਾ ਗਿਆਨ-ਸ਼ਾਸਤਰੀ ਵਿਸ੍ਰਾਮ-ਬਿੰਦੂ ਹੈ। ਇਸ ਧਾਰਨਾ ਨੂੰ ਬਾਣੀ-ਪ੍ਰਵਚਨ ਦੀ ਹੇਠਲੀ ਪੰਗਤੀ ਅਤਿਅੰਤ ਸਪੱਸ਼ਟ ਕਰਦੀ ਹੈ :

ਭਾਈ ਰੇ ! ਗੁਰਮਤਿ ਸਾਚਿ ਰਹਾਉ ।।[61]

(ੲ) ਗੁਰਬਾਣੀ ਦੀ ਧਰਮ-ਦ੍ਰਿਸ਼ਟੀ : 'ਜਪੁ' ਜੀ ਦੇ ਆਧਾਰ ਉਤੇ

ਗੁਰੂ ਨਾਨਕ ਦੇਵ ਮੱਧਕਾਲੀ ਭਾਰਤ ਵਿਚ ਮੁਸਲਮਾਨਾਂ ਤੇ ਮੁਗਲਾਂ ਦੀ ਆਮਦ ਕਾਰਨ ਵਾਪਰੇ ਉਪੱਦਰ ਨੂੰ ਪ੍ਰਤੀਉੱਤਰਸ਼ੀਲ ਹੋ ਕੇ ਮਿਲਣ ਵਾਲੇ ਭਗਤਾਂ, ਸੰਤਾਂ ਤੇ ਭਾਰਤੀ ਪਰੰਪਰਾ ਦੇ ਰਾਖਿਆਂ ਵਿਚੋਂ ਹਨ। ਪਰੰਪਰਾ ਦੀ ਰਖਵਾਲੀ ਦੀ ਸਮੱਸਿਆ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਕੋਈ ਬਿਗਾਨੀ ਤੇ ਓਪਰੀ ਸ਼ਕਤੀ ਜ਼ਾਲਮ ਤੇ ਜਰਵਾਣੇ ਦਾ ਰੂਪ ਧਾਰ ਕੇ ਦੇਸੀ ਪਰੰਪਰਾ ਦੇ ਆਧਾਰ ਉਤੇ ਬਣਾਈ ਗਈ ਕਿਸੇ ਸਭਿਆਚਾਰ ਦੀ ਪਛਾਣ ਨੂੰ ਨੇਸਤੋ ਨਾਬੂਦ ਕਰਨ ਦੀ ਧਾਰ ਲੈਂਦੀ ਹੈ, ਜਾਂ ਇਹ ਜਰਵਾਣੀ ਸ਼ਕਤੀ ਆਪਣੀਆਂ ਹਿੰਸਾਮੂਲਕ ਕਾਰਵਾਈਆਂ ਰਾਹੀਂ ਵਾਤਾਵਰਨ ਹੀ ਅਜਿਹਾ ਪੈਦਾ ਕਰ ਦੇਂਦੀ ਹੈ ਕਿ ਲੋਕਾਈ ਉਦਾਸ ਤੇ ਨਿਰਾਸ ਹੋ ਕੇ ਗਿਲਾਨੀ ਤੇ ਰਸਾਤਲ ਵਿਚ ਧਸ ਜਾਂਦੀ ਹੈ ਤੇ ਇਸ ਨਿਘਰੀ ਹੋਈ ਅਵਸਥਾ ਉਤੇ ਪੁੱਜ ਜਾਂਦੀ ਹੈ ਜਿਥੇ ਉਸ ਨੂੰ ਨਾ ਤਾਂ ਆਪਣੇ ਪਰੰਪਰਾਈ ਗੌਰਵ ਦਾ ਅਹਿਸਾਸ ਹੁੰਦਾ ਹੈ ਤੇ ਨਾ ਹੀ ਆਪਣੀ ਪਛਾਣ ਨੂੰ ਕਾਇਮ ਰੱਖਣ ਦੀ ਅਕਾਂਖਿਆ। ਉਹ ਤਾਂ ਚਾਰੋਂ ਪਾਸੇ ਫੈਲੀ ਗਿਲਾਨੀ ਤੋਂ ਮੁਤਾਸਰ ਹੋ ਕੇ ਆਪਣੇ ਆਪ ਤੋਂ ਪਰਦੇਸੀ ਹੋ ਜਾਂਦੀ ਹੈ ਅਤੇ ਬਦੇਸੀ ਤੇ ਪਰਾਈਆਂ ਜੀਵਨ-ਵਿਧੀਆਂ ਤੇ ਰਹਿਤਲ-ਜੁਗਤਾਂ ਨੂੰ ਦਬਾਦਬ ਧਾਰਨ ਕਰਨਾ ਸ਼ੁਰੂ ਕਰ ਦਿੰਦੀ ਹੈ। ਮੱਧਕਾਲੀ ਭਾਰਤ ਵਿਚ ਮੁਗਲਾਂ ਦੇ ਜ਼ਮਾਨੇ ਵਿਚ, ਇਸੇ ਤਰ੍ਹਾਂ ਦਾ ਮਾਹੌਲ ਸੀ। ਲੋਕਾਈ ਇਸ ਮਾਹੌਲ ਤੋਂ ਪ੍ਰਭਾਵਿਤ ਸੀ, ਪਰ ਪਰੰਪਰਾ ਦੇ ਰਾਖੇ ਭਗਤ, ਸੰਤ ਤੇ ਗੁਰੂ ਇਸ ਤੋਂ ਨਿਰਾਸ ਹੋ ਕੇ ਇਸ ਸੰਬੰਧੀ ਪ੍ਰਤੀਉੱਤਰਸ਼ੀਲ ਸਨ। ਇਸ ਤਰ੍ਹਾਂ ਲੋਕਾਈ ਉਪੱਦਰ ਦਾ ਸ਼ਿਕਾਰ ਸੀ ਪਰ ਭਗਤਾਂ, ਸੰਤਾਂ ਤੇ ਗੁਰੂਆਂ ਦੀ ਲਹਿਰ, ਇਸ ਉਪੱਦਰ ਦਾ ਮੁਕਾਬਲਾ ਕਰਨ ਵਾਲੀ ਸੀ। ਇਸੇ ਉਪੱਦਰ ਨੂੰ ਭਗਤਾਂ, ਸੰਤਾਂ ਤੇ ਗੁਰੂਆਂ ਨੇ ਆਪਣੀ ਪ੍ਰਤੀ ਉੱਤਰਸ਼ੀਲ ਦ੍ਰਿਸ਼ਟੀ ਦੁਆਰਾ ਧਰਮ ਦੀ ਪੁਨਰ-ਸਥਾਪਨਾ ਕਿਹਾ ਹੈ। ਬਦਲੇ ਹੋਏ ਹਾਲਤ ਦੇ ਪ੍ਰਸੰਗ ਵਿਚ ਪਰੰਪਰਾ ਦੇ ਆਧਾਰ ਉਪਰ ਖੜੀ ਮਰਿਆਦਾ ਨੂੰ ਉਸ ਦੇ ਆਪਣੇ ਸੰਤੁਲਨ ਵਿਚ ਕਾਇਮ ਕਰਨ ਦਾ ਯਤਨ ਭਾਰਤੀ ਦ੍ਰਿਸ਼ਟੀ ਤੋਂ ਧਰਮ ਸਥਾਪਤੀ ਹੀ ਹੈ ਤੇ ਗੁਰੂ ਨਾਨਕ ਦੇਵ ਨਿਸ਼ਚੇ ਹੀ ਇਸ ਧਰਮ ਸਥਾਪਤੀ ਦੇ ਆਲੰਬਰਦਾਰ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਪਹਿਲਾਂ ਕਿ [illegible] ਗੁਰੂ ਨਾਨਕ ਦੇਵ ਦੀ ਧਰਮ ਆਧਾਰੀ ਦ੍ਰਿਸ਼ਟੀ ਨੂੰ ਉਘਾੜਿਆ ਜਾਵੇ, ਇਹ ਜਾਣ ਲੈਣਾ ਜ਼ਰੂਰੀ ਹੈ ਕਿ ਮੱਧਕਾਲ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਰਾਜਨੈਤਿਕ ਪ੍ਰਬੰਧ ਸਥਾਪਿਤ ਹੋ ਚੁੱਕਾ ਸੀ। ਇਸ ਪ੍ਰਬੰਧ ਵਿਚ ਹਾਕਮ ਤੇ ਮਹਿਕੂਮ ਦੀ ਪਰਵਿਰਤੀ, ਸਭਿਆਚਾਰ ਦੇ ਅਵਚੇਤਨ ਵਿਚ ਇਸ ਤਰ੍ਹਾਂ ਪਰਵੇਸ਼ ਹੋ ਚੁੱਕੀ ਸੀ ਕਿ ਇਸ ਨੂੰ ਮਾਨਵੀ ਤਥਾ ਸਭਿਆਚਾਰਕ ਕੀਮਤ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਹ ਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਤੋਂ ਪਹਿਲਾਂ ਜਾਂ ਉਨ੍ਹਾਂ ਦੇ ਨਾਲ ਨਾਲ ਹੋਏ ਭਗਤਾਂ ਤੇ ਸੰਤਾਂ ਨੇ ਇਸ ਸਾਰੀ ਗੱਲ ਨੂੰ ਠਾਕਰ ਤੇ ਦਾਸ ਦੇ ਰਿਸ਼ਤੇ ਵਿਚ ਢਾਲ ਲਿਆ। ਜਰਵਾਣੇ ਹਾਕਮ ਦੇ ਮੁਕਾਬਲੇ ਉਪਰ ਆਪਣਾ ਠਾਕਰ ਸਿਰਜ ਲਿਆ ਅਤੇ ਇਸ ਠਾਕਰ ਦੇ ਗੁਣ ਜਿਵੇਂ ਕਿ ਗੁਰਬਾਨੀ ਸੰਕਲਿਤ ਕਰਦੀ ਹੈ, 'ਸਦ ਬਖ਼ਸ਼ਿੰਦ ਸਦਾ ਮਿਹਰਵਾਨਾ' ਦੇ ਬਣਾ ਲਏ ਤੇ ਆਪ ਪੂਰੀ ਨਿਰਮਾਨਤਾ ਸਹਿਤ ਇਸ ਦੀ ਅਧੀਨਗੀ ਨੂੰ, ਬਿਨਾਂ ਕਿਸੇ ਪ੍ਰਤੀਕਰਮ ਦੇ, ਕਬੂਲਣ ਲੱਗੇ।

ਇਸ ਸਾਰੀ ਗੱਲ ਨੂੰ ਭਗਤਾਂ, ਸੰਤਾਂ ਨੇ ਇਕ ਪ੍ਰਵਚਨ ਦਾ ਰੂਪ ਦਿੱਤਾ। ਇਹ ਪ੍ਰਵਚਨ ਰਾਜਨੀਤਕ ਕੋਟੀਆਂ ਨੂੰ ਸਾਂਸਕ੍ਰਿਤਿਕ ਕਦਰਾਂ ਕੀਮਤਾਂ ਵਿਚ ਤਬਦੀਲ ਕਰਦਾ ਹੈ ਤੇ ਉਸ ਵਿਚੋਂ ਆਪਣੀ ਮਾਨਸਿਕਤਾ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਸੰਦੇਸ਼ ਪ੍ਰਾਪਤ ਕਰਦਾ ਹੈ। ਇਹ ਪ੍ਰਵਚਨ-ਸ਼ਕਤੀ ਹੈ ਜੋ ਭਾਰਤੀ ਪਰੰਪਰਾ ਦੇ ਮਰਯਾਦਾਗਤ ਵਿਨਿਆਸ ਨੂੰ ਆਧਾਰ ਬਣਾ ਕੇ ਸਮੇਂ ਦੀਆਂ ਰਾਜਨੀਤਕ ਕੋਟੀਆਂ ਨੂੰ ਸਭਿਆਚਾਰਕ ਪ੍ਰਵਚਨ ਵਿਚ ਤਬਦੀਲ ਕਰਦੀ ਹੈ ਤੇ ਇਸ ਤਰ੍ਹਾਂ ਆਪਣੇ ਸਮੇਂ ਦੇ ਥਿੜਕੇ ਤਾਲ ਨੂੰ ਕਾਇਮ ਰੱਖਣ ਦਾ ਕਾਰਜ ਕਰਦੀ ਹੈ। ਇਹ ਹੀ ਧਰਮ ਰਖਿਆ ਤਥਾ ਧਰਮ-ਦ੍ਰਿਸ਼ਟੀ ਹੈ।

ਗੁਰੂ ਨਾਨਕ ਦੇਵ ਇਸੇ ਧਰਮ ਦ੍ਰਿਸ਼ਟੀ ਦੇ ਮਾਰਗ ਉਤੇ ਚਲਦੇ ਹਨ ਅਤੇ ਇਸੇ ਸੇਧ ਵਿਚ ਆਪਣਾ ਵਿਸ਼ੇਸ਼ ਪ੍ਰਕਾਰ ਦਾ ਪ੍ਰਵਚਨ ਸਿਰਜਦੇ ਹਨ। ਇਹ ਪ੍ਰਵਚਨ ਅੱਜ ਗੁਰਬਾਨੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਪ੍ਰਵਚਨ ਦਾ ਇਕ ਪਹਿਲੂ ਹੋਰ ਭੀ ਹੈ। ਠਾਕਰ ਦੀ ਪੂਜਾ ਵਿਚ ਜੁੜਨਾ, ਉਸ ਦੀ ਤਾਬਿਆ ਵਿਚ ਬਹਿਣਾ, ਸਮਕਾਲੀ ਹਕੂਮਤ ਦੀ ਮਜਬੂਰੀ ਦਾ ਨਤੀਜਾ ਹੈ। ਪਰ ਇਸ ਸ਼ਿਸ਼ਟਾਚਾਰਕ ਮੁਦਰਾ ਦੀ ਡੂੰਘੀ ਤਹਿ ਵਿਚ ਵਿਦਰੋਹ ਦੀ ਭਾਵਨਾ ਨਿਰੰਤਰ ਸਥਗੱਤ ਹੁੰਦੀ ਰਹਿੰਦੀ ਹੈ ਅਤੇ ਸ਼ਿਸ਼ਟਾਚਾਰਕ ਕੀਮਤਾਂ ਜੋ ਪ੍ਰਵਚਨ ਦੇ ਉਪਰਲੇ ਸਥਲ ਉਪਰ ਆ ਜਾਂਦੀਆਂ ਹਨ, ਇਸ ਨੂੰ ਕਜੀ ਰੱਖਦੀਆਂ ਹਨ। ਪਰ ਭਾਵਨਾ ਜਦੋਂ ਪ੍ਰਬਲ ਹੁੰਦੀ ਹੈ, ਉਸ ਦਾ ਵਿਦਰੋਹੀ ਸੁਰ, ਵੇਸ ਵਟਾ ਵਟਾ ਕੇ ਜ਼ਾਹਰ ਹੋ ਹੀ ਜਾਂਦਾ ਹੈ। ਭਗਤ ਰਵਿਦਾਸ ਆਪਣੀ ਧਰਮ-ਦ੍ਰਿਸ਼ਟੀ, ਨਿਰਮਾਨਤਾ, ਸਦਭਾਵਨਾ, ਪ੍ਰੇਮ ਤੇ ਅਧਿਆਤਮਕਤਾ ਆਦਿ ਉਪਰ ਆਧਾਰਿਤ ਕਰਦਾ ਹੈ ਪਰ ਉਸ ਦਾ ਪ੍ਰਵਚਨ ਇਹ ਸੰਦੇਸ਼ ਵੀ ਦੇਂਦਾ ਹੈ ਕਿ ਮੈਂ ਤਾਂ ਇਕ ਐਸੇ ਵਤਨ ਦਾ ਵਾਸੀ ਹਾਂ ਜਿਥੇ ਕਿਸੇ ਤਰ੍ਹਾਂ ਦਾ ਕੋਈ ਅੰਕੁਸ਼ ਨਹੀਂ, ਕੋਈ ਹਾਕਮ ਨਹੀਂ, ਕੋਈ ਮਹਿਕੂਮ ਨਹੀਂ। ਅੱਵਲ ਤੇ ਦੋਇਮ ਦਰਜੇ ਦੀਆਂ ਕੋਈ ਕੋਟੀਆਂ ਨਹੀਂ। ਪੂਰੀ ਆਜ਼ਾਦੀ ਦਾ ਦੇਸ਼ ਹੈ। ਕਹਿੰਦਾ ਤਾਂ ਉਹ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਕਿ ਮੈਂ ਮਾਨਸਿਕ ਤੌਰ ਉਤੇ ਇਸ ਦੇਸ਼ ਵਿਚ ਵਿਚਰਦਾ ਹਾਂ ਪਰ ਅਸਲ ਵਿਚ ਇਹ ਵਾਸਤਵਿਕ ਪ੍ਰਸਥਿਤੀਆਂ ਪ੍ਰਤੀ ਵਿਦਰੋਹ ਹੈ ਅਤੇ ਵਿਦਰੋਹ ਦਾ ਇਹ ਸੁਰ ਰਤਾ ਕੁ ਸ਼ਿਸ਼ਟਾ-ਚਾਰ ਦੇ ਮੰਨੇ ਹੋਏ ਸੁਰ ਤੋਂ ਵੀ ਅਲੱਗ ਹੈ । ਇਵੇਂ ਲੱਗਦਾ ਹੈ ਕਿ ਇਥੇ ਵਿਦਰੋਹੀ ਭਾਵਨਾ ਸ਼ਿਸ਼ਟਾਚਾਰ ਦੇ ਪਰਦਿਆਂ ਤੋਂ ਬਾਹਰ ਝਾਕ ਰਹੀ ਹੈ । ਪਰ ਕੁਲ ਮਿਲਾ ਕੇ ਭਗਤਾਂ, ਸੰਤਾਂ ਵਿਚ ਧਰਮ-ਸਥਾਪਨਾ ਕਰਨ ਵਾਲਾ ਪ੍ਰਵਚਨ ਰਾਜਨੀਤਕ ਕੋਟੀਆਂ ਨੂੰ ਸਭਿਆਚਾਰਕ ਕਦਰਾਂ ਵਿਚ ਤਬਦੀਲ ਕਰ ਕੇ ਅਧਿਆਤਮਕਤਾ ਵਿਚ ਵਿਲੀਨ ਹੋਣ ਦਾ ਭਾਵ ਹੀ ਦੇਂਦਾ ਹੈ । ਗੁਰੂ ਨਾਨਕ ਦੇਵ ਪ੍ਰਵਚਨ ਦੀ ਇਸ ਪਰਵਿਰਤੀ ਨੂੰ ਅਚੇਤ ਪਰਵਿਰਤੀ ਸਮਝਦੇ ਹਨ, ਇਸ ਲਈ ਉਹ ਸਮੇਂ ਦੀ ਹਕੂਮਤ ਨੂੰ ਤਾਂ ਆਪਣੇ ਦ੍ਰਿਸ਼ਟੀਸੰਪੰਨ ਪ੍ਰਤੀਉੱਤਰ ਦੀ ਪੱਧਰ ਉਤੇ ਮਿਲਦੇ ਹੀ ਹਨ, ਉਹ ਭਗਤਾਂ-ਸੰਤਾਂ ਦੇ ਸ਼ਿਸ਼ਟਾਚਾਰਕ ਵਤੀਰੇ ਵਾਲੇ ਪ੍ਰਵਚਨ ਨੂੰ ਵੀ ਸਾਵਧਾਨ ਹੋ ਕੇ ਮਿਲਦੇ ਹਨ । ਇਸ ਤਰ੍ਹਾਂ ਗੁਰੂ ਨਾਨਕ ਦੇਵ ਦੀ ਪ੍ਰਤੀਉੱਤਰ ਰਾਜਨੈਤਿਕਤਾ ਤੇ ਸ਼ਿਸ਼ਟਾਚਾਰਕਤਾ ਦੋਹਾਂ ਨੂੰ ਸਾਵਧਾਨੀ ਦੀ ਪੱਧਰ ਉਪਰ ਆਪਣੀ ਚਰਚਾ-ਪਰਿਚਰਚਾ ਦਾ ਵਿਸ਼ੈ ਬਣਾ ਕੇ ਚਲਦਾ ਹੈ । ਇਸ ਲਈ ਗੁਰੂ ਨਾਨਕ ਦੇ ਪ੍ਰਵਚਨ ਵਿਚ ਪ੍ਰਵਚਨ ਤਾਂ ਹੈ ਹੀ, ਪ੍ਰਵਚਨ-ਵਿਗਿਆਨ ਵੀ ਸ਼ਾਮਲ ਹੋ ਜਾਂਦਾ ਹੈ । ਇਸ ਪ੍ਰਵਚਨ ਤੇ ਪ੍ਰਵਚਨ-ਵਿਗਿਆਨ ਵਿਚਲਾ ਸਾਰਾ ਸੰਦੇਸ਼ ਬੜੀ ਆਸਾਨੀ ਨਾਲ ਧਰਮ ਤੇ ਧਰਮ-ਵਿਗਿਆਨ ਦੇ ਅਰਥ ਦੇ ਜਾਂਦਾ ਹੈ । ਸੋ ਸਾਡੀ ਜਾਚੇ ਗੁਰੂ ਨਾਨਕ ਦੇਵ ਧਰਮ ਦੀ ਸਥਾਪਨਾ ਵੀ ਕਰਦੇ ਹਨ ਤੇ ਧਰਮ-ਵਿਗਿਆਨ ਦੀ ਗੱਲ ਵੀ ਸਮਝਾਂਦੇ ਹਨ ।

ਪਿਛੇ ਅਸੀਂ ਧਰਮ-ਸਥਾਪਨਾ ਦੀ ਸਮੱਸਿਆ ਨੂੰ ਵਿਕ੍ਰਿਤ ਸਮਾਜਕ ਸੰਤੁਲਨ ਨੂੰ ਬਰਕਰਾਰ ਕਰਨ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਹੈ । ਅਸੀਂ ਆਪਣੀ ਗੱਲ ਨੂੰ ਦੁਹਰਾਉਂਦੇ ਹੋਏ, ਵਿਆਖਿਆ ਵਜੋਂ, ਇਸ ਸੰਬੰਧ ਵਿਚ ਇਹ ਗੱਲ ਕਹਿਣੀ ਚਾਹਵਾਂਗੇ ਕਿ ਧਰਮ ਅਸਲ ਵਿਚ ਮਾਨਵੀ ਸਦਭਾਵਨਾ ਦਾ ਵਾਯੂਮੰਡਲ ਪ੍ਰਸਤੁਤ ਕਰਦਾ ਹੈ । ਅਸੀਂ ਅਭਿਆਸੀ ਵਿਆਖਿਆ ਦੇ ਰਾਹ ਤੁਰਦੇ ਧਰਮ ਨੂੰ ਅਖਾਉਤੀ ਅਧਿਆਤਮਕਤਾ ਨਾਲ ਜੋੜਨ ਦੇ ਆਦੀ ਹਾਂ । ਪਰ ਰਤਾ ਕੁ ਡੂੰਘੇਰੀ ਦ੍ਰਿਸ਼ਟੀ ਤੋਂ ਵੇਖਿਆਂ ਸਾਨੂੰ ਗੱਲ ਸਮਝ ਆਉਂਦੀ ਹੈ ਕਿ ਧਰਮ ਮਾਨਵੀ ਸਮਾਜ ਤੇ ਸਭਿਆਚਾਰ ਦੀ ਹੀ ਘਾੜਤ ਹੈ । ਧਰਮ-ਵਿਗਿਆਨੀਆਂ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਅਨਾਚਾਰੀ ਨਿਰੰਤਰਤਾ ਵਿਚੋਂ ਧਰਮ ਹੀ ਸਦਾਚਾਰੀ ਸੰਜਮ ਪੈਦਾ ਕਰਦਾ ਹੈ । ਇਹ ਅਸਲ ਵਿਚ ਪ੍ਰਕਿਰਤੀ ਨੂੰ ਉਲੰਘ ਕੇ ਸੰਸਕ੍ਰਿਤੀ ਵਿਚ ਸ਼ਾਮਲ ਹੋਣ ਦੀ ਪਰਵਿਰਤੀ ਹੈ । ਆਖਰਕਾਰ ਧਰਮ ਦੀ ਕੇਂਦਰੀ ਸਮੱਸਿਆ ਤਾਂ ਜ਼ਿੰਦਗੀ ਦੇ ਅਰਥ ਸਮਝਾਣ ਦੀ ਹੈ ਤੇ ਸੰਸਕ੍ਰਿਤੀ-ਵਿਗਿਆਨੀਆਂ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਹੋਂਦਾਂ ਦੇ ਪਦਾਰਥਕ ਜਗਤ ਨੂੰ ਉਲੰਘ ਕੇ ਸਾਰਥਕਤਾ ਦੇ ਜਗਤ ਵਿਚ ਉਤਰਨਾ ਹੀ ਸਭਿਆਚਾਰ ਹੈ । ਸਭਿਆਚਾਰ ਵਿਚ ਮਨੁੱਖ ਪਦਾਰਥਕਤਾ ਨੂੰ ਸਾਰਥਕਤਾ ਵਿਚ ਬਦਲਦਾ ਹੈ । ਪਦਾਰਥਕਤਾ ਆਪਣੇ ਪ੍ਰਾਕਿਰਤਿਕ ਰੂਪ ਵਿਚ ਦੇਸ਼, ਕਾਲ, ਕਾਰਣ ਦੇ ਅੰਤਰਗਤ ਉਪਜਦੀ, ਨਿਪਜਦੀ ਤੇ ਬਿਨਸਦੀ ਹੈ । ਸਾਰਥਕਤਾ ਦੇ ਜਗਤ ਵਿਚ ਪਦਾਰਥਕਤਾ ਦੇ ਸਾਰੇ ਪਹਿਲੂ ਇਕ ਸ਼ਾਬਦਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪਾਂਤਰਨ ਵਿਚ ਢਲ ਜਾਂਦੇ ਹਨ। [illegible] ਪ੍ਰਤੀਕ ਪ੍ਰਧਾਨ ਹੋ ਜਾਂਦਾ ਹੈ। ਪਦਾਰਥਕਤਾ ਇਨ੍ਹਾਂ ਦੇ ਅਧੀਨ ਪੁਨਰ-ਸੰਗਠਨ ਪ੍ਰਾਪਤ ਕਰਦੀ ਹੈ। ਇਸ ਪੁਨਰ-ਸੰਗਠਨ ਵਿਚ ਪ੍ਰਾਕਿਰਤਿਕ ਬੱਜਰਪੁਣਾ, ਸਾਂਸਕ੍ਰਿਤਿਕ ਸ੍ਰਿਸ਼ਟਾਚਾਰ ਦਾ ਰੂਪ ਧਾਰਨ ਕਰ ਲੈਂਦਾ ਹੈ। ਅਜਿਹੀ ਸਥਿਤੀ ਵਿਚ ਦਇਆ ਤੇ ਅਹਿੰਸਾ ਇਕ ਸੰਸਕਾਰ ਗ੍ਰੰਥੀ ਵਾਂਗ ਸਮੁੱਚੇ ਸ੍ਰਿਸ਼ਟਾਚਾਰ ਦੀਆਂ ਸੰਸਕਾਰਕ ਗ੍ਰੰਥੀਆਂ ਬਣ ਨਿੱਬੜਦੀਆਂ ਹਨ। ਇਹ ਸਾਂਸਕ੍ਰਿਤਿਕ ਗ੍ਰੰਥੀਆਂ ਜਦ ਤੀਕ ਪ੍ਰਕਿਰਤੀ ਨੂੰ ਆਪਣੀ ਅਹਿੰਸਾਮੂਲਕ ਟਕਸਾਲ ਵਿਚ ਨਾ ਢਾਲ ਲੈਣ, ਸਾਂਸਕ੍ਰਿਤਿਕ ਖੇਤਰ ਵਿਚ ਦਾਖਿਲ ਨਹੀਂ ਹੋਣ ਦਿੰਦੀਆਂ। ਇਹ ਪਰਵਿਰਤੀ ਹੀ ਧਰਮ ਹੈ ਅਤੇ ਇਹ ਧਰਮ, ਮਾਨਵੀ ਸਭਿਆਚਾਰਕ ਦੇ ਲੌਕਿਕ ਤੇ ਪਾਰਲੌਕਿਕ ਦੋਹਾਂ ਜਹਾਨਾਂ ਵਿਚ ਸਫਰ ਕਰਦਾ ਹੈ। ਲੌਕਿਕਤਾ ਦੇ ਦੇਸ ਵਿਚ ਇਹ ਆਪ ਪ੍ਰਪੰਚ ਦੇ ਦ੍ਰਿਸ਼ਾਂ ਦੀ ਪਿੱਠ ਭੂਮੀ ਵਿਚ ਲੁਕ ਜਾਂਦਾ ਹੈ ਤੇ ਸਾਰੇ ਖਲਜਗਨ ਨੂੰ ਸਾਂਭਣ ਤੇ ਨਜਿੱਠਣ ਦਾ ਕਾਰਜ ਕਰਦਾ ਹੈ। ਪਾਰਲੌਕਿਕ ਦੇਸ਼ ਵਿਚ ਇਹ ਆਪਣੀ ਵਿਸ਼ੁਧ ਤੇ ਪਰਿਸ਼ੁਧ ਪਛਾਣ ਵਿਚ ਜ਼ਾਹਰ ਹੁੰਦਾ ਹੈ। ਇਥੇ ਇਸ ਦਾ ਸਾਰਾ ਸਰੂਪ ਅਤਿਅੰਤ ਸੰਕਲਪੀ ਹੋ ਜਾਂਦਾ ਹੈ। ਇਹ ਸਾਰਾ ਚੱਕਰ ਵਿਹਾਰ ਤੇ ਸਿਧਾਂਤ ਦਾ ਹੈ। ਵਿਹਾਰਕ ਪੱਧਰ ਉਤੇ ਧਰਮ ਨਿਤਾਪ੍ਰਤੀ ਜੀਵਨ ਦੇ ਸੰਜਮ ਤੇ ਸੰਤੁਲਨ ਨੂੰ ਬਰਕਰਾਰ ਰੱਖਦਾ ਹੈ ਤੇ ਸਿਧਾਂਤਕ ਪੱਧਰ ਉਤੇ ਇਹ ਧਰਮ ਦੇ ਵਿਸ਼ੁਧ ਨੇਮ-ਸਿਧਾਂਤਾਂ ਨੂੰ ਦਰਸਾਂਦਾ ਹੈ।

ਗੁਰੂ ਨਾਨਕ ਦੇਵ ਦੇ ਜੀਵਨ ਤੇ ਬਾਣੀ ਨੂੰ ਧਰਮ ਦੀ ਉਪਰੋਕਤ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਯਾਤਰਾ ਵਿਹਾਰ ਤੋਂ ਸਿਧਾਂਤ ਵੱਲ ਦੀ ਹੈ। ਆਪਣੀ ਧਰਮਸੰਪੰਨ ਦ੍ਰਿਸ਼ਟੀ ਦੁਆਰਾ ਜਦੋਂ ਉਹ ਆਪਣੇ ਸਮੱਸਿਆਗ੍ਰਸਤ ਜ਼ਮਾਨੇ ਨੂੰ ਵੇਖਦੇ ਹਨ ਤਾਂ ਉਹ ਹਰ ਕਦਮ ਉਤੇ ਪਹਿਲਾਂ ਸਮੱਸਿਆਵਾਂ ਦਾ ਵੇਰਵਾ ਦੇਂਦੇ ਹਨ ਤੇ ਫਿਰ ਉਨ੍ਹਾਂ ਨਾਲ ਨਜਿੱਠਣ ਦੀ ਗੱਲ ਸਮਝਾਂਦੇ ਹਨ। ਉਹ ਆਪਣੀਆਂ ਸਮਕਾਲੀ ਸਮੱਸਿਆਵਾਂ ਦੇ ਐਨ ਵਿਚਕਾਰ ਖੜੇ ਹਨ। ਉਨ੍ਹਾਂ ਦੇ ਸਾਰੇ ਪ੍ਰਭਾਵ ਨੂੰ ਕਬੂਲ ਵੀ ਕਰ ਰਹੇ ਹਨ ਤੇ ਸਮਝ ਵੀ ਰਹੇ ਹਨ। ਬਾਬਰਵਾਣੀ ਦੇ ਸ਼ਬਦ, ਆਸਾ ਦੀ ਵਾਰ ਮਹਲਾ ੧, ਮਾਝ ਦੀ ਵਾਰ ਮਹਲਾ ੧, ਆਦਿ ਬਾਣੀਆਂ ਵਿਚ ਉਹ ਇਸੇ ਪ੍ਰਕਾਰ ਦੀ ਸਥਿਤੀ ਵਿਚ ਹਨ। ਇਨ੍ਹਾਂ ਬਾਣੀਆਂ ਵਿਚ ਜ਼ੋਰ ਜ਼ੁਲਮ ਦੁਆਰਾ ਹੋਈ ਬਰਬਾਦੀ ਦਾ ਵੀ ਜ਼ਿਕਰ ਹੈ, ਮਾਨਵੀ ਕੀਮਤਾਂ ਦੇ ਖੈ ਹੋ ਜਾਣ ਦਾ ਅਫ਼ਸੋਸਜ਼ਦਾ ਬਿਆਨ ਹੈ ਅਤੇ ਮਰਿਆਦਾ ਦੇ ਆਧਾਰ ਉਤੇ ਉਸਰੀ ਹੋਈ ਆਪਣੀ ਦੇਸੀ ਪਛਾਣ ਨੂੰ ਕਾਇਮ ਰੱਖਣ ਦੀ ਸਮੱਸਿਆ ਵੀ ਮੌਜੂਦ ਹੈ। ਇੰਜ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਇਕ ਦੁਸ਼ਟਦਮਨ ਦੇ ਰੂਪ ਵਿਚ ਆਪਣੇ ਵੇਲੇ ਦੇ ਸਾਰੇ ਮਸਲਿਆਂ ਨਾਲ ਜੂਝ ਰਹੇ ਹਨ ਅਤੇ ਥਾਂ ਪਰ ਥਾਂ ਧਾਰਮਿਕ ਕੀਮਤਾਂ ਨੂੰ ਕਾਇਮ ਕਰਨ ਦੀ ਚੇਤਾਵਨੀ ਵੀ ਦੇਂਦੇ ਹਨ। ਪਰ ਇਨ੍ਹਾਂ ਸਾਰੀਆਂ ਬਾਣੀਆਂ ਵਿਚ ਗੁਰੂ ਨਾਨਕ ਦੇਵ ਧਰਮ ਨੂੰ ਮਾਨਵੀ, ਸਮਾਜਕ ਤੇ ਸਭਿਆਚਾਰਕ ਵਾਯੂਮੰਡਲ ਨਾਲ ਜੋੜ ਰਹੇ ਹਨ। ਇਹ ਸਾਰੀ ਸਮੱਸਿਆ ਵਿਹਾਰ-ਖੰਡ ਵਿਚ ਧਰਮ ਦੀ ਅਹਿਮੀਅਤ ਨੂੰ ਦ੍ਰਿੜ੍ਹ ਕਰਨ ਦੀ ਹੈ। ਇਸ ਪ੍ਰਸੰਗ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ [illegible] ਅਧਿਆਤਮਕਤਾ ਦੇ ਬਿੰਦੂ ਤੋਂ ਕਰਦੇ ਵੀ ਹਨ ਤਾਂ ਉਸੇ ਪਲ ਉਹ ਇਹ ਵੀ ਕਹਿ ਦੇਂਦੇ ਹਨ ਕਿ ਇਹ ਅਧਿਆਤਮਕਤਾ, ਸੰਸਾਰ ਦੇ ਵਿਰਾਟ ਪਸਾਰੇ ਵਿਚ ਸਮਾਈ ਹੋਈ ਹੈ। ਅਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਕਿ :

ਆਪੀਨੈ ਆਪਿ ਸਾਜਿਓ, ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥[52]

ਵਾਲੀ ਅਧਿਆਤਮਕਤਾ ਇਸੇ ਖੰਡ ਨਾਲ ਸੰਬੰਧਿਤ ਹੈ । ਇਸ ਵਿਚ ਅਧਿਆਤਮਕਤਾ ਸੰਸਾਰ-ਵਿਹਾਰ ਦੀ ਵਿਆਕਰਣ ਦੇ ਰੂਪ ਵਿਚ ਵਿਆਪਕ ਹੈ ਤੇ ਉਹ ਹੀ ਆਚਾਰ-ਵਿਹਾਰ ਦੀ ਹਰ ਪ੍ਰਸਥਿਤੀ ਨੂੰ ਹਰ ਪੱਧਰ ਉਤੇ ਸੂਤ੍ਰਿਤ ਕਰਨ ਦਾ ਕਾਰਜ ਕਰਦੀ ਹੈ। ਪਰ ਗੁਰੂ ਨਾਨਕ ਦੇਵ ਦੀ ਬਾਣੀ ਦਾ ਦੂਸਰਾ ਖੰਡ ਜਿਸ ਨੂੰ ਅਸੀਂ ਸਿਧਾਂਤ-ਖੰਡ ਕਹਿੰਦੇ ਹਾਂ, ਵਿਸ਼ੁਧ ਗਿਆਨ-ਸ਼ਾਸਤਰ ਦਾ ਖੰਡ ਹੈ, ਜਿਸ ਵਿਚ ਸਿਧਾਂਤ ਨੂੰ ਮਾਨਵੀ ਜੀਵਨ, ਵਿਹਾਰ ਤੇ ਸਭਿਆਚਾਰ ਦੇ ਨਿਰਮਾਨ ਦੇ ਵਿਗਿਆਨ ਦੇ ਅਰਥਾਂ ਵਿਚ ਰੱਖਿਆ ਜਾ ਸਕਦਾ ਹੈ। 'ਜਪੁ' ਜੀ ਇਸੇ ਦੀ ਪ੍ਰਤੀਨਿਧਤਾ ਕਰਨ ਵਾਲੀ ਬਾਣੀ ਹੈ। ਇਸੇ ਲਈ ਪਰੰਪਰਾ ਵਿਚ ਇਹ ਆਉਂਦਾ ਹੈ ਕਿ ਇਹ ਬਾਣੀ ਗੁਰੂ ਜੀ ਨੇ ਉਸ ਇਕਾਗਰਤਾ ਦੇ ਦੌਰਾਨ ਲਿਖੀ, ਜਦੋਂ ਉਹ ਸਮੱਸਿਆਗ੍ਰਸਤ ਰੁਝੇਵਿਆਂ ਵਿਚੋਂ ਫਾਰਗ ਹੋ ਕੇ ਸਮਾਧੀ ਦੀ ਅਵਸਥਾ ਵਿਚ ਚਿੰਤਨ ਕਰਨ ਲੱਗੇ।

ਅਸੀਂ ਦੇਖਦੇ ਹਾਂ ਕਿ 'ਜਪੁ' ਜੀ ਦੇ ਆਦਿ ਵਿਚ ਵੀ ਅਧਿਆਤਮਕਤਾ ਹੈ ਤੇ ਅੰਤ ਵਿਚ ਵੀ ਅਧਿਆਤਮਕਤਾ ਹੈ। ਅਧਿਆਤਮਕਤਾ ਦੇ ਇਨ੍ਹਾਂ ਦੋਹਾਂ ਬਿੰਦੂਆਂ ਦੇ ਵਿਚਕਾਰ ਮਾਨਵੀ ਰੂਪਾਂਤਰਣ ਦਾ ਸਿਧਾਂਤ ਹੈ। 'ਜਪੁ' ਜੀ ਦੇ ਇਸ ਸਰੂਪ ਤੋਂ ਮਗਰੋਂ ਇਹ ਗੱਲ ਵੀ ਵੇਖਣ ਵਿਚ ਆਉਂਦੀ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਆਪਣੇ ਹਰ ਤਰ੍ਹਾਂ ਦੇ ਸੰਕਲਪੀ ਵੇਰਵੇ ਨੂੰ ਨਾਪ ਤੋਲ ਕੇ ਪੇਸ਼ ਕੀਤਾ ਹੈ। ਸਭ ਤੋਂ ਪਹਿਲਾਂ ਜਦੋਂ ਉਹ ਮੂਲ ਮੰਤਰ ਦੀਆ ਟੂਕਾਂ ਸਾਡੇ ਸਾਹਮਣੇ ਰੱਖਦੇ ਹਨ ਤਾਂ ਸਾਨੂੰ ਇਹ ਸਮਝ ਆਉਂਦੀ ਹੈ ਕਿ ਇਹ ਟੂਕਾਂ ਅਤਿਅੰਤ ਸੰਕਲਪਸ਼ੀਲ ਇਕਾਰਗਤਾ ਵਿਚ ਟਿਕੀਆਂ ਹੋਈਆਂ ਟੂਕਾਂ ਹਨ । ਇਨ੍ਹਾਂ ਰਾਹੀਂ ਗੁਰੂ ਨਾਨਕ ਦੇਵ ਆਪਣੀ ਧਰਮੀ ਅਧਿਆਤਮਕਤਾ ਦੀ ਗ੍ਰਾਮਰ ਦੇ ਨਿਰਪੇਖਕ ਸਰੂਪ ਨੂੰ ਨਿਖਰਵੇਂ ਤੇ ਅਤਿਅੰਤ ਸੰਕੋਚਵੇਂ ਰੂਪ ਵਿਚ ਪੇਸ਼ ਕਰ ਰਹੇ ਹਨ ।

'੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥' ਤਕ ਦੀ ਸਾਰੀ ਸ਼ਬਦਾਵਲੀ ਪਰੰਪਰਾ ਵਿਚੋਂ ਲਈ ਗਈ ਹੈ ਪਰ ਇਸ ਪਰੰਪਰਾਈ ਸ਼ਬਦਾਵਲੀ ਵਿਚ ਜੋ ਸੰਦੇਸ਼ ਕੋਡਬਧ ਕੀਤਾ ਗਿਆ ਹੈ, ਉਹ ਗੁਰੂ ਨਾਨਕ ਦੇਵ ਦਾ ਆਪਣਾ ਹੈ। ਇਸ ਵਿਚ ਪਰੰਪਰਾਈ ਨਿਰੰਤਰਤਾ ਤੇ ਗਿਆਨ ਸ਼ਾਸਤਰੀ ਭੰਜਨ ਦਾ ਦ੍ਵੰਦ ਮੌਜੂਦ ਹੈ। ਇਕ ਤਾਂ ਇਸ ਵਿਚ ਪੂਰਾ ਜ਼ੋਰ ਇਕ ਉਪਰ ਦਿੱਤਾ ਗਿਆ ਹੈ। 'ਇਕ',

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਬਹੁ' ਦੇ ਉਲਟ ਹੁੰਦਾ ਹੈ। 'ਬਹੁ' ਪ੍ਰਦੱਤ ਹੈ ਤੇ ਇਕ ਨੂੰ ਬਹੁ ਵਿਚ ਲੱਭ ਕੇ ਪਾਉਣਾ ਪੈਂਦਾ ਹੈ। ਇਕ ਉਪਰ ਜ਼ੋਰ ਦੇਣ ਨਾਲ ਅਧਿਆਤਮਕਤਾ ਦੀ ਅਵਗਤ ਵਿਸ਼ੁਧਤਾ ਸਾਹਮਣੇ ਆਉਂਦੀ ਹੈ ਤੇ ਓਅੰਕਾਰ ਇਸ ਦੇ ਅਧੀਨ ਹੋ ਜਾਂਦਾ ਹੈ। ਓਅੰਕਾਰ ਵਿਚ ਧੁਨੀ ਦੀ ਵਿਆਪਕਤਾ ਵੀ ਹੈ ਤੇ ਵਿਸ਼ਵ ਦੀ ਵਿਆਪਕਤਾ ਵੀ ਹੈ। ਅਰਥਾਤ ਇਸ ਵਿਚ ਨਾਦ ਤੇ ਵੇਦ ਆਪਣੀ ਵਿਆਪਕਤਾ ਵਿਚ ਬੰਨ੍ਹੇ ਹੋਏ ਹਨ। ਗੁਰੂ ਸਾਹਿਬ ਨੇ ਇਸ ਤਰ੍ਹਾਂ ਓਅੰਕਾਰ ਤਥਾ ਨਾਦ ਤੇ ਵੇਦ ਦੇ ਬਹੁਬਿਧ ਰੰਗਲੇ ਤੇ ਵਿਸਤ੍ਰਿਤ ਪ੍ਰਪੰਚ ਨੂੰ ਇਕ ਦੇ ਅਧੀਨ ਕੀਤਾ ਹੈ। ਇਹ ਧਰਮ ਤਾਂ ਹੈ ਹੀ ਪਰ ਇਹ ਧਰਮ ਨਾਲੋਂ ਕਿਤੇ ਵੱਧ ਧਰਮ-ਵਿਗਿਆਨ ਦੀ ਗੱਲ ਹੈ। ਇਸੀ ਤਰ੍ਹਾਂ ਗੁਰਪ੍ਰਸਾਦਿ ਤਕ ਦੇ ਪਦਾਂ ਦੀ ਇਸੀ ਦਸ਼ਾ ਵਿਚ ਵਿਆਖਿਆ ਹੋ ਸਕਦੀ ਹੈ। ਅਸੀਂ ਸਭ 'ਜਪੁ' ਜੀ ਦੀਆਂ ਇਨ੍ਹਾਂ ਅਰੰਭਲੀਆਂ ਟੂਕਾਂ ਨੂੰ ਮੂਲ ਮੰਤਰ ਵਜੋਂ ਜਾਣਦੇ ਹਾਂ। ਇਨ੍ਹਾਂ ਨੂੰ ਮੂਲ ਮੰਤਰ ਕਹਿਣਾ ਹੀ, ਇਨ੍ਹਾਂ ਦੀ ਵਿਗਿਆਨਕ ਪ੍ਰਮਾਣਕਤਾ ਨੂੰ ਦ੍ਰਿੜ੍ਹ ਕਰਨਾ ਹੈ। ਮੂਲ ਮੰਤਰ ਸਾਡੀ ਸੰਸਥਾਈ ਭਾਸ਼ਾ ਹੈ ਤੇ ਧਰਮ-ਵਿਗਿਆਨ ਸਾਡੀ ਗਿਆਨ-ਸ਼ਾਸਤਰੀ ਭਾਸ਼ਾ ਹੈ।

ਇਸ ਤੋਂ ਉਪਰੰਤ ਜਦੋਂ ਅਸੀਂ ਗੁਰੂ ਗਰੰਥ ਸਾਹਿਬ ਦੀ ਸੰਪਾਦਨ-ਵਿਧੀ ਨੂੰ ਵੇਖਦੇ ਹਾਂ ਤਾਂ ਵੀ ਪਤਾ ਚਲਦਾ ਹੈ ਕਿ ਥਾਂ ਪਰ ਥਾਂ ਜਿਥੇ ਗੁਰੂ ਅਰਜਨ ਦੇਵ ਜੀ ਨੇ ਇਕ ਵਿਸ਼ੇਸ਼ ਪ੍ਰਕਾਰ ਦੀ ਬਾਣੀ ਦਾ ਅੰਤ ਕਰ ਕੇ, ਅਗਲੀ ਬਾਣੀ ਅਰੰਭੀ ਹੈ, ਉਸ ਦੇ ਆਦਿ ਵਿਚ ਇਸ ਮੂਲ ਮੰਤਰ ਦਾ ਸਮੁੱਚਾ ਜਾਂ ਸੰਖਿਪਤ ਰੂਪ ਅੰਕਿਤ ਕੀਤਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਅਜਿਹਾ ਕਿਉਂ ਹੈ ? ਉੱਤਰ ਹੈ ਕਿ ਇਹ ਵੀ ਧਰਮ-ਵਿਗਿਆਨ ਦੀ ਚੇਤੰਨਤਾ ਦੇ ਅਧੀਨ ਹੈ। ਗੁਰੂ ਸਾਹਿਬ ਨੇ ਇਹ ਸਮਝਿਆ ਹੈ ਕਿ ਬਾਣੀ ਦੀ ਟੈਕਸਟ ਵਿਚੋਂ ਉਪਜਣ ਵਾਲੇ ਅਰਥ-ਵਿਸਥਾਰ ਨੂੰ ਅੰਕੁਸ ਵਿਚ ਰੱਖਣ ਲਈ ਗੁਰਬਾਣੀ ਦੀ ਆਪਣੀ ਗ੍ਰਾਮਰ ਨੂੰ ਹੀ ਨਾਲ ਰਖਿਆ ਜਾਏ। ਇਸ ਲਈ ਉਸ ਗ੍ਰਾਮਰ ਦਾ ਉਲੇਖ ਪਹਿਲਾਂ ਹੀ ਕਰ ਦਿੱਤਾ ਗਿਆ ਹੈ। ਯਾਦ ਰਹੇ ਕਿ ਇਹ ਗ੍ਰਾਮਰ ਦਾ ਧਰਮ-ਵਿਗਿਆਨ ਨਾਲ ਸੰਬੰਧਿਤ ਹੈ। ਸਾਡੇ ਸੰਪਰਦਾਈ ਵਿਦਵਾਨ ਗੁਰਬਾਣੀ ਦੇ ਅਰਥਾਂ ਦੀ ਤਹਿ ਤੀਕ ਜਾਣ ਲਈ ਇਸ ਦੀ ਭਾਸ਼ਾਈ ਗ੍ਰਾਮਰ ਤਕ ਸੀਮਿਤ ਰਹੇ ਹਨ। ਧਰਮ ਦੀ ਗ੍ਰਾਮਰ ਜਾਂ ਰਹਸ ਦੀ ਗ੍ਰਾਮਰ ਉਨ੍ਹਾਂ ਦੀ ਮਾਨਸਿਕਤਾ ਦਾ ਭਾਗ ਨਹੀਂ ਬਣੀ ਅਤੇ ਇਥੇ ਸਾਡਾ ਭਾਵ ਧਰਮ-ਵਿਗਿਆਨ ਦੀ ਗ੍ਰਾਮਰ ਨਾਲ ਸੰਬੰਧਿਤ ਹੈ।

ਆਪਣੇ ਧਰਮ-ਵਿਗਿਆਨ ਨੂੰ ਗੁਰੂ ਨਾਨਕ ਦੇਵ ਸੰਸਕ੍ਰਿਤੀ ਦੇ ਉਸਾਰਨ ਤੇ ਇਸ ਵਿਚੋਂ ਇਕ ਉਚੇਰਾ ਤੇ ਪ੍ਰਬੁਧ ਇਨਸਾਨ ਪੈਦਾ ਕਰਨ ਲਈ ਵਰਤੋਂ ਵਿਚ ਲਿਆਣਾ ਚਾਹੁੰਦੇ ਹਨ। ਇਹ ਹੀ ਕਾਰਨ ਹੈ ਕਿ ਉਹ 'ਜਪੁ' ਜੀ ਵਿਚ ਪਹਿਲਾਂ ਆਪਣੇ ਅਜਿਹੇ ਪੈਰਾਡਾਈਮ ਪੇਸ਼ ਕਰਦੇ ਹਨ ਜੋ ਸਿਧਾਂਤਕ ਪ੍ਰਮਾਣਿਕਤਾ ਵਾਲੇ ਹੋਣ ਤੇ ਉਸ ਤੋਂ ਮਗਰੋਂ ਉਨ੍ਹਾਂ ਨੂੰ ਲਾਗੂ ਕਰਦੇ ਹਨ।

ਧਰਮ-ਸਥਾਪਤੀ ਤੇ ਧਰਮ-ਵਿਗਿਆਨ ਦੇ ਉਪਰੋਕਤ ਪ੍ਰਸੰਗ ਵਿਚ ਰੱਖ ਕੇ ਜਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਗੁਰੂ ਨਾਨਕ ਦੇਵ ਦੀ 'ਜਪੁ' ਜੀ ਦਾ ਅਧਿਐਨ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਸ ਪੱਖੋਂ 'ਜਪੁ' ਬਾਣੀ ਦੀ ਪ੍ਰਕਿਰਤੀ ਦੂਹਰੇ ਚਰਿੱਤਰ ਵਾਲੀ ਹੈ। ਇਸ ਵਿਚ ਗੁਰੂ ਨਾਨਕ ਦੇਵ ਦੁਆਰਾ ਪੇਸ਼ ਧਰਮ ਦਾ ਸੰਕਲਪ ਵੀ ਹੈ ਤੇ ਧਰਮ ਦਾ ਵਿਗਿਆਨ ਵੀ ਹੈ। ਇਸ ਬਾਣੀ ਵਿਚ ਧਰਮ ਦੀ ਪਰਿਭਾਸ਼ਾ ਵੀ ਦਸੀ ਹੈ ਤੇ ਧਰਮ-ਨਿਰਮਾਨ ਦੀ ਪ੍ਰਕਿਰਿਆ ਨੂੰ ਵੀ ਨਾਲੋਂ ਨਾਲ ਸਮਝਾਇਆ ਗਿਆ ਹੈ। ਇਸੇ ਲਈ ਹੀ ਅਸੀਂ 'ਜਪੁ' ਜੀ ਨੂੰ ਧਰਮ ਤੇ ਧਰਮ-ਵਿਗਿਆਨ ਦੋਹਾਂ ਨੂੰ ਪੇਸ਼ ਕਰਨ ਵਾਲੀ ਰਚਨਾ ਕਹਿਣਾ ਉਚਿਤ ਸਮਝਿਆ ਹੈ।

ਇਸ ਦ੍ਰਿਸ਼ਟੀ ਤੋਂ ਵੇਖਿਆਂ ਸਭ ਤੋਂ ਪਹਿਲਾ ਨੁਕਤਾ ਜੋ ਸਾਡੇ ਧਿਆਨ ਦਾ ਕੇਂਦਰ ਬਣਦਾ ਹੈ ਉਹ ਇਹ ਹੈ ਕਿ ਭਾਰਤੀ ਪਰੰਪਰਾ ਦੇ ਅਨੁਸਾਰ ਧਰਮ ਦਾ ਪ੍ਰਕਾਰਜ ਕੀ ਹੈ ? ਉਤਰ ਵਿਚ ਕਿਹਾ ਜਾ ਸਕਦਾ ਹੈ ਕਿ ਧਰਮ ਮਨੁੱਖ ਲਈ ਇਕ ਦ੍ਰਿਸ਼ਟੀ ਦੀ ਘਾੜਤ ਕਰਦਾ ਹੈ। ਧਰਮ ਮਨੁੱਖ ਨੂੰ ਕੁਦਰਤ ਵਲੋਂ ਪ੍ਰਦੱਤ ਦਾਤ ਨਹੀਂ। ਇਸਨੂੰ ਮਨੁੱਖ ਨੇ ਗੁਰੂ ਦੁਆਰਾ ਦਸੀ ਸਾਧਨਾ-ਪ੍ਰਕਿਰਿਆ ਵਿਚ ਪੈ ਕੇ, ਇਕ ਰੂਪਾਂਤ੍ਰਿਤ ਦ੍ਰਿਸ਼ਟੀ ਵਜੋਂ ਮਿਲੀ ਦਾਤ ਵਾਂਗ ਗ੍ਰਹਿਣ ਕਰਨਾ ਹੈ। ਇਸ ਲਈ ਮਨੁੱਖ ਨੂੰ ਆਪਣੇ ਪ੍ਰਦੱਤ ਜੈਵਿਕ ਚਰਿੱਤਰ ਨੂੰ ਕਈ ਗੁਣਾਂ-ਲੱਛਣਾਂ ਦੇ ਸਾਂਚੇ ਵਿਚ ਢਾਲਣਾ ਲਾਜ਼ਮੀ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਦੀ ਜਨਮ ਜਾਤ ਪ੍ਰਵਿਰਤੀਆਂ ਦੀ ਪ੍ਰਕ੍ਰਿਤੀ ਤਾਂ ਇਕ ਨਿਰੰਤਰ ਵਹਾਉ ਦੇ ਅਨੁਸਾਰ ਤੁਰਨ ਵਾਲੀ ਹੈ। ਧਰਮ ਇਸ ਨਿਰੰਤਰ ਵਹਾਉ ਵਿਚ ਤੁਰਨ ਵਾਲੇ ਮਨੁੱਖੀ ਸਭਾ ਨੂੰ ਇਕ ਸੰਜਮ ਵਿਚ, ਇਕ ਰਹਾਉ ਤੇ ਨਿਯੰਤ੍ਰਣ ਵਿਚ ਬੰਨ੍ਹ ਕੇ ਜੀਵਨ ਜੀਣ ਦਾ ਨਾਮ ਹੈ 8305

ਇਸ ਦ੍ਰਿਸ਼ਟੀ ਤੋਂ ਜਦੋਂ 'ਜਪੁ' ਜੀ ਦੀ ਬਾਣੀ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਜਾਂਦਾ ਹੈ ਤਾਂ ਪਤਾ ਚਲਦਾ ਹੈ ਕਿ 'ਜਪੁ' ਜੀ ਵਿਚ ਮਨੁੱਖ ਦੀ ਨਿਰੰਤਰ ਵਹਾਉਸ਼ੀਲ ਪ੍ਰਕਿਰਤੀ ਨੂੰ ਸੰਜਮ ਵਿਚ ਬੰਨ੍ਹਣ ਦੇ ਕਈ ਸੰਕਲਪ ਪੇਸ਼ ਕੀਤੇ ਗਏ ਹਨ । 'ਜਪੁ' ਜੀ ਦੇ ਅਰੰਭ ਵਿਚ ਹੀ ਮਨੁੱਖ ਦੀ ਧਰਮ-ਸੰਬੰਧੀ ਸਮੱਸਿਆ ਨੂੰ ਧਰਮ-ਦ੍ਰਿਸ਼ਟੀ ਦੀ ਉਸਾਰੀ ਕਰਨ ਦੀ ਪ੍ਰਕਿਰਿਆ ਨਾਲ ਜੋੜਿਆ ਗਿਆ ਹੈ। ਉਹ ਪ੍ਰਕਿਰਿਆ ਭਾਰਤੀ ਪ੍ਰਸੰਗ ਵਿਚ ਤੁਰੇ ਆਉਂਦੇ ਧਾਰਮਿਕ ਕਰਮ ਕਾਂਡ ਦੀਆਂ ਵਿਧੀਆਂ ਵਿਚੋਂ ਗ੍ਰਹਿਣ-ਤਿਆਗ ਦੇ ਦ੍ਵੈਤ ਨਾਲ ਜੁੜੀ ਹੋਈ ਹੈ। 'ਜਪੁ' ਜੀ ਦੇ ਅਰੰਭ ਵਿਚ ਹੀ ਅਸੀਂ ਇਸ ਸਮੱਸਿਆ ਨੂੰ ਪੇਸ਼ ਹੋਇਆ ਵੇਖ ਸਕਦੇ ਹਾਂ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥੧॥[53]

ਉਪਰੋਕਤ ਪੇਸ਼ 'ਜਪੁ' ਜੀ ਦੀ ਪਹਿਲੀ ਹੀ ਪਉੜੀ ਵਿਚ ਅਜਿਹੀ ਧਰਮ-ਸਾਧਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਵਿਧੀਆਂ ਜੋ ਨਿਰੋਲ ਕਰਮ ਕਾਂਡ ਦੀ ਮੁਦਰਾ ਧਾਰਨ ਕਰ ਚੁੱਕੀਆਂ ਹਨ ਤੇ ਜੋ ਮਨੁੱਖ ਅੰਦਰ 'ਕੂੜ ਦੀ ਪਾਲ ਨੂੰ' ਤੋੜਨ ਤੇ 'ਸਚਿਆਰ' ਦੇ ਪਦ ਉਤੇ ਪੁੱਜਣ ਲਈ ਕੋਈ ਦ੍ਰਿਸ਼ਟੀ ਪੈਦਾ ਨਹੀਂ ਕਰਦੀਆਂ, ਉਨ੍ਹਾਂ ਸਭ ਧਰਮ-ਮੁਦਰਾਵਾਂ ਨੂੰ ਪਹਿਲਾਂ ਨਕਾਰਿਆ ਗਿਆ ਹੈ। ਨਕਾਰਨ ਸਮੇਂ ਗੁਰੂ ਜੀ ਦਾ ਬਲ ਹਰ ਧਾਰਮਿਕ ਮੁਦਰਾ ਦੇ ਬਾਹਰਲੇ ਸਮੂਰਤ ਤੇ ਸਰੀਰਕ ਵਿਖਾਵੇ ਵਾਲੇ ਕਰਮ ਕਾਂਡ ਨੂੰ ਨਕਾਰ ਕੇ, ਆਂਤਰਿਕ ਮਾਨਸਿਕਤਾ ਦੇ ਨਿਯੰਤ੍ਰਣ ਤੇ ਸੰਜਮ ਨੂੰ ਗ੍ਰਹਿਣ ਕਰਨ ਉਤੇ ਹੈ। ਦ੍ਰਿਸ਼ਟੀ ਦੀ ਘਾੜਤ ਦਾ ਸੰਬੰਧ ਗੁਰੂ ਜੀ ਮਨੁੱਖ ਦੀ ਅੰਦਰਲੀ ਮਾਨਸਿਕਤਾ ਦੇ ਰੂਪਾਂਤਰਣ ਨਾਲ ਜੋੜ ਕੇ ਪੇਸ਼ ਕਰਦੇ ਹਨ। ਧਾਰਮਿਕ ਦ੍ਰਿਸ਼ਟੀ ਦੇ ਨਿਰਮਾਨ ਦੀ ਇਹੋ ਦਿਸ਼ਾ ਹੈ। ਇਸ ਲਈ ਗੁਰੂ ਜੀ ਸਪਸ਼ਟ ਰੂਪ ਵਿਚ ਇਕ ਦ੍ਵੈਤ ਸਿਰਜਦੇ ਹਨ। ਦ੍ਵੈਤ ਹੈ : ਕੂੜ ਦੀ ਪਾਲ, ਹਉਮੈ ਤੇ ਸਰੀਰਕ ਕਰਮ ਕਾਂਡ ਦੀਆਂ ਧਾਰਮਿਕ ਮੁਦਰਾਵਾਂ ਵਿਚਕਾਰ ਤੇ ਸਚਿਆਰ ਪਦ ਦੀ ਪ੍ਰਾਪਤੀ ਲਈ, ਹੁਕਮ ਦੇ ਅਨੁਸਾਰੀ ਅੰਦਰਲੀ ਮਾਨਸਿਕਤਾ ਵਿਚ ਰੂਪਾਂਤਰਿਤ ਦ੍ਰਿਸ਼ਟੀ ਦੇ ਸਿਰਜਣ ਵਿਚਕਾਰ। ਸਚਿਆਰ ਦੇ ਪਦ ਉਤੇ ਅਪੜਨ ਲਈ ਸਰੀਰ ਦੀ ਸੁੱਚਮ ਮਾਤਰ ਹੀ ਕਾਫ਼ੀ ਨਹੀਂ ਕਿਉਂਕਿ ਕੂੜ ਦੀ ਪਾਲ (ਹਉਮੈ) ਤਾਂ ਅੰਦਰਲੇ ਦੇ ਦੁਆਲੇ ਖੜੀ ਹੈ ਅਤੇ ਇਸੇ ਨੇ ਪਰਮਾਤਮਾ ਦੇ ਸਤਿ ਸਰੂਪ ਤੋਂ ਵਿੱਥ ਪਾ ਰੱਖੀ ਹੈ। ਇਸੇ ਤਰ੍ਹਾਂ ਮੌਨ ਇਕ ਤਪ ਹੈ ਜੋ ਬਾਹਰਲਾ ਟਿਕਾਉ ਬਣਾਉਂਦਾ ਹੈ, ਅੰਦਰ ਡੋਲਦਾ ਰਹਿੰਦਾ ਹੈ, ਮਾਨਸਿਕਤਾ ਦਾ ਨਿਯੰਤ੍ਰਣ ਪ੍ਰਾਪਤ ਹੋਣ ਦੀ ਬਜਾਇ ਸੰਕਲਪਾਂ ਵਿਕਲਪਾਂ ਦੀ ਧਾਰਾ 'ਹਉ' ਦੇ ਪ੍ਰਭਾਵ ਅਧੀਨ ਰੁਕਦੀ ਨਹੀਂ। ਬ੍ਰਤ ਧਾਰਨ ਕਰਨ ਨਾਲ ਅੰਦਰਲੀ ਮਾਨਸਿਕ ਤ੍ਰਿਸ਼ਨਾ ਮੁਕਦੀ ਨਹੀਂ, ਸਗੋਂ 'ਹਉ' ਬਾਣੀ ਰਹਿੰਦੀ ਹੈ ਤੇ ਸਚਿਆਰ ਦੀ ਪ੍ਰਾਪਤੀ ਨਹੀਂ ਹੁੰਦੀ। ਸ਼ਾਸਤ੍ਰ ਦੇ ਵੀਚਾਰ ਵਿਚੋਂ ਉਪਜੀਆਂ ਸਿਆਣਪਾਂ ਤੇ ਚਤੁਰਾਈਆਂ ਨਾਲ ਵੀ ਕੂੜ ਦੀ ਪਾਲ (ਹਉਮੈ) ਨਹੀਂ ਮਿਟਦੀ, ਸਗੋਂ ਹੋਰ ਵਧਦੀ ਹੈ। ਇਸ ਲਈ ਸਤਿਗੁਰੂ ਫੁਰਮਾਉਂਦੇ ਹਨ ਕਿ ਜਿਨ੍ਹਾਂ ਬਾਹਰਲੇ ਤੇ ਸਮੂਰਤ ਵਿਖਾਵੇ ਦੇ ਕਰਮ ਕਾਂਡ ਨਾਲ ਦ੍ਰਿਸ਼ਟੀ ਦਾ ਨਿਰਮਾਨ ਨਹੀਂ ਹੁੰਦਾ, ਉਹ ਧਰਮ-ਦ੍ਰਿਸ਼ਟੀ ਦੇ ਪੱਖੋਂ ਨਕਾਰਨ ਤੇ ਤਿਆਗਣਯੋਗ ਹਨ। ਲੋੜ ਤਾਂ ਅੰਦਰਲੇ ਮਾਨਸਿਕ ਟਿਕਾਉ ਤੇ ਸੰਜਮ ਭਰੀ ਦ੍ਰਿਸ਼ਟੀ ਦੇ ਨਿਰਮਾਨ ਦੀ ਹੈ। ਇਸ ਲਈ ਨਕਾਰਨ ਤੋਂ ਬਾਅਦ ਸਤਿਗੁਰੂ ਪ੍ਰਸ਼ਨ ਕਰਦੇ ਹਨ ਕਿ ਫਿਰ ਸਚਿਆਰ ਪਦ ਦੀ ਪ੍ਰਾਪਤੀ ਕਿਵੇਂ ਹੋਵੇ ? ਉੱਤਰ ਵਿਚ ਦਸਿਆ ਗਿਆ ਹੈ ਕਿ ਸਚਿਆਰ ਪਦ ਦੀ ਪ੍ਰਾਪਤੀ ਲਈ 'ਹੁਕਮ ਰਜਾਈ' ਦੇ ਦ੍ਰਿਸ਼ਟੀਸੰਪੰਨ ਪ੍ਰਤੀਉੱਤਰ ਦਾ ਹੋਣਾ ਜ਼ਰੂਰੀ ਹੈ। ਇਥੇ ਹੁਕਮ, ਰਜ਼ਾ ਤੇ ਦ੍ਰਿਸ਼ਟੀ ਨੂੰ ਸਪਸ਼ਟ ਕਰਨ ਲਈ 'ਜਪੁ' ਜੀ ਦੀ ਅਗਲੀ ਪਉੜੀ ਵਿਚ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਦੇ ਆਪਸੀ ਅੰਤਰਸੰਬੰਧਾਂ ਨੂੰ ਪਛਾਣਨ ਲਈ ਪਹਿਲਾਂ ਪਉੜੀ ਨੂੰ ਸਨਮੁਖ ਕਰ ਲੈਣਾ ਉਚਿਤ ਜਾਪਦਾ ਹੈ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

CC-0. In Public Domain. Gurukul Kangri Collection, Haridwar

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ।।
Digitized by Arya Samaj Foundation Chennai and eGangotri
ਹੁਕਮੈ ਅੰਦਰਿ ਸਭ ਕੋ ਬਾਹਰ ਹੁਕਮ ਨ ਕੋਇ ।।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ।।੨।।[54]

ਉਪਰੋਕਤ ਪਉੜੀ ਵਿਚ ਵਰਤੇ ਗਏ 'ਹੁਕਮ' ਦੇ ਸੰਕਲਪ ਨੂੰ ਰਤਾ ਕੁ ਧਿਆਨ ਨਾਲ ਵਿਚਾਰਨ ਨਾਲ, ਇਹ ਵੀ ਧਰਮ-ਦ੍ਰਿਸ਼ਟੀ ਨਾਲ ਅੰਤਰ-ਸੰਬੰਧਿਤ ਹੋਇਆ ਜਾਪਦਾ ਹੈ। 'ਹੁਕਮ' ਸ਼ਬਦ ਅਰਬੀ ਦਾ ਹੈ, ਜਿਸ ਦਾ ਅਰਥ ਆਗਿਆ ਹੈ। ਆਪਣੀ ਮਰਜ਼ੀ ਜੋ ਦੂਸਰੇ ਨੂੰ ਮਨਾਈ ਜਾਏ। ਪਰ 'ਹੁਕਮ' ਨੂੰ ਗੁਰੂ ਨਾਨਕ 'ਹਉਮੈ' ਦੇ ਵਿਰੋਧ ਵਿਚ ਵੀ ਰੱਖਦੇ ਹਨ। ਜਿਸ ਤੋਂ ਸਾਡੀ ਮਰਜ਼ੀ, ਸਾਡੀ ਹਉਂ ਜੋ ਦੇਸ਼ ਕਾਲ ਵਾਲਿਆਂ ਦੀ ਹੈ, ਉਸਨੂੰ 'ਹਉਮੈ' ਨਾਲ ਜੋੜਿਆ ਹੈ ਤੇ ਅਕਾਲ ਪੁਰਖ ਦੀ ਮਰਜ਼ੀ, ਜੋ ਦੇਸ਼ ਕਾਲ ਰਹਿਤ ਹੈ ਨਾਲ 'ਹੁਕਮ' ਦੇ ਸੰਕਲਪ ਨੂੰ ਜੋੜਿਆ ਹੈ। ਇਉਂ ਇਥੇ 'ਹੁਕਮ' ਤੋਂ ਭਾਵ ਅਕਾਲ ਪੁਰਖ ਦੀ ਇੱਛਾ, ਕਾਨੂੰਨ, ਸ਼ਬਦ ਆਦਿ ਕਈ ਪਦਾਂ ਨਾਲ ਜੋੜ ਕੇ ਟੀਕਾਕਾਰਾਂ ਨੇ 'ਹੁਕਮ' ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਹੈ। ਇਨ੍ਹਾਂ ਅਰਥਾਂ ਵਿਚ ਹੁਕਮ ਵਿਚ ਉਸ ਨੇਮ-ਵਿਧਾਨ ਵਾਲੀ ਦ੍ਰਿਸ਼ਟੀ ਦੇ ਅਰਥਾਂ ਵਿਚ ਸਾਹਮਣੇ ਆਉਂਦਾ ਹੈ ਜੋ ਪ੍ਰਪੰਚ ਦੇ ਸਾਰੇ ਅਕਾਰਾਂ, ਜੀਵਾਂ ਤੇ ਸਮਾਜਾਂ ਨੂੰ ਸੰਜਮ ਵਿਚ ਬੰਨ੍ਹ ਕੇ, ਇਕ ਪ੍ਰਬੰਧ ਤੇ ਸਿਸਟਮ ਦੇਂਦਾ ਹੈ। ਇਥੇ ਪ੍ਰਪੰਚ ਤੋਂ ਭਾਵ ਦਿਸਦੇ ਕਾਲ ਦੇ ਦੇਸ਼ ਦੇ ਪਸਾਰੇ ਵਿਚ ਫੈਲੀਆਂ ਵਸਤਾਂ, ਵਿਅਕਤੀਆਂ, ਸਮਾਜਕ ਤੇ ਰਾਜਸੀ ਘਟਨਾਵਾਂ ਦੀ ਵਿਵਿਧਤਾ ਦੇ ਘੜਮਸਮੂਲਕ ਦ੍ਰਿਸ਼ ਤੋਂ ਹੈ। ਗੁਰੂ ਜੀ ਦਾ ਇਥੇ ਹੁਕਮ ਦੀ ਦ੍ਰਿਸ਼ਟੀ ਤੋਂ ਭਾਵ ਇਹ ਹੀ ਜਾਪਦਾ ਹੈ ਕਿ ਜੇ ਮਨੁੱਖ ਪਾਸ ਇਸ ਘੜਮਸਮੂਲਕ ਪ੍ਰਪੰਚ ਨੂੰ ਸੰਜਮ ਤੇ ਪ੍ਰਬੰਧਸ਼ੀਲ ਸਿਸਟਮ ਵਿਚ ਉਤਾਰ ਸਕਣ ਦੀ ਯੋਗਤਾ ਹੈ ਤਾਂ ਹੀ ਉਹ ਧਰਮ-ਦ੍ਰਿਸ਼ਟੀ ਨਾਲ ਵਿਚਰ ਸਕਦਾ ਹੈ। ਤੇ ਧਰਮ-ਦ੍ਰਿਸ਼ਟੀ ਵਿਚ ਵਿਚਰਨ ਵਾਲਾ ਵਿਅਕਤੀ ਆਪਣੀ ਹਉਮੈ ਅਤੇ ਉਨ੍ਹਾਂ ਫੋਕਟ ਕਰਮ ਕਾਂਡਾਂ ਜੋ ਹਉਮੈ ਨੂੰ ਪੈਦਾ ਕਰਦੇ ਹਨ, ਨੂੰ ਤਿਆਗ ਕੇ ਹੀ ਹੁਕਮਸੰਪੰਨ ਦ੍ਰਿਸ਼ਟੀ ਵਿਚ ਪ੍ਰਤੀਉੱਤਰਸ਼ੀਲ ਹੋਣ ਨਾਲ ਸਚਿਆਰ ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਉਪਰ ਦਿੱਤੀ ਪਉੜੀ ਵਿਚ 'ਹੁਕਮ ਨ ਕਹਿਆ ਜਾਈ' ਰਾਹੀਂ ਹੁਕਮੀ ਨੂੰ ਦੇਸ਼ ਕਾਲ ਵਾਲੇ ਅਕਾਰ ਸਹਿਤ ਹਉਮੈ ਵਾਲੇ ਜੀ ਤੋਂ ਤੋੜ ਕੇ, ਦੇਸ਼ ਕਾਲ ਤੋਂ ਪਾਰਲੇ ਨਿਰਅਕਾਰ ਅਕਾਲ ਪੁਰਖ ਨਾਲ ਜੋੜ ਕੇ ਅਕਥਲੀਯ ਕਿਹਾ ਹੈ। ਇਸ ਤਰ੍ਹਾਂ ਉਹ ਇਕ ਅਕਾਲ ਪੁਰਖ, ਜੋ ਦੇਸ਼ ਕਾਲ ਦੇ ਅਕਾਰਾਂ ਤੋਂ ਪਰ੍ਹੇ ਹੈ, ਦੇ ਨਾਮ 'ਹੁਕਮ' ਨੂੰ ਜੋੜਿਆ ਗਿਆ ਹੈ। ਉਸ ਇਕ ਅਕਾਲ ਪੁਰਖ ਦਾ ਹੁਕਮ ਜਿਤਨੇਂ ਵੀ ਦ੍ਰਿਸ਼ਟੀਮੂਲਕ ਪ੍ਰਪੰਚ ਦੇ ਆਕਾਰ, ਜੀਵ ਤੇ ਸਮਾਜ ਹਨ, ਉਨ੍ਹਾਂ ਨੂੰ ਇਕ ਹੁਕਮ ਦੇ ਨੇਮ-ਪ੍ਰਬੰਧ ਵਿਚ ਸੂਤ੍ਰਿਤ ਕਰਦਾ ਹੈ। ਜੇ ਕੋਈ ਮਨੁੱਖ ਇਸ ਦ੍ਰਿਸ਼ਟੀ ਨੂੰ ਆਤਮਸਾਤ ਕਰ ਕੇ, ਇਸ ਅਨੁਸਾਰ ਜ਼ਿੰਦਗੀ ਵਲ ਪ੍ਰਤੀਉੱਤਰਸ਼ੀਲ ਹੋਵੇ, ਉਹ ਹੀ ਹੁਕਮ ਨੂੰ ਬੁਝ ਸਕਦਾ ਹੈ ਤੇ ਉਸ ਦੀ ਹਉਮੈ ਤੇ ਕੂੜ ਦੀ ਪਾਲ ਟੁੱਟ ਜਾਂਦੀ ਹੈ। ਉਹ ਸਚਿਆਰ ਪਦ ਦੀ ਪ੍ਰਾਪਤੀ ਵਲ ਤਦ ਹੀ ਵੱਧ ਸਕਦਾ ਹੈ ਜੇ ਉਹ ਸਮੂਹ ਪ੍ਰਪੰਚ ਦੇ ਸੰਚਾਲਕ ਅਮੂਰਤ ਸੂਰਤ ਰੂਪ ਹੁਕਮ ਦੇ ਨੇਮ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕਸੁਰਤਾ ਤੇ ਇਕਸਾਰਤਾ ਸਥਾਪਿਤ ਕਰ ਲੈਂਦਾ ਹੈ। ਇਉਂ ਜਪੁ ਜੀ ਦਾ 'ਹੁਕਮ' ਦਾ ਸੰਕਲਪ ਸਾਰੀ ਪ੍ਰਪੰਚਸ਼ੀਲ ਵਿਵਿਧਤਾ ਨੂੰ ਇਕ ਸੂਰਤ ਤੇ ਸੰਜਮ ਵਿਚ ਬੰਨ੍ਹਣ ਵਾਲਾ ਨੇਮ ਹੈ ਤੇ ਜਿਤਨਾ ਕੋਈ ਮਨੁੱਖ ਹੁਕਮ ਦੇ ਇਸ ਨੇਮ ਅਨੁਸਾਰ ਆਪਣੀ ਦ੍ਰਿਸ਼ਟੀ ਦਾ ਰੂਪਾਂਤਰਣ ਕਰਦਾ ਹੈ, ਉਤਨਾ ਹੀ ਉਹ ਧਰਮਸੰਪੰਨ ਦ੍ਰਿਸ਼ਟੀ ਵੱਲ ਵਧਦਾ ਜਾਂਦਾ ਹੈ। ਇਉਂ ਧਰਮਸੰਪੰਨ ਦ੍ਰਿਸ਼ਟੀ ਜਾਂ ਹੁਕਮ ਆਧਾਰੀ ਦ੍ਰਿਸ਼ਟੀ ਇਹ ਦਸ ਪਾਂਦੀ ਹੈ ਕਿ ਜੇ ਤੁਸੀਂ ਪ੍ਰਪੰਚ ਦੀਆਂ ਵਿਵਿਧਤਾਵਾਂ ਤੇ ਸੰਪ੍ਰਦਾਵਾਂ ਨੂੰ ਭਿੰਨ ਭਿੰਨ ਕਰਕੇ ਵੇਖੋਗੇ ਤਾਂ ਧਰਮਮੂਲਕ ਦ੍ਰਿਸ਼ਟੀ ਤੋਂ ਦੂਰ ਹੁੰਦੇ ਜਾਓਗੇ ਤੇ ਜਿਤਨਾ ਇਨ੍ਹਾਂ ਵਿਚਲੇ ਇਕਾਗਰਕਾਰੀ ਹੁਕਮ ਦੇ ਸੂਤਰ/ਨੇਮ ਨੂੰ ਸਮਝੋਗੇ, ਉਤਨਾ ਧਰਮਮੂਲਕ ਹੁੰਦੇ ਜਾਓਗੇ। ਇਉਂ ਜੇ ਹੁਕਮ ਦੇ ਵਿਰੋਧ ਵਿਚ ਹਉਮੈਸੰਪੰਨ ਦ੍ਰਿਸ਼ਟੀ ਨਾਲ ਸੰਸਾਰ ਨੂੰ ਵੇਖੋਗੇ ਤਾਂ ਨਾਹ ਹੁਕਮ ਦੀ ਪਛਾਣ ਹੋ ਸਕਦੀ ਹੈ ਤੇ ਨਾ ਹੀ ਧਰਮ ਦੀ। ਇਸ ਦਾ ਕਾਰਣ ਇਹ ਹੈ ਕਿ ਪ੍ਰਪੰਚ ਦੀ ਵਿਵਿਧਤਾ ਤੇ ਮਾਇਆ ਵਿਚ ਗ੍ਰਸਤ ਹੋਣ ਨਾਲ ਹੀ ਤਾਂ ਮੈਂ, ਮੇਰੀ ਤੇ ਦੇਸ਼ ਕਾਲਯੁਕਤ ਹਉਮੈ ਬਣਦੀ ਹੈ। ਪਰੰਤੂ ਹੁਕਮ ਦਾ ਨੇਮ/ਸਿਧਾਂਤ ਸਾਰੇ ਸੰਸਾਰ ਦੇ ਮਾਇਆਵੀ ਪ੍ਰਪੰਚ ਨੂੰ ਇਕ ਇਕਾਗਰਕਾਰੀ ਸੰਜਮ ਵਿਚ ਬੰਨ੍ਹ ਕੇ, ਪ੍ਰਬੰਧਸ਼ੀਲ ਦ੍ਰਿਸ਼ਟੀ ਨਾਲ ਸਮਝਣ ਦੀ ਸੂਝ ਦੇਂਦਾ ਹੈ। ਇਉਂ ਹਉਮੈ ਦਾ ਤਿਆਗ ਤੇ ਹੁਕਮ ਦੇ ਗ੍ਰਹਿਣ ਨਾਲ ਹੀ ਧਰਮ-ਦ੍ਰਿਸ਼ਟੀ ਦੀ ਪਛਾਣ ਸੰਭਵ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਦਾ ਹੁਕਮ-ਸਿਧਾਂਤ ਇਕ ਨਿਜਾਤੀਤ ਪ੍ਰਬੰਧ/ਸਿਸਟਮ ਹੈ, ਜਿਸ ਦੀ ਕਾਰਜਸ਼ੀਲਤਾ ਨਾਲ ਬ੍ਰਹਮੰਡ ਦੇ ਵਿਰਾਟ ਪਸਾਰੇ ਦੀਆਂ ਭਿੰਨ ਭਿੰਨ ਬਣਤਰਾਂ ਸਾਹਮਣੇ ਆਉਂਦੀਆਂ ਹਨ। ਇਹ ਵਿਧੀ ਵੀ ਗਹਿਨ ਸੰਰਚਨਾ ਤੇ ਉਪਰਲੀ ਉਸਾਰੀ ਦੇ ਆਪਸੀ ਸੰਬੰਧਾਂ ਦੀ ਚਰਚਾ ਕਰਨ ਵਾਲੀ ਹੈ। ਸੱਚ ਦਾ ਉਪਾਸਕ ਤੇ ਮੁਤਲਾਸ਼ੀ ਹਮੇਸ਼ਾ ਹੀ ਉਪਰਲੀ ਪੱਧਰ ਦੇ ਦ੍ਰਿਸ਼ਟਮਾਨ ਨਜ਼ਾਰਿਆਂ ਤੋਂ ਤੁਰਦਾ ਹੋਇਆ, ਨੇਮ-ਪ੍ਰਬੰਧ ਦੀ ਗਹਿਨ-ਸੰਰਚਨਾ ਤੱਕ ਪੁੱਜਦਾ ਹੈ। ਇਹ ਨੇਮ ਪਛਾਨਣ ਦੀ ਪਰਵਿਰਤੀ ਹੈ ਜੋ ਨਿਰਸੰਦੇਹ ਗੁਰੂ ਨਾਨਕ ਦੇਵ ਨੂੰ ਇਕ ਧਰਮ-ਵਿਗਿਆਨੀ ਦੇ ਰੂਪ ਵਿਚ ਪੇਸ਼ ਕਰਦੀ ਹੈ।

ਧਰਮ-ਵਿਗਿਆਨੀ ਦੇ ਹੋਣ ਕਾਰਨ ਹੀ ਗੁਰੂ ਨਾਨਕ ਜਦੋਂ ਭਾਰਤੀ ਪੌਰਾਣ ਵਿਚ ਧਰਤੀ ਦੇ ਭਾਰ ਨੂੰ ਇਕ ਬੈਲ ਦੇ ਸਿੰਗ ਉਪਰ ਚੁੱਕੇ ਹੋਏ ਹੋਣ ਵਾਲੀ ਮਿੱਥ ਨੂੰ ਚਰਚਾ ਦਾ ਆਧਾਰ ਬਣਾਉਂਦੇ ਹਨ ਤਾਂ ਉਹ ਵਿਅੰਗਮੂਲਕ ਹੋ ਕੇ, ਧਰਮ ਦੀ ਪਰਿਭਾਸ਼ਾ ਨੂੰ ਦਇਆ ਤੇ ਸੰਤੋਖ ਨਾਲ ਸੰਬੰਧਿਤ ਕਰਕੇ, ਫਿਰ ਧਰਮਸੰਪੰਨ ਦ੍ਰਿਸ਼ਟੀ ਨੂੰ ਸੰਜਮ ਤੇ ਪ੍ਰਬੰਧਸ਼ੀਲ ਦ੍ਰਿਸ਼ਟੀ ਨਾਲ ਹੀ ਜੋੜਦੇ ਪ੍ਰਤੀਤ ਹੁੰਦੇ ਹਨ। ਵਿਚਾਰ ਕਰਨ ਤੋਂ ਪਹਿਲਾਂ ਸੰਬੰਧਿਤ ਪੰਗਤੀਆਂ ਨੂੰ ਸਨਮੁਖ ਕਰ ਲੈਣਾ ਉਚਿਤ ਜਾਪਦਾ ਹੈ :

ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥[56]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਪੰਗਤੀਆਂ ਵਿਚ ਗੁਰੂ ਨਾਨਕ ਦੇਵ ਜੀ ਇਹ ਦਸਦੇ ਹਨ ਕਿ ਧਰਤੀ ਦੇ ਹੇਠਾਂ ਕੋਈ ਹੱਡ, ਚੰਮ ਯਾ ਮਿੱਟੀ/ਪੱਥਰ ਦਾ ਬੌਲਦ ਨਹੀਂ, ਰਚਨਾ ਨੂੰ ਇਕ ਸੂਤਰ ਵਿਚ ਕਾਇਮ ਰੱਖਣ ਵਾਲਾ ਬੌਲਦ, ਧਰਮ ਹੀ ਹੈ ਤੇ ਧਰਮ ਤੋਂ ਉਨ੍ਹਾਂ ਦਾ ਭਾਵ ਪਰਮਾਤਮਾ ਦਾ ਬੰਨ੍ਹਿਆਂ ਤੇ ਸੂਤ੍ਰਿਤ ਕੀਤਾ ਇਕ ਹੁਕਮ ਦਾ ਕਾਨੂੰਨ/ਨੇਮ-ਸਿਧਾਂਤ ਹੀ ਹੈ। ਇਸ ਨੇਮ/ਧਰਮ ਨੂੰ ਦਇਆ ਤੇ ਸੰਤੋਖ ਨਾਲ ਅੰਤਰਸੰਬੰਧਿਤ ਕਰਕੇ, ਸਾਰੇ ਪ੍ਰਪੰਚਸ਼ੀਲ ਵਿਸਥਾਰ ਨੂੰ ਇਕ ਪ੍ਰਬੰਧ ਵਿਚ ਬੰਨ੍ਹਣ ਵਾਲੇ ਨੇਮ ਨਾਲ ਸੰਬੰਧਿਤ ਕਰ ਦੇਂਦੇ ਹਨ ਤੇ ਫਿਰ ਫੁਰਮਾਉਂਦੇ ਹਨ ਕਿ ਜੇ ਕੋਈ ਹਉਮੈ ਨੂੰ ਤਿਆਗ ਕੇ ਇਸ ਧਰਮਸੰਪੰਨ ਦ੍ਰਿਸ਼ਟੀ ਨੂੰ ਬੂਝ ਲਵੇ ਤਾਂ ਉਹ ਸਚਿਆਰ ਪਦ ਦੀ ਪ੍ਰਾਪਤੀ ਕਰ ਜਾਂਦਾ ਹੈ। ਇਸ ਤਰ੍ਹਾਂ ਸਮੂਰਤ ਬੌਲਦ ਦੀ ਥਾਂ ਅਮੂਰਤ ਦਇਆ ਤੇ ਸੰਤੋਖ ਦੇ ਗੁਣਾਂ ਨੂੰ ਵਿਸਥਾਪਿਤ ਕਰਕੇ, ਇਕ ਤਾਂ ਗੁਰੂ ਨਾਨਕ ਦੇਵ ਨੇ ਸਾਨੂੰ ਸਮੂਰਤ ਤੇ ਬਾਹਰਲੇ ਚਿਹਨ-ਵਿਗਿਆਨ ਤੇ ਕਰਮ ਕਾਂਡ ਤੋਂ ਮੁਕਤ ਕੀਤਾ ਦੂਜਾ ਧਰਮ ਨੂੰ ਦਇਆ ਤੇ ਸੰਤੋਖ ਨਾਲ ਜੋੜ ਕੇ ਇਕ ਸੰਜਮ/ਸੰਤੁਲਨ ਪੈਦਾ ਕਰਨ ਵਾਲੀ ਦ੍ਰਿਸ਼ਟੀ ਦੇ ਨਿਰਮਾਨ ਨਾਲ ਵੀ ਜੋੜਿਆ। ਇਉਂ ਗੁਰੂ ਨਾਨਕ ਦੇਵ ਜੀ ਨੇ ਪੁਰਾਣੀ ਮਿੱਥ ਦੇ ਵਿਰੋਧ ਵਿਚ ਧਰਤੀ ਦੀ ਨੀਂਹ ਧਰਮ, ਦਇਆ ਤੇ ਸੰਤੋਖ ਉਤੇ ਰੱਖ ਦਿੱਤੀ। ਅਜਿਹਾ ਗੁਰੂ ਨਾਨਕ ਦੇਵ ਨੇ ਆਪਣੇ ਸਮਕਾਲੀ ਹਿੰਸਾ ਵਾਲੇ ਮਾਹੌਲ ਦੇ ਪ੍ਰਤੀਉੱਤਰ ਵਿਚ ਕੀਤਾ। ਇਸ ਸਚਿਆਰ ਪਦ ਦੀ ਧਰਮਸੰਪੰਨ ਦ੍ਰਿਸ਼ਟੀ ਨੂੰ ਪ੍ਰਾਪਤ ਕਰਨ ਵਾਲੀ ਸਾਧਨਾ ਪ੍ਰਕ੍ਰਿਆ ਨੂੰ ਨਾਮ ਸ੍ਰਵਣ ਤੇ ਨਾਮ ਦੇ ਮਨਨ ਕਰਨ ਨਾਲ ਜੋੜ ਕੇ ਜਪੁ ਜੀ ਵਿਚ ਜੋ ਧਰਮ-ਦ੍ਰਿਸ਼ਟੀ ਸਥਾਪਿਤ ਕੀਤੀ ਗਈ ਹੈ, ਉਸ ਨੂੰ ਭਿੰਨ ਭਿੰਨ ਸੰਪ੍ਰਦਾਵਾਂ ਦੇ ਭਿੰਨ ਭਿੰਨ ਦੱਸੇ ਰਸਤਿਆਂ ਤੋਂ ਉੱਪਰ ਚੁੱਕ ਕੇ ਏਕਤਾ ਤੇ ਸਾਂਝੀਵਾਲਤਾ ਪੈਦਾ ਕਰਨ ਲਈ ਸਾਂਝੀ ਅਮੂਰਤ ਧਾਰਮਿਕ ਬਿਰਤੀ ਨਾਲ ਜੋੜਿਆ ਗਿਆ ਹੈ। ਜਪੁ ਜੀ ਦੀ ਧਰਮ-ਦ੍ਰਿਸ਼ਟੀ ਦੀ ਇਹ ਵਿਲੱਖਣਤਾ ਹੇਠ ਲਿਖੀਆਂ ਪੰਗਤੀਆਂ ਵਿਚ ਪੇਸ਼ ਹੈ :

ਮੰਨੈ ਮਗੁ ਨ ਚਲੈ ਪੰਥੁ ॥
ਮੰਨੈ ਧਰਮ ਸੇਤੀ ਸਨਬੰਧੁ ॥...॥੧੪॥[66]

ਇਸ ਤੋਂ ਉਪਰੰਤ ਗੁਰੂ ਨਾਨਕ ਦੇਵ ਬਾਰ ਬਾਰ ਇਹ ਕਹਿੰਦੇ ਹਨ ਕਿ ਸਚਿਆਰ ਬਣਨ ਲਈ ਉਪਰੋਕਤ ਵਿਚ ਕਥਿਤ ਸਿਧਾਂਤਾਂ ਦੀ ਮੱਦਦ ਨਾਲ ਮਨੁੱਖ ਆਪਣੇ ਵਜੂਦ ਵਿਚ ਉਸ ਦ੍ਰਿਸ਼ਟੀ ਨੂੰ ਉਤਾਰ ਸਕਦਾ ਹੈ, ਜਿਸ ਨਾਲ ਉਹ ਇਕ ਆਦਰਸ਼ ਇਨਸਾਨ ਬਣ ਸਕਦਾ ਹੈ। ਪਰ ਇਸ ਸਾਰੀ ਸਮੱਸਿਆ ਨੂੰ ਵਧੇਰੇ ਸਮੂਰਤਣ ਦੇਣ ਲਈ ਗੁਰੂ ਨਾਨਕ ਦੇਵ 'ਜਪੁ' ਜੀ ਵਿਚ ਪਹਿਲਾਂ ਮਨੁੱਖ ਦੀ ਸਥਿਤੀ ਨੂੰ ਹੋਰ ਜੀਵ-ਜਾਤੀਆਂ ਦੇ ਮੁਕਾਬਲੇ ਉਤੇ ਸਪਸ਼ਟ ਵੀ ਕਰਨਾ ਚਾਹੁੰਦੇ ਹਨ। ਪ੍ਰਕਿਰਤੀ ਦੇ ਵਿਸ਼ਾਲ ਪਸਾਰੇ ਵਿਚ ਮਨੁੱਖ ਦੀ ਥਾਂ ਕਿਥੇ ਹੈ, ਇਸ ਬਾਰੇ ਗੁਰੂ ਸਾਹਿਬ ਫੁਰਮਾਉਂਦੇ ਹਨ :

ਰਾਤੀ ਰੁਤੀ ਥਿਤੀ ਵਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥[67]

ਇਹ ਪਉੜੀ ਸੰਸਕ੍ਰਿਤੀ-ਵਿਗਿਆਨ ਦੇ ਨੁਕਤੇ ਤੋਂ ਕਾਇਨਾਤ ਵਿਚ ਮਨੁੱਖ ਦਾ ਇਕ ਤਾਂ ਸਥਾਨ ਨਿਸ਼ਚਿਤ ਕਰਦੀ ਹੈ ਤੇ ਦੂਸਰਾ ਉਸ ਦੀ ਮਾਨਸਿਕ ਪ੍ਰਗਤੀ ਦਾ ਮਾਰਗ ਦਰਸਾਉਂਦੀ ਹੈ। ਇਸ ਵਿਚ ਧਰਮ, ਵਿਹਾਰ ਤੇ ਸਿਧਾਂਤ ਦੋਹਾਂ ਪੱਖਾਂ ਤੋਂ ਇਕੱਠਾ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਆਪਣੇ ਆਪ ਵਿਚ ਧਰਮ-ਵਿਗਿਆਨ ਤਥਾ ਸੰਸਕ੍ਰਿਤੀ-ਵਿਗਿਆਨ ਦੇ ਪਹਿਲੂ ਤੋਂ ਬੜੀ ਨਾਯਾਬ ਪ੍ਰਾਪਤੀ ਹੈ। ਅਸੀਂ ਰਤਾ ਕੁ ਇਸ ਦੀ ਵਿਆਖਿਆ ਵਲ ਸਰਕਦੇ ਹਾਂ ਤਾਂ ਜੋ ਸਾਰੀ ਗੱਲ ਵਧੇਰੇ ਉਘੜਵੇਂ ਰੂਪ ਵਿਚ ਸਾਹਮਣੇ ਆ ਸਕੇ। ਗੁਰੂ ਸਾਹਿਬ ਦਸਦੇ ਹਨ ਕਿ ਮਨੁੱਖ ਹੋਰ ਅਨੇਕ ਪ੍ਰਕਾਰ ਦੇ ਜੀਵਾਂ ਨਾਲ ਧਰਤੀ ਦਾ ਹੀ ਵਸਨੀਕ ਹੈ। ਅਤੇ ਇਹ ਧਰਤੀ ਪ੍ਰਕਿਰਤੀ ਦੇ ਪਰਵਰਤਨਸ਼ੀਲ ਵਿਧਾਨ ਦੇ ਮੁਤਾਬਕ ਸਾਹਮਣੇ ਵੀ ਆਉਂਦੀ ਹੈ ਤੇ ਇਸ ਦੇ ਅੰਤਰਗਤ ਨੇਮ-ਸਿਧਾਂਤ ਤਥਾ ਸਿਸਟਮ ਵੀ ਕਾਰਜਸ਼ੀਲ ਹੈ। ਜਦੋਂ ਗੁਰੂ ਸਾਹਿਬ ਕਹਿੰਦੇ ਹਨ ਕਿ ਰਾਤਾਂ, ਰੁਤਾਂ, ਥਿਤਾਂ, ਪਵਣੁ, ਪਾਣੀ, ਅਗਨੀ, ਮਿੱਟੀ, ਸਾਰੇ ਇਕ ਚੱਕਰ ਵਿਚ ਹਨ ਤਾਂ ਉਹ ਇਸੇ ਪਹਿਲੂ ਵਲ ਸੰਕੇਤ ਕਰ ਰਹੇ ਹਨ ਅਤੇ ਇਸ ਪਰਵਰਤਨਸ਼ੀਲ ਪਰਵਾਹ ਵਿਚੋਂ ਉਨ੍ਹਾਂ ਦੇ ਮੁਤਾਬਕ ਧਰਤੀ ਸਾਹਮਣੇ ਆਉਂਦੀ ਹੈ। ਧਰਤੀ ਧਰਮਸਾਲ ਹੈ ਜਿਸ ਦਾ ਭਾਵ ਇਹ ਹੈ ਕਿ ਇਸ ਦਾ ਆਧਾਰ ਹੀ ਧਰਮ ਹੈ। ਧਰਮ, ਸੁਤ੍ਰਿਤ ਰੱਖਣਵਾਲਾ ਨੇਮ ਹੈ, ਜਿਸ ਦੀ ਸੰਕਲਪਨਾ ਅਨਾਚਾਰ ਦੇ ਵਿਰੋਧ ਵਿਚ ਹੀ ਕੀਤੀ ਜਾ ਸਕਦੀ ਹੈ। ਧਰਤੀ ਵਿਚਲੀ ਇਹ ਨੇਮਣ-ਬਿਰਤੀ ਆਪਣਾ ਧਰਮ ਕਈ ਪਹਿਲੂਆਂ ਤੋਂ ਨਿਭਾਉਂਦੀ ਹੈ। ਇਸ ਵਿਚ ਬਨਸਪਤੀ, ਜੀਵ, ਜੰਤੂ ਕਈ ਪ੍ਰਕਾਰ ਦੀਆਂ ਵਿਭਿੰਨ ਜਾਤੀਆਂ ਇਸ ਦੇ ਨੇਮ ਦੇ ਮੁਤਾਬਕ ਨਿਪਜਦੀਆਂ ਹਨ, ਉਪਜਦੀਆਂ ਹਨ ਤੇ ਅੰਤ ਲੈਅ ਕਾਲ ਨੂੰ ਪ੍ਰਾਪਤ ਹੁੰਦੀਆਂ ਹਨ। ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਵਿਚ 'ਜੀਵ ਜੁਗਤਿ ਕੇ ਰੰਗ' ਹਨ ਜਾਂ ਇਉਂ ਕਹਿ ਲਉ, ਕਿ ਇਸ ਵਿਚ ਤਰ੍ਹਾਂ ਤਰ੍ਹਾਂ ਦੇ ਜੀਵ ਹਨ ਤੇ ਹਰ ਪ੍ਰਕਾਰ ਦੇ ਜੀਵ ਦੀ ਆਪੋ ਆਪਣੀ ਜੀਵਨ-ਜੁਗਤਿ ਹੈ। ਇਨ੍ਹਾਂ ਜੀਵਾਂ ਤੇ ਇਨ੍ਹਾਂ ਦੀਆਂ ਜੁਗਤਾਂ ਸੰਬੰਧੀ ਜੇ ਕੁਝ ਕਿਹਾ ਜਾ ਸਕਦਾ ਹੈ ਤਾਂ ਉਹ ਇਨ੍ਹਾਂ ਦੀ ਕਿਰਿਆ ਦੇ ਆਧਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਤੇ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਜੀਵਾਂ ਦਾ ਆਪੋ ਆਪਣੇ ਜੀਵਨ ਤੇ ਜੁਗਤਿ ਦੇ ਨਾਲ ਆਪੋ-ਆਪਣਾ ਕਰਮ-ਖੇਤਰ ਹੁੰਦਾ ਹੈ। ਇਸ ਤਰ੍ਹਾਂ ਇਹ ਸਾਰੇ ਜੀਵ ਜਨਮ ਤੋਂ ਮਰਨ ਤਕ, ਇਸ ਕਰਮ-ਖੇਤਰ ਵਿਚ ਹੀ ਸੀਮਿਤ ਰਹਿੰਦੇ ਹਨ। ਪਰੰਤੂ ਇਸ ਜੀਵ-ਜੁਗਤਿ ਆਧਾਰੀ ਕਰਮ-ਖੇਤਰ ਤੋਂ ਉਪਰ ਇਕ ਹੋਰ ਖੇਤਰ ਹੈ, ਜੋ ਗੁਰੂ ਸਾਹਿਬ ਦੇ ਸ਼ਬਦਾਂ ਵਿਚ ਸੱਚਾ ਦਰਬਾਰ ਹੈ। ਇਸ ਸੱਚ-ਖੇਤਰ ਦੇ ਦਰਬਾਰੀ, ਪਰਵਾਨ ਹੋਏ ਪੰਚ ਹਨ, ਜੋ ਕਰਮ, ਖੇਤਰ ਦੀ ਜੀਵਨ ਜੁਗਤਿ ਵਿਚੋਂ ਨਿਕਲ ਕੇ, ਇਸ ਪਦਵੀ ਤਕ ਜਾ ਪੁੱਜਦੇ ਹਨ। ਇਥੇ ਉਨ੍ਹਾਂ ਉਪਰ ਨਦਰਿ ਤੁਠਦੀ ਹੈ; ਇਸ ਦਾ ਭਾਵ ਹੈ ਕਿ ਉਹਨਾਂ ਦੇ ਅੰਦਰ ਨਦਰਿ ਦਾ ਪ੍ਰਜਵਲਨ ਹੁੰਦਾ ਹੈ ਤੇ ਉਨ੍ਹਾਂ ਨੂੰ ਨਿਸ਼ਾਨ ਦੀ ਪ੍ਰਾਪਤੀ ਹੋ ਜਾਂਦੀ ਹੈ। ਨਿਸ਼ਾਨ ਦੀ ਪ੍ਰਾਪਤੀ ਤੋਂ ਭਾਵ ਆਲੇ-ਦੁਆਲੇ ਦੀ ਪਛਾਣ ਐਂਦਰੀਵ ਅਨੁਭਵ ਰਾਹੀਂ ਨਹੀਂ, ਸਗੋਂ ਮਾਨਸਿਕਤਾ ਨੂੰ ਬਨਾਉਣ ਵਾਲੀਆਂ ਸੰਸਕਾਰ-ਵਿਧੀਆਂ ਰਾਹੀਂ ਪੈਦਾ ਹੁੰਦੀ ਹੈ। ਇਹ ਪਛਾਣ ਮਾਨ-ਸਿਕਤਾ ਵਿਚ ਕੁਰੇਦੇ ਗਏ ਲੇਖਾਂ ਦੇ ਆਧਾਰ ਉਤੇ ਆਲੇ ਦੁਆਲੇ ਨੂੰ ਪੜ੍ਹਨ ਨਾਲ ਸੰਬੰਧਿਤ ਹੈ। ਇਸ ਦੇ ਆਧਾਰ ਉਤੇ ਮਨੁੱਖ ਕੱਚ ਤੇ ਸੱਚ ਵਿਚ ਪਛਾਣ ਕਰ ਸਕਣ ਦੇ ਯੋਗ ਹੋ ਜਾਂਦਾ ਹੈ। ਇਸ ਤਰ੍ਹਾਂ ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜਿਥੇ ਬ੍ਰਹਿਮੰਡ ਦੇ ਵਿਰਾਟ ਪਾਸਰੇ ਵਿਚ, ਜੀਵ ਜਾਤੀਆਂ ਦੇ ਸੰਦਰਭ ਵਿਚ ਮਨੁੱਖ ਨੂੰ ਰੱਖਦੇ ਹਨ, ਉਥੇ ਉਹ ਨਦਰਿ, ਕਰਮ ਤੇ ਨਿਸ਼ਾਨ-ਪ੍ਰਾਪਤੀ ਤੇ ਕੱਚ-ਸੱਚ ਨੂੰ ਨਿਖੇੜਨ ਵਾਲੀ ਦ੍ਰਿਸ਼ਟੀ ਦੇ ਆਧਾਰ ਉਤੇ ਮਨੁੱਖ ਨੂੰ ਦੂਜੀਆਂ ਜੀਵ-ਜਾਤੀਆਂ ਤੋਂ ਵੱਖਰਾ ਵੀ ਕਰ ਲੈਂਦੇ ਹਨ। ਇਸ ਸਾਰੀ ਵਿਧੀ ਵਿਚ ਮਨੁੱਖ ਦੀ ਮਨੁੱਖੀ ਵਿਸ਼ੇਸ਼ਤਾ ਨਦਰਿ, ਦ੍ਰਿਸ਼ਟੀ ਤੇ ਚਿਹਨ ਉਪਰ ਆਧਾਰਿਤ ਹੋ ਜਾਂਦੀ ਹੈ। ਇਹ ਸਥਿਤੀ ਵੀ ਗੁਰੂ ਨਾਨਕ ਦੇਵ ਦੇ ਅਧਿਆਤਮ ਤਥਾ ਧਰਮ-ਵਿਗਿਆਨੀ ਹੋਣ ਦੀ ਸੂਚਨਾ ਦੇਂਦੀ ਹੈ।

ਗੁਰੂ ਨਾਨਕ ਦੀ 'ਜਪੁ' ਜੀ ਵਿਚ ਪੇਸ਼ ਧਰਮਸੰਪੰਨ ਅਧਿਆਤਮਕਤਾ ਦਾ ਇਕ ਪੱਖ ਇਹ ਵੀ ਹੈ ਕਿ ਇਸ ਵਿਚ ਮਨੁੱਖ ਨੂੰ ਜਗਤ ਦੇ ਖਲਜਗਨ ਤੋਂ ਫਾਰਗ਼ ਕਰਕੇ, ਉਚੇਰੀ ਮੱਤ ਆਕਾਰਯੁਕਤ ਸੰਸਾਰਕਤਾ ਤੋਂ ਨਿਰਾਕਾਰੀ ਬ੍ਰਹਮ ਤੱਕ ਪੁੱਜਣ ਤੋਂ ਹੀ ਪ੍ਰਾਪਤ ਹੁੰਦੀ ਹੈ। ਇਸੇ ਲਈ ਗੁਰੂ ਨਾਨਕ ਦੇਵ 'ਜਪੁ' ਜੀ ਵਿਚ ਆਪਣੇ ਸਾਰੇ ਪ੍ਰਵਚਨ ਨੂੰ ਅਧਿਆਤਮਕ ਪ੍ਰਵਚਨ ਦੀ ਪ੍ਰਕਿਰਿਆ ਦੀ ਇਕ ਅਵਸਥਾ ਤੇ ਲਿਜਾ ਕੇ ਅੱਗੋਂ ਉਚੇਰੇ ਵਤਨਾਂ ਦੀ ਗੱਲ ਸ਼ੁਰੂ ਕਰ ਦੇਂਦੇ ਹਨ। ਇਸ ਵਿਚ ਉਨ੍ਹਾਂ ਨੇ ਅਧਿਆਤਮ ਮਾਰਗ ਦੇ ਉਚੇਰੇ ਪੜਾਵਾਂ ਨੂੰ ਕਈ ਖੰਡਾਂ ਵਿਚ ਵੰਡਦਿਆਂ, ਅੰਤ ਉਤੇ ਸੱਚਖੰਡ ਦੀ ਗੱਲ ਸਮਝਾਈ ਹੈ। ਇਹ ਸੱਚਖੰਡ ਨਿਰਾਕਾਰ ਬ੍ਰਹਮ ਦਾ ਖੰਡ ਹੈ। ਪਰ ਇਸ ਖੰਡ ਤਕ ਕੋਈ ਕਿਵੇਂ ਪੁੱਜਦਾ ਹੈ, ਇਸ ਨੂੰ ਸਮਝਾਣ ਲਈ ਗੁਰੂ ਨਾਨਕ ਦੇਵ ਨੇ ਸ਼ਬਦ ਦੇ ਸਾਧਨ ਦੁਆਰਾ ਇਕ ਕਰੜੀ ਤਪੱਸਿਆ ਦਾ ਰਾਹ ਦੱਸਿਆ ਹੈ। ਇਸ ਰਾਹ ਉਤੇ ਮਨੁੱਖ ਦੀ ਜੈਵਿਕ ਪ੍ਰਕਿਰਤੀ, ਨੈਤਿਕਤਾ ਦੇ ਨਿਰੋਧ ਵਿਚ ਪਰਵੇਸ਼ ਕਰਦੀ ਹੈ ਤੇ ਉਹ ਇਸ ਉਚੇਰੀ ਮਤਿ ਦਾ ਮਾਲਕ ਬਣ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ 'ਜਪੁ' ਜੀ ਇਕ ਅਜਿਹੀ ਬਾਣੀ ਹੈ, ਜਿਸ ਵਿਚ ਸਚਿਆਰ ਹੋਣ ਦੀ ਸਮੱਸਿਆ ਨੂੰ ਧਰਮ-ਵਿਗਿਆਨ ਦੀ ਦ੍ਰਿਸ਼ਟੀ ਤੋਂ ਸਮਝਾਇਆ ਗਿਆ ਹੈ। ਇਹ ਇਕ ਤਰ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੀ ਧਰਮ-ਗ੍ਰਾਮਰ ਨੂੰ ਪੇਸ਼ ਕਰਨ ਵਾਲੀ ਬਾਣੀ ਹੈ। ਅਜਿਹੀ ਗ੍ਰਾਮਰ ਨੂੰ ਆਤਮਸਾਤ ਕਰਕੇ, ਜਦ ਕੋਈ ਵਿਅਕਤੀ ਸੰਸਾਰ ਵਿਚ ਪਰਵੇਸ਼ ਕਰਦਾ ਹੈ ਤਾਂ ਉਹ ਹਰ ਕਦਮ ਉਤੇ 'ਜੈਸੇ ਜਲ ਮਹਿ ਕਮਲ ਨਿਰਾਲਮ' ਵਾਲੀ ਦ੍ਰਿਸ਼ਟੀ ਦਾ ਮਰਮ ਆਪਣੇ ਨਾਲ ਰੱਖਦਾ ਹੈ।

(ਸ) ਜਪੁ ਜੀ : ਸਿਧਾਂਤ ਮੁੱਖ ਪ੍ਰਵਚਨ-ਪ੍ਰਬੰਧ

'ਜਪੁ ਜੀ' ਗੁਰੂ ਨਾਨਕ ਦੇਵ ਜੀ ਦੀ ਪਾਵਨ ਬਾਣੀ ਹੈ। ਇਸ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ੩੮ ਪਉੜੀਆਂ ਦੇ ਆਕਾਰ ਵਿਚ ਨਿਰੋਲ ਸਿਧਾਂਤ ਪੇਸ਼ ਕਰਨ ਵਾਲਾ ਪ੍ਰਵਚਨ-ਪ੍ਰਬੰਧ ਹੈ। ਨਿਰੋਲ ਸਿਧਾਂਤ ਨੂੰ ਪੇਸ਼ ਕਰਨ ਵਾਲਾ ਪ੍ਰਵਚਨ ਉਹ ਹੁੰਦਾ ਹੈ, ਜਿਸ ਵਿਚ ਅਧਿਆਤਮ-ਬੋਧ ਆਪਣੇ ਪੂਰੇ ਸਿੱਖਰ ਉਤੇ ਹੁੰਦਾ ਹੈ ਤੇ ਇਸ ਵਿਚ ਸ਼ੈਲੀ ਅਜਿਹੀ ਹੁੰਦੀ ਹੈ ਜਿਸ ਵਿਚ ਫਾਲਤੂ ਦਾ ਪੂਰੀ ਤਰ੍ਹਾਂ ਤਿਆਗ ਹੁੰਦਾ ਹੈ ਅਤੇ ਹਰ ਗੱਲ ਨੂੰ ਸਪਸ਼ਟਤਾ ਸਹਿਤ ਤੇ ਪ੍ਰਣਾਲੀਬੱਧ ਢੰਗ ਨਾਲ ਪੇਸ਼ ਕੀਤਾ ਗਿਆ ਹੁੰਦਾ ਹੈ। ਜਪੁ ਜੀ ਦਾ ਪਾਠ ਕਰਨ ਵਾਲਾ ਵਿਅਕਤੀ, ਵਿਸ਼ੇਸ਼ ਕਰਕੇ ਉਸ ਦੀ ਵਿਆਖਿਆ ਵੱਲ ਰੁਚਿਤ ਵਿਅਕਤੀ, ਇਹ ਗੱਲ ਭਲੀ-ਭਾਂਤ ਜਾਣ ਲੈਂਦਾ ਹੈ ਕਿ ਇਹ ਬਾਣੀ ਨਿਸ਼ਚੇ ਹੀ ਉਪਰੋਕਤ ਵਿਸ਼ੇਸ਼ਤਾਵਾਂ ਦੀ ਧਾਰਣੀ ਹੈ।

ਇਸ ਬਾਣੀ ਦਾ ਪਾਠ ਕਰਨ ਤੋਂ ਇਸ ਦੀ ਸਾਰੀ ਵਿਉਂਤ-ਵਿਧੀ ਦਾ ਪਤਾ ਚਲਦਾ ਹੈ। ਇਸ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਨੇ ਆਪਣੀ ਅਧਿਆਤਮਕਤਾ ਨੂੰ ਬੜੇ ਸੰਕੋਚਵੇਂ ਤੇ ਸੁਗਠਿਤ ਪੱਦਾਂ ਵਿਚ ਅੰਕਿਤ ਕੀਤਾ ਹੈ। ਇਹ ਪਦ ਆਪਣੀ ਬਣਤਰ ਤੇ ਪ੍ਰਸਤਾਵ ਵਿਚ ਇੰਨੇ ਪਰਿਸ਼ੁੱਧ ਹਨ ਕਿ ਇਨ੍ਹਾਂ ਵਿਚ ਕਿਸੇ ਪ੍ਰਕਾਰ ਦਾ ਪ੍ਰਪੰਚੀ ਵਿਵਰਣ ਸ਼ਾਮਲ ਨਹੀਂ। ਪ੍ਰਪੰਚੀ ਵਿਵਰਣ ਤੋਂ ਆਜ਼ਾਦ ਹੋ ਕੇ, ਉਹ ਹੀ ਮਾਨਸਿਕਤਾ ਵਿਚਰ ਸਕਦੀ ਹੈ ਜੋ ਪਰਿਸ਼ੁੱਧਤਾ ਦੇ ਪ੍ਰਮਾਣਿਕ ਪਦ ਉਤੇ ਪੁੱਜੀ ਹੋਵੇ। ਜਪੁ ਜੀ ਦਾ ਅਰੰਭਲਾ ਹਿੱਸਾ, ਜਿਸ ਨੂੰ ਮੂਲ ਮੰਤਰ ਕਿਹਾ ਜਾਂਦਾ ਹੈ, ਇਸ ਗੱਲ ਦੀ ਪ੍ਰੋੜ੍ਹਤਾ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਸ ਦੇ ਅੰਤਰਗਤ '੧ਓ' ਤੋਂ ਲੈ ਕੇ 'ਗੁਰਪ੍ਰਸਾਦਿ' ਤਕ ਗੁਰੂ ਸਾਹਿਬ ਨੇ ਆਪਣੀ ਅਧਿਆਤਮਕਤਾ ਦਾ ਸਿਧਾਂਤ ਅਤਿਅੰਤ ਸਰਲਤਾ ਤੇ ਪਰਿਸ਼ੁੱਧਤਾ ਸਹਿਤ ਪੇਸ਼ ਕਰ ਦਿੱਤਾ ਹੈ। ਇਥੋਂ ਤੀਕ ਕਿ ਇਸ ਵਿਚ ਭਾਸ਼ਾਈ ਵਿਆਕਰਣ ਦੇ ਵਿਨਿਆਸ ਨੂੰ ਵੀ ਇਕ ਲਾਂਭੇ ਰੱਖਿਆ ਗਿਆ ਹੈ। ਇਥੇ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਦੋਂ ਕਿਸੇ ਪਰਿਸ਼ੁੱਧ ਪ੍ਰਸਤਾਵ ਨੂੰ, ਵਿਆਕਰਣ-ਵਿਨਿਆਸ ਵਿਚ ਪਾਇਆ ਜਾਂਦਾ ਹੈ ਤਾਂ ਉਹ ਵਾਕ ਦੇ ਵਿਧੇਯਮੂਲਕ ਵਿਸਥਾਰ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਹੱਦ ਤੀਕ ਸੰਚਾਰ ਦੇ ਸਮੂਰਤਣ ਨੂੰ ਗ੍ਰਹਿਣ ਕਰਦਾ ਸੰਸਾਰਕ ਵਿਵਰਣ ਤੀਕ ਆ ਜਾਂਦਾ ਹੈ। ਪਰ ਜਦੋਂ ਵਿਧੇਯਮੂਲਕ ਪ੍ਰਸੰਗ ਨੂੰ ਇਕ ਪਾਸੇ ਰੱਖਦਿਆਂ, ਕੇਵਲ ਕੁਝ ਨਿਸ਼ਚਿਤ ਪਦਾਂ ਦੀ ਪੇਸ਼ਕਾਰੀ ਹੀ ਕੀਤੀ ਜਾਂਦੀ ਹੈ ਤਾਂ ਪਰਿਸ਼ੁੱਧ ਸਿਧਾਂਤਕਤਾ ਜ਼ਾਹਰ ਹੋ ਜਾਂਦੀ ਹੈ। ਮੂਲਮੰਤਰ ਇਸ ਸਾਰੀ ਗਤਿ ਮਿਤਿ ਦਾ ਨਿਰੂਪਣ ਹੈ। ਇਸੇ ਤੋਂ ਹੀ ਇਹ ਅੰਦਾਜ਼ਾ ਹੋ ਜਾਂਦਾ ਹੈ ਕਿ ਜਪੁ ਜੀ ਦੀ ਸਾਰੀ ਬਾਣੀ ਉਤਕ੍ਰਿਸ਼ਟ ਮਾਨਸਿਕਤਾ ਤੇ ਪਰਿਸ਼ੁੱਧ ਸਿਧਾਂਤਕਤਾ ਦੀ ਉੱਪਜ ਹੈ। ਅਜਿਹੀ ਬਾਣੀ ਦਾ ਵਿਧੀ-ਵਿਧਾਨ ਵੀ ਇਸੇ ਪਰਿਸ਼ੁੱਧਤਾ ਦੇ ਰਾਹ ਤੁਰਦਾ ਹੈ। ਆਪਣੀ ਗੱਲ ਤਾਂ ਸੰਕੁਚਿਤ ਰੂਪ ਵਿਚ ਗੁਰੂ ਸਾਹਿਬ ਨੇ ਮੂਲ ਮੰਤਰ ਵਿਚ ਹੀ ਸਮਝਾ ਦਿੱਤੀ ਹੈ। ਬਾਣੀ ਦੀ ਅੰਤਲੀ ਪਉੜੀ ਵਿਚ ਜਿਥੇ 'ਸਚ ਖੰਡਿ' ਦੀ ਵਿਆਖਿਆ ਹੈ, ਉਸ ਵਿਚ ਨਿਰੰਕਾਰ ਦੇ ਨਿਰਾਕਰਣ ਨੂੰ ਹੀ ਨਿਸ਼ਚਿਤ ਕੀਤਾ ਗਿਆ ਹੈ। ਨਾਲ ਹੀ ਸਚ ਖੰਡਿ ਦੀ ਪ੍ਰਕਾਰਜ-ਮੁਖ ਵਿਆਖਿਆ ਇਹ ਕਹਿ ਕੇ ਕੀਤੀ ਗਈ ਹੈ ਕਿ ਇਸ ਸਚ ਖੰਡਿ ਦੀ ਮਾਨਸਿਕਤਾ ਵਿਚੋਂ ਹੀ ਮਨੁੱਖ ਨੂੰ ਇਹ ਗਿਆਨ ਹੁੰਦਾ ਹੈ ਕਿ ਸਾਰੀ ਸ੍ਰਿਸ਼ਟੀ ਨੂੰ ਸੰਚਾਲਨ ਕਰਨ ਵਾਲੀ ਤੇ ਨਿਯੰਤ੍ਰਣ ਵਿਚ ਬੰਨ੍ਹਣ ਵਾਲੀ ਪਰਮਾਤਮਾ ਦੀ 'ਹੁਕਮ' ਦੀ ਮਰਯਾਦਾ ਹੀ ਹੈ। ਪਰ ਉਸ ਦਾ ਕਥਨ ਕਰਨਾ ਨਾਮੁਮਕਿਨ ਹੈ। ਅਤੇ ਇਸ ਨਿਰਾਕਰਣ ਨੂੰ ਅੱਗੋਂ ਪੇਸ਼ ਕਰਨ ਲਈ ਸ਼ਬਦ ਘਾੜਤ ਦੀ ਗੱਲ ਕੀਤੀ ਗਈ ਹੈ। ਇਹ ਪਉੜੀ ਭੀ ਮੂਲ ਮੰਤਰ ਵਾਲੀ ਅਵਸਥਾ ਤਕ ਹੀ ਪੁੱਜਦੀ ਹੈ। ਇਥੇ ਇਸ ਬਾਣੀ ਵਿਚ ਵਿਆਪਤ ਦੋ ਪ੍ਰਕਾਰ ਦੀ ਮਾਨਸਿਕ ਯਾਤਰਾ ਹੈ। ਇਕ ਯਾਤਰਾ ਨਿਵਿਰਤੀ-ਮੂਲਕ ਹੈ। ਇਸ ਰਾਹੀਂ ਵਿਅਕਤੀ ਆਪਣੇ ਆਪ ਨੂੰ ਵਿਵਰਣਾ ਦੇ ਵਿਸਥਾਰ ਵਿਚੋਂ ਕੱਢਦਾ ਤੇ ਸਿਧਾਂਤਕਤਾ ਦੀ ਪਰਿਸ਼ੁੱਧਤਾ ਵਿਚ ਪੇਸ਼ ਕਰਦਾ ਚਲਾ ਜਾਂਦਾ ਹੈ। ਮੂਲ ਮੰਤਰ ਇਸੇ ਪਰਿਸ਼ੁੱਧਤਾ ਦਾ ਪ੍ਰਗਟਾਉ ਹੈ। ਦੂਸਰੀ ਯਾਤਰਾ ਪਰਵਿਰਤੀਮੂਲਕ ਹੈ। ਇਸ ਰਾਹੀਂ ਪਰਿਸ਼ੁੱਧਤਾ ਨੂੰ ਸਾਰਥਕ ਸਿੱਧ ਕਰਨ ਲਈ, ਉਸ ਨੂੰ ਮਾਨਸਿਕਤਾ ਦੇ ਨਿਰਮਾਣ ਲਈ ਵਰਤੋਂ ਵਿਚ ਲਿਆਇਆ ਜਾਂਦਾ ਹੈ। ਮੂਲ ਮੰਤਰ ਤੋਂ ਉਪਰੰਤ ਜਪੁ ਜੀ ਦਾ ਸਾਰਾ ਵਿਧੀ ਵਿਧਾਨ ਇਸੇ ਪ੍ਰਕਿਰਿਆ ਵਿਚ ਪਿਆ ਨਜ਼ਰ ਆਉਂਦਾ ਹੈ ਅਤੇ ਅੰਤ ਉਤੇ ਸਾਰੀ ਗੱਲ ਨੂੰ ਸਮੇਟ ਕੇ ਨਿਰੰਕਾਰ ਉਤੇ ਪੁੱਜ ਜਾਂਦਾ ਹੈ।

ਇਸ ਯਾਤਰਾ ਵਿਚ ਗੁਰੂ ਨਾਨਕ ਦੇਵ ਜਪੁ ਜੀ ਦੇ ਪਹਿਲੇ ਭਾਗ ਵਿਚ ਆਪਣੇ ਸਿਧਾਂਤਕ ਸਤੰਭਾਂ ਨੂੰ ਨਿਸ਼ਚਿਤ ਕਰਦੇ ਹਨ। ਮੂਲ ਮੰਤਰ ਤੋਂ ਉਪਰੰਤ ਉਹ ਸੱਚ ਤੇ ਕਾਲ ਦਾ ਆਪਸੀ ਸੰਬੰਧ ਪੇਸ਼ ਕਰਦੇ ਹਨ। ਇਥੇ ਵੀ ਨਿਵਿਰਤੀ ਪਰਵਿਰਤੀ ਦੋਵੇਂ ਇਕ ਦੂਜੇ ਨਾਲ ਸੰਬੰਧਿਤ ਹਨ। ਸੱਚ ਸਾਰੇ ਪ੍ਰਪੰਚੀ ਵਿਵਰਣ ਨੂੰ ਮੱਥ ਕੇ ਨਿਤਾਰੀ ਹੋਈ ਉਹ ਵੱਥ ਹੈ ਜੋ ਸਦੈਵ ਕਾਇਮ ਰਹਿੰਦੀ ਹੈ। ਇਸ ਦੀ ਸਦੀਵਤਾ ਨੂੰ ਸਮਝਾਣ ਲਈ ਗੁਰੂ ਸਾਹਿਬ ਨੇ ਇਸ ਨਾਲ 'ਆਦਿ', 'ਜੁਗਾਦਿ', 'ਹੈ ਭੀ' ਤੇ 'ਹੋਸੀ ਭੀ' ਪਦ ਲਗਾਏ ਹਨ। ਜਿਸ ਦਾ ਅਰਥ ਇਹ ਹੈ ਕਿ ਕਾਲ ਦੇ ਨਿਰੰਤਰ ਬਦਲਦੇ ਪ੍ਰਸੰਗਾਂ ਵਿਚ ਵੀ ਸੱਚ ਕਾਇਮ ਰਹਿੰਦਾ ਹੈ। ਇਸ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਸੱਚ ਤੱਕ ਲੈ ਜਾਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੀਆਂ ਪ੍ਰਚਲਿਤ ਪਹੁੰਚ-ਵਿਧੀਆਂ ਉੱਪਰ ਟਿੱਪਣੀ ਕਰਕੇ ਆਪਣਾ ਸਮੱਸਿਆਵਾਦ ਕੂੜ ਤੋਂ ਸੱਚ ਵੱਲ ਜਾਣਾ ਪੇਸ਼ ਕਰਦੇ ਹਨ ਅਤੇ ਇਸ ਦੇ ਨਾਲ ਹੀ ਆਪਣਾ ਸਿਧਾਂਤਕ ਦ੍ਵੰਦ ਰੱਖ ਦੇਂਦੇ ਹਨ। ਇਹ ਦ੍ਵੰਦ 'ਹਉ' ਤੇ 'ਹੁਕਮ' ਦਾ ਦ੍ਵੰਦ ਹੈ। ਇਸ ਵਿਚ ਗੁਰੂ ਸਾਹਿਬ ਹਉਂ ਤੋਂ ਹੁਕਮ ਤੱਕ ਜਾਣ ਦੀ ਗੱਲ ਨੂੰ ਸਚਿਆਰ ਹੋਣ ਦੀ ਪਰਵਿਰਤੀ ਲਈ ਜ਼ਰੂਰੀ ਸਮਝਦੇ ਹਨ। ਇਸੇ ਸੇਧ ਵਿਚ ਅੱਗੋਂ ਆਪਣੇ ਸਿਧਾਂਤਕ ਪਹਿਲੂਆਂ ਦੀ ਮੁੱਢਲੀ ਵਿਆਖਿਆ ਦਾ ਪਰਿਪੇਖ ਪੇਸ਼ ਕਰਨ ਉਪਰੰਤ ਸਿੱਧਾ ਹੀ ਸਮੱਸਿਆ ਨਾਲ ਸਨਮੁੱਖ ਹੋ ਜਾਂਦੇ ਹਨ। ਇਸ ਯਾਤਰਾ ਵਿਚ ਉਹ ਮਨੁੱਖ ਦੀ ਜੈਵਿਕਤਾ ਨੂੰ ਰੂਪਾਂਤ੍ਰਣ ਦੇਣ ਦੀ ਪ੍ਰਕਿਰਿਆ ਵਿਚ ਪੈਂਦੇ ਹਨ। ਇਸ ਵਿਚ ਉਹ ਬਾਰ ਬਾਰ ਰੂਪਾਂਤ੍ਰਣ ਦੀ ਗੱਲ ਸਮਝਾਂਦੇ ਹੋਏ ਜੀਵ ਦੇ ਮਾਨਸਿਕ ਸੰਗਠਨ ਦੀ ਪ੍ਰਾਪਤੀ ਵੱਲ ਸੰਕੇਤ ਕਰਦੇ ਚਲੇ ਜਾਂਦੇ ਹਨ। ਗੁਰੂ ਸਾਹਿਬ ਜਦੋਂ ਫੁਰਮਾਉਂਦੇ ਹਨ :

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥੨੧॥[58]

ਤਾਂ ਪਤਾ ਲੱਗਦਾ ਹੈ ਕਿ ਉਹ ਬਾਹਰਲੇ ਕਰਮ ਕਾਂਡ ਨਾਲੋਂ ਅੰਦਰਲੀ ਮਾਨਸਿਕਤਾ ਨੂੰ ਵਿਕਾਸ ਦੇਣ ਲਈ ਵਧੇਰੇ ਤਤਪਰ ਹਨ । ਇਹ ਰੂਪਾਂਤ੍ਰਣ ਦੀ ਹੀ ਯਾਤਰਾ ਹੈ । ਇਸੇ ਯਾਤਰਾ ਨੂੰ ਪ੍ਰਪੰਚਸ਼ੀਲ ਵਿਵਰਣ ਵਾਲੇ ਤੇ ਖਲਜਗਨਗ੍ਰਸਤ ਸੰਸਾਰ ਦੇ ਪ੍ਰਸੰਗ ਵਿਚ ਰੱਖਦੇ ਹਨ ਤਾਂ ਇਸ ਪ੍ਰਕਾਰ ਸਮਝਾਂਦੇ ਹਨ :

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥...

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥੨੦॥[59]

ਜਾਂ ਇਉਂ ਕਹਿ ਲਉ ਕਿ ਜਦੋਂ ਮਤਿ ਪਾਪਾਂ ਨਾਲ ਮਲੀਨ ਹੋ ਜਾਂਦੀ ਹੈ ਤਾਂ ਉਸ ਨੂੰ ਨਾਮ ਨਾਲ ਹੀ ਵਿਸ਼ੁੱਧ ਕੀਤਾ ਜਾ ਸਕਦਾ ਹੈ। ਇਹ ਗਤੀ ਵੀ ਰੂਪਾਂਤ੍ਰਣ ਪ੍ਰਕਿਰਿਆ ਵਾਲੀ ਹੈ ਕਿਉਂਕਿ ਮਨੁੱਖ ਆਪਣੀ ਹਉਂਯੁਕਤ ਜੈਵਿਕਤਾ ਕਾਰਣ ਸੰਸਾਰ ਦੇ ਖਲਜਗਨ ਵਿਚ ਪੈਂਦਾ ਹੀ ਹੈ ਅਤੇ ਅਜਿਹੇ ਖਲਜਗਨ ਵਿਚ ਪਿਆਂ ਉਸ ਦਾ ਮਾਨਸਿਕ ਸੰਜਮ ਨਿਸ਼ਚੇ ਹੀ ਬਿਖਰ ਜਾਂਦਾ ਹੈ। ਅਜਿਹੀ ਅਵਸਥਾ ਹੀ ਮਲੀਨ ਮਤਿ ਦੀ ਸੂਚਨਾ ਦੇਣ ਵਾਲੀ ਹੈ। ਜਦੋਂ ਇਸ ਨੂੰ ਗੁਰੂ ਸਾਹਿਬ ਨਾਮ ਦੁਆਰਾ ਸੰਜਮਸ਼ੀਲ ਕਰਨ ਦਾ ਸੁਝਾਉ ਦੇਂਦੇ ਹਨ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਜਪੁ ਜੀ ਵਿਚ ਬੁਨਿਆਦੀ ਸਮੱਸਿਆ ਰੂਪਾਂਤ੍ਰਣ ਦੀ ਹੀ ਹੈ। ਰੂਪਾਂਤ੍ਰਣ ਦੀ ਇਸ ਵਿਆਖਿਆ ਨੂੰ ਗੁਰੂ ਸਾਹਿਬ ਇਕ ਖਾਸ ਪੱਧਰ ਤੀਕ ਲੈ ਜਾਂਦੇ ਹਨ। ਇਸ ਖਾਸ ਪੱਧਰ ਤੀਕ ਪੁੱਜ ਕੇ ਆਪ ਇਹ ਸਮਝਾਂਦੇ ਹਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਜਦੋਂ ਮਨੁੱਖ ਸਚਿਆਰ ਹੋਣ ਦੀ ਪ੍ਰਕਿਰਿਆ ਵਿਚ ਪਿਆ ਪ੍ਰਪੰਚਸ਼ੀਲ ਖਲਜਗਨ ਤੇ ਨਾਮਪਰਕ ਸੰਜਮ ਵਿਚ ਅੰਤਰ ਸਮਝ ਲੈਂਦਾ ਹੈ ਤਾਂ ਉਹ ਮਾਨਸਿਕ ਤਥਾ ਆਤਮਕ ਵਿਕਾਸ ਦੇ ਇਕ ਸਤਰ ਉਤੇ ਪੁੱਜ ਜਾਂਦਾ ਹੈ। ਇਸ ਤੋਂ ਅੱਗੋਂ ਗਲ ਨਿਰੋਲ ਗਿਆਨ ਦੀ ਸ਼ੁਰੂ ਹੋ ਜਾਂਦੀ ਹੈ। ਇਥੇ ਅਸਲੀ ਗੱਲ ਗਿਆਨ ਦੀਆਂ ਉਚੇਰੀਆਂ ਦਿਸ਼ਾਵਾਂ ਵੱਲ ਵਿਕਾਸ ਕਰਨ ਲਈ ਗੁਰੂ ਸਾਹਿਬ ਵਿਸ਼ੇਸ਼ ਸਮਰੱਥਾ ਵਾਲੇ ਮਾਨਸਿਕ ਪ੍ਰਤੀਉੱਤਰ ਦੀ ਘਾੜਤ ਵੱਲ ਇਸ਼ਾਰਾ ਕਰ ਰਹੇ ਹਨ। ਪੰਜ ਖੰਡਾਂ ਤੋਂ ਪਹਿਲਾਂ ਤੇ ਪਹਿਲੀਆਂ ਪੰਜ ਪਉੜੀਆਂ ਤੋਂ ਬਾਅਦ ਜਪੁ ਜੀ ਦਾ ਜਿੰਨਾ ਵਿਸਥਾਰ ਹੈ, ਉਸ ਵਿਚ ਅਜਿਹੀ ਸਮਰੱਥਾ ਵਾਲੇ ਪ੍ਰਤੀਉੱਤਰ ਨੂੰ ਘੜਨ ਦੀ ਗੱਲ ਕੀਤੀ ਗਈ ਹੈ। ਜਦੋਂ ਆਪ ਮਾਨਸਿਕ ਵਿਕਾਸ ਦੀ ਇਸ ਵਿਧੀਗਤ ਅਵਸਥਾ ਉਤੇ ਪੁੱਜ ਜਾਂਦੇ ਹਨ ਤਾਂ ਫਿਰ ਉਨ੍ਹਾਂ ਦੇ ਸਾਹਮਣੇ ਮਸਲਾ ਸਮੁੱਚੀ ਕਾਇਨਾਤ ਵਿਚ ਮਨੁੱਖ ਦੀ ਮਨੁੱਖਤਾ ਦੀ ਨਿਸ਼ਾਨਦੇਹੀ ਦਾ ਬਣਦਾ ਹੈ। ਪੰਜ ਖੰਡਾਂ ਤੋਂ ਪਹਿਲਾਂ ਆਪ ਇਹ ਨਿਸ਼ਾਨਦੇਹੀ ਕਰਦੇ ਹਨ ਅਤੇ ਕਹਿੰਦੇ ਹਨ :

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮੁ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥੩੪॥[60]

ਇਸ ਪਉੜੀ ਵਿਚ ਬੜੇ ਸਪਸ਼ਟ ਸ਼ਬਦਾਂ ਵਿਚ ਸਮੁੱਚੀ ਪ੍ਰਕਿਰਤੀ ਦੇ ਅੰਤਰਗਤ ਮਾਨਵੀ ਜਗਤ ਨੂੰ ਰੱਖਿਆ ਵੀ ਗਿਆ ਹੈ ਤੇ ਇਸ ਦਾ ਨਿੱਖੜਵਾਂ ਰੂਪ ਵੀ ਨਿਸ਼ਚਿਤ ਕੀਤਾ ਗਿਆ ਹੈ। ਵਿਆਖਿਆ ਦੀ ਦਿਸ਼ਾ ਇਹ ਹੈ ਕਿ ਬ੍ਰਹਿਮੰਡ ਦੀ ਵਿਰਾਟ ਪ੍ਰਕਿਰਿਤੀ, ਪ੍ਰਾਕਿਰਤਿਕ ਨੇਮਾਂ ਉਪਰ ਆਧਾਰਿਤ ਹੈ। ਇਨ੍ਹਾਂ ਨੇਮਾਂ ਦੇ ਆਧਾਰ ਉਤੇ ਹੀ ਪ੍ਰਕਿਰਤੀ ਵਿਚ ਆਕਾਰ ਬਣਦੇ ਹਨ ਤੇ ਬਿਨਸਦੇ ਹਨ, ਪਰ ਪ੍ਰਕਿਰਤੀ ਦੀ ਇਹ ਨਿਰੰਤਰ ਚਾਲ ਆਪਣੀ ਆਪਮੁਹਾਰੀ ਚਾਲ ਵਿਚ ਬਿਨਾਂ ਕਿਸੇ ਸੰਜਮ ਸੰਗਠਨ ਦੇ ਬਿਨਸ ਜਾਂਦੀ ਹੈ। ਇਸ ਲਈ ਇਹ ਗਤੀ ਕੱਚ ਦੀ ਪ੍ਰਕਿਰਿਆ ਹੈ।

ਮਨੁੱਖ ਦਾ ਜਗਤ ਇਸ ਤੋਂ ਭਿੰਨ ਇਸ ਤਰ੍ਹਾਂ ਹੈ ਕਿ ਉਹ ਸੱਚ ਦਾ ਦਰਬਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਸੱਚ ਦੇ ਦਰਬਾਰ ਵਿਚ ਪੁੱਜਿਆਂ, ਉਸ ਦੀ ਮਤਿ ਏਨੀ ਉਚੇਰੀ ਹੋ ਜਾਂਦੀ ਹੈ ਕਿ ਉਹ ਪ੍ਰਕਿਰਤੀ ਦੇ ਪ੍ਰਪੰਚ ਪਿੱਛੇ ਕੰਮ ਕਰਦੇ ਨੇਮਾਂ ਨੂੰ ਜਾਨਣ ਤੇ ਸਮਝਣ ਦਾ ਯਤਨ ਕਰਨ ਲੱਗ ਪੈਂਦਾ ਹੈ। ਗੁਰੂ ਸਾਹਿਬ ਫੁਰਮਾਂਦੇ ਹਨ ਕਿ ਸੱਚ ਦੇ ਦਰਬਾਰੀ ਉਪਰ ਨਦਰਿ ਕਰਮ ਦੀ ਕਿਰਪਾ ਹੋ ਜਾਂਦੀ ਹੈ। ਕਿਰਪਾ ਤਾਂ ਤਾਂਹੀ ਹੋ ਸਕਦੀ ਹੈ ਜੇ ਪਹਿਲਾਂ ਮਾਨਸਿਕਤਾ ਕਿਰਪਾ ਪ੍ਰਾਪਤ ਕਰ ਸਕਣ ਦੀ ਅਵਸਥਾ ਉਤੇ ਪੁੱਜੀ ਹੋਵੇ। ਜਦੋਂ ਅਜਿਹੀ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਨੂੰ ਨਿਸ਼ਾਨ ਮਿਲ ਜਾਂਦਾ ਹੈ। ਨਿਸ਼ਾਨ-ਪ੍ਰਾਪਤੀ, ਨਿਸ਼ਾਨ-ਪ੍ਰਕਿਰਿਆ, ਨਿਸ਼ਾਨ-ਪ੍ਰਤੀਉੱਤਰ ਮਨੁੱਖ ਦੀ ਉਚੇਰੀ ਮਤਿ ਨਾਲ ਸੰਬੰਧਿਤ ਪ੍ਰਾਪਤੀ ਹੈ। ਇਸ ਸਦਕਾ ਮਨੁੱਖ ਕੱਚ ਤੇ ਸੱਚ ਵਿਚ ਅੰਤਰ ਕਰ ਸਕਣ ਦੇ ਯੋਗ ਹੁੰਦਾ ਹੈ।

ਜਦੋਂ ਗੁਰੂ ਨਾਨਕ ਦੇਵ ਆਪਣੀ ਅਧਿਆਤਮਕਤਾ ਨੂੰ ਸਿਧਾਂਤਕਤਾ ਦੇ ਇਸ ਪਦ ਤੀਕ ਲੈ ਆਉਂਦੇ ਹਨ ਤਾਂ ਅਗੋਂ ਜਪੁ ਜੀ ਦੇ ਸਮਾਪਨ ਭਾਗ ਵਿਚ ਪੰਜ ਖੰਡਾਂ ਦਾ ਵਿਵਰਣ ਦੇਂਦੇ ਹਨ। ਇਹ ਪੰਜ ਖੰਡ ਰੂਪਾਂਤ੍ਰਿਤ ਮਾਨਸਿਕਤਾ ਦੇ ਹੀ ਵੱਖ ਵੱਖ ਪਹਿਲੂ ਹਨ। ਇਹ ਖੰਡ ਕ੍ਰਮਵਾਚੀ ਵਿਕਾਸ-ਪ੍ਰਕਿਰਿਆ ਦੇ ਸੂਚਕ ਨਹੀਂ, ਸਗੋਂ ਰੂਪਾਂਤ੍ਰਿਤ ਮਾਨਸਿਕਤਾ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਣ ਵਾਲੀਆਂ ਸੰਰਚਨਾਵਾਂ ਹਨ। ਇਹਨਾਂ ਦੇ ਅਰੰਭ ਵਿਚ ਗੁਰੂ ਸਾਹਿਬ ਪਹਿਲਾਂ ਧਰਮ ਖੰਡ ਦੀ ਗੱਲ ਸਮਝਾਂਦੇ ਹਨ। ਧਰਮ ਖੰਡ ਵਿਚ ਆਪ ਸ੍ਰਿਸ਼ਟੀ ਦੇ ਨੇਮਾਂ ਤੇ ਉਹਨਾਂ ਨੇਮਾਂ ਦੀ ਜਾਣਕਾਰੀ ਦੀ ਗੱਲ ਸਮਝਾਂਦੇ ਹਨ। ਇਸ ਤਰ੍ਹਾਂ ਗਿਆਨ ਖੰਡ ਵਿਚ ਆਪ ਬੌਧਿਕ ਸਤਰ ਦੇ ਅਦਭੁੱਤ ਵਿਕਾਸ ਦੀ ਅਨੰਤਾ ਤੇ ਅਸਚਰਜਤਾ ਦੀ ਵਿਆਖਿਆ ਕਰਦੇ ਹਨ ਅਤੇ ਦੱਸਦੇ ਹਨ ਕਿ ਇਸ ਅਵਸਥਾ ਵਿਚ ਉਤਕ੍ਰਿਸ਼ਟ ਬੁੱਧੀ ਆਪਣੀ ਬੌਧਿਕ ਸਮਰੱਥਾ ਦੁਆਰਾ ਨਾਦ ਵਿਨੋਦ ਨਾਲ ਸੰਬੰਧਿਤ ਅਨੰਦੀ ਦਿਸ਼ਾਵਾਂ ਦਾ ਅਨੁਭਵ ਕਰਦੀ ਹੈ। ਨਾਦ ਬਿਨੋਦ ਵਾਲੀ ਅਵਸਥਾ ਵਿਚ ਅਨੰਦ ਨਿਯੰਤ੍ਰਿਤ ਪ੍ਰਪੰਚ ਵਿਚੋਂ ਆਉਂਦਾ ਹੈ। ਨਿਯੰਤ੍ਰਿਤ ਪ੍ਰਪੰਚ, ਅਸਲ ਵਿਚ ਪ੍ਰਬੰਧ ਹੀ ਹੁੰਦਾ ਹੈ। ਇਸ ਤਰ੍ਹਾਂ ਧਰਮ ਨੇਮ ਨਾਲ ਜੁੜਦਾ ਹੈ ਤੇ ਅਗੋਂ ਗਿਆਨ, ਪ੍ਰਬੰਧ ਨਾਲ ਜੁੜ ਜਾਂਦਾ ਹੈ। ਪ੍ਰਬੰਧ, ਨੇਮ ਦੀ ਜਾਣਕਾਰੀ ਦਾ ਹੀ ਨਾਮ ਹੈ। ਨੇਮ ਤਾਂ ਸਹਿਜ ਗਤੀ ਵਿਚ ਕਾਰਜਸ਼ੀਲ ਹੁੰਦਾ ਹੈ। ਪ੍ਰਬੰਧ, ਗਿਆਨ ਦੀ ਪੱਧਰ ਉਤੇ ਨੇਮ ਦਾ ਜਾਣਿਆਂ ਪਛਾਣਿਆਂ ਤੇ ਮਾਨਵੀ ਸੰਜਮ ਨੂੰ ਅਗੋਂ ਵਧਾ ਸਕਣ ਵਾਲਾ ਰੂਪ ਹੈ।

ਇਸ ਤੋਂ ਅਗਲੀ ਗੱਲ ਜਿਸ ਨੂੰ ਗੁਰੂ ਸਾਹਿਬ ਸਰਮ ਖੰਡ ਨਾਲ ਜੋੜਦੇ ਹਨ, ਉਥੇ ਰੂਪ ਦੀ ਗੱਲ ਸਮਝਾਂਦੇ ਹਨ। ਰੂਪ ਸੰਬੰਧੀ ਸਭ ਤੋਂ ਪਹਿਲੀ ਗੱਲ ਤਾਂ ਆਪ ਦੀ ਇਹ ਹੈ ਕਿ ਇਹ ਰੂਪ ਪ੍ਰਦੱਤ ਨਹੀਂ ਹੁੰਦਾ, ਘੜਿਆ ਜਾਂਦਾ ਹੈ। ਰੂਪ ਨੂੰ ਘੜਦਾ ਕੌਣ ਹੈ? ਧਰਮ ਤੇ ਗਿਆਨ। ਭਾਵ ਇਹ ਹੈ ਕਿ ਨੇਮ ਤੇ ਪ੍ਰਬੰਧ ਦੀ ਸੂਝ ਹੀ ਰੂਪਾਂਤ੍ਰਿਤ ਮਾਨਵੀ ਮਾਨਸਿਕਤਾ ਨੂੰ ਰੂਪ ਘਾੜਤ ਦੀ ਅਨਿਵਾਰਿਤਾ ਪ੍ਰਤੀ ਬੇਦਾਰ ਕਰਦੀ ਹੈ। ਰੂਪ ਦੇ ਮੁਕਾਬਲੇ ਉਤੇ ਨੇਮ ਤੇ ਪ੍ਰਬੰਧ ਦੋਵੇਂ ਹੀ ਅਮੂਰਤ ਹਨ। ਇਹ ਗੱਲ ਵੱਖਰੀ ਹੈ ਕਿ ਨੇਮ ਤੇ ਪ੍ਰਬੰਧ ਨੂੰ ਵੀ ਰੂਪ-ਪ੍ਰਕਿਰਿਆ ਵਿਚ ਪਈ ਮਾਨਸਿਕਤਾ ਰਾਹੀਂ ਹੀ ਸਮਝਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਸਕਦਾ ਹੈ। ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਰੂਪ, ਧਰਮ ਤੇ ਗਿਆਨ ਜਾਂ ਨੇਮ ਤੇ ਪ੍ਰਬੰਧ ਦੋਹਾ ਦੀ ਸੰਕਲਪਨਾ ਨੂੰ ਪ੍ਰਗਟਾਵੇ ਦਾ ਸੁਗਠਿਤ ਸਮੂਰਤਣ ਦੇਂਦਾ ਹੈ। ਇਸੇ ਲਈ ਗੁਰੂ ਜੀ ਨੇ ਕਿਹਾ ਹੈ ਕਿ ਰੂਪ ਘੜਿਆ ਵੀ ਜਾਂਦਾ ਹੈ ਤੇ ਇਸ ਦੀਆਂ ਅਨੂਪ ਘਾੜਤਾਂ ਦਾ ਕੋਈ ਅੰਤ ਸ਼ੁਮਾਰ ਨਹੀਂ।

ਵਿਚਲੀ ਗੱਲ ਤਾਂ ਇਹ ਹੈ ਕਿ ਮਾਨਵੀ ਬੁੱਧੀ ਰੂਪ ਦੀ ਇਕਾਗਰਤਾ ਵਿਚ ਹੀ ਆਪਣੇ ਆਪ ਨੂੰ ਜਾਹਰ ਕਰਦੀ ਹੈ। ਗੁਰੂ ਸਾਹਿਬ ਦੇ ਸ਼ਬਦਾਂ ਵਿਚ ਇਹ ਸੁਰਤਿ, ਮਤਿ, ਮਨ, ਬੁਧਿ ਦੀ ਘਾੜਤ ਕਰਦੀ ਹੈ ਅਤੇ ਇਸੇ ਬੌਧਿਕ ਅਵਸਥਾ ਵਿਚੋਂ ਸਿੱਧੀ ਤੇ ਸੁਧੀ ਵਾਲੇ ਮਨੁੱਖ ਸਾਹਮਣੇ ਆਉਂਦੇ ਹਨ। ਸਿੱਧੀ ਵਾਲੇ ਮਨੁੱਖ ਉਹ ਹੁੰਦੇ ਹਨ ਜਿਨ੍ਹਾਂ ਵਿਚ ਕੁਝ ਕਰ ਸਕਣ ਦੀ ਪ੍ਰਬੀਨਤਾ ਹੁੰਦੀ ਹੈ ਤੇ ਸੁਧੀ ਵਾਲੇ ਉਹ ਹੁੰਦੇ ਹਨ ਜੋ ਇਸ ਪ੍ਰਬੀਨਤਾ ਨੂੰ ਅਗਲੀ ਖੋਜ ਤੇ ਸ਼ੋਧ ਵਿਚ ਪਾ ਸਕਦੇ ਹਨ। ਪਰ ਬੌਧਿਕ ਮੰਡਲ ਤੇ ਮਾਨਸਿਕ ਵਿਕਾਸ ਦੀ ਇਸ ਪ੍ਰਕਿਰਿਆ ਨੂੰ ਗੁਰੂ ਸਾਹਿਬ ਅੱਗੋਂ ਕਰਮ ਖੰਡ ਨਾਲ ਜੋੜਨਾ ਬਹੁਤ ਜ਼ਰੂਰੀ ਸਮਝਦੇ ਹਨ ਕਿਉਂਕਿ ਬੁਨਿਆਦੀ ਤੌਰ ਤੇ ਮਨੁੱਖ ਜੀਵ ਹੈ ਤੇ ਜੀਵ ਦੀ ਕਚਿਆਈ, ਪਕਿਆਈ, ਬੌਧਿਕਤਾ, ਸਿੱਧੀ, ਸੁਧੀ ਕਰਮਾਂ ਰਾਹੀਂ ਹੀ ਪ੍ਰਗਟ ਹੋ ਸਕਦੀ ਹੈ, ਜਿਸ ਦਾ ਅਰਥ ਇਹ ਹੈ ਕਿ ਸਿਧਾਂਤ ਭਾਵੇਂ ਪ੍ਰਾਥਮਿਕ ਹੈ ਪਰ ਉਸ ਦਾ ਪ੍ਰਗਟਾਵਾ ਫਿਰ ਵਿਹਾਰ ਦੁਆਰਾ ਹੋਣਾ ਹੈ।

ਵਿਹਾਰ ਤਾਂ ਜੈਵਿਕ ਸ਼ਕਤੀਆਂ ਵਿਚੋਂ ਪੈਦਾ ਹੁੰਦਾ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਜਦੋਂ ਅਜਿਹੇ ਪ੍ਰਾਕਿਰਤਿਕ ਵਿਹਾਰ ਨੂੰ ਉਪਰੋਕਤ ਵਿਚ ਕਥਿਤ ਨੇਮ, ਪ੍ਰਬੰਧ ਤੇ ਰੂਪ ਆਦਿ ਰਾਹੀਂ ਸੋਧ ਲਿਆ ਜਾਂਦਾ ਹੈ ਤਾਂ ਸਾਰੀ ਬੇਮੁਹਾਰ ਪ੍ਰਕਿਰਤਿਕ ਸ਼ਕਤੀ ਇਕ ਸੰਜਮ ਵਿਚ ਬੱਝ ਜਾਂਦੀ ਹੈ। ਇਹ ਸੰਜਮ ਵਿਚ ਬੱਝੀ ਸ਼ਕਤੀ, ਗੁਰੂ ਸਾਹਿਬ ਦੇ ਸ਼ਬਦਾਂ ਵਿਚ ਕਰਮ ਖੰਡ ਦੀ ਬਾਣੀ ਜੋਰ ਹੈ। ਇਸ ਜੋਰ ਵਿਚ ਸਿਧਾਂਤ ਤੇ ਵਿਹਾਰ ਇਕ ਦੂਸਰੇ ਨਾਲ ਜੁੜ ਜਾਂਦੇ ਹਨ ਤੇ ਇਸ ਵਿਚੋਂ ਜੋ ਜੀਵ ਪੈਦਾ ਹੁੰਦਾ ਹੈ ਉਹ ਜੋਧਾ ਹੈ, ਮਹਾਂਬਲੀ ਹੈ ਤੇ ਸੂਰਾ ਹੈ। ਅਜਿਹੇ ਜੀਵ ਬ੍ਰਹਮ-ਗਿਆਨ ਦੀ ਭਰਪੂਰਤਾ ਤੇ ਮਹਿਮਾ ਵਿਚ ਲੀਨ ਹੋਏ ਆਦਰਸ਼ ਮਾਨਵ ਹਨ ਜੋ ਪ੍ਰਕਿਰਤੀ ਦੇ ਵਿਕਾਸ, ਵਿਨਾਸ ਦੀ ਸਹਿਜ-ਪ੍ਰਕਿਰਿਆ ਉਪਰ ਆਪਣੀ ਉਤ੍ਰਿਸ਼ਟ ਦ੍ਰਿਸ਼ਟੀ ਸਦਕਾ ਹਾਵੀ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਉਹ ਅਜਿਹੀ ਪ੍ਰਾਪਤੀ ਸਦਕਾ ਅਜਿਹੇ ਹੀ ਸੱਚਖੰਡ ਵਿਚ ਨਿਵਾਸ ਕਰਦੇ ਹਨ।

ਸੱਚਖੰਡ ਦਾ ਨਿਵਾਸ ਅਸਲ ਵਿਚ ਮਾਨਸਿਕਤਾ ਦੀ ਉਹ ਰੂਪਾਂਤ੍ਰਿਤ ਅਵਸਥਾ ਹੈ ਜਿਸ ਵਿਚ ਮਨੁੱਖ ਪ੍ਰਪੰਚ ਦੇ ਵਿਵਰਣਸ਼ੀਲ ਵਿਸਥਾਰ ਦੇ ਅਧੀਨ ਨਹੀਂ, ਸਗੋਂ ਅਜਿਹੇ ਵਿਸਥਾਰ ਨੂੰ ਆਪਣੇ ਅਧੀਨ ਕਰ ਲੈਂਦਾ ਹੈ ਤੇ ਇਸ ਤਰ੍ਹਾਂ ਵਿਵਰਣਸ਼ੀਲ ਸਮੂਰਤਣ ਤੋਂ ਇਕ ਉਚੇਰੀ ਵਿੱਥ ਪ੍ਰਾਪਤ ਕਰ ਲੈਂਦਾ ਹੈ। ਅਜਿਹੀ ਦ੍ਰਿਸ਼ਟੀ ਵਿਚ ਵਸਣ ਵਾਲਾ ਆਦਰਸ਼ ਮਾਨਵ ਸਿਧਾਂਤਕ ਤੇ ਵਿਹਾਰਕ ਖੰਡਾਂ ਦੇ ਆਪਸੀ ਮੇਲ ਉੱਪਰ ਉਸਰੀ ਅਜਿਹੀ ਪ੍ਰਤੱਖਣਾ ਵਿਚ ਜਾਗ ਉਠਦਾ ਹੈ ਜਿਥੇ ਉਹ ਇਕ ਛਿੰਨ ਵਿਚ ਸਾਰੇ ਬ੍ਰਹਮੰਡ ਨੂੰ ਵੇਖ ਲੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹੀ ਅਵਸਥਾ ਵਿਚ ਉਸ ਦਾ ਮਾਨਸਿਕ ਵਿਕਾਸ ਅੱਗੇ ਤੋਂ ਅਗੇਰੇ ਵਿਗਸਦਾ ਹੀ ਜਾਂਦਾ ਹੈ।

ਪਰ ਅਜਿਹੀ ਸਾਰੀ ਪ੍ਰਕਿਰਿਆ ਦਾ ਗਹਿਨ ਧਰਾਤਲ ਕੀ ਹੈ ? ਗੁਰੂ ਸਾਹਿਬ ਦੇ ਅਨੁਸਾਰ ਇਹ ਧਰਾਤਲ ਸ਼ਬਦ ਦਾ ਧਰਾਤਲ ਹੈ। ਸ਼ਬਦ, ਜੋ ਵਿਹਾਰਕ ਭਾਸ਼ਾ ਤੋਂ ਵੱਖਰੀ ਪ੍ਰਕਾਰ ਦੀ ਭਾਸ਼ਾ ਹੈ, ਜੋ ਮਾਨਵ ਨੂੰ ਸਾਰਥਕਤਾ ਦੇ ਪਦ ਉਤੇ ਵੀ ਪੁਚਾਂਦੀ ਹੈ, ਉਸ ਨੂੰ ਨੈਤਿਕਤਾ ਵੀ ਦੇਂਦੀ ਹੈ, ਉਸ ਨੂੰ ਦ੍ਰਿਸ਼ਟੀ ਵੀ ਦੇਂਦੀ ਹੈ। ਇਸ ਤਰ੍ਹਾਂ ਸੱਚਖੰਡ ਉਤੇ ਪੁੱਜੀ ਮਾਨਸਿਕਤਾ, ਉਹ ਮਾਨਸਿਕਤਾ ਹੈ ਜੋ ਨੇਮ, ਪ੍ਰਬੰਧ, ਰੂਪ, ਕਰਮ, ਦ੍ਰਿਸ਼ਟੀ ਆਦਿ ਦੇ ਭੇਦ ਨੂੰ ਸਮਝਦੀ ਹੈ ਅਤੇ ਇਨ੍ਹਾਂ ਸਾਰੀਆਂ ਗੱਲਾਂ ਦੀ ਮਹਾਨਤਾ ਨੂੰ ਦ੍ਰਿੜ੍ਹ ਕਰਨ ਵਾਲੇ ਸ਼ਬਦ ਦਾ ਪਾਰ ਵੀ ਪਾ ਲੈਂਦੀ ਹੈ। ਇਸ ਤਰ੍ਹਾਂ ਪੰਜ ਖੰਡ ਗੁਰੂ ਨਾਨਕ ਦੇਵ ਦੀ ਅਧਿਆਤਮਕਤਾ ਦੇ ਮੁਤਾਬਿਕ ਰੂਪਾਂਤ੍ਰਿਤ ਦ੍ਰਿਸ਼ਟੀ ਨੂੰ ਪ੍ਰਣਾਲੀਬੱਧ ਤਰੀਕੇ ਨਾਲ ਪੇਸ਼ ਕਰਨ ਵਾਲੇ ਜਪੁ ਜੀ ਦੇ ਮਹੱਤਵਸ਼ੀਲ ਭਾਗ ਹਨ।

(ਹ) ਗੁਰਬਾਣੀ-ਪ੍ਰਵਚਨ ਦੇ ਪ੍ਰਬੰਧੀ-ਪੈਟਰਨ

ਪੰਜਾਬੀ ਚਿੰਤਨ ਤੇ ਸ਼ਬਦ-ਸਭਿਆਚਾਰ ਦੇ ਅੰਤਰਗਤ ਗੁਰਬਾਣੀ-ਪ੍ਰਵਚਨ ਅਤਿਅੰਤ ਮਹੱਤਵ ਵਾਲੀ ਰਚਨਾ ਹੈ। ਗੁਰਬਾਣੀ ਦੇ ਅਜਿਹੇ ਸਰੂਪ ਨੂੰ ਪੰਜਾਬ-ਚਿੰਤਨ ਦੇ ਇਤਿਹਾਸ ਨੇ ਬਾਰੰਬਾਰ ਸਿਮਰਿਆ ਹੈ ਅਤੇ ਵਿਆਖਿਆ ਤੇ ਟਿੱਪਣੀ ਰਾਹੀਂ ਪਰੰਪਰਾ ਦੇ ਅੰਤਰਗਤ ਇਸ ਦੀ ਪਛਾਣ ਨੂੰ ਦ੍ਰਿੜ੍ਹ ਕਰਨ ਦਾ ਯਤਨ ਕੀਤਾ ਹੈ। ਇਸ ਦਾ ਸਾਫ਼ ਅਰਥ ਇਹ ਹੈ ਕਿ ਇਹ ਗੁਰਬਾਣੀ ਪੰਜਾਬ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਜੀਵਨ-ਦ੍ਰਿਸ਼ਟੀਕੋਣ ਪ੍ਰਦਾਨ ਕਰਨ ਵਾਲੀ ਰਚਨਾ ਹੈ। ਅਜਿਹੀ ਰਚਨਾ ਨਿਸ਼ਚੇ ਹੀ ਇਕ ਪ੍ਰਮਾਣਿਕ ਪੈਟਰਨ ਵਿਚ ਸੁਗਠਿਤ ਹੁੰਦੀ ਹੈ। ਗੁਰਬਾਣੀ ਦਾ ਪਾਠ ਸਾਡੇ ਇਸ ਪ੍ਰਸਤਾਵ ਦੀ ਨਿਸ਼ਚੇ ਹੀ ਪ੍ਰੋੜਤਾ ਕਰਦਾ ਹੈ। ਪੈਟਰਨ ਵਿਚ ਸੁਗਠਿਤ ਰਚਨਾ ਸਦਾ ਹੀ ਕਿਸੇ ਸਭਿਆਚਾਰਕ ਪਰੰਪਰਾ ਦੇ ਅੰਤਰਗਤ ਇਕ ਅਜਿਹਾ ਸਮੁੱਚਾ ਪ੍ਰਵਚਨ-ਪ੍ਰਬੰਧ ਹੁੰਦੀ ਹੈ ਜੋ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਅਰਥਾਂ ਦਾ ਸਿਰਜਨ ਕਰ ਰਹੀ ਹੁੰਦੀ ਹੈ। ਇਸ ਤਰ੍ਹਾਂ ਦੇ ਰਚਿਤ ਤੇ ਸੁਗਠਿਤ ਪ੍ਰਵਚਨ-ਪ੍ਰਬੰਧ ਨੂੰ ਹੀ ਪੈਟਰਨ ਕਿਹਾ ਜਾਂਦਾ ਹੈ। ਅਸਲ ਵਿਚ ਪੈਟਰਨ ਇਕ ਵਿਸ਼ੇਸ਼ ਪ੍ਰਕਾਰ ਦੀ ਅਨੁਸ਼ਾਸ਼ਿਤ ਬੁੱਧ ਦਾ ਨਤੀਜਾ ਹੁੰਦਾ ਹੈ। ਅਜਿਹੀ ਅਨੁਸ਼ਾਸ਼ਿਤ ਬੁੱਧ ਤੱਕ ਪੁੱਜਣਾ, ਜੀਵਨ ਦੇ ਪ੍ਰਦੱਤ ਪ੍ਰਪੰਚਾਂ ਦੇ ਕੁਹਰਾਮ ਵਿਚੋਂ ਨਿਕਲ ਕੇ, ਸੰਜਮ ਦੇ ਟਿਕਵੇਂ ਆਸਨ ਉਤੇ ਪੁੱਜਣਾ ਜ਼ਰੂਰੀ ਹੁੰਦਾ ਹੈ ਤੇ ਫਿਰ ਇਸ ਸੰਜਮ-ਆਸਨ ਉਤੇ ਬੈਠ ਕੇ ਪਕੜ ਵਿਚ ਆਉਣ ਵਾਲੀ ਹਰ ਤਰ੍ਹਾਂ ਦੀ ਪ੍ਰਾਪਤੀ ਨੂੰ ਪੈਟਰਨ ਵਿਚ ਸੰਗਠਿਤ ਕਰਨਾ, ਇਸ ਸੰਜਮਸ਼ੀਲ ਦ੍ਰਿਸ਼ਟੀ ਦਾ ਧਰਮ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਸੰਜਮਸ਼ੀਲ ਤੇ ਸੁਗਠਿਤ ਪ੍ਰਵਚਨ-ਪ੍ਰਬੰਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਤਾਵਰਨ ਤੇ ਵਿਅਕਤੀ ਦੇ ਵਿਚਕਾਰ ਇਕ ਅਜਿਹੀ ਜੁਗਤ ਵਾਂਗ ਪਰਵੇਸ਼ ਕਰ ਜਾਂਦਾ ਹੈ ਜੋ ਅਗਲੀ ਹਰ ਪ੍ਰਕਿਰਿਆ ਵਿਚ ਆਪਣੇ ਆਪ ਨੂੰ ਦੁਹਰਾਈ ਚਲੀ ਜਾਂਦੀ ਹੈ। ਅਸਲ ਵਿਚ ਪੈਟਰਨਮਈ ਸੰਗਠਨ ਦੇ ਅੰਤਰਗਤ ਦੁਹਰਾਉ ਆਉਂਦਾ ਹੀ ਉਦੋਂ ਹੈ, ਜਦੋਂ ਕੋਈ ਮਾਨਸਿਕਤਾ ਪ੍ਰਮਾਣਿਕਤਾ ਤੇ ਪ੍ਰਪੱਕਤਾ ਦੀ ਇਕ ਪੱਧਰ ਉਤੇ ਪੁੱਜ ਜਾਂਦੀ ਹੈ। ਜਿਸ ਵਿਅਕਤੀ ਜਾਂ ਸਿਰਜਨਹਾਰ ਪਾਸ ਅਜਿਹੀ ਮਾਨਸਿਕਤਾ ਨਹੀਂ, ਉਸ ਵਿਚ ਨ ਦੁਹਰਾਉ ਹੁੰਦਾ ਹੈ, ਨ ਰਹਾਉ। ਤੇ ਇਸ ਤਰ੍ਹਾਂ ਉਹ ਇਕ ਨਿਰੰਤਰ ਵਹਿਣ ਦੇ ਵਹਾਉ ਵਿਚ ਤੁਰਿਆ ਰਹਿੰਦਾ ਹੈ; ਜਦ ਕਿ ਸੰਜਮ-ਅਨੁਸ਼ਾਸ਼ਨ ਵਾਲੀ ਦ੍ਰਿਸ਼ਟੀ ਰੱਖਣ ਵਾਲਾ ਸਿਰਜਨਹਾਰ ਪਹਿਲਾਂ ਵਹਾਉ ਤੋਂ ਰਹਾਉ ਉਤੇ ਪੁੱਜਦਾ ਹੈ ਤੇ ਰਹਾਉ ਤੋਂ ਬਾਅਦ ਅੱਗੋਂ ਉਹ ਆਪਣੀ ਲੱਭੀ ਹੋਈ ਪ੍ਰਮਾਣਿਕ ਸਾਰਥਕਤਾ ਨੂੰ ਦੁਹਰਾ ਦੁਹਰਾ ਕੇ ਪ੍ਰਵਚਨ-ਪ੍ਰਬੰਧ ਵਿਚ ਪ੍ਰਕਾਸ਼ਮਾਨ ਕਰਦਾ ਹੈ। ਇਥੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਦੁਹਰਾਉ ਕੇਵਲ ਇਕੋ ਜਿਹੇ ਰੂਪ ਵਿਚ ਨਹੀਂ ਹੁੰਦਾ, ਸਗੋਂ ਰੂਪ ਵਟਾ ਵਟਾ ਕੇ ਇਹ ਪ੍ਰਗਟ ਹੁੰਦਾ ਹੈ। ਪਰ ਇਹ ਗੱਲ ਪੱਕੀ ਹੈ ਕਿ ਇਹ ਦੁਹਰਾਉ ਹੁੰਦਾ ਜ਼ਰੂਰ ਹੈ। ਗੁਰਬਾਣੀ ਨਿਸ਼ਚੇ ਹੀ ਆਪਣੇ ਰਚਨਾ-ਵਿਧਾਨ ਵਿਚ ਇਸ ਤਰ੍ਹਾਂ ਦੇ ਸੰਗਠਨ ਨੂੰ ਸੰਭਾਲੀ ਬੈਠੀ ਹੈ। ਇਸ ਤਰ੍ਹਾਂ ਅਸੀਂ ਗੁਰਬਾਣੀ ਨੂੰ ਪੈਟਰਨ ਵਿਚ ਬੱਝੀ ਪ੍ਰਵਚਨਸ਼ੀਲ ਸਾਰਥਕਤਾ ਦਾ ਨਾਮ ਦੇਂਦੇ ਹਾਂ। ਇਸ ਪੈਟਰਨ-ਬੰਧਨ ਦੀ ਆਪਣੀ ਟਕਸਾਲ ਹੈ, ਜਿਸ ਵਿਚੋਂ ਵੰਨ ਸੁਵੰਨੀਆਂ ਅਰਥ-ਬਣਤਰਾਂ ਰੂਪ ਵਟਾ ਵਟਾ ਕੇ ਜ਼ਾਹਰ ਹੁੰਦੀਆਂ ਹਨ ਅਤੇ ਹਰ ਬਣਤਰ ਉਪਰ ਇਸ ਟਕਸਾਲੀ ਦੀ ਮੁਹਰ-ਛਾਪ ਹੁੰਦੀ ਹੈ।

ਗੁਰਬਾਣੀ, ਜਿਸ ਨੂੰ ਅਸੀਂ ਉੱਪਰ ਇਕ ਸਾਰਥਕ ਪੈਟਰਨ-ਬੱਧ ਪ੍ਰਵਚਨ-ਪ੍ਰਬੰਧ ਦਾ ਨਾਮ ਦੇ ਆਏ ਹਾਂ, ਇਸ ਵਿਸ਼ੇਸ਼ਤਾ ਦੀ ਨਿਰਸੰਦੇਹ ਧਾਰਨੀ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਕੋਈ ਸੁਗਠਿਤ ਸਾਰਥਕਤਾ ਟਕਸਾਲੀ ਪਦ ਤੇ ਪੁੱਜ ਜਾਏ ਤਾਂ ਉਸ ਦੇ ਅੰਤਰਗਤ ਨਿਸ਼ਚੇ ਹੀ ਕਿਸੇ ਥੀਮ, ਵਿਸ਼ੇ ਜਾਂ ਦ੍ਰਿਸ਼ਟੀ ਨੂੰ ਸੁਗਠਿਤ ਕਰਨ ਦਾ ਯਤਨ ਹੁੰਦਾ ਹੈ। ਗੁਰਬਾਣੀ ਇਸ ਪੱਖ ਤੋਂ ਬ੍ਰਹਮਵਾਦੀ ਦ੍ਰਿਸ਼ਟੀਕੋਣ ਨੂੰ ਸੁਗਠਿਤ ਕਰਨ ਵਾਲੀ ਰਚਨਾ ਹੈ। ਜਿਸ ਦੇ ਅੰਤਰਗਤ ਸਾਰੀ ਯਾਤਰਾ ਬੁਨਿਆਦੀ ਤੌਰ ਉਤੇ ਨਿਰਗੁਣ ਬ੍ਰਹਮ ਤੋਂ ਨਿਰਗੁਣ ਬ੍ਰਹਮ ਤਕ ਦੀ ਹੈ। ਇਨ੍ਹਾਂ ਦੋਹਾਂ ਨਿਰਗੁਣੀ ਬਿੰਦੂਆਂ ਦੇ ਵਿਚਕਾਰ ਇਹ ਬਾਣੀ ਬ੍ਰਹਮੰਡ ਅਤੇ ਮਨੁੱਖੀ ਸੰਸਾਰ ਦੀਆਂ ਸਮੱਸਿਆਵਾਂ ਨੂੰ ਵਿਚਾਰਦੀ; ਉਨ੍ਹਾਂ ਉਪਰ ਟਿੱਪਣੀ ਕਰਦੀ ਤੇ ਉਨ੍ਹਾਂ ਨੂੰ ਆਪਣੇ ਬ੍ਰਹਮਵਾਦੀ ਕੋਡ ਵਿਚ ਸੁਗਠਿਤ ਕਰਦੀ ਚਲੀ ਜਾਂਦੀ ਹੈ। ਇਸ ਤਰ੍ਹਾਂ ਇਹ ਪਾਰਲੌਕਿਕ ਦ੍ਰਿਸ਼ਟੀ ਨਾਨਕ-ਬਾਣੀ ਦੀ ਟਕਸਾਲੀ ਬਣਤਰ ਨੂੰ ਇਕ ਭਾਰਾ ਗੌਰਾ ਵਿਸ਼ੇਗਤ ਧਰਾਤਲ ਦੇਂਦੀ ਹੈ :

ਇਹ ਪ੍ਰਸਤਾਵ ਨਾਨਕ-ਬਾਣੀ ਦਾ ਵਿਆਪਕ ਪ੍ਰਸਤਾਵ ਹੈ। ਇਸ ਨੂੰ ਅਸੀਂ ਪਰੰਪਰਾਈ ਤੇ ਸੰਪਰਦਾਈ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇ ਅਧਿਆਤਮਵਾਦ ਵਜੋਂ ਜਾਨਣ ਦਾ ਯਤਨ ਕਰਦੇ ਆ ਰਹੇ ਹਾਂ। ਪਰ ਸਾਨੂੰ ਆਪਣੀ ਪੈਟਰਨ-ਪਛਾਣਨ ਵਾਲੀ ਦ੍ਰਿਸ਼ਟੀ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖਿਆਂ ਇਹ ਗੱਲ ਰਤਾ ਕੁ ਵੱਖਰੀ ਜਹੀ ਪ੍ਰਤੀਤ ਹੁੰਦੀ ਹੈ ਤੇ ਇਹ ਵੱਖਰ ਇਸ ਗੱਲ ਵਿਚ ਹੈ ਕਿ ਇਕ ਤਾਂ ਇਸ ਸਾਰੀ ਗੱਲ ਨੂੰ ਕਹਿਣ ਜਾਂ ਪ੍ਰਸਤੁਤ ਕਰਨ ਦੀ ਜੁਗਤ ਭਾਸ਼ਾ ਹੈ ਅਤੇ ਜਦੋਂ ਕੋਈ ਗੱਲ ਭਾਸ਼ਾ ਵਿਚ ਪੇਸ਼ ਕੀਤੀ ਜਾਂਦੀ ਹੈ ਤਾਂ ਉਹ ਦੋ ਤਰੀਕਿਆਂ ਨਾਲ ਪੇਸ਼ ਹੁੰਦੀ ਹੈ। ਇਕ ਤਰੀਕਾ ਤਾਂ ਭਾਸ਼ਾ ਨੂੰ ਇਕ ਪਾਰਦਰਸ਼ੀ ਮਾਧਿਅਮ ਵਜੋਂ ਵਰਤਣ ਦਾ ਹੈ। ਇਸ ਤਰੀਕੇ ਨਾਲ ਅਸੀਂ ਭਾਸ਼ਾ ਦੀ ਆਪਣੀ ਹੋਂਦ ਤੇ ਪਛਾਣ ਨੂੰ ਸਹਿਜੇ ਹੀ ਇਕ ਲਾਂਭੇ ਕਰਕੇ, ਉਸ ਦੁਆਰਾ ਪੇਸ਼ ਹੋਣ ਵਾਲੀ ਸਮੱਸਿਆ ਜਾਂ ਸਾਮਗਰੀ ਤੀਕ ਚਲੇ ਜਾਂਦੇ ਹਾ ਤੇ ਇਸ ਵਿਚੋਂ ਇਕ ਭਰਮ-ਪੈਰਾਡਾਈਮ ਆਪਣੇ ਨਾਲ ਰੱਖ ਲੈਂਦੇ ਹਾਂ ਕਿ ਭਾਸ਼ਾ ਸੰਸਾਰ ਦੇ ਵਿਹਾਰਕ ਆਦਾਨ ਪ੍ਰਦਾਨ ਦਾ ਸਾਧਨ ਮਾਤਰ ਹੈ। ਦੂਸਰਾ ਤਰੀਕਾ ਵੀ ਭਾਸ਼ਾ-ਪ੍ਰਯੋਗ ਦਾ ਹੀ ਹੈ। ਪਰ ਇਸ ਪ੍ਰਯੋਗ ਵਿਚ ਭਾਸ਼ਾ ਦੀ ਭਾਸ਼ਾਈ ਵਿਸ਼ੁੱਧਤਾ ਉਪਰ ਬਲ ਹੁੰਦਾ ਹੈ। ਇਸ ਵਿਚ ਇਹ ਦੱਸਿਆ ਜਾਂਦਾ ਹੈ ਕਿ ਭਾਸ਼ਾ ਦੇਸ਼, ਕਾਲ, ਕਾਰਣ ਦੇ ਪ੍ਰਸੰਗ ਵਿਚ ਵਿਚਰਣ ਵਾਲੀਆਂ ਪਦਾਰਥਕ ਹੋਂਦਾਂ ਤੋਂ ਵੱਖਰੀ ਕਿਵੇਂ ਹੈ ? ਤੇ ਜਦੋਂ ਇਸ ਵੱਖਰ ਦੀ ਸਮੱਸਿਆ ਚਿੰਤਨ ਦਾ ਭਾਗ ਬਣ ਜਾਂਦੀ ਹੈ ਤਾਂ ਇਹ ਪਤਾ ਚਲਦਾ ਹੈ ਕਿ ਭਾਸ਼ਾ ਤਾਂ ਅਸਲ ਵਿਚ ਮਾਨਵ-ਬੁੱਧ ਦਾ ਹਸਤਾਖਰ ਹੈ। ਬੁੱਧ ਨਾ ਤਾਂ ਕੋਈ ਪਦਾਰਥਕ ਵਸਤੂ ਹੈ ਤੇ ਨ ਹੀ ਕੋਈ ਤਾਤਵਿਕ ਹੋਂਦ। ਇਹ ਤਾਂ ਮਨੁੱਖ ਦਾ ਪ੍ਰਪੰਚ ਉਪਰ ਅਧਿਕਾਰ ਹੈ; ਅਤੇ ਇਹ ਅਧਿਕਾਰ ਪ੍ਰਗਟ ਰੂਪ ਵਿਚ ਭਾਸ਼ਾ ਦੁਆਰਾ ਹੀ ਪ੍ਰਕਾਸ਼ਮਾਨ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਭਾਸ਼ਾ ਨੂੰ ਵੇਖਣ ਨਾਲ ਇਹ ਗੱਲ ਸਮਝ ਆਉਂਦੀ ਹੈ ਕਿ ਨਿਰਗੁਣੀ ਬ੍ਰਹਮ ਦੀ ਅਵਸਥਾ ਬੇਸ਼ੱਕ ਅਧਿਆਤਮਕ ਹੈ ਪਰ ਇਹ ਅਧਿਆਤਮਕਤਾ ਵਿਸ਼ੁੱਧ ਉਚੇਰੀ ਤੇ ਨਿਰਲਿਪਤ ਬੌਧਿਕਤਾ ਦੀ ਸੂਚਕ ਹੈ। ਇਸ ਬੌਧਿਕਤਾ ਦੇ ਆਸਨ ਤੋਂ ਹੀ ਸੁਨੇਮਤ ਵਿਧਾਨ ਉਤਰਦਾ ਹੈ ਅਤੇ ਇਹ ਸੁਨੇਮਤ ਵਿਧਾਨ ਅੱਗੋਂ ਪ੍ਰਪੰਚ ਨੂੰ ਸੰਜਮਸ਼ੀਲ ਕਰਨ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਵਿਸ਼ੁੱਧ ਬੌਧਿਕਤਾ ਦਾ ਨੇਮਕਾਰੀ ਵਿਧਾਨ, ਨਾਨਕ-ਬਾਣੀ ਦਾ ਵਿਆਪਕ ਸੂਤਰ ਹੈ; ਜੋ ਆਪਣੀ ਇਸ ਨੇਮਣ ਬਿਰਤੀ ਨੂੰ ਬਾਰ ਬਾਰ ਕਈ ਪ੍ਰਕਾਰ ਦੇ ਸੰਗਠਨਾਂ ਵਿਚ ਜ਼ਾਹਰ ਕਰਦਾ ਹੈ। ਮਿਸਾਲ ਵਜੋਂ ਗੁਰੂ ਨਾਨਕ ਦੀ ਪ੍ਰਸਿੱਧ, ਪ੍ਰਮਾਣਿਕ ਤੇ ਪ੍ਰਤਿਨਿਧ ਬਾਣੀ ਜਪੁ ਜੀ ਸਾਹਿਬ ਅਜਿਹੇ ਹੀ ਸੰਗਠਨ ਨੂੰ ਪ੍ਰਤਿਨਿਧਤਾ ਦੇਂਦੀ ਹੈ। ਇਸ ਬਾਣੀ ਦੇ ਆਦਿ ਵਿਚ ਵੀ ਬ੍ਰਹਮ ਹੈ ਅਤੇ ਅੰਤ ਵਿਚ ਵੀ ਬ੍ਰਹਮ ਹੈ। ਵਿਚਕਾਰਲੀ ਸਮੱਗਰੀ ਇਸੇ ਬ੍ਰਹਮ ਦੀ ਮਮਤਾ ਨੂੰ ਦਰਸਾਣ ਵਾਲੀਆਂ ਜੁਗਤਾਂ ਨਾਲ ਭਰੀ ਹੋਈ ਹੈ। ਇਹ ਜੁਗਤਾਂ ਵੈਸੇ ਤਾਂ ਬੁਨਿਆਦੀ ਤੌਰ ਉਤੇ ਸੰਕਲਪਸ਼ੀਲ ਹੁੰਦੀਆਂ ਹੋਈਆਂ ਬ੍ਰਹਮ ਦੀ ਨਿਰਗੁਣੀ ਅਵਸਥਾ ਨਾਲ ਹੀ ਜੁੜੀਆਂ ਰਹਿੰਦੀਆਂ ਹਨ ਪਰ ਕਿਉਂਕਿ ਇਨ੍ਹਾਂ ਦਾ ਕਾਰਜ ਬ੍ਰਹਮ ਦੀ ਨਿਰਗੁਣੀ ਵਿਸ਼ੇਸ਼ਤਾ ਨੂੰ ਸਾਕਾਰ ਕਰਨਾ ਹੁੰਦਾ ਹੈ ਇਸ ਲਈ ਇਹ ਸੰਕਲਪਸ਼ੀਲ ਹੁੰਦੀਆਂ ਹੋਈਆਂ ਵੀ ਕਿਤੇ ਕਿਤੇ ਵਿਹਾਰਸੰਪੰਨ ਪ੍ਰਸੰਗਾਂ ਨਾਲ ਜਾ ਜੁੜਦੀਆਂ ਹਨ। ਮਿਸਾਲ ਵਜੋਂ ਜਪੁ ਜੀ ਦੀ ਪਹਿਲੀ ਪਉੜੀ ਤੋਂ ਉਪਰੰਤ ਜਦੋਂ ਹੁਕਮ ਦੀ ਗੱਲ ਚਲਦੀ ਹੈ ਤਾਂ ਇਸ ਸਾਰੀ ਪਉੜੀ ਦੇ ਆਰਪਾਰ ਹੁਕਮ ਨੂੰ ਨੇਮਤ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਾਲੀ ਪ੍ਰਕਿਰਿਆ ਦੇ ਅਰਥਾਂ ਵਿਚ ਹੀ ਲਖਿਆ ਗਿਆ ਹੈ; ਪਰ ਇਥੇ ਬ੍ਰਹਮ ਦੀ ਨਿਰਗੁਣਤਾ ਜ਼ਾਹਰ ਹੁਕਮ ਰਾਹੀਂ ਹੋ ਰਹੀ ਹੈ। ਹੁਕਮ ਰਾਜਨੀਤੀ ਦਾ ਸ਼ਬਦ ਹੈ ਅਤੇ ਬੁਨਿਆਦੀ ਤੌਰ ਉਤੇ ਸਾਮੰਤਸ਼ਾਹੀ ਦੇ ਪ੍ਰਬੰਧ ਨਾਲ ਸੰਬੰਧਿਤ ਹੈ। ਮੱਧਕਾਲ ਵਿਚ ਮੁਸਲਮਾਨ ਹੁਕਮਰਾਨਾ ਦੀ ਰਾਜਨੀਤੀ ਦੇ ਪਰਵੇਸ਼ ਕਰਨ ਨਾਲ ਹੁਕਮ ਸਾਹਮਣੇ ਆਉਂਦਾ ਹੈ ਅਤੇ ਇਥੋਂ ਹੀ ਇਹ ਸ਼ਬਦ ਇਕ ਦੁਜੈਲੇ ਮਾਡਲ ਵਾਂਗ ਪ੍ਰਯੋਗ ਵਿਚ ਆ ਸਕਣ ਦੀ ਬਿਰਤੀ ਗ੍ਰਹਿਣ ਕਰਦਾ ਹੈ। ਗੁਰੂ ਨਾਨਕ ਨਿਰਗੁਣੀ ਬ੍ਰਹਮ ਦੇ ਅਰਥਾਂ ਵਿਚ ਵਿਸ਼ੁੱਧ ਬੌਧਿਕਤਾ ਦੀ ਪ੍ਰਕਿਰਿਆ ਨੂੰ ਪੇਸ਼ ਕਰਨਾ ਚਾਹੁੰਦੇ ਹਨ ਤੇ ਜਦੋਂ ਇਹ ਪ੍ਰਕਿਰਿਆ ਹੁਕਮ ਰਾਹੀਂ ਜ਼ਾਹਰ ਹੁੰਦੀ ਹੈ ਤਾਂ ਇਹ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਿਵੇਂ ਰਾਜੇ ਦਾ ਹੁਕਮ ਜ਼ੋਰ ਤੇ ਸ਼ਕਤੀ ਰਾਹੀਂ ਅਨੁਸ਼ਾਸ਼ਨ ਲਾਗੂ ਕਰਦਾ ਹੈ ਤੇ ਹਰ ਪੱਧਰ ਉਤੇ ਲੋਕਾਈ ਨੂੰ ਇਸ ਅਨੁਸ਼ਾਸ਼ਨ ਅਧੀਨ ਸੰਜਮਸ਼ੀਲ ਹੋਣ ਦੀ ਤਾਕੀਦ ਕਰਦਾ ਹੈ, ਇਸੇ ਤਰ੍ਹਾਂ ਬ੍ਰਹਮੰਡੀ ਪ੍ਰਪੰਚ ਦੀਆਂ ਬੇਮੁਹਾਰ ਖੁਲ੍ਹਾਂ ਨੂੰ ਬੁਧਨਿਸ਼ਠ ਬ੍ਰਹਮ ਜਾਂ ਬ੍ਰਹਮਨਿਸ਼ਠ ਬੁੱਧ ਹਰ ਪੱਧਰ ਉਪਰ ਨੇਮਤ ਹੋਣ ਤੇ ਨੇਮਤ ਕਰਨ ਦੀ ਗੱਲ ਨੂੰ ਸਪਸ਼ਟ ਕਰਦਾ ਜਾਂਦਾ ਹੈ। ਇਥੇ ਗੱਲ ਹੁਕਮ ਸੰਬੰਧੀ ਹੈ। ਹੁਕਮ ਰਾਹੀਂ ਸੰਕਲਪੀ ਵਿਸ਼ੁੱਧਤਾ ਵਾਲੀ ਭਾਸ਼ਾ ਸਰਕ ਕੇ, ਰਾਜਨੀਤੀ ਦੀ ਵਿਹਾਰਸੰਪੰਨ ਕਿਰਿਆ ਨਾਲ ਜੁੜ ਜਾਂਦੀ ਹੈ, ਕਿਉਂਕਿ ਹੁਕਮ ਨੂੰ ਹਾਕਮ ਤੇ ਮਹਿਕੂਮ ਦੇ ਪਰਸਪਰ ਸੰਬੰਧਾਂ ਵਿਚ ਸਮਝਿਆ ਜਾ ਸਕਦਾ ਹੈ।

ਇਸੀ ਤਰ੍ਹਾਂ ਬ੍ਰਹਮ ਦੀ ਸਮਤਾ ਦੀ ਪੱਧਰ ਉਤੇ ਕਾਰਜਸ਼ੀਲ ਕਈ ਹੋਰ ਸੰਕਲਪ ਵੀ ਹਨ। ਜਿਵੇਂ ਹੁਕਮ ਤੋਂ ਬਾਅਦ ਗਾਉਣ ਦੀ ਗੱਲ ਕੀਤੀ ਗਈ ਹੈ ਅਤੇ ਗਾਉਣ ਨੂੰ ਕਥਨ ਤੋਂ ਨਖੇੜਿਆ ਗਿਆ ਹੈ ਜਿਸ ਵਿਚ ਭਾਵ ਇਹ ਹੈ ਕਿ ਨਿਰਗੁਣੀ ਵਿਵਸਥਾ ਦਾ ਗਾਇਨ ਤਾਂ ਕੀਤਾ ਜਾ ਸਕਦਾ ਹੈ, ਕਥਨ ਨਹੀਂ ਕੀਤਾ ਜਾ ਸਕਦਾ। ਕਥਨ ਤਾਂ ਵਿਹਾਰਸੰਪੰਨ ਸਮੂਰਤਣ ਵੱਲ ਸਰਕੀ ਭਾਸ਼ਾ ਹੈ, ਅਤੇ ਇਸ ਦੇ ਮੁਕਾਬਲੇ ਉਤੇ ਗਾਇਨ ਵਿਹਾਰਸੰਪੰਨ ਸਮੂਰਤਣ ਤੋਂ ਸਰਕ ਕੇ ਨਿਰਗੁਣੀ ਸੂੰਨਯਤਾ ਵੱਲ ਸਫ਼ਰ ਕਰਨ ਵਾਲੀ ਭਾਸ਼ਾ ਹੈ।

ਇਸੀ ਸੇਧ ਵਿਚ ਅੱਗੋਂ ਇਹ ਦਰਸਾਇਆ ਗਿਆ ਹੈ ਕਿ ਆਦਮੀਅਤ ਆਧਾਰੀ ਜੈਵਿਕਤਾ ਦੇ ਵਿਹਾਰਸੰਪੰਨ ਚਰਿੱਤਰ ਨੂੰ ਨਿਰਗੁਣੀ ਵਿਸ਼ੁੱਧਤਾ ਦੇ ਦ੍ਰਿਸ਼ਟੀ ਬਿੰਦੂ ਤੋਂ ਕਿਵੇਂ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ। ਜਪੁ ਜੀ ਦੇ ਮੱਧ ਦਾ ਬਹੁਤ ਵੱਡਾ ਭਾਗ ਇਸੇ ਰੂਪਾਂਤ੍ਰਣ ਪ੍ਰਕਿਰਿਆ ਨਾਲ ਭਰਪੂਰ ਹੈ। ਇਸ ਵਿਚ ਸੰਕਲਪਸ਼ੀਲ ਜੁਗਤਾਂ ਦੇ ਨਾਲ ਨਾਲ ਨੈਤਿਕ ਮੂੱਲਾਂ ਦਾ ਸੰਚਾਰ ਕਰਨ ਵਾਲੀ ਸਿਖਿਆ ਵੀ ਮੌਜੂਦ ਹੈ। ਪਰ ਇਸ ਸਾਰੀ ਦੀ ਦਿਸ਼ਾ ਸਮੂਰਤ ਆਦਮੀਅਤ ਵਿਚ ਅਮੂਰਤ ਤੇ ਨਿਰਕਾਰੀ ਦ੍ਰਿਸ਼ਟੀ ਨੂੰ ਉਤਾਰਨ ਦੀ ਹੈ। ਇਸੇ ਲਈ ਅਮੂਰਤ ਤੇ ਨਿਰਾਕਾਰ ਵੱਲ ਵਿਕਾਸ ਕਰਨ ਵਾਲਾ ਪ੍ਰਵਚਨ ਜਪੁ ਜੀ ਦੇ ਮਗਰਲੇ ਹਿੱਸੇ ਵਿਚ ਬਹੁਤ ਪ੍ਰਬਲ ਹੋ ਜਾਂਦਾ ਹੈ। ਇਸੇ ਹਿੱਸੇ ਵਿਚ ਕਿਉਂਕਿ ਰੂਪਾਂਤ੍ਰਣ ਦੀ ਹਰ ਪੱਧਰ ਅਮੂਰਤ ਤੋਂ ਅਮੂਰਤ ਦੀ ਯਾਤਰਾ ਕਰਦੀ ਹੈ, ਇਸ ਲਈ ਇਸ ਵਿਚ ਸੰਕਲਪਸ਼ੀਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਆਖਿਆ ਅਤਿਅੰਤ ਸੂਤ੍ਰਿਤ ਕਟੀਆਂ ਬਣਾ ਕੇ ਚਲਦੀ ਹੈ। ਅੰਤ ਉਤੇ ਜਦੋਂ ਨਿਰਾਕਾਰ ਤੇ ਸੱਚ ਨੂੰ ਇਕ ਦੂਜੇ ਵਿਚ ਅਭੇਦ ਕੀਤਾ ਜਾਂਦਾ ਹੈ ਤਾਂ ਉਥੇ ਸਾਰੀ ਜਟਿਲ ਸੰਰਚਨਾ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਦੱਸਿਆ ਇਹ ਜਾਂਦਾ ਹੈ ਕਿ ਨਿਰਗੁਣੀ ਬ੍ਰਹਮ ਦੀ ਵਿਸ਼ੁਧਤਾ ਤੇ ਸੰਸਾਰ ਦੇ ਵਿਚਕਾਰ ਸ਼ਬਦ ਦੀ ਜੁਗਤ ਹੈ ਅਤੇ ਇਹ ਸ਼ਬਦ ਅਮੂਰਤ ਦ੍ਰਿਸ਼ਟੀ ਤੇ ਨੈਤਿਕਤਾ ਦੇ ਸੰਜਮ--ਅਨੁਸ਼ਾਸ਼ਨ ਦੀ ਪ੍ਰਕਿਰਿਆ ਰਾਹੀਂ ਘੜਿਆ ਗਿਆ ਸ਼ਬਦ ਹੈ। ਅਮੂਰਤ ਦ੍ਰਿਸ਼ਟੀ ਤੇ ਨੈਤਿਕਤਾ ਦੀ ਪ੍ਰਕਿਰਿਆ ਕਿਉਂਕਿ ਸਮੂਰਤ ਆਦਮੀਅਤ ਨੂੰ ਬ੍ਰਹਮਸੰਪੰਨ ਦ੍ਰਿਸ਼ਟੀ ਵਿਚ ਬਦਲਦੀ ਹੈ; ਇਸ ਲਈ ਇਹ ਸੱਚੀ ਟਕਸਾਲ ਹੈ। ਇਸ ਪ੍ਰਕਾਰ ਜਪੁ ਜੀ ਇਕ ਅਤਿਅੰਤ ਸੁਗਠਿਤ ਪੈਟਰਨ ਵਾਲੀ ਰਚਨਾ ਹੈ। ਇਸ ਪੈਟਰਨ ਦੀ ਪਛਾਣ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ। ਇਸ ਵਿਚ ਸਭ ਤੋਂ ਪਹਿਲਾਂ ਨਿਰਗੁਣੀ ਬ੍ਰਹਮ ਦੀ ਵਿਸ਼ੁੱਧਤਾ ਨੂੰ ਇਕ ਅਮੂਰਤ ਪੈਰਾਡਾਈਮ ਦੇ ਰੂਪ ਵਿਚ ਅਰੰਭ ਵਿਚ ਵੀ ਪੇਸ਼ ਕਰ ਦਿੱਤਾ ਗਿਆ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਕੋਈ ਰਚੈਤਾ ਅਮੂਰਤ ਪ੍ਰਬੰਧ ਨੂੰ ਪੇਸ਼ ਕਰਦਾ ਹੈ ਤਾਂ ਉਹ ਅਜਿਹੀ ਗੱਲ ਨਖੇੜ ਕੇ ਕਰਦਾ ਹੈ ਤੇ ਨਖੇੜਦਾ ਇਸ ਲਈ ਹੈ ਕਿ ਇਸ ਦੀ ਵਿਸ਼ੁੱਧਤਾ ਨਿਰਮਲ ਹੋ ਕੇ ਉਘੜਦੀ ਵਿਖਾਈ ਦੇਵੇ। ਮੂਲਮੰਤਰ ਵਿਚ ਹਰ ਪਦ ਇਸ ਵਿਸ਼ੁੱਧਤਾ ਦੀ ਸਾਖੀ ਵੀ ਭਰਦਾ ਹੈ ਤੇ ਰਾਖੀ ਵੀ ਬੈਠਦਾ ਹੈ। ਪਰ ਅਮੂਰਤ ਸਿੱਟਿਆਂ ਵਿਚ ਪੇਸ਼ ਹੋਣ ਵਾਲੇ ਪ੍ਰਸਤਾਵ ਅਤਿਅੰਤ ਗਣਿਤਾਤਮਕ ਹੁੰਦੇ ਹਨ। ਇਸ ਲਈ ਇਹ ਵਿਹਾਰਕ ਜੀਵਨ ਦੀਆਂ ਸੀਮਾਵਾਂ ਨੂੰ ਉਲੰਘ ਜਾਂਦੇ ਹਨ। ਜ਼ਰੂਰਤ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਇਨ੍ਹਾਂ ਦੇ ਆਧਾਰ ਉਤੇ ਵਿਹਾਰਕ ਜੀਵਨ ਨੂੰ ਪ੍ਰਬੰਧਸ਼ੀਲ ਕੀਤਾ ਜਾਏ। ਇਸ ਲਈ ਇਸ ਤੋਂ ਅੱਗੋਂ ਯਾਤਰਾ ਫਿਰ ਵਿਹਾਰਕ ਜੀਵਨ ਦੀ ਸ਼ੁਰੂ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਜਪੁ ਜੀ ਵਿਚ ਮੂਲਮੰਤਰ ਪੈਰਾਡਾਈਮ ਪੇਸ਼ ਕਰਦਾ ਹੈ ਤੇ ਅਗਲਾ ਭਾਗ ਇਸ ਪੈਰਾਡਾਈਮ ਨੂੰ ਪਹਿਲਾਂ ਵਿਹਾਰਕ ਜੀਵਨ ਵਿਚ ਉਤਾਰਦਾ ਹੈ ਤੇ ਫੇਰ ਇਸ ਨੂੰ ਵਿਹਾਰਕ ਜੀਵਨ ਨੂੰ ਨੇਮਿਤ ਕਰਨ ਲਈ ਵਰਤਦਾ ਹੈ ਅਤੇ ਵਿਹਾਰਿਕਤਾ ਨੂੰ ਨੇਮਿਤ ਕਰਦਾ ਕਰਦਾ ਅੰਤ ਉਤੇ ਫਿਰ ਵਿਸ਼ੁੱਧ ਅਮੂਰਤਣ ਉਤੇ ਪੁੱਜ ਜਾਂਦਾ ਹੈ। ਇਸ ਤਰ੍ਹਾਂ ਜਪੁ ਜੀ ਵਿਚ ਸਾਰਾ ਸੁਗਠਨ ਇਨ੍ਹਾਂ ਪੱਧਰਾਂ ਉਤੇ ਹੋਇਆ ਜਾਪਦਾ ਹੈ :

1. ਅਮੂਰਤ ਪੈਰਾਡਾਈਮ ਦੀ ਪੇਸ਼ਕਾਰੀ
2. ਪੈਰਾਡਾਈਮ ਨੂੰ ਵਿਹਾਰਕ ਜੀਵਨ ਦੇ ਰੂਪਾਂਤ੍ਰਨ ਵਿਚ ਵਰਤੋਂ ਵਿਚ ਲਿਆਨਾ
3. ਸਮੂਰਤ ਵਿਹਾਰਕਤਾ ਤੇ ਅਮੂਰਤ ਨਿਰਗੁਣਤਾ ਨੂੰ ਇਕ ਦੂਜੇ ਵਿਚ ਅਭੇਦ ਕਰਨਾ।

ਗੁਰੂ ਨਾਨਕ ਦੀਆਂ ਕਈ ਮਹੱਤਵਸ਼ੀਲ ਬਾਣੀਆਂ ਇਸੇ ਉਪਰੋਕਤ ਪੈਟਰਨ ਦੀ ਪ੍ਰਤਿਨਿਧਤਾ ਕਰਦੀਆਂ ਹਨ। ਉਨ੍ਹਾਂ ਵਿਚ ਅੰਤਰ ਕੇਵਲ ਇਸ ਗੱਲ ਦਾ ਹੈ ਕਿ ਉਨ੍ਹਾਂ ਦੀ ਪ੍ਰਸਥਿਤੀ ਆਪੋ ਆਪਣੀ ਹੈ। ਮਿਸਾਲ ਵਜੋਂ ਅਸੀਂ ਸਿਧ ਗੋਸਟਿ ਦੀ ਗੱਲ ਕਰਦੇ ਹਾਂ। ਸਿਧ ਗੋਸਟਿ ਵਿਚ ਗੁਰੂ ਨਾਨਕ ਨੇ ਜੋਗੀਆਂ ਦੇ ਪੰਥ ਦੀਆਂ ਸਮੱਸਿਆਵਾਂ ਨੂੰ ਸਾਹਮਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੱਖਦਿਆਂ ਆਪਣਾ ਮੱਤ ਪੇਸ਼ ਕੀਤਾ। ਇਥੇ ਮਸਲਾ ਪੈਰਾਡਾਈਮ ਰਾਹੀਂ ਵਿਹਾਰਕ ਜੀਵਨ ਨੂੰ ਰੂਪਾਂਤ੍ਰਣ ਦੇਣ ਦਾ ਨਹੀਂ, ਸਗੋਂ ਆਪਣੇ ਪੈਰਾਡਾਈਮ ਦੀ ਬੌਧਿਕ ਪ੍ਰਮਾਣਿਕਤਾ ਨੂੰ ਸਿੱਧ ਕਰਨ ਦਾ ਹੈ। ਇਸ ਲਈ ਇਥੇ ਸਾਰੀ ਗੱਲ ਵਾਰਤਾਲਾਪ ਤੇ ਦਰਚਾ ਵਿਚ ਚਲਦੀ ਹੈ। ਇਥੇ ਸਾਰੇ ਪ੍ਰਸ਼ਨ-ਉੱਤਰ ਸੰਕਲਪੀ ਵਾਦ-ਵਿਵਾਦ ਦੇ ਹਨ। ਵਿਸ਼ੇਸ਼ ਕਰਕੇ ਸਿਧ ਗੋਸਟਿ ਨੂੰ ਧਿਆਨ ਨਾਲ ਪੜ੍ਹਿਆਂ ਇਹ ਪਤਾ ਲੱਗਦਾ ਹੈ ਕਿ ਇਸ ਵਿਚ ਵੀ ਨਿਰਗੁਣ ਦੇ ਮਹਾਤਮ ਨੂੰ ਦ੍ਰਿੜ੍ਹ ਕੀਤਾ ਤੇ ਸਮਝਾਇਆ ਗਿਆ ਹੈ ਅਤੇ ਸੁੰਨ ਤੇ ਅਨਹਦ ਨੂੰ ਵੀ ਨਿਰਗੁਣ ਬ੍ਰਹਮ ਦੀ ਵਿਸ਼ੁੱਧਤਾ ਨਾਲ ਹੀ ਜੋੜਿਆ ਗਿਆ ਹੈ ਅਤੇ ਨਾਲ ਇਹ ਦੱਸਿਆ ਗਿਆ ਹੈ ਕਿ ਸੰਸਾਰਕ ਜੀਵਨ ਦੀ ਵਿਹਾਰਕਤਾ ਵਿਚ ਰਹਿੰਦਿਆਂ ਕੋਈ ਆਪਣੇ ਸਮੂਰਤਣ ਵਿਚ ਅਮੂਰਤ ਦ੍ਰਿਸ਼ਟੀ ਦਾ ਉਤਾਰਾ ਕਿਵੇਂ ਕਰ ਸਕਦਾ ਹੈ ? ਅਮੂਰਤ ਦ੍ਰਿਸ਼ਟੀ ਤੇ ਸੰਸਾਰਕ ਵਿਹਾਰਕਤਾ ਦੇ ਵਿਚਕਾਰ ਫਿਰ ਗੁਰੂ ਨੇ ਸ਼ਬਦ ਸੁਰਤਿ ਦੀ ਮਹਾਨਤਾ ਨੂੰ ਦਰਸਾਇਆ ਹੈ। ਜਲ ਵਿਚ ਕਮਲ ਨਿਰਾਲਮ ਤੇ ਅਭਿੱਜ ਮੁਰਗਾਈ ਦਾ ਰਹਿਣ ਇਸੇ ਗੱਲ ਦੀ ਸਾਖੀ ਭਰਦਾ ਹੈ। ਇਸ ਦਾ ਅਰਥ ਇਹ ਹੈ ਕਿ ਸਮੂਰਤ ਤੇ ਅਮੂਰਤ ਦੀ ਮਧਿਅਸਤ ਜੁਗਤ ਸ਼ਬਦ ਹੈ। ਸ਼ਬਦ ਰਾਹੀਂ ਸੰਸਾਰਗ੍ਰਸਤ ਹੋਇਆ ਜਾ ਸਕਦਾ ਹੈ ਤੇ ਸ਼ਬਦ ਰਾਹੀਂ ਸੰਸਾਰਲਿਪਿਤ ਹੋਇਆ ਜਾ ਸਕਦਾ ਹੈ। ਬ੍ਰਹਮ ਦੀ ਗੱਲ ਸਮਝਾਣ ਲੱਗਿਆਂ ਗੁਰੂ ਜੀ ਨੇ ਕਿਹਾ ਹੈ ਕਿ ਸਭ ਤੋਂ ਪਹਿਲੀ ਅਵਸਥਾ ਅਵਗਤ ਦੀ ਹੈ। ਅਵਗਤ ਉਹ ਹੈ, ਜਿਸ ਦੀ ਅਭਿਵਿਅਕਤੀ ਸੰਭਵ ਨਹੀਂ। ਅਸਲ ਵਿਚ ਸੰਸਾਰਕ ਤੇ ਵਿਹਾਰਕ ਵਤੀਰਾ ਭਾਸ਼ਾ ਨੂੰ ਨਿੱਤ ਦੀਆਂ ਸੰਸਾਰਕ ਸਮੱਸਿਆਵਾਂ ਦੀ ਅਭਿਵਿਅਕਤੀ ਨਾਲ ਜੋੜ ਦੇਂਦਾ ਹੈ। ਇਸ ਲਈ ਇਸ ਵਿਚੋਂ ਇਹ ਸਿੱਟਾ ਨਿਕਲਣਾ ਸੁਭਾਵਕ ਹੈ ਕਿ ਜੋ ਨਿਰਗੁਣ ਹੈ ਉਹ ਅਵਗਤ ਹੈ। ਪਰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਨਿਰਗੁਣ ਤੇ ਅਵਗਤ ਦੋਵੇਂ ਵਿਸ਼ੇਸ਼ ਪ੍ਰਕਾਰ ਦੇ ਪਾਰਿਭਾਸ਼ਕ ਸ਼ਬਦ ਹਨ ਤੇ ਇਨ੍ਹਾਂ ਦੀ ਭਾਸ਼ਾਈ ਬਣਤਰ ਨਿਸ਼ੇਧ ਬਣਤਰ ਹੈ। ਨਿਸ਼ੇਧ ਬਣਤਰ ਵਾਲੇ ਸ਼ਬਦ ਨਿਸ਼ਚੇਵਾਦੀ ਭਾਸ਼ਾ ਦੇ ਉਲਟ ਬਣਾਏ ਜਾਂਦੇ ਹਨ ਤੇ ਇਨ੍ਹਾਂ ਦੀ ਜ਼ਰੂਰਤ ਇਸ ਲਈ ਪੈਂਦੀ ਹੈ ਕਿ ਇਨ੍ਹਾਂ ਰਾਹੀਂ ਵਿਹਾਰਕ ਜੀਵਨ ਤੋਂ ਕਿਤੇ ਉਚੇਰੇ ਪ੍ਰਸਤਾਵਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਇਸ ਲਈ ਅਵਿਗਤ ਤੇ ਨਿਰਗੁਣ ਵੀ ਵਿਸ਼ੇਸ਼ ਪ੍ਰਕਾਰ ਦੇ ਵਿਸ਼ੁੱਧ ਬੋਧਣ ਨੂੰ ਪ੍ਰਗਟਾਣ ਵਾਲੇ ਸ਼ਬਦ ਹਨ। ਅਵਿਗਤ ਅਵਸਥਾ, ਇਸ ਤਰ੍ਹਾਂ ਜਟਿਲ ਸੰਸਾਰਿਕਤਾ ਤੋਂ ਵਿਸ਼ੁੱਧ ਪੱਧਰ ਉਪਰ ਵਿਚਰਣ ਵਾਲੀ ਇਕ ਅਵਸਥਾ ਹੈ ਅਤੇ ਗੁਰੂ ਸਾਹਿਬ ਕਹਿੰਦੇ ਹਨ ਕਿ ਜੋ ਨਿਰਗੁਣ ਹੈ ਉਹ ਇਸੇ ਅਵਿਗਤ ਅਵਸਥਾ ਨਾਲ ਜੁੜਿਆ ਹੋਇਆ ਹੈ ਤੇ ਇਥੋਂ ਉਹ ਉੱਪਜਦਾ ਹੈ। ਇਹ ਉਪਜਣ ਦਾ ਸੰਬੰਧ ਅਵਗਤ ਦੇ ਆਪੇ ਆਪ ਪ੍ਰਕਾਸ਼ ਲੈਣ ਨਾਲ ਸੰਬੰਧਿਤ ਹੈ, ਕਿਉਂਕਿ ਇਹ ਨਿਰਗੁਣ ਹੈ, ਅਵਿਗਤ ਹੈ, ਆਪਣੇ ਆਪ ਵਿਚੋਂ ਆ ਰਿਹਾ ਹੈ ਇਸ ਲਈ ਇਹ ਮਲ ਤੋਂ ਰਹਿਤ ਹੈ ਤਥਾ ਨਿਰਮਲ ਹੈ। ਇਹ ਸਾਰੀਆਂ ਉਕਤੀਆਂ ਵਿਸ਼ੁਧ ਬੌਧਿਕ ਪ੍ਰਸਤਾਵ ਨੂੰ ਸੰਸਾਰ ਦੀ ਜਟਿਲ ਵਿਹਾਰਕਤਾ ਤੋਂ ਇਕ ਵਿੱਥ ਉਤੇ ਰੱਖਣ ਦੀ ਯੋਜਨਾ ਨਾਲ ਸੰਬੰਧਿਤ ਹਨ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਇਸ ਨਿਰਮਲ ਅਵਸਥਾ ਵਿਚੋਂ ਉਪਜਦਾ ਜਦੋਂ ਨਿਰਮਲ ਸਾਕਾਰ ਹੁੰਦਾ ਹੈ ਤਾਂ ਉਹ ਇਕ ਪਛਾਨਣਯੋਗ ਸਗੁਣਤਾ ਨੂੰ ਗ੍ਰਹਿਣ ਕਰ ਜਾਂਦਾ ਹੈ। ਸਗੁਣਤਾ ਸੰਸਾਰ ਵਲੋਂ ਨਿਰਗੁਣਤਾ ਵੱਲ ਵੱਧਦੀ ਹੈ; ਇਸ ਲਈ ਇਸ ਗੁਣਾਤਮਕਤਾ ਪਰਵੇਸ਼ ਹੁੰਦੀ ਹੈ ਪਰ ਜਦੋਂ ਇਸ ਨੂੰ ਨਿਰਗੁਣਤਾ ਦਾ ਸਾਕਾਰ ਰੂਪ ਕਿਹਾ ਜਾਂਦਾ ਹੈ ਤਾਂ ਇਸ ਦੀ ਸਗੁਣਤਾ ਆਪਣਾ ਵਸਤੂ ਵਿਹਾਰ ਤਿਆਗ ਕੇ ਨਿਗੁਣਤਾ ਦੇ ਪ੍ਰਕਾਸ਼ ਦਾ ਅਤਿਅੰਤ ਡੂੰਘਾ ਤੇ ਅਤੁੱਟ ਪ੍ਰਗਟਾਊ ਚਿਹਨ ਬਣ ਨਿੱਬੜਦੀ ਹੈ। ਇਸੇ ਸੇਧ ਵਿਚ ਸਾਰੀ ਸਿਧ ਗੋਸਟਿ ਨਿਰਗੁਣੀ ਬ੍ਰਹਮ ਦੀ ਹਕੀਕਤ ਨੂੰ ਨਾਥ-ਸਿਧ ਪਰੰਪਰਾ ਦੇ ਸੰਕਲਪਾਂ ਨੂੰ ਸਾਹਮਣੇ ਰੱਖ ਕੇ ਸਮਝਾਂਦੀ ਹੈ। ਇਉਂ ਇਸ ਬਾਣੀ ਦਾ ਪੈਟਰਨ ਵੀ ਲਗਭਗ ਉਹੀ ਹੈ ਜੋ ਜਪੁ ਜੀ ਦਾ ਹੈ ਪਰ ਇਸ ਵਿਚ ਨਿਰਗੁਣੀ ਬ੍ਰਹਮ ਨੂੰ ਅਧਿਕਤਰ ਪ੍ਰਸਤਾਵ ਦੀ ਪੱਧਰ ਉਪਰ ਪੇਸ਼ ਕੀਤਾ ਤੇ ਉਘਾੜਿਆ ਗਿਆ ਹੈ। ਇਹ ਪੂਰਬਲੇ ਪੈਟਰਨ ਦਾ ਦੁਹਰਾਉ ਹੀ ਹੈ। ਪ੍ਰਸੰਗ ਤੇ ਪ੍ਰਸਥਿਤੀਆਂ ਭਾਵੇਂ ਵੱਖਰੀਆਂ ਹਨ।

ਇਸੀ ਤਰ੍ਹਾਂ ਅਸੀਂ ਗੁਰੂ ਨਾਨਕ ਦੀਆਂ ਵਿਸ਼ੁਧ ਗਿਆਨਸੰਪੰਨ ਹੋਰ ਬਾਣੀਆਂ ਜਿਵੇਂ ਕਿ 'ਦੱਖਣੀ ਓਅੰਕਾਰ', 'ਮਾਰੂ ਸੋਹਲਹੇ' ਆਦਿ ਨੂੰ ਵੀ ਇਸੇ ਸੇਧ ਵਿਚ ਪੜ੍ਹ ਕੇ ਉਪਰੋਕਤ ਵਿਚ ਨਿਸ਼ਚਿਤ ਕੀਤੀ ਪੈਟਰਨ-ਵਿਧੀ ਦਾ ਸਮਰਥਨ ਲੱਭ ਸਕਦੇ ਹਾਂ।

ਉਪਰੋਕਤ ਚਰਚਾ ਤੋਂ ਇਹ ਤਾਂ ਭਲੀ ਪ੍ਰਕਾਰ ਸਪਸ਼ਟ ਹੋ ਜਾਂਦਾ ਹੈ ਕਿ ਨਾਨਕ-ਬਾਣੀ ਆਪਣੀ ਯਾਤਰਾ ਵਿਸ਼ੁੱਧ ਨਿਗੁਣਤਾ ਤੋਂ ਅਰੰਭਦੀ ਹੈ ਅਤੇ ਇਸ ਵਿਸ਼ੁੱਧ ਨਿਗੁਣਤਾ ਨੂੰ ਗਿਆਨ ਦੀ ਪੱਧਰ ਉਤੇ ਵੱਖ ਵੱਖ ਤਰੀਕਿਆਂ ਰਾਹੀਂ ਸੁਗਠਨ ਵੀ ਦੇਂਦੀ ਹੈ। ਇਸ ਦੀ ਸੁਗਠਨ ਪ੍ਰਕਿਰਿਆ ਵਿਚ ਭਾਵੇਂ ਕਈ ਦੂਸਰੇ ਤੱਤ ਵੀ ਸ਼ਾਮਲ ਹੁੰਦੇ ਹਨ ਪਰ ਪ੍ਰਮੁੱਖ ਰੂਪ ਵਿਚ ਇਸ ਬਿਰਤੀ ਨਾਲ ਸੰਬੰਧਿਤ ਸਾਰਾ ਸੰਗਠਨ ਗਿਆਨ ਦੀ ਵਿਸ਼ੁੱਧਤਾ ਨੂੰ ਕਾਇਮ ਰੱਖਣ ਦਾ ਕਾਰਜ ਹੀ ਕਰਦਾ ਹੈ। ਇਸ ਸੁਗਠਨ ਨੂੰ ਸਾਕਾਰ ਕਰਨ ਲਈ ਭਾਵੇਂ ਕਾਵਿ-ਸ਼ਿਲਪ ਨੂੰ ਵਰਤਿਆ ਗਿਆ ਹੈ ਪਰ ਜੋ ਕੁਝ ਅਗ੍ਰਭੂਮੀ ਉਤੇ ਸਾਕਾਰ ਹੁੰਦਾ ਹੈ, ਉਸ ਦੀ ਸਾਰੀ ਬਣਤਰ ਗਿਆਨਸੰਪੰਨ ਤੇ ਪ੍ਰਸਤਾਵ ਆਧਾਰੀ ਪ੍ਰਵਚਨ ਦੀ ਹੈ। ਅਜਿਹੇ ਪੈਟਰਨ ਦੇ ਦੁਰਹਾਉ ਨਾਲ ਗੁਰੂ ਨਾਨਕ ਨੇ ਗਿਆਨਸੰਪੰਨ ਦ੍ਰਿਸ਼ਟੀ, ਸੰਕਲਪ, ਮਧਿਅਸਤ ਜੁਗਤਾਂ, ਰੂਪਾਂਤ੍ਰਣ ਆਦਿ ਦੀ ਵਿਸ਼ੁੱਧਤਾ ਨੂੰ ਨਿਸ਼ਚਿਤ ਕਰਨ ਦੇ ਨਾਲ ਨਾਲ ਭਾਸ਼ਾ ਦੀ ਭਾਸ਼ਾਈ ਵਿਸ਼ੁੱਧਤਾ ਨੂੰ ਵੀ ਦ੍ਰਿੜ੍ਹ ਕੀਤਾ ਹੈ ਅਤੇ ਦਸਿਆ ਇਹ ਹੈ ਕਿ ਇਨ੍ਹਾਂ ਸਾਰੇ ਪ੍ਰਸਤਾਵੀ ਸੰਕਲਪਾਂ ਦੁਆਰਾ ਅਰਥ-ਭਰਪੂਰ ਗੱਲ ਜਾਂ ਪ੍ਰਵਚਨ ਦਾ ਵਿਦਾ-ਬਿੰਦੂ ਭਾਸ਼ਾਈ ਪ੍ਰਬੰਧ ਦੇ ਅੰਤਰਗਤ ਨਿਹਿਤ ਮਾਨਸਿਕਤਾ ਦੀ ਵਿਸ਼ੁਧ ਅਵਸਥਾ ਹੀ ਹੈ। ਆਪਣੀ ਇਸੇ ਉਪਲਬਧ ਨੂੰ ਗੁਰੂ ਨਾਨਕ ਨੇ ਕਈ ਹੋਰ ਬਿੰਦੂਆਂ ਤੋਂ ਵੀ ਪੇਸ਼ ਕੀਤਾ ਹੈ। ਮਿਸਾਲ ਵਜੋਂ ਗੁਰੂ ਨਾਨਕ ਆਪਣੀ ਇਸੇ ਧਾਰਨਾ ਨੂੰ ਬਹੁਤ ਸਾਰੇ ਸ਼ਬਦਾਂ ਵਿਚ ਉਤੇਜਿਤ ਪਰਵਿਰਤੀਆਂ ਦੀ ਤੀਬਰਤਾ ਤੇ ਅਮੂਰਤ ਬ੍ਰਹਮ ਦੀ ਨਿਗੁਣਤਾ ਦੇ ਪ੍ਰਸਪਰ ਵਿਵਾਦ ਤੇ ਵਿਦਰੋਹ ਰਾਹੀਂ ਪ੍ਰਗਟਾਇਆ ਹੈ। ਇਸ ਸੰਬੰਧ ਵਿਚ ਗੁਰੂ ਨਾਨਕ ਦਾ ਪ੍ਰਸਿੱਧ ਸ਼ਬਦ, 'ਮੋਤੀ ਤ ਮੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਊਸਰਹਿ, ਰਤਨੀ ਤਾ ਹੋਹਿ ਜੜਾਉ' ਵਾਲਾ ਹੈ। ਇਸ ਸ਼ਬਦ ਨੂੰ ਧਿਆਨ ਨਾਲ ਪੜ੍ਹਿਆਂ ਇਹ ਗੱਲ ਪਤਾ ਲੱਗਦੀ ਹੈ ਕਿ ਗੁਰੂ ਨਾਨਕ ਅਮੂਰਤ ਬ੍ਰਹਮ ਨੂੰ ਮਨੁੱਖ ਦੇ ਸਮੂਰਤ ਵਿਵਹਾਰ ਨਾਲ ਕਿਵੇਂ ਜੋੜਨਾ ਚਾਹੁੰਦੇ ਹਨ। ਇਸ ਸਾਰੇ ਸ਼ਬਦ ਵਿਚ ਪਹਿਲਾਂ ਐਸੀ ਕੋਟੀ ਦਾ ਨਿਰਮਾਨ ਕੀਤਾ ਗਿਆ ਹੈ ਜੋ ਮਨੁੱਖ ਦੀਆਂ ਸੰਸਾਰੀ ਬਿਰਤੀਆਂ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਉਤੇਜਿਤ ਕਰਨ ਵਾਲੀ ਹੈ। ਇਸ ਕੋਟੀ ਦੇ ਵਿਭਿੰਨ ਦ੍ਰਿਸ਼ਾਂ ਦੇ ਪ੍ਰਬਲ ਐਂਦ੍ਰੀਯ ਪ੍ਰਭਾਵ ਨੂੰ ਅਤਿਅੰਤ ਪ੍ਰਬੀਨਤਾ ਸਹਿਤ ਉਘਾੜਿਆ ਗਿਆ ਹੈ। ਪ੍ਰਥਮ ਦ੍ਰਿਸ਼ ਵਿਚ ਸੰਸਾਰ ਆਧਾਰੀ ਮਾਨਵੀ ਮੈਂ ਸਭ ਤੋਂ ਪਹਿਲਾਂ ਅਤਿਅੰਤ ਸੁੰਦਰ, ਰਮਣੀਕ ਅਤੇ ਕਈ ਕਿਸਮ ਦੀ ਮਹਿਕਾਰ ਦੇਣ ਵਾਲੇ ਮਹਿਲ ਦੀ ਪ੍ਰਾਪਤੀ ਦੀ ਅਕਾਂਖਿਆ ਕਰਦੀ ਹੈ। ਇਸ ਵਿਚ ਸੁੰਦਰ ਮਹਿਲ ਦੀ ਅਭਿਲਾਸ਼ਾ, ਜੋ ਜਮਾਤੀ ਸਮਾਜ ਦੇ ਸਾਧਾਰਨ ਵਰਗ ਦੀ ਅਵਚੇਤਨਾ ਵਿਚ ਦੱਬੀ ਪਈ ਹੈ, ਨੂੰ ਬਹੁਤ ਪ੍ਰਬਲ ਸਮੂਰਤਣ ਦਿੱਤਾ ਗਿਆ ਹੈ। ਪਰ ਇਸ ਸਮੂਰਤਣ ਨੂੰ ਸੰਸਾਰੀ ਮੈਂ ਨੂੰ ਆਪਣੇ ਪ੍ਰਭਾਵ ਵਿਚ ਰੋੜ੍ਹ ਲੈ ਜਾਣ ਦੀ ਸ਼ਕਤੀ ਵਿਚ ਪੇਸ਼ ਕੀਤਾ ਗਿਆ ਹੈ। ਇਥੇ ਉਦੇਸ਼ ਪਾਰਵਿਰਤਿਕ ਤਰੰਗ ਦੇ ਉਦੈਮਾਨ ਕਰਨ ਦਾ ਹੈ। ਅਤੇ ਨਾਲ ਹੀ ਇਰ ਦੱਸਣ ਦਾ ਹੈ ਕਿ ਜਦੋਂ ਪਾਰਵਿਰਤਿਕ ਤਰੰਗ ਉਦੈਮਾਨ ਹੋ ਜਾਂਦੀ ਹੈ, ਉਦੋਂ ਮਾਨਵੀ ਸੰਤੁਲਨ ਦੇ ਡੋਲ ਜਾਣ ਦਾ ਖ਼ਤਰਾ ਹੁੰਦਾ ਹੈ। ਆਪਣੀ ਇਸ ਗੱਲ ਨੂੰ ਪੇਸ਼ ਕਰਨ ਲਈ ਗੁਰੂ ਨਾਨਕ ਇਕ ਅਗਲੀ ਕੋਟੀ ਇਸ ਪ੍ਰਬਲ ਪ੍ਰਭਾਵ ਵਾਲੀ ਉਤੇਜਨਾ ਤੋਂ ਡਰ ਕੇ ਰਹਿਣ ਵਾਲੀ ਬਣਾਂਦੇ ਹਨ ਅਤੇ ਫਿਰ ਡਰ ਕੇ ਰਹਿਣ ਵਾਲੀ ਕੋਟੀ ਦਾ ਅੱਗੋਂ ਸਮਾਧਾਨ ਇਸ ਪ੍ਰਸਤਾਵ ਰਾਹੀਂ ਕਰਦੇ ਹਨ ਕਿ ਗੁਰੂ ਦੀ ਹਦਾਇਤ ਇਹ ਹੈ ਕਿ ਆਪਣੀ ਇਕਾਗ੍ਰਤਾ ਨੂੰ ਕਾਇਮ ਰੱਖਣ ਲਈ ਹਰੀ ਵਿਚ ਧਿਆਨ ਰੱਖਣਾ ਜ਼ਰੂਰੀ ਹੈ ਅਤੇ ਇਹ ਇਸ ਲਈ ਜ਼ਰੂਰੀ ਹੈ ਕਿ ਟਿਕਾਉ ਤੇ ਇਕਾਗ੍ਰਤਾ ਵਾਲਾ ਸਥਾਨ ਇਸ ਤੋਂ ਬਿਨਾਂ ਹੋਰ ਕਿਤੇ ਨਹੀਂ। ਇਸ ਤਰ੍ਹਾਂ ਇਥੇ ਜੋ ਸੰਗਠਨ ਬਣਿਆ ਹੈ, ਉਹ ਇਹ ਹੈ ਕਿ ਸਭ ਤੋਂ ਪਹਿਲਾਂ ਪਰਵਿਰਤੀਆਂ ਨੂੰ ਉਤੇਜਿਤ ਕਰਨ ਵਾਲਾ ਦ੍ਰਿਸ਼ ਹੈ ਤੇ ਉਸ ਤੋਂ ਬਾਅਦ ਉਤੇਜਿਤ ਪਰਵਿਰਤੀ ਨੂੰ ਡਰ ਰਾਹੀਂ ਉਲੰਘ ਕੇ ਬੌਧਿਕ ਇਕਾਗ੍ਰਤਾ ਤੀਕ ਪੁੱਜਣ ਦਾ ਪ੍ਰਸਤਾਵ ਹੈ। ਇਨ੍ਹਾਂ ਦੋਹਾਂ ਦੇ ਵਿਚਕਾਰ ਗੁਰੂ ਹੈ। ਇਸ ਤਰ੍ਹਾਂ ਤਰੰਗਿਤ ਸਮੂਰਤਣ ਮਧਿਅਸਤ ਜੁਗਤ ਤੇ ਬੌਧਿਕ ਇਕਾਗ੍ਰਤਾ ਤਿੰਨਾਂ ਨੂੰ ਇਥੇ ਇਕ ਸੁਗਠਨ ਦੇ ਦਿੱਤਾ ਗਿਆ ਹੈ। ਇਸ ਸਾਰੇ ਸ਼ਬਦ ਵਿਚ ਤਰੰਗਿਤ ਪਰਵਿਰਤੀ ਨੂੰ ਉਦੈਮਾਨ ਕਰਨ ਵਾਲੇ ਤਿੰਨ ਦ੍ਰਿਸ਼ ਹੋਰ ਹਨ। ਇਕ ਸੁੰਦਰ ਤੇ ਹੁਸੀਨ ਨਾਰੀ ਨਾਲ ਕਲੋਲ ਕਰਨ ਦਾ ਦ੍ਰਿਸ਼ ਹੈ, ਦੂਸਰਾ ਸਿੱਧੀ ਦੇ ਅਤਿਅੰਤ ਉਚੇਰੇ ਆਸਨ ਉਤੇ ਪੁੱਜੇ ਹੋਏ ਨਾਥ ਜੋਗੀ ਦਾ ਦ੍ਰਿਸ਼ ਹੈ ਜੋ ਲੋਕ ਸ਼ਰਧਾ ਰਾਹੀਂ ਆਪਣੀ ਹਉਂ ਵਿਚੋਂ ਉਮੰਡੀ ਉਤੇਜਨਾ ਦੇ ਵਹਿਣ ਵਿਚ ਵਹਿੰਦਾ ਹੈ ਤੇ ਇਸ ਤਰ੍ਹਾਂ ਅਗਲਾ ਦ੍ਰਿਸ਼ ਚਹੁੰ ਕੂੰਟਾਂ ਨੂੰ ਨਿਵਾ ਕੇ ਉਨ੍ਹਾਂ ਨੂੰ ਆਪਣੇ ਹੁਕਮ ਵਿਚ ਰੱਖਣ ਵਾਲੇ ਰਾਜੇ ਦੀ ਆਫਰੀ ਹੋਈ ਹਉਂ ਦਾ ਹੈ। ਪਰ ਸਾਰਿਆਂ ਦ੍ਰਿਸ਼ਾਂ ਨੂੰ ਬੰਦ ਤਰੰਗਿਤ ਉਤੇਜਨਾ ਵਿਚ ਬੌਧਿਕ ਇਕਾਗ੍ਰਤਾ ਦੇ ਵਹਿ ਜਾਣ ਦੇ ਡਰ ਰਾਹੀਂ ਅੱਗੋਂ ਸਮਾਪਤ ਕਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਗੱਲ ਤੋਰੀ ਗਈ ਹੈ ਤੇ ਫਿਰ ਪੂਰਨ ਸਮਾਪਤੀ ਗੁਰੂ ਦੀ ਮਧਿਅਸਤ ਜੁਗਤ ਰਾਹੀਂ ਹਰੀ ਤੇ ਟਿਕਾਉ ਵਾਲੇ ਸਥਾਨ ਦੀ ਇਕਾਗ੍ਰਤਾ ਰਾਹੀਂ ਸਮਝਾਈ ਗਈ ਹੈ। ਇਸ ਸ਼ਬਦ ਨੂੰ ਪੰਜਾਬੀ ਸਮੀਖਿਆ ਅਭਿਆਸ ਨੇ ਉਦਾਹਰਣ ਵਜੋਂ ਬਹੁਤ ਇਸਤੇਮਾਲ ਕੀਤਾ ਹੈ ਪਰ ਇਸ ਵਿਚ ਕਾਵਿ, ਅਕਾਵਿ ਦੀ ਵੰਡ ਕੀਤੀ ਗਈ ਹੈ ਅਤੇ ਦਸਿਆ ਇਹ ਗਿਆ ਹੈ ਕਿ ਉਤੇਜਿਤ ਤਰੰਗਾਂ ਜਗਾਉਣ ਵਾਲੇਂ ਭਰਵੇਂ ਦ੍ਰਿਸ਼ ਗੁਰੂ ਨਾਨਕ ਦੀ ਕਾਵਿ-ਪ੍ਰਤਿਭਾ ਦਾ ਪ੍ਰਮਾਣ ਹਨ ਅਤੇ ਅਜਿਹੇ ਦ੍ਰਿਸ਼ਾ ਤੋਂ ਡਰ ਕੇ ਗੁਰੂ ਰਾਹੀਂ ਹਰੀ ਵਿਚ ਸਮਾਣ ਵਾਲੀਆਂ ਟੂਕਾਂ ਅਕਾਵਿ ਹਨ ਤੇ ਇਸ ਲਈ ਬਾਣੀ ਹਨ। ਪਰ ਇਸ ਵਿਚੋਂ ਸਿੱਟਾ ਇਹ ਨਿਕਲਦਾ ਹੈ ਕਿ ਕਾਵਿ, ਮਨੋਤਰੰਗਾਂ ਨੂੰ ਉਤੇਜਿਤ ਕਰਨ ਵਾਲੀ ਬਣਤਰ ਹੈ। ਜੇ ਇਹ ਮੰਨ ਲਿਆ ਜਾਏ ਤਾਂ ਅਗਲਾ ਨਤੀਜਾ ਇਹ ਨਿਕਲੇਗਾ ਕਿ ਪਰਵਿਰਤੀਆਂ ਦੇ ਉਤੇਜਿਤ ਹੋ ਜਾਣ ਨਾਲ ਮਨੁੱਖ ਨੂੰ ਅਨੰਦ ਤਾਂ ਮਿਲੇਗਾ, ਪਰ ਇਸ ਅਨੰਦ ਦੇ ਅੰਤਰਗਤ ਨਿਹਿਤ ਸਦਾ ਮੌਤ ਤੇ ਬਰਬਾਦੀ ਦਾ ਹੋਵੇਗਾ। ਫ਼ਰਾਇਡ ਨੇ ਆਪਣੇ ਅਨੰਦ ਸਿਧਾਂਤ ਰਾਹੀਂ ਇਹ ਹੀ ਤਾਂ ਗੱਲ ਸਮਝਾਈ ਹੈ ਕਿ ਪਰਵਿਰਤੀਆਂ ਵਿਚ ਅਨੰਦ ਲੈਂਦਾ ਲੈਂਦਾ ਪ੍ਰਾਣੀ ਮੌਤ ਤੇ ਬਰਬਾਦੀ ਵਿਚ ਰੁੜ੍ਹ ਜਾਂਦਾ ਹੈ। ਜਿਸ ਤੋਂ ਫਿਰ ਨਤੀਜਾ ਇਹ ਨਿਕਲਦਾ ਹੈ ਕਿ ਕੀ ਕਾਵਿ ਮਨੋਤਰੰਗਾਂ ਨੂੰ ਉਤੇਜਿਤ ਕਰਨ ਤੇ ਮਾਨਵੀ ਸੰਜਮ ਨੂੰ ਨਸ਼ਟ ਕਰਨ ਵਾਲੀ ਕੋਟੀ ਹੈ? ਤਾਂ ਇਸ ਦਾ ਉੱਤਰ ਇਹ ਹੈ ਕਿ ਇਹ ਗੱਲ ਬਿਲਕੁਲ ਨਹੀਂ ਮੰਨੀ ਜਾ ਸਕਦੀ। ਕਾਵਿ ਤਾਂ ਮਾਨਵੀ ਸੰਤੁਲਨ ਨੂੰ ਆਪਣੇ ਤਰੀਕੇ ਨਾਲ ਸੁਗਠਿਤ ਕਰਨ ਦੀ ਕਲਾ ਹੈ। ਇਸ ਸ਼ਬਦ ਵਿਚ ਗੁਰੂ ਨਾਨਕ ਦੀ ਪ੍ਰਤਿਭਾ ਮਾਨਵੀ ਜੈਵਿਕਤਾ ਦੇ ਪ੍ਰਸੰਗ ਵਿਚ ਸੰਤੁਲਨ ਦੇ ਡੋਲਵੇਂ ਤੇ ਇਕਾਗਰ ਆਯਾਮਾਂ ਦੀ ਹਕੀਕਤ ਨੂੰ ਦ੍ਰਿੜ੍ਹ ਕਰਾਣ ਵਾਲੀ ਵਿਸ਼ੇਸ਼ਤਾ ਹੈ। ਇਸ ਤਰ੍ਹਾਂ ਉਪਰੋਕਤ ਸ਼ਬਦ ਵਿਚ ਵਿਸ਼ੁੱਧ ਨਿਗੁਣਤਾ ਵਾਲੀ ਮਾਨਸਿਕਤਾ ਦੇ ਚਰਿੱਤਰ ਨੂੰ ਮਨੁੱਖ ਦੀ ਸੰਸਾਰ-ਰੁਚਿਤ ਅਕਾਂਖਿਆ ਦੇ ਪ੍ਰਸੰਗ ਵਿਚ ਪੇਸ਼ ਕਰਨ ਵਾਲਾ ਪੈਟਰਨ ਮੌਜੂਦ ਹੈ। ਵਿਆਪਕ ਪੈਟਰਨ ਤਾਂ ਬਜਰ ਸੰਸਾਰਿਕਤਾ ਤੋਂ ਬ੍ਰਹਮਮੂਲਕ ਵਿਸ਼ੁੱਧਤਾ ਤੱਕ ਜਾਣ ਦਾ ਹੀ ਹੈ ਪਰ ਵਿਸ਼ਿਸ਼ਟ ਪ੍ਰਸੰਗ ਇਸ ਨੂੰ ਤਰੰਗਿਤ ਮਾਨਵਤਾ ਦੇ ਅਨੰਦ ਨਾਲ ਜੋੜ ਕੇ ਪੇਸ਼ ਕਰਨ ਦਾ ਹੈ। ਇਸ ਪੈਟਰਨ ਦਾ ਦੁਹਰਾਉ ਵੀ ਗੁਰੂ ਨਾਨਕ ਦੇ ਅਜਿਹੇ ਕਈ ਹੋਰ ਸ਼ਬਦਾਂ ਵਿਚ ਲੱਭਿਆ ਜਾ ਸਕਦਾ ਹੈ।

ਇਸ ਤਰ੍ਹਾਂ ਗੁਰੂ ਨਾਨਕ ਨੇ ਪੰਜਾਬ ਦੀ ਲੋਕ ਮਰਯਾਦਾ ਨੂੰ ਵੀ ਆਪਣੇ ਬਾਣੀ ਸੁਗਠਨ ਵਿਚ ਵਿਸ਼ੇਸ਼ ਥਾਂ ਦਿੱਤੀ ਹੈ ਤੇ ਇਸ ਨੂੰ ਇਕ ਸੁਨਿਸ਼ਚਿਤ ਕੋਡ ਵਾਂਗ ਦ੍ਰਿੜ੍ਹ ਕੀਤਾ ਹੈ। ਇਸ ਦੇ ਅੰਤਰਗਤ ਗੁਰੂ ਨਾਨਕ ਨੇ ਪਤੀ-ਪਤਨੀ ਦੇ ਆਪਸੀ ਪ੍ਰੇਮ-ਸੰਬੰਧ ਨੂੰ ਮਿਲਣ ਤੇ ਵਿਯੋਗ-ਦੋਹਾਂ ਪੱਖਾਂ ਨੂੰ ਆਪਣੇ ਨਾਲ ਰੱਖਿਆ ਹੈ। ਇਸ ਰਾਹੀਂ ਗੁਰੂ ਨਾਨਕ ਦੀ ਅਕਾਂਖਿਆ ਇਹ ਪ੍ਰਤੀਤ ਹੁੰਦੀ ਹੈ ਕਿ ਅਨੰਦ ਦੀ ਭਾਵਨਾ ਜਗਾ ਕੇ ਕਿਵੇਂ ਵਿਸ਼ੁੱਧ ਨਿਗੁਣੀ ਇਕਾਗ੍ਰਤਾ ਤੱਕ ਪ੍ਹੁੰਜਿਆ ਜਾ ਸਕਦਾ ਹੈ। ਇਸ ਕੋਟੀ ਦੇ ਬੇਸ਼ੁਮਾਰ ਸ਼ਬਦ ਹਨ। ਪਰ ਅਸੀਂ ਇਥੇ ਕੇਵਲ ਗੁਰੂ ਨਾਨਕ ਰਚਿਤ ਬਾਰਹਮਾਹ ਨੂੰ ਪੇਸ਼ ਕਰਦੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰਹਮਾਹ ਦੇ ਅਰੰਭ ਵਿਚ ਗੁਰੂ ਨਾਨਕ ਜਪੁ ਜੀ ਵਾਂਗ ਹੀ ਪਹਿਲਾਂ ਵਿਸ਼ੁੱਧ ਅਧਿਆਤਮਕਤਾ ਦਾ ਪ੍ਰਸਤਾਵ ਪੇਸ਼ ਕਰਦੇ ਹਨ। ਫਿਰ ਇਸ ਨੂੰ ਜੀਵੰਤ ਮਾਨਵ ਪ੍ਰਾਣੀ ਦੀ ਦ੍ਰਿਸ਼ਟੀ ਤੋਂ ਪ੍ਰਾਪਤ ਕਰਨ ਦਾ ਸਾਧਨ ਦੱਸਦੇ ਹਨ ਤੇ ਫਿਰ ਅੱਗੋਂ ਬਾਰਹ ਮਹੀਨਿਆਂ ਦੀ ਪਰਫੁਲਿਤ ਪ੍ਰਕਿਰਤੀ ਦੇ ਅੰਤਰਗਤ ਵਿਯੋਗਣ ਦੀ ਵਿਯੋਗ ਤੀਬਰਤਾ ਨੂੰ ਜਗਾਂਦੇ ਹਨ ਤੇ ਅੰਤ ਉਤੇ ਇਸ ਵਿਯੋਗੀ ਤਰੰਗਣ ਨੂੰ ਪੀਆ ਮਿਲਾਪ ਵਿਚ ਸ਼ਾਂਤ ਕਰਦੇ ਹਨ। ਇਸ ਤਰ੍ਹਾਂ ਗੱਲ ਅਨੰਦ-ਭਾਵਨਾ ਜਗਾ ਕੇ ਅੰਤ ਪ੍ਰਸਤਾਵੀ ਇਕਾਗਰਤਾ ਵਿਚ ਸਮੇਟੀ ਜਾਂਦੀ ਹੈ। ਇਸ ਪੈਟਰਨ ਨੂੰ ਉਘਾੜਨ ਲਈ ਗੁਰੂ ਨਾਨਕ ਬਹੁਤ ਥਾਈਂ ਸੁਹਾਗਣ ਤੇ ਦੁਹਾਗਣ ਦੇ ਪਰਸਪਰ ਵਿਰੋਧ ਨੂੰ ਵੀ ਪੇਸ਼ ਕਰਦੇ ਹਨ। ਦੁਹਾਗਣ ਦਾ ਕਾਮ ਅਨੰਦ ਸੰਜਮ ਵਿਹੀਨ ਹੈ, ਇਸ ਲਈ ਇਹ ਮੌਤ ਤੇ ਬਰਬਾਦੀ ਦਾ ਮਾਰਗ ਦਰਸਾਉਂਦਾ ਹੈ। ਪਰ ਇਸ ਦੇ ਮੁਕਾਬਲੇ ਉਤੇ ਸੁਹਾਗਣ ਦਾ ਕਾਮ-ਅਨੰਦ ਹੈ ਜੋ ਪੀਆ ਦੇ ਅੰਕ ਸਮਾ ਕੇ ਆਪਣੀ ਤ੍ਰਿਪਤੀ ਚਾਹੁੰਦੀ ਹੈ ਅਤੇ ਇਸ ਅਵਸਥਾ ਦੀ ਪ੍ਰਾਪਤੀ ਲਈ ਦਿਨ-ਰਾਤ ਤੜਪਦੀ ਹੈ ਤੇ ਅਖੀਰ ਪੀਆ ਦੇ ਮੇਲ ਰਾਹੀਂ ਟਿਕਾਉ ਵਿਚ ਆ ਜਾਂਦੀ ਹੈ। ਇਸ ਪੈਟਰਨ ਰਾਹੀਂ ਗੁਰੂ ਨਾਨਕ ਨੇ ਪਰਵਿਰਤੀ, ਕਾਮ-ਉਤੇਜਨਾ, ਪੀਆ-ਪਛਾਣ, ਕਾਮ ਦਾ ਸਹੀ ਅਨੰਦ, ਤੜਪਣ ਤੇ ਅੰਤ ਇਕਾਗ੍ਰਤਾ ਦੀ ਪ੍ਰਾਪਤੀ ਆਦਿ ਦੀਆਂ ਅਵਸਥਾਵਾਂ ਨੂੰ ਮਾਨਵੀ ਸੰਜਮ ਅਨੁਸ਼ਾਸ਼ਨ ਦੇ ਨੁਕਤੇ ਤੋਂ ਪਛਾਨਣ, ਉਘਾੜਨ ਤੇ ਸਮਝਾਉਣ ਦਾ ਯਤਨ ਕੀਤਾ ਹੈ। ਦੂਜੇ ਸ਼ਬਦਾਂ ਵਿਚ ਗੁਰੂ ਨਾਨਕ ਨੇ ਇਹ ਦੱਸਿਆ ਹੈ ਕਿ ਕਾਮੁਕ ਉਤੇਜਨਾ ਨੂੰ ਵਿਸ਼ੁੱਧ ਬੌਧਿਕ ਅਨੁਸ਼ਾਸ਼ਨ ਲਈ ਕਿਵੇਂ ਹਥਿਆਰ ਬਣਾਇਆ ਜਾ ਸਕਦਾ ਹੈ। ਇਉਂ ਇਸ ਕੋਟੀ ਦੇ ਸ਼ਬਦ ਵੀ ਵਿਆਪਕ ਪ੍ਰਸਤਾਵ ਤਾਂ ਨਿਰਗੁਣੀ ਬ੍ਰਹਮ ਦੀ ਵਿਸ਼ੁੱਧ ਇਕਾਗ੍ਰਤਾ ਤੀਕ ਪੁੱਜਣ ਦਾ ਹੀ ਬਣਾਉਂਦੇ ਹਨ ਪਰ ਵਿਸ਼ਿਸ਼ਟ ਪ੍ਰਸੰਗ ਵਿਚ ਕਾਮੁਕਤਾ ਨੂੰ ਦਮਿਤੀ ਪ੍ਰੇਮ ਦੇ ਰਾਹੋਂ ਲੰਘਾ ਕੇ, ਵਿਸ਼ੁਧ ਬੌਧਿਕ ਇਕਾਗ੍ਰਤਾ ਤੀਕ ਪੁੱਜਦੇ ਹਨ। ਅਜਿਹੇ ਸੁਗਠਨ ਵਾਲੇ ਪੈਟਰਨ ਵੀ ਨਾਨਕ-ਬਾਣੀ ਵਿਚ ਥਾਂ ਪਰ ਥਾਂ ਦੁਹਰਾਏ ਗਏ ਹਨ। ਇਸੇ ਪ੍ਰਸੰਗ ਵਿਚ ਗੁਰੂ ਨਾਨਕ ਨੇ ਇਸੇ ਨਾਲ ਸੰਬੰਧਿਤ ਵਿਆਹ ਮਰਯਾਦਾ ਦੀਆਂ ਪ੍ਰਸਥਿਤੀਆਂ ਦੇ ਕਈ ਹੋਰ ਪ੍ਰਸੰਗਿਕ ਪੈਟਰਨ ਵੀ ਸਾਜੇ ਹਨ। ਇਨ੍ਹਾਂ ਦੀ ਵਿਆਖਿਆ ਵੀ ਉਪਰੋਕਤ ਪ੍ਰਸੰਗ ਵਿਚ ਹੀ ਕੀਤੀ ਜਾ ਸਕਦੀ ਹੈ।

ਇਸ ਤੋਂ ਉਪਰੰਤ ਗੁਰੂ ਨਾਨਕ ਆਪਣੀ ਸੰਕਲਪੀ ਮਧਿਅਸਤ ਜੁਗਤ ਦੀ ਬੌਧਿਕ ਵਿਸ਼ੁੱਧਤਾ ਨੂੰ ਸਮੇਂ ਦੇ ਹਾਲਾਤ ਵਿਚ ਸਮਝਣ ਦੀ ਚੇਸ਼ਟਾ ਕਰਨ ਵਾਲੇ ਪੈਟਰਨ ਵੀ ਸਿਰਜਦੇ ਹਨ। ਅਜਿਹੇ ਸੁਗਠਨਾ ਵਿਚ ਪ੍ਰਯਤਨ ਮਧਿਅਸਤ ਜੁਗਤ ਨੂੰ ਕੁਹਰਾਮਮੂਲਕ ਪ੍ਰਸਥਿਤੀਆਂ ਤੋਂ ਨਖੇੜ ਕੇ ਵਿਸ਼ੁੱਧਤਾ ਵਿਚ ਨਿਖਾਰਨ ਦਾ ਹੈ। ਗੁਰੂ ਨਾਨਕ ਦੇ ਪ੍ਰਧਾਨ ਮਧਿਅਸਤ ਜੁਗਤ ਗੁਰੂ, ਸ਼ਬਦ ਤੇ ਨਾਮ ਹਨ। ਗੁਰੂ, ਗੁਰੂ ਨਾਨਕ ਅਨੁਸਾਰ ਅਗਿਆਨ ਨਾਸ਼ਕ ਤੇ ਗਿਆਨ ਦਾਤਾ ਹੈ। ਅਗਿਆਨ ਸਾਰਾ ਹੀ ਕੁਹਰਾਮ ਨਾਲ ਸੰਬੰਧਿਤ ਹੈ ਤੇ ਗਿਆਨ ਨਿੱਖਰੀ ਹੋਈ ਬੌਧਿਕਤਾ ਨਾਲ। ਇਸੀ ਤਰ੍ਹਾਂ 'ਸ਼ਬਦ' ਤੇ 'ਨਾਮ' ਵੀ ਇਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਯਾਮ ਨੂੰ ਪ੍ਰਗਟ ਕਰਨ, ਦਰਸਾਉਣ ਤੇ ਵਿਸ਼ੁਧ ਰੂਪ ਵਿਚ ਕਾਇਮ ਰੱਖਣ ਦੇ ਮਾਧਿਅਮ ਹਨ ਪਰ ਗੁਰੂ ਨਾਨਕ ਦੇ ਸਮੇਂ ਵਿਚ ਮੁਗ਼ਲਈ ਸਾਮੰਤਵਾਦ ਦੇ ਸਥਾਪਿਤ ਹੋ ਜਾਣ ਨਾਲ ਸਮਾਜ ਤੇ ਸਭਿਆਚਾਰ ਦੀ ਸਾਰੀ ਤਾਣੀ ਉਲਝ ਗਈ ਹੈ। ਪੂਜਾ ਦੇ ਆਸਨ ਵੀ ਧਾਰਮਿਕ ਅਜਾਰਾਦਾਰੀ ਦਾ ਅੱਡਾ ਬਣ ਗਏ ਹਨ, ਇਸ ਲਈ ਹਕੀਕਤ ਗੁੰਮ ਹੋ ਚੁੱਕੀ ਹੈ। ਇਸ ਗੁੰਮ ਹੋਈ ਹਕੀਕਤ ਨੂੰ ਲੱਭਣ ਲਈ ਗੁਰੂ ਨਾਨਕ ਵਕਤ ਦੇ ਸਾਰੇ ਹਾਲਾਤ ਉਪਰ ਚੰਗੀ ਤਕੜੀ ਤੇ ਕਰੜੀ ਟਿੱਪਣੀ ਪੇਸ਼ ਕਰਦੇ ਹਨ। ਇਸ ਟਿੱਪਣੀ ਅਧੀਨ ਰਾਜਾ, ਪਰਜਾ, ਘਰ-ਪਰਵਾਰ, ਪੂਜਾ-ਆਸਣ, ਬਾਹਮਣ, ਮੁੱਲਾਂ, ਕਾਜ਼ੀ ਕਚਹਿਰੀ ਆਦਿ ਸਭ ਆ ਜਾਂਦੇ ਹਨ। ਗੁਰੂ ਸਾਹਿਬ ਇਨ੍ਹਾਂ ਸਾਰਿਆਂ ਦੇ ਚਰਿੱਤਰ ਦਾ ਪਾਜ ਉਘਾੜਦੇ ਹਨ ਤੇ ਇਸ ਤਰ੍ਹਾਂ ਸਮੁੱਚੇ ਆਲੇ ਦੁਆਲੇ ਵਿਚ ਫੈਲ ਚੁੱਕੇ ਕੁਹਰਾਮ ਨੂੰ ਸੁਨਿਸ਼ਚਿਤ ਕਰਦੇ ਹਨ ਤੇ ਫਿਰ ਇਸ ਨੂੰ ਸਮਝ ਸਕਣ ਵਾਲੇ ਤੇ ਮਾਨਵੀ ਕਦਰਾਂ ਕੀਮਤਾਂ ਨੂੰ ਟਿਕਾਉਣ ਵਾਲੇ 'ਸ਼ਬਦ' ਦੀ ਵਿਸ਼ੁੱਧਤਾ ਨੂੰ ਪਛਾਣਨ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਦੇ ਪੈਟਰਨ ਗੁਰੂ ਨਾਨਕ ਨੇ ਵੈਸੇ ਤਾਂ ਸਾਰੀਆਂ ਬਾਣੀਆਂ ਵਿਚ ਮੌਜੂਦ ਹਨ ਪਰ ਵਿਸ਼ੇਸ਼ ਕਰਕੇ ਆਸਾ ਦੀ ਵਾਰ ਤੇ ਮਾਝ ਦੀ ਵਾਰ ਵਿਚ ਇਨ੍ਹਾਂ ਦੀ ਵਜ਼ਾਹਤ ਹੈ। ਆਸਾ ਦੀ ਵਾਰ ਵਿਚ ਤਾਂ ਗੁਰੂ ਨਾਨਕ ਦੇ ਆਪਣੇ ਵੇਲੇ ਦੇ ਸਮੁੱਚੇ ਪਤਨ ਨੂੰ ਗੁਰੂ ਰਾਹੀਂ ਜਾਨਣ ਦਾ ਯਤਨ ਕੀਤਾ ਹੈ ਤੇ ਗੁਰੂ ਰਾਹੀਂ ਹੀ ਇਸ ਪੱਤਨ ਤੋਂ ਮੁਕਤ ਹੋ ਸਕਣ ਦੀ ਗੱਲ ਸਮਝਾਈ ਹੈ। ਬਾਣੀ ਦੇ ਅਰੰਭ ਵਿਚ ਹੀ ਗੁਰੂ ਦੇ ਸਰੂਪ ਨੂੰ ਨਿਸ਼ਚਿਤ ਕਰ ਦਿੱਤਾ ਗਿਆ ਹੈ ਅਤੇ ਇਸ ਸਰੂਪ ਨੂੰ ਗੁਰੂ ਦੇ ਚਰਿੱਤਰ ਤੇ ਪ੍ਰਯੋਜਨ ਰਾਹੀਂ ਨਿਸ਼ਚਿਤ ਕੀਤਾ ਹੈ। ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਇਹ ਗੱਲ ਦੱਸੀ ਗਈ ਹੈ ਕਿ ਗੁਰੂ ਕਰਦਾ ਕੀ ਹੈ। ਗੁਰੂ ਦੇ ਅਜਿਹੇ ਕਾਰਜ ਤੋਂ ਹੀ ਉਸ ਦੀ ਗੁਰਿਆਈ ਦੇ ਚਰਿੱਤਰ ਨੂੰ ਨਿਸ਼ਚਿਤ ਕੀਤਾ ਗਿਆ ਹੈ ਤੇ ਅੱਗੋਂ ਸਾਰੀ ਵਾਰ ਵਿਚ ਜਾਂ ਤਾਂ ਵਿਸ਼ੁੱਧ ਨਿਰਗੁਣੀ ਬ੍ਰਹਮ ਦੇ ਮਹਾਤਮ ਤੇ ਇਸ ਨਾਲ ਸੰਸਾਰ ਦੇ ਸੰਬੰਧ ਨੂੰ ਸਮਝਾਇਆ ਗਿਆ ਹੈ ਜਾਂ ਪਰੰਪਰਾਈ ਕੋਟੀਆਂ ਰਾਹੀਂ ਇਸ ਗੱਲ ਤੀਕ ਟਿੱਪਣੀ ਸਹਿਤ ਪੁੱਜਣ ਦੀ ਕੋਸ਼ਿਸ਼ ਹੈ ਤੇ ਜਾਂ ਸਮਕਾਲੀ ਪ੍ਰਬੰਧ ਦੇ ਪਤਨਮਈ ਹਾਲਾਤ ਦੀ ਟਿੱਪਣੀ ਰਾਹੀਂ ਮਾਨਵੀ ਸੰਤੁਲਨ ਦੀ ਪ੍ਰਾਪਤੀ ਦੀ ਅਕਾਂਖਿਆ ਦਰਸਾਈ ਗਈ ਹੈ। ਇਸ ਬਾਣੀ ਦੀ ਸਮੁੱਚੀ ਬਣਤਰ ਨੂੰ ਧਿਆਨ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਪਰਮਾਤਮਾ ਜਿਸ ਨੂੰ ਅਸੀਂ ਵਿਸ਼ੁੱਧ ਨਿਰਗੁਣ ਬ੍ਰਹਮ ਕਿਹਾ ਹੈ, ਇਸ ਵਾਰ ਦਾ ਨਾਇਕ ਹੈ ਤੇ ਇਸ ਨਾਇਕ ਵਿਚ ਕੁਹਰਾਮਮੂਲਕ ਹਾਲਾਤ ਨੂੰ ਹਰ ਪਹਿਲੂ ਤੋਂ ਸੰਜਮ ਦੇਣ ਦੇ ਗੁਣ ਮੌਜੂਦ ਹਨ। ਉਸ ਨੂੰ ਪਰਮ ਸ਼ਕਤੀ ਕਿਹਾ ਗਿਆ ਹੈ ਜੋ ਸਾਰੇ ਸੰਸਾਰ ਨੂੰ ਜਨਮ ਦੇਂਦੀ, ਪਾਲਦੀ ਤੇ ਅੰਤ ਆਪਣੇ ਅੰਦਰ ਸਮੇਟਦੀ ਹੈ। ਉਸ ਨੂੰ ਰਾਜਿਆਂ ਦਾ ਰਾਜਾ ਵੀ ਕਿਹਾ ਗਿਆ ਹੈ ਜੋ ਉਂਜ ਤਾਂ ਉਚੇਰੀਆਂ ਕਦਰਾਂ ਕੀਮਤਾਂ ਤੇ ਅਹਿੰਸਾ ਦਾ ਸੋਮਾ ਹੈ ਪਰ ਜ਼ਾਲਮਾਂ ਲਈ ਕਹਿਰ ਵਰਤਾਣ ਵਾਲਾ ਵੀ ਹੈ ਤੇ ਧਰਮਾਂ ਦਾ ਧਰਮ ਵੀ ਕਿਹਾ ਗਿਆ ਹੈ। ਇਸ ਤਰ੍ਹਾਂ ਇਸ ਨਿਰਪੇਖਿਕ ਵਿਸ਼ੁੱਧਤਾ ਦੇ ਨਾਲ ਗੁਰੂ ਨਾਨਕ ਨੇ ਆਪਣੇ ਸਮੇਂ ਨਾਲ ਸੰਬੰਧਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮੱਸਿਆਵਾਂ ਨਾਲ ਵੀ ਜੋੜ ਦਿੱਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਆਸਾ ਦੀ ਵਾਰ ਵਿਚ ਇਕ ਦੋ ਪਹਿਲੂਆਂ ਸੰਗਠਨ ਬਣਾਂਦੇ ਹਨ ਜਿਸ ਦਾ ਇਕ ਪਹਿਲੂ ਤਾਂ ਗਗਨਮੁੱਖ ਹੈ ਜੋ ਆਦਿ ਤੋਂ ਅੰਤ ਤੀਕ ਇਕ ਵਿਸ਼ੁੱਧ ਨਿਰਗੁਣੀ ਇਕਾਗ੍ਰਤਾ ਵੱਲ ਵਧਦਾ ਰਹਿੰਦਾ ਹੈ ਜਾਂ ਇਸ ਵਿਸ਼ੁੱਧ ਨਿਗੁਣੀ ਇਕਾਗ੍ਰਤਾ ਤੋਂ ਸਗੁਣੀ ਸੰਸਾਰ ਵੱਲ ਸਰਕਦਾ ਰਹਿੰਦਾ ਹੈ ਤੇ ਦੂਜਾ ਦੁਮੇਲ ਮੁੱਖ ਪਹਿਲੂ ਹੈ ਜਿਸ ਵਿਚ ਸਮੇਂ ਦੀਆਂ ਸਮੱਸਿਆਵਾਂ ਉਪਰ ਟਿੱਪਣੀ ਕਰਦਿਆਂ ਨਿਰਗੁਣੀ ਵਿਸ਼ੁੱਧਤਾ ਤੀਕ ਪੁੱਜਣ ਦਾ ਯਤਨ ਹੈ।

ਰਤਾ ਕੁ ਧਿਆਨ ਨਾਲ ਵੇਖਿਆਂ ਇਕ ਗੱਲ ਹੋਰ ਇਸ ਵਾਰ ਦੇ ਸੰਗਠਨ ਵਿਚ ਪ੍ਰਤੀਤ ਹੁੰਦੀ ਹੈ ਕਿ ਇਸ ਵਿਚ ਨਿਰਗੁਣੀ ਵਿਸ਼ੁੱਧਤਾ ਵਾਲੀ ਭਾਸ਼ਾ ਦੇ ਨਾਲ ਨਾਲ ਸੰਸਾਰ ਦੀ ਵਿਹਾਰਕ ਭਾਸ਼ਾ ਦਾ ਵੀ ਪ੍ਰਯੋਗ ਹੈ ਜਿਸ ਕਾਰਣ ਅਸੀਂ ਇਸ ਵਾਰ ਨੂੰ ਬਹੁਤ ਵਾਰੀ ਉਸ ਸਮੇਂ ਦਾ ਪਰਦਰਸ਼ਨ ਵੀ ਸਮਝ ਲੈਂਦੇ ਹਾਂ। ਪਰ ਇਥੇ ਗੱਲ ਚਿਹਨਕੀ ਪ੍ਰਯੋਗ ਦੀ ਹੈ। ਜਦੋਂ ਕੋਈ ਬੌਧਿਕ ਵਿਅਕਤੀ ਵਾਸਤਵਿਕਤਾ ਨੂੰ ਚਿਹਨ ਵਾਂਗ ਪ੍ਰਯੋਗ ਕਰਦਾ ਹੈ ਤਾਂ ਉਦੋਂ ਉਸ ਦੀ ਯਾਤਰਾ ਵਾਸਤਵਿਕਤਾ ਤੋਂ ਨਹੀਂ ਉਸ ਦੇ ਬੌਧਣ ਜਾਂ ਸੰਕਲਪਣ ਤੋਂ ਸ਼ੁਰੂ ਹੋ ਰਹੀ ਹੁੰਦੀ ਹੈ। ਇਸ ਲਈ ਵਾਸਤਵਿਕ ਚਿਹਨ, ਵਾਸਤਵਿਕਤਾ ਦਾ ਪਰਦਰਸ਼ਨ ਨਹੀਂ, ਸਗੋਂ ਉਸ ਬਾਰੇ ਚਿੰਤਨ ਪੇਸ਼ ਕਰ ਰਿਹਾ ਹੁੰਦਾ ਹੈ ਤੇ ਇਸ ਤਰ੍ਹਾਂ ਅਜਿਹੇ ਚਿਹਨ ਦਾ ਵੀ ਅੰਤਮ ਧਰਾਤਲ ਵਿਸ਼ੁੱਧ ਬੌਧਿਕਤਾ ਨੂੰ ਹੀ ਸਾਕਾਰ ਕਰਨ ਦੇ ਮੰਤਵ ਨਾਲ ਹੀ ਜਾ ਜੁੜਦਾ ਹੈ।

ਕੁਲ ਮਿਲਾ ਕੇ ਇਸ ਵਾਰ ਦੇ ਸੰਗਠਨ ਵਿਚ ਨਿਰਗੁਣੀ ਬ੍ਰਹਮ ਦੀ ਵਿਸ਼ੁੱਧਤਾ ਨੂੰ ਆਧਾਰ ਬਣਾ ਕੇ ਵੇਲੇ ਦੇ ਨਜ਼ਾਮ ਉਪਰ ਟਿੱਪਣੀ ਕੀਤੀ ਗਈ ਹੈ। ਇਸ ਕਾਰਣ ਅਸੀਂ ਅਜਿਹੇ ਸੰਗਠਨਾ ਨੂੰ ਨੈਤਿਕਤਾ ਨਾਲ ਸੰਬੰਧਿਤ ਸੰਗਠਨ ਕਹਿੰਦੇ ਹਾਂ ਕਿਉਂ ਜੋ ਇਨ੍ਹਾਂ ਦੁਆਰਾ ਮਾਨਵੀ ਵਿਹਾਰ ਨੂੰ ਸੰਜਮ ਅਧੀਨ ਰੱਖਣ ਦਾ ਯਤਨ ਹੁੰਦਾ ਹੈ। ਇਸ ਤਰ੍ਹਾਂ ਇਹ ਸੰਗਠਨ ਵੀ ਇਕ ਵੱਖਰੀ ਪਰਕਾਰ ਦਾ ਪੈਟਰਨ ਹੈ ਜੋ ਨਾਨਕ-ਬਾਣੀ ਵਿਚ ਕਈ ਥਾਈਂ ਦੁਹਰਾਇਆ ਗਿਆ ਹੈ।

(ਕ) ਗੁਰਬਾਣੀ-ਪ੍ਰਵਚਨ ਦੀ ਵਿਕਾਸ-ਯਾਤਰਾ

ਗੁਰਬਾਣੀ ਦਾ ਸਿਰਜਨ ਮੱਧਕਾਲੀਨ ਪੰਜਾਬ ਤੇ ਭਾਰਤ ਵਿਚਲੀਆਂ ਇਤਿਹਾਸਿਕ ਪ੍ਰਸਥਿਤੀਆਂ ਦੇ ਪ੍ਰਤੀਉੱਤਰ ਵਜੋਂ ਹੋਇਆ ਪਰ ਤਾਂ ਵੀ ਉਸ ਦੇ ਵਿਆਖਿਆ-ਸਮੀਖਿਆ ਦੇ ਪ੍ਰਤਿਮਾਨ ਬਦਲਦੇ ਰਹੇ ਹਨ। ਅਸੀਂ ਪਿੱਛੇ ਪੇਸ਼ ਗੁਰਬਾਣੀ-ਅਧਿਐਨ ਉੱਪਰ ਮੈਟਾ-ਟਿੱਪਣੀ ਪੇਸ਼ ਕਰਦਿਆਂ ਵੇਖਿਆ ਹੈ ਕਿ ਗੁਰਬਾਣੀ-ਅਧਿਐਨ ਸੰਪਰਦਾਈ ਵਿਆਖਿਆ ਤੋਂ ਲੈ ਕੇ ਸਿੰਘ ਸਭਾਈ ਵਿਆਖਿਆ-ਵਿਧੀ ਵਿਚੋਂ ਲੰਘਦਾ ਹੋਇਆ, ਮਾਰਕਸਵਾਦੀ ਤੇ ਸੰਰਚਨਾਵਾਦੀ ਪ੍ਰਣਾਲੀਆਂ ਦਾ ਵਿਸ਼ੈ-ਵਸਤੂ ਬਣਦਿਆਂ ਅੱਜ ਨਵੇਂ ਬਦਲਦੇ ਗਿਆਨ-ਸ਼ਾਸਤਰੀ ਪ੍ਰਤਿਮਾਨਾ ਨਾਲ ਆਪਣਾ ਬਰ ਮੇਚਣ ਲੱਗ ਗਿਆ ਹੈ। ਸਾਡੇ ਅਧਿਐਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਾਨਾ. ਇਸ ਸਾਰੇ ਕੁਝ ਦਾ ਜਾਇਜ਼ਾ ਲੈਂਦਿਆਂ ਇਹ ਵੇਖਣਾ ਹੈ ਕਿ ਗੁਰਬਾਣੀ-ਸਭਿਆਚਾਰ ਆਪਣੇ ਸਮੇਂ ਦੀਆਂ ਇਤਿਹਾਸਕ ਵੰਗਾਰਾਂ ਦਾ ਕੀ ਪ੍ਰਤੀਉੱਤਰ ਪੇਸ਼ ਕਰਦਾ ਹੈ ਤੇ ਅੱਜ ਕੱਲ੍ਹ ਦੇ ਸਾਡੇ ਗਿਆਨ-ਵਿਗਿਆਨ ਦੇ ਸਿਸਟਮ ਵਿਚ ਗੁਰਬਾਣੀ ਦੀਆਂ ਅੰਤਰ-ਦ੍ਰਿਸ਼ਟੀਆਂ ਤੇ ਪੈਟਰਨਾਂ/ਨੇਮਾਂ ਦੀ ਕੀ ਸਾਰਥਕਤਾ ਹੈ।

ਇਸ ਦਿਸ਼ਾ ਵਿਚ ਚਿੰਤਨ ਕੀਤਿਆਂ ਸਭ ਤੋਂ ਪਹਿਲਾ ਤੱਥ ਜੋ ਸਾਡੇ ਸਾਹਮਣੇ ਉੱਭਰ ਦੇ ਆਉਂਦਾ ਹੈ, ਉਹ ਇਹ ਹੈ ਕਿ ਗੁਰਬਾਣੀ ਦਾ ਸਿਰਜਨ ਮੱਧਕਾਲੀ ਪੰਜਾਬ ਤੇ ਭਾਰਤ ਵਿਚਲੀਆਂ ਇਤਿਹਾਸਕ ਪ੍ਰਸਥਿਤੀਆ ਦੇ ਪ੍ਰਤੀਉੱਤਰ ਵਜੋਂ ਹੋਇਆ। ਇਉਂ ਗੁਰਬਾਣੀ-ਸਭਿਆਚਾਰ ਦੇ ਅਧਿਐਨ ਲਈ ਜੇ ਵੰਗਾਰ-ਪ੍ਰਤੀਉੱਤਰ ਦੀ ਇਤਿਹਾਸਕ ਵਿਧੀ ਦੀ ਵਰਤੋਂ ਕੀਤੀ ਜਾਏ ਤਾਂ ਅਸੀਂ ਇਸ ਪ੍ਰਵਚਨ ਵਿਚ ਕਾਰਜਸ਼ੀਲ ਢੂੰਡ ਦੇ ਨੇਮਾਂ/ਪੈਟਰਨਾਂ ਨੂੰ ਸਹਿਜੇ ਹੀ ਨਿਸ਼ਚਿਤ ਕਰ ਸਕਦੇ ਹਾਂ। ਇਸ ਵਿਧੀ ਰਾਹੀਂ ਗੁਰਬਾਣੀ ਦੀ ਲਹਿਰ ਨੂੰ ਵਧੇਰੇ ਸਪਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ।

ਪੰਜਾਬ ਵਿਚ ਗੁਰਬਾਣੀ-ਸਿਰਜਨ ਦੇ ਮੋਢੀ ਗੁਰੂ ਨਾਨਕ ਦੇਵ ਹੋਏ ਹਨ। ਉਹ ਆਪਣੀਆਂ ਭਾਰਤ ਦੀਆਂ ਯਾਤਰਾਵਾਂ ਸਮੇਂ ਆਪਣੀ ਲਹਿਰ ਨਾਲ ਸੰਬੰਧਿਤ ਸਹਿਭਾਵੀ ਸੂਫ਼ੀਆਂ, ਭਗਤਾਂ ਤੇ ਸੰਤਾਂ ਦੀ ਬਾਣੀ ਨੂੰ ਵੀ ਨਾਲੋ ਨਾਲ ਇਕੱਠਾ ਕਰਦੇ ਰਹੇ। ਗੁਰੂ ਅਰਜਨ ਦੇਵ ਨੇ ਇਸ ਸਾਰੀ ਬਾਣੀ ਨੂੰ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸੰਪਾਦਿਤ ਕਰ ਦਿੱਤਾ। ਇਉਂ ਇਸ ਸੰਕਲਿਤ ਗੁਰਬਾਣੀ ਵਿਚ ਮੱਧਕਾਲੀਨ ਪੰਜਾਬੀਆਂ ਤੇ ਭਾਰਤੀਆਂ ਦਾ ਸਾਰਾ ਸਭਿਆਚਾਰਕ ਵਿਕਾਸ ਤੇ ਮੱਧਕਾਲੀਨ ਕ੍ਰਾਂਤੀ ਸਮੇਂ ਮਨੁੱਖ ਦੇ ਮਨੁੱਖੀ ਆਜ਼ਾਦੀ ਲਈ ਕੀਤੇ ਸੰਘਰਸ਼ ਦੀ ਮਾਨਸਿਕਤਾ ਦੇ ਮਾਡਲ ਕਾਰਜਸ਼ੀਲ ਹਨ।

ਪੰਜਾਬ ਤੇ ਭਾਰਤ ਦੀ ਮੱਧਕਾਲੀਨ ਸਭਿਆਚਾਰਕ ਕ੍ਰਾਂਤੀ ਦਾ ਅਰੰਭ ਇਸਲਾਮ ਧਰਮ ਨੂੰ ਮੰਨਣ ਵਾਲੇ ਮੁਸਲਮਾਨ ਰਾਜਿਆਂ ਦੀ ਇਥੇ ਰਾਜ-ਸਥਾਪਤੀ ਨਾਲ ਸੰਬੰਧਿਤ ਹੈ। ਮੁਸਲਮਾਨਾਂ ਦੀ ਰਾਜਨੀਤੀ ਨਿਰਅੰਕੁਸ਼ ਅਤੇ ਹਿੰਸਾ ਭਰੀ ਸੀ। ਇਹ ਨਿਸ਼ਚਿਤ ਸੀ ਕਿ ਇਸ ਦੇਸ਼ ਦੀ ਜਨਤਾ ਨੂੰ ਸਹਿਜ ਹੀ ਮੁਕਤੀ ਨਹੀਂ ਮਿਲ ਸਕਦੀ। ਹਿੰਦੂ ਰਾਜਿਆਂ ਦੀਆਂ ਆਪਸੀ ਲੜਾਈਆਂ ਨੇ ਮੁਸਲਮਾਨੀ ਹਮਲਾਵਰਾਂ ਦੇ ਕਮਜ਼ੋਰ ਹੱਥਾਂ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ ਅਤੇ ਉਨ੍ਹਾਂ ਦੇ ਰਾਜ ਨੇ ਜੜ੍ਹ ਪਕੜਨੀ ਸ਼ੁਰੂ ਕਰ ਦਿੱਤੀ। ਫ਼ਲਸਰੂਪ ਉਨ੍ਹਾਂ ਦਾ ਜ਼ੁਲਮ ਦਿਨੋ ਦਿਨ ਹੋਰ ਵਧਦਾ ਗਿਆ। ਇਸ ਤਰ੍ਹਾਂ ਪੰਜਾਬ ਤੇ ਭਾਰਤੀ ਸਭਿਆਚਾਰ ਸੰਕਟਗ੍ਰਸਤ ਸਥਿਤੀ ਦਾ ਸ਼ਿਕਾਰ ਹੋ ਗਿਆ। ਅਜਿਹੇ ਸਮਿਆਂ ਵਿਚ ਜਦੋਂ ਮਨੁੱਖੀ ਸਮਾਜ ਸੰਕਟਗ੍ਰਸਤ ਹੁੰਦਾ ਹੈ, ਨਤੀਜੇ ਵਜੋਂ ਉਸ ਦੀ ਸਭਿਆਚਾਰਕ ਗਤੀ-ਪ੍ਰਗਤੀ ਖ਼ਤਮ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਦੇ ਸਮੇਂ ਦੇ ਪ੍ਰਬੰਧ ਦਾ ਬੁਨਿਆਦੀ ਸੰਕਟ ਵੀ ਇਹੋ ਸੀ। ਭਾਰਤੀਆਂ ਤੇ ਵਿਸ਼ੇਸ਼ ਕਰਕੇ ਪੰਜਾਬ ਦੀ ਰਾਜਨੀਤਕ ਬਰਬਾਦੀ ਦੇ ਨਾਲ ਨਾਲ ਮਨੁੱਖ ਦੀ ਮਨੁੱਖੀ ਆਜ਼ਾਦੀ ਵੀ ਖੁਸ ਚੁੱਕੀ ਸੀ। ਇਸੇ ਨੂੰ ਗੁਰੂ ਨਾਨਕ ਦੇਵ ਨੇ ਆਪਣੀ ਬੁਨਿਆਦੀ ਚੁਣੌਤੀ ਵਜੋਂ ਸਵੀਕਾਰ ਕੀਤਾ ਅਤੇ ਇਸੇ ਦੇ ਵਿਰੁੱਧ ਆਪਣੀ ਮੁਹਿੰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੁਰੂ ਕੀਤੀ। ਸਾਰੀ ਗੁਰਬਾਣੀ ਇਸੇ ਮੁਹਿੰਮ ਦਾ ਨਤੀਜਾ ਹੈ।

ਰਤਾ ਕੁ ਗਹੁ ਨਾਲ ਗੁਰਬਾਣੀ ਦਾ ਪਾਠ ਕਰਨ ਵਾਲਾ ਵਿਅਕਤੀ ਇਹ ਗੱਲ ਸਹਿਜੇ ਹੀ ਭਾਪ ਲੈਂਦਾ ਹੈ ਕਿ ਗੁਰੂ ਨਾਨਕ ਦੇਵ ਨੇ ਜਦ ਵੀ ਆਪਣੀ ਪਰੰਪਰਾ ਪ੍ਰਤੀ ਟਿੱਪਣੀ ਪੇਸ਼ ਕੀਤੀ ਹੈ, ਨਖੇਧਣ ਦੀ ਵਿਧੀ ਤੋਂ ਕੀਤੀ ਹੈ ਅਤੇ ਆਪਣੀ ਗੱਲ ਨੂੰ ਨਿਖਾਰਿਆ ਗਿਆਨ-ਪ੍ਰਕਾਸ਼ ਤੇ ਤਰਕ-ਵਿਵੇਕ ਦੇ ਆਧਾਰ ਉਤੇ ਹੈ। ਇਹ ਗੁਰਬਾਣੀ-ਸਿਰਜਨ ਦਾ ਬੁਨਿਆਦੀ ਨੇਮ/ਪੈਟਰਨ ਹੈ। ਗੁਰਬਾਣੀ ਕਿਸੇ ਬੰਦ, ਕਰੜੇ ਤੇ ਪੂਰਬ ਨਿਸ਼ਚਿਤ ਸਿਧਾਂਤ ਦੇ ਆਰੋਪਣ ਦਾ ਪ੍ਰਚਾਰ ਨਹੀਂ ਕਰਦੀ। ਕੇਵਲ ਪ੍ਰਚਲਿਤ ਵਿਧੀਆਂ ਤੇ ਵਿਵਾਸ-ਰੂੜੀਆਂ ਉੱਪਰ ਆਪਣੀ ਦ੍ਰਿਸ਼ਟੀ ਤੋਂ ਪ੍ਰਕਾਸ਼ ਸੁੱਟਦੀ ਹੈ। ਗੁਰਬਾਣੀ-ਪ੍ਰਵਚਨ ਵਿਚ ਅਜਿਹੀਆਂ ਪਰੰਪਰਾਗਤ ਰੂੜੀਆਂ ਜਿਨ੍ਹਾਂ ਦੀ ਮਿੱਥ ਉਸ ਸਮੇਂ ਦੇ ਮਨੁੱਖ ਦੀ ਮਾਨਸਿਕਤਾ ਨੂੰ ਘੇਰੀ ਬੈਠੀ ਸੀ, ਨੂੰ ਆਪਣੇ ਤਰਕ ਨਾਲ ਤਾਰ ਤਾਰ ਕਰ ਦਿੱਤਾ ਗਿਆ ਹੈ। ਸਾਰੀ ਗੁਰਬਾਣੀ ਵਿਚ ਗੁਰੂ ਨਾਨਕ ਦੇਵ ਨੇ ਇਸੇ ਗਤੀ ਨੂੰ ਚਲਾਇਆ ਹੈ। ਗੁਰਬਾਣੀ ਸਭਿਆਚਾਰ ਦੇ ਦੇਸੀ ਮੁਹਾਵਰੇ ਵਿਚ ਇਸ ਗਤੀ ਨੂੰ ਉਲਟੀ ਗੰਗਾ ਵਹਾਉਣ ਦੇ ਸਮਾਨ ਸਮਝਿਆ ਗਿਆ ਹੈ। ਗੁਰੂ ਘਰ ਦੀ ਉਸਤਤਿ ਵਿਚ ਰਚੀ 'ਸੱਤੇ ਬਲਵੰਡ ਦੀ ਵਾਰ' ਵਿਚ ਗੁਰੂ ਨਾਨਕ ਦੀ ਅਜਿਹੀ ਮੁਦਰਾ ਨੂੰ ਇਸੇ ਮੁਹਾਵਰੇ ਵਿਚ ਇਉਂ ਪੇਸ਼ ਕੀਤਾ ਗਿਆ ਹੈ ;

ਹੋਰਿਉਂ ਗੰਗ ਵਹਾਈਐ, ਦੁਨਿਆਈ ਆਖੈ ਕਿਓਨੁ ॥
ਨਾਨਕ ਈਸਰਿ ਜਗਨਾਥਿ, ਉਚਹਦੀ ਵੈਣੁ ਵਿਰਿਕਿਓਨੁ ॥[61]

ਭਾਰਤ ਦੇ ਦੇਸੀ ਮੁਹਾਵਰੇ ਵਿਚ ਇਥੇ ਇਹ ਕਿਹਾ ਗਿਆ ਹੈ ਕਿ ਗੁਰੂ ਨਾਨਕ ਦੇਵ ਨੇ ਆਪਣੇ ਰਾਹ ਤੁਰਦੀ ਗੰਗਾ ਦੀ ਸੁਤ ਉਨੀਂਦੀ ਚਾਲ ਨੂੰ ਉੱਥਲ-ਪੁੱਥਲ ਕਰ ਦਿੱਤਾ ਹੈ। ਆਲੋਚਨਾ ਦੇ ਆਧੁਨਿਕ ਮੁਹਾਵਰੇ ਵਿਚ ਗੁਰੂ ਨਾਨਕ ਦੇਵ ਨੇ ਪੰਜਾਬ ਤੇ ਭਾਰਤ ਦੀ ਸਥਾਪਿਤ ਪਰੰਪਰਾ ਨੂੰ ਉਲਟਾਇਆ ਹੈ ਜਾਂ ਉਸ ਦਾ ਉੱਥਾਪਨ ਕੀਤਾ ਹੈ। ਪਰ ਅਜਿਹਾ ਉਨ੍ਹਾਂ ਕੀਤਾ ਸਭ ਕੁਝ ਮਾਨਵੀ ਆਜ਼ਾਦੀ ਦੀ ਸੰਭਾਵਨਾ ਨੂੰ ਉਘਾੜਨ ਲਈ ਹੈ। ਸਪੱਸ਼ਟਤਾ ਲਈ ਇਥੇ ਗੁਰੂ ਨਾਨਕ ਦੇਵ ਦੀ ਬਾਣੀ ਵਿਚੋਂ ਇਕ ਦੋ ਪ੍ਰਤੀਨਿਧ ਸਲੋਕਾਂ ਨੂੰ ਆਪਣੇ ਸਨਮੁੱਖ ਕਰ ਲੈਣਾ ਉਚਿਤ ਜਾਪਦਾ ਹੈ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾ ਖਾਈ ॥
ਅੰਤਰ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥[62]

ਉਪਰੋਕਤ ਸਲੋਕ ਵਿਚ ਪੇਸ਼ ਮਾਨਸ਼ਿਕਤਾ ਦੇ ਪੈਟਰਨ/ਨੇਮ ਨੂੰ ਵਿਚਾਰਨ ਤੋਂ ਪਹਿਲਾਂ ਪਰੰਪਰਾਈ ਸਮਾਜ ਬਾਰੇ ਇਕ ਅੰਤਰਦ੍ਰਿਸ਼ਟੀ ਨੂੰ ਨਿਸ਼ਚਿਤ ਕਰ ਲੈਣਾ ਯੋਗ ਜਾਪਦਾ ਹੈ। ਪਰੰਪਰਾਈ ਸਮਾਜ ਦੇ ਪਿਤਾਮੇ ਪਰਿਵਾਰਕ ਪਿਤਾ ਤੋਂ ਬਾਅਦ ਧਾਰਮਿਕ, ਸਮਾਜਕ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਨੀਤਕ ਆਗੂ ਹੁੰਦੇ ਹਨ। ਉਨ੍ਹਾਂ ਦੀ ਪਿਤਾਮਾਮੂਲਕ ਵਡਿਆਈ ਤੇ ਸਨਮਾਨ ਲੋਕਾਂ ਵਿਚ ਖੂਬ ਪ੍ਰਚਲਿਤ ਹੁੰਦੇ ਹਨ ਅਤੇ ਉਨ੍ਹਾਂ ਰਾਹੀਂ ਹੀ ਪਰੰਪਰਾਈ ਕੀਮਤਾਂ ਧਾਰਮਿਕ ਰਹੁ ਰੀਤਾਂ ਤੇ ਸਰਕਾਰੀ ਪ੍ਰਬੰਧ ਲੋਕਾਂ ਵਿਚ ਪ੍ਰਚਾਰੇ ਜਾਂਦੇ ਹਨ। ਗੁਰੂ ਨਾਨਕ ਦੇਵ ਨੇ ਪਿਤਾਮਾ ਸਮਾਜ ਦੀਆਂ ਸਾਰੀਆਂ ਸੀਮਾਵਾਂ ਨੂੰ ਸਵੀਕਾਰ ਕਰਦਿਆਂ ਹਰ ਪੱਧਰ ਉਤੇ ਇਨ੍ਹਾਂ ਪ੍ਰਤੀਨਿਧ ਪਿਤਾਮਿਆਂ ਦਾ ਬਹੁਤ ਖੰਡਨ ਕੀਤਾ ਹੈ। ਅਜਿਹਾ ਉਹ ਪਰੰਪਰਾ ਪ੍ਰਤੀ ਉੱਥਾਪਨ ਦੀ ਬਿਰਤੀ ਧਾਰਨ ਕਰਨ ਸਦਕਾ ਹੀ ਕਰ ਸਕੇ ਹਨ।

ਪਰੰਪਰਾ ਦੀ ਦ੍ਰਿਸ਼ਟੀ ਤੋਂ ਪਰੰਪਰਾ ਤੇ ਲੋਕਾਂ ਵਿਚਕਾਰ ਧਰਮ ਦੀ ਪੱਧਰ ਉਤੇ ਸੁੱਚ ਤੇ ਸੁੱਚਮ ਦਾ ਪੁੱਲ ਬਣਾਉਣ ਵਾਲਾ ਪਿਤਾਮਾ ਬ੍ਰਾਹਮਣ ਹੈ। ਕਿਉਂਕਿ ਬ੍ਰਾਹਮਣ ਨੇ ਧਰਮ ਦੇ ਨਾਲ ਨਾਲ ਸਮਾਜਕ ਪੱਧਰ ਉਤੇ ਲੋਕ-ਸ਼ੋਸ਼ਣ ਵੀ ਸ਼ੁਰੂ ਕਰ ਦਿੱਤਾ ਹੈ, ਇਸ ਲਈ ਬ੍ਰਾਹਮਣ ਦੀ ਪ੍ਰਤਿਨਿਧਤਾ ਦੁਆਰਾ ਧਰਮ ਦਾ ਉਹ ਰੋਲ ਖ਼ਤਮ ਹੋ ਗਿਆ ਹੈ ਜੋ ਮਨੁੱਖ ਦੀ ਆਜ਼ਾਦੀ ਕਾਇਮ ਰੱਖਣ ਵਾਲਾ ਹੈ। ਇਸੇ ਲਈ ਗੁਰੂ ਨਾਨਕ ਦੇਵ ਨੇ ਬ੍ਰਾਹਮਣ ਨੂੰ ਕਈ ਥਾਈਂ, ਆਪਣੀ ਉਥਾਪਨ ਵਿਧੀ ਰਾਹੀਂ, ਕਰੜੀ ਆਲੋਚਨਾ ਵਿਚੋਂ ਲੰਘਾਇਆ ਹੈ। ਹਥਲੇ ਸ਼ਲੋਕ ਵਿਚ ਬ੍ਰਾਹਮਣ ਦੇ ਕਿਰਦਾਰ ਨੂੰ ਅੰਦਰੋ ਅੰਦਰੀਂ ਮੁਸਲਮਾਨ ਹਕੂਮਤ ਦੀ ਸ਼ੋਸ਼ਣੀ ਵਿਧੀ ਨਾਲ ਇਕਸੁਰ ਹੋਇਆ ਦਸਿਆ ਹੈ। ਭਾਰਤੀ ਜੀਵਨ-ਵਿਧੀ ਦੇ ਪਿਤਾਮਾ ਸਮਾਜ ਨੂੰ ਸੰਕਟ ਸਮੇਂ ਲੋੜੀਂਦੀ ਸੋਧ ਤੇ ਅੰਤਰਦ੍ਰਿਸ਼ਟੀ ਦੇਣ ਵਾਲਾ ਇਕ ਪਿਤਾਮਾ ਬ੍ਰਾਹਮਣ ਸੀ। ਪਰ ਉਸ ਦਾ ਆਪਣਾ ਪੱਤਨ ਇਸ ਦਰਜੇ ਤੱਕ ਹੋ ਗਿਆ ਹੈ ਕਿ ਉਹ ਖ਼ੁਦ ਹੀ ਹਮਲਾਵਰ ਮੁਸਲਮਾਨ ਰਾਜਿਆਂ ਦੀ ਸ਼ੋਸ਼ਣੀ ਵਿਧੀ ਨਾਲ ਇਕਸੁਰ ਹੋਇਆ ਪਿਆ ਹੈ। ਉਸ ਨੇ ਭਾਰਤੀ ਸਮਾਜ ਦੀ ਸੰਕਟਗ੍ਰਸਤ ਸਥਿਤੀ ਵਿਚ ਲੋਕਾਂ ਦੀ ਸਹੀ ਰਹਨੁਮਾਈ ਕਰਨ ਦਾ ਰੋਲ ਨਿਭਾਣਾ ਛੱਡ ਦਿੱਤਾ ਹੈ। ਇਸੇ ਕਾਰਨ ਗੁਰੂ ਨਾਨਕ ਦੇਵ ਬ੍ਰਾਹਮਣ ਉਪਰ ਬੜਾ ਪ੍ਰਬਲ ਕਟਾਖ਼ਸ਼ ਕਰ ਰਹੇ ਹਨ। ਉਹ ਹੀ ਬ੍ਰਾਹਮਣ ਜੋ ਅਰਚਾ ਪੂਜਾ ਦਾ ਪ੍ਰਤਿਨਿਧ ਹੈ, ਮੁਸਲਮਾਨਾਂ ਦਾ ਨੌਕਰ ਹੈ। ਉਸ ਦੀ ਸਾਰੀ ਪੁਸ਼ਾਕ—ਧੋਤੀ, ਟਿਕਾ ਤੇ ਜਪਮਾਲੀ—ਭਾਰਤੀ ਸੰਸਕ੍ਰਿਤੀ ਦੀ ਧਾਰਨੀ ਹੈ। ਪਰ ਚਰਿੱਤਰ ਉਸ ਦਾ ਇਹ ਹੈ ਕਿ ਉਹ ਮਲੇਛਾਂ ਦਾ ਧਨ ਖਾਣ ਵਾਲੀ ਸਥਿਤੀ ਨੂੰ ਸਵੀਕਾਰ ਕਰ ਰਿਹਾ ਹੈ ਅਤੇ ਗਊ, ਜਿਸ ਨੂੰ ਉਹ ਮਾਤਾ ਸਮਾਨ ਸਮਝਦਾ ਹੈ, ਜਿਸ ਦੇ ਗੋਬਰ ਰਾਹੀਂ ਉਹ ਆਪਣੇ ਚੌਂਕੇ ਦੀ ਸਫ਼ਾਈ ਕਰਦਾ ਹੈ, ਉਸ ਉੱਪਰ ਮੁਸਲਮਾਨਾਂ ਦੇ ਪ੍ਰਬੰਧ ਅਧੀਨ ਟੈਕਸ ਲਾ ਰਿਹਾ ਹੈ। ਆਪਣੇ ਘਰ ਦੀ ਅੰਦਰਲੀ ਕੋਠੀ ਵਿਚ ਬੈਠ ਕੇ ਤਾਂ ਉਹ ਪੂਜਾ ਕਰਦਾ ਹੈ ਪਰੰਤੂ ਬਾਹਰ ਕਤੇਬਾਂ ਪੜ੍ਹਦਾ ਹੈ ਅਤੇ ਇਉਂ ਮੁਸਲਮਾਨਾਂ ਦੇ ਸਮੁੱਚੇ ਸੰਜਮ ਨੂੰ ਸਵੀਕਾਰ ਕਰਦਾ ਹੈ। ਇਸ ਵਿਚ ਬ੍ਰਾਹਮਣ ਦੀ ਦੂਹਰੀ ਜੀਵਨ-ਵਿਧੀ ਨੂੰ ਉਘਾੜਦਿਆਂ ਅੰਤਰਦ੍ਰਿਸ਼ਟੀ ਇਹ ਦਿੱਤੀ ਹੈ ਕਿ ਬ੍ਰਾਹਮਣ ਤਾਂ ਕੇਵਲ ਆਪਣੇ ਜੀਵਨ ਦੀ ਸੁਰੱਖਿਆ ਭਾਲ ਰਿਹਾ ਹੈ। ਉਸ ਪਾਸ ਨ ਗਿਆਨ ਹੈ ਨ ਸੰਜਮ ਹੈ ਨ ਹੀ ਭਾਰਤੀਅਤਾ ਹੈ ਤੇ ਨ ਹੀ ਆਪਣੇ ਵੇਲੇ ਦੇ ਸੰਕਟ ਪ੍ਰਤੀ ਹੋ ਰਹੇ ਮਾਨਵੀ ਸ਼ੋਸ਼ਣ-ਪ੍ਰਤੀ ਕ੍ਰਾਂਤੀਕਾਰੀ ਰਹਨੁਮਾਈ ਦੇਣ ਵਾਲੀ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦ੍ਰਿਸ਼ਟੀ ਹੈ। ਕਿਉਂਕਿ ਬ੍ਰਾਹਮਣ ਆਪਣੇ ਸਮੇਂ ਦੇ ਸੰਕਟ ਵਿਚ ਮਾਨਵੀ ਆਜ਼ਾਦੀ ਲਈ ਕਾਰਜਸ਼ੀਲ ਨਹੀਂ ਰਿਹਾ, ਅਤੇ ਮਾਨਵੀ ਸ਼ੋਸ਼ਣ ਵਾਲੀਆਂ ਸ਼ਕਤੀਆਂ ਦਾ ਸਾਥ ਦੇ ਰਿਹਾ ਹੈ, ਇਸੇ ਲਈ ਗੁਰੂ ਨਾਨਕ ਦੇਵ ਉਸ ਨੂੰ ਆਪਣੀ ਕਰੜੀ ਆਲੋਚਨਾ ਦਾ ਕੇਂਦਰ-ਬਿੰਦੂ ਬਣਾ ਰਹੇ ਹਨ।

ਉਥਾਪਨਾ-ਵਿਧੀ ਦੀ ਅਜਿਹੀ ਹੀ ਅੰਤਰਦ੍ਰਿਸ਼ਟੀ ਦਾ ਮਾਡਲ ਅਗਲੇ ਸਲੋਕ ਦੀ ਸਿਰਜਨਾਤਮਕਤਾ ਪਿਛੇ ਕਾਰਜਸ਼ੀਲ ਹੋਇਆ ਸਪੱਸ਼ਟ ਵੇਖਿਆ ਜਾ ਸਕਦਾ ਹੈ :

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥
ਇਹ ਅੰਨ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥
ਮਨਿ ਜੂਠੈ ਚੂਲੀ ਭਰੇਨਿ ॥
ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥[63]

ਉਪਰੋਕਤ ਸਲੋਕ ਵਿਚ ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਵਿਚਲੇ ਸ਼ੋਸ਼ਣੀ ਪ੍ਰਸ਼ਾਸਨ ਵਿਚ ਧਰਮ ਨੂੰ ਪ੍ਰਸ਼ਾਸ਼ਨੀ ਪ੍ਰਬੰਧ ਨਾਲ ਜੋੜ ਕੇ ਲੋਕਾਂ ਦਾ ਸ਼ੋਸ਼ਣ ਹੁੰਦਾ ਦਸਿਆ ਹੈ। ਇਸ ਪ੍ਰਕਿਰਿਆ ਦੇ ਅੰਤਰਗਤ ਬ੍ਰਾਹਮਣ ਤੇ ਮੁੱਲਾਂ ਸਭ ਆ ਜਾਂਦੇ ਹਨ। ਇਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਗੁਰੂ ਨਾਨਕ ਇਉਂ ਸੰਬੋਧਨ ਕਰਦੇ ਹਨ ; ਮੁੱਲਾਂ ਜੋ ਨਿਮਾਜ਼ ਦਾ ਪ੍ਰਦਰਸ਼ਨ ਕਰਦੇ ਹਨ, ਬੁਨਿਆਦੀ ਤੌਰ ਉਤੇ ਮਾਣਸ ਖਾਣੇ ਹਨ; ਬ੍ਰਾਹਮਣ ਜੋ ਜੰਞੂ ਪਾ ਕੇ ਪਵਿੱਤ੍ਰਤਾ ਦਾ ਦੰਭ ਭਰਦੇ ਹਨ, ਬੁਨਿਆਦੀ ਤੌਰ ਉਤੇ ਛੁਰੀ ਚਲਾਉਣ ਵਾਲੇ ਹਨ। ਰਾਜਿਆਂ, ਸਿਕਦਾਰਾਂ ਤੇ ਪ੍ਰਸ਼ਾਸ਼ਕਾਂ ਨਾਲ ਇਨ੍ਹਾਂ ਦਾ ਬਹੁਤ ਮੇਲ ਹੈ । ਇਨ੍ਹਾਂ ਦੇ ਗ੍ਰਿਹ ਵਿਚ ਪ੍ਰਵੇਸ਼ ਕਰ ਕੇ ਇਹ ਅਰਚਾ-ਪੂਜਾ ਦੀ ਪ੍ਰਕਿਰਿਆ ਨੂੰ ਜਾਰੀ ਰੱਖਦੇ ਹਨ, ਕਿਉਂ ਜੁ ਇਨ੍ਹਾਂ ਵਡੇਰਿਆਂ ਦੇ ਘਰਾਂ ਵਿਚੋਂ ਬ੍ਰਾਹਮਣਾਂ ਨੂੰ ਵੀ ਮਾਇਆ ਦਾ ਸਵਾਦ ਪ੍ਰਾਪਤ ਹੁੰਦਾ ਹੈ। ਧਰਮ ਤੇ ਪ੍ਰਸ਼ਾਸ਼ਨ ਦੇ ਇਸ ਸ਼ੋਸ਼ਣੀ ਪ੍ਰਬੰਧ ਨੂੰ ਸਪੱਸ਼ਟ ਕਰਨ ਤੋਂ ਉਪਰੰਤ ਗੁਰੂ ਨਾਨਕ ਦੇਵ ਇਸ ਬਾਰੇ ਆਪਣੀ ਟਿੱਪਣੀ ਪੇਸ਼ ਕਰਦੇ ਹੋਏ ਫੁਰਮਾਉਂਦੇ ਹਨ ਕਿ ਇਹ ਸਭ ਕੂੜ ਹੈ । ਰਾਸ ਵੀ ਕੂੜੀ ਹੈ, ਵਪਾਰ ਵੀ ਕੂੜਾ ਹੈ, ਅਹਾਰ ਵੀ ਕੂੜਾ ਹੈ। ਇਸ ਪ੍ਰਕਿਰਿਆ ਵਿਚ ਸ਼ਰਮ ਤੇ ਧਰਮ ਦਾ ਡੇਰਾ ਕੋਹਾਂ ਦੂਰ ਚਲਾ ਗਿਆ ਹੈ। ਸ਼ੋਸ਼ਣ ਦੇ ਪਸਰਣ ਨਾਲ ਮਾਨਵੀ ਕੀਮਤਾਂ ਉਡ ਗਈਆਂ ਹਨ। ਇਸ ਲਈ ਹਰ ਪਾਸੇ ਕੂੜ ਦਾ ਰਾਜ ਹੈ। ਇਥੇ ਹੀ ਗੱਲ ਖ਼ਤਮ ਨਹੀਂ ਕੀਤੀ । ਹੋਰ ਵੀ ਕਈ ਦ੍ਰਿਸ਼ ਪੇਸ਼ ਕੀਤੇ ਹਨ ਅਤੇ ਇਨ੍ਹਾਂ ਦ੍ਰਿਸ਼ਾਂ ਵਿਚ ਬਾਰ ਬਾਰ ਗੁਰੂ ਨਾਨਕ ਦੇਵ ਨੇ ਬ੍ਰਾਹਮਣ ਨੂੰ ਆਪਣੀ ਟਿੱਪਣੀ ਦਾ ਸ਼ਿਕਾਰ ਬਣਾਇਆ ਹੈ। ਆਪਣੀ ਗੱਲ ਨੂੰ ਅੱਗੇ ਤੋਰਦਿਆਂ ਉਹ ਕਹਿੰਦੇ ਹਨ : ਦੇਖੋ ਇਹ ਬ੍ਰਾਹਮਣ ਹੈ, ਇਸ ਦੇ ਮੱਥੇ ਟਿਕਾ ਹੈ, ਲੱਕ ਧੋਤੀ ਬੰਨ੍ਹੀ ਹੋਈ ਹੈ, ਪਰ ਇਸ ਦਾ ਕਿਰਦਾਰ ਕੀ ਹੈ ? ਇਹ 'ਹਥੁ ਛੁਰੀ ਜਗਤ ਕਸਾਈ' ਬਣਿਆ ਹੋਇਆ ਹੈ। 'ਹਥ ਛੁਰੀ ਜਗਤ ਕਸਾਈ' ਵਾਲਾ ਫ਼ਿਕਰਾ ਬਹੁਤ ਹੀ ਤੇਜ਼ ਤਰਾਰ ਤੇ ਕਰੜੀ ਟਿੱਪਣੀ ਵਾਲਾ ਹੈ। ਇਸ ਤੋਂ ਬ੍ਰਾਹਮਣ ਦੀ ਸ਼ੋਸ਼ਣੀ ਬਿਰਤੀ ਦਾ ਬੋਧ ਬੜੀ ਅਸਾਨੀ ਨਾਲ ਹੁੰਦਾ ਹੈ। ਇਸ ਬ੍ਰਾਹਮਣ ਨੇ ਰਾਜ-ਦਰਬਾਰ ਵਿਚ ਪਰਵਾਨ ਹੋਣ ਲਈ ਨੀਲੇ ਬਸਤਰ ਪਹਿਨ ਲਏ ਹਨ ਤੇ ਇਉਂ ਮਲੇਛਾਂ ਦਾ ਧਨ ਲੈ ਕੇ ਪੁਰਾਣ-ਪੂਜਾ ਦੀ ਨੁਮਾਇਸ਼ ਕਰਦਾ ਹੈ । ਇਥੋਂ ਤਕ ਕਿ 'ਅਭਾਖਿਆ ਕਾ ਕੁਠਾ ਬਕਰਾ' ਖਾਣ ਨਾਲ ਵੀ ਇਸ ਨੂੰ ਕੋਈ ਫ਼ਰਕ ਨਹੀਂ ਪੈਂਦਾ। 'ਅਭਾਖਿਆ ਦਾ ਕੁਠਾ ਬਕਰਾ' ਖਾਣ ਤੋਂ ਭਾਵ ਵਰਜਿਤ ਦਾ ਖਾਣ-ਪਾਨ ਕਰਨਾ ਹੈ। ਸਮਾਜਕ ਪਰੰਪਰਾ ਦੇ ਅੰਤਰਗਤ ਕਈ ਪ੍ਰਕਾਰ ਦੀਆਂ ਸਾਂਸਕ੍ਰਿਤਕ ਵਰਜਣਾਵਾਂ ਹੁੰਦੀਆਂ ਹਨ, ਜਿਨ੍ਹਾਂ ਦੇ ਅੰਤਰਗਤ ਰਹਿਣ ਨਾਲ ਹੀ ਮਨੁੱਖੀ ਕਿਰਦਾਰ ਕਾਇਮ ਰਹਿ ਸਕਦਾ ਹੈ। ਬਕਰਾ ਖਾਣ ਦਾ ਤਾਂ ਕੋਈ ਹਰਜ ਨਹੀਂ, ਪਰ ਇਸ ਬਕਰੇ ਨੂੰ ਕੁੱਠਾ 'ਅਭਾਖਿਆ' ਰਾਹੀਂ ਗਿਆ ਹੈ। 'ਅਭਾਖਿਆ' ਤੋਂ ਭਾਵ 'ਪਰਾਈ ਭਾਸ਼ਾ' ਨਾਲ ਸੰਬੰਧਿਤ ਮੰਤਰ ਤੋਂ ਹੈ। ਹਰ ਸਾਂਸਕ੍ਰਿਤਿਕ ਪਰੰਪਰਾ ਵਿਚ ਭੋਜਨ ਨੂੰ ਪਵਿੱਤਰ ਕਰਨ ਤੇ ਖਾਣ ਲਾਇਕ ਬਣਾਉਣ ਲਈ ਆਪਣੀ ਦੇਸੀ ਭਾਸ਼ਾ ਦੇ ਮੰਤਰ ਉਚਾਰੇ ਜਾਂਦੇ ਹਨ । ਮੁਸਲਮਾਨਾਂ ਦੇ ਆਉਣ ਨਾਲ ਮੁਸਲਮਾਨੀ ਸੰਸਕ੍ਰਿਤੀ ਅਤੇ ਮੁਸਲਮਾਨੀ ਭਾਸ਼ਾ ਦੁਆਰਾ ਬਕਰੇ ਹਲਾਲ ਕੀਤੇ ਜਾਂਦੇ ਹਨ। ਇਸ ਹਲਾਲ ਨੂੰ ਕਬੂਲ ਕਰ ਲੈਣ ਵਾਲਾ ਬ੍ਰਾਹਮਣ, ਆਪਣੀ ਸਾਰੀ ਸੰਸਕ੍ਰਿਤੀ ਤੇ ਭਾਸ਼ਾਈ ਅਧਿਆਤਮ ਦਾ ਵੀ ਤਿਆਗ ਕਰ ਰਿਹਾ ਹੈ । ਇਸ ਲਈ ਉਸ ਪਾਸ ਕਿਰਦਾਰ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਅਜਿਹੀ ਜ਼ਮੀਨ ਨਹੀਂ, ਜਿਸ ਉਤੇ ਖਲੋ ਕੇ ਉਹ ਆਪਣੇ ਸੱਚ ਤੇ ਸੁੱਚ ਦਾ ਦਮ ਭਰ ਸਕੇ। ਠੀਕ ਹੈ, ਉਸ ਨੇ ਚੌਕਾ ਦੇ ਲਿਆ ਹੈ। ਕਾਰਾਂ ਕੱਢ ਲਈਆਂ ਹਨ। ਆਪਣੇ ਆਪ ਨੂੰ ਪ੍ਰਦਰਸ਼ਨੀ ਪੱਧਰ ਉਤੇ ਭਿੱਟ ਤੋਂ ਦੂਰ ਕਰ ਲਿਆ ਹੈ। ਪਰ ਚੂੰਕਿ ਉਹ ਅੰਦਰੋਂ ਕੂੜਿਆਰ ਹੈ, ਇਸ ਲਈ ਉਸ ਦਾ ਸਾਰਾ ਕਿਰਿਆ ਕਰਮ ਇਕ ਖੇਖਣ ਹੈ। ਇਉਂ ਇਥੇ ਗੁਰਬਾਣੀ ਬਾਹਰਲੇ ਵਿਖਾਵੇ ਦੇ ਕਰਮ-ਕਾਂਡ ਤੇ ਅੰਦਰਲੇ ਸਖਣੇ ਖੇਖਣ ਦੇ ਦ੍ਵੈਤ ਦੇ ਪੈਟਰਨ/ਨੇਮ ਰਾਹੀਂ ਬ੍ਰਾਹਮਣ ਦੇ ਪਾਜ ਨੂੰ ਉਘਾੜ ਰਹੀ ਹੈ। ਇਹ ਗੁਰਬਾਣੀ-ਸਿਰਜਨ ਦਾ ਬੁਨਿਆਦੀ ਪੈਟਰਨ ਹੈ। ਗੁਰੂ ਜੀ ਜਿਥੇ ਵੀ ਬਾਹਰਲੇ ਵਿਖਾਵੇ ਦਾ ਪ੍ਰਦਰਸ਼ਨ ਤੇ ਅੰਦਰੋਂ ਸਖਣੇਪਨ ਦਾ ਦੀਦਾਰ ਕਰਦੇ ਹਨ; ਤਾਂ ਉਹ ਅਜਿਹੇ ਵਿਹਾਰ ਦਾ ਨਖੇਧ ਦੀ ਦ੍ਰਿਸ਼ਟੀ ਤੋਂ ਖੰਡਨ ਕਰਦੇ ਹਨ। ਇਸੇ ਨੇਮ/ਪੈਟਰਨ ਅਨੁਸਾਰ ਹੀ ਉਹ ਇਥੇ ਉਹ ਬ੍ਰਾਹਮਣ ਬਾਰੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਉਸ ਦੇ ਚੌਂਕੇ ਵਿਚ ਅੰਨ ਭਿਟਿਆ ਹੋਇਆ ਹੈ, ਤਨ ਵੀ ਭਿਟਿਆ ਹੋਇਆ ਹੈ, ਮਨ ਜੂਠਾ ਹੈ, ਕਿਰਦਾਰ ਝੂਠਾ ਹੈ ਅਤੇ ਹਰ ਪ੍ਰਕਾਰ ਦਾ ਮਾਨਵੀ ਸੁਚ ਰੁੜ੍ਹ ਪੁੜ ਗਿਆ ਹੈ। ਇਹ ਸਾਰਾ ਨਜ਼ਾਰਾ ਜੋ ਗੁਰੂ ਨਾਨਕ ਦੇਵ ਨੇ ਕਟਾਖ਼ਸ਼ ਤੇ ਟਿੱਪਣੀਸ਼ੀਲ ਸ਼ੈਲੀ ਵਿਚ ਪ੍ਰਸਤੁਤ ਕੀਤਾ ਹੈ, ਮਨੁੱਖ ਦੀ ਚਿਹਨਕੀ ਆਜ਼ਾਦੀ ਦੇ ਗ੍ਰਹਿਣੇ ਗਏ ਰੂਪ ਨੂੰ ਪ੍ਰਸਤੁਤ ਕਰਨ ਵਾਲਾ ਹੈ। ਧਰਮ ਤੇ ਪਰੰਪਰਾ ਦਾ ਰਖਿਅਕ ਪਿਤਾਮਾ ਬ੍ਰਾਹਮਣ, ਜਦੋਂ ਆਪਣੇ ਕਿਰਦਾਰ ਵਿਚ ਨਸ਼ਟ ਹੋ ਗਿਆ ਹੈ ਤਾਂ ਮਾਨਵੀ ਆਜ਼ਾਦੀ ਦੇ ਚਿਹਨਕੀ ਪਹਿਲੂ ਨੂੰ ਬਰਕਰਾਰ ਰੱਖਣ ਲਈ ਕੋਈ ਹੋਰ ਰਾਹ ਹੀ ਅਪਨਾਣਾ ਪਏਗਾ। ਪਰ ਇਹ ਸਾਰਾ ਕੁਝ ਹੋਇਆ ਤਾਂ ਪ੍ਰਸ਼ਾਸ਼ਨੀ ਪ੍ਰਬੰਧ ਦੀ ਸ਼ੋਸ਼ਣੀ-ਪ੍ਰਕਿਰਿਆ ਦੁਆਰਾ ਹੈ ਅਤੇ ਸ਼ੋਸ਼ਣੀ-ਪ੍ਰਕਿਰਿਆ ਦਾ ਸਭ ਤੋਂ ਪਹਿਲਾ ਕੰਮ ਮਾਨਵਤਾ ਦੀ ਆਪਣੀ ਪ੍ਰਤੀਕਾਤਮਕ ਪਰੰਪਰਾ ਤੇ ਮਾਨਸਿਕਤਾ ਨੂੰ ਨਸ਼ਟ ਕਰਨਾ ਹੁੰਦਾ ਹੈ। ਮੱਧਕਾਲ ਦੀ ਸਾਰੀ ਸਾਂਸਕ੍ਰਿਤਿਕ ਚੁਣੌਤੀ ਇਸੇ ਦਸ਼ਾ ਵਿਚੋਂ ਪੈਦਾ ਹੋਈ ਹੈ, ਜਿਸ ਦੇ ਪੈਟਰਨ/ਨੇਮ ਨੂੰ ਗੁਰੂ ਨਾਨਕ ਦੇਵ ਨੇ ਉਪਰਲੇ ਸਲੋਕਾਂ ਵਿਚ ਤੇ ਕਈ ਹੋਰ ਸ਼ਬਦਾਂ ਤੇ ਸਲੋਕਾਂ ਵਿਚ ਉਘਾੜ ਕੇ ਇਸ ਗੱਲ ਦਾ ਸਬੂਤ ਦਿੱਤਾ ਹੈ ਕਿ ਗੁਰੂ ਨਾਨਕ ਕੇਵਲ ਕਾਵਿ-ਰਚੈਤਾ ਹੀ ਨਹੀਂ, ਸਗੋਂ ਪੰਜਾਬ ਦਾ ਇਕ ਸੁਲਝਿਆ ਤੇ ਸੋਧਿਆ ਬੋਧਿਆ ਸਮਾਜ-ਵਿਗਿਆਨੀ ਹੈ।

ਸਮਾਜ ਵਿਚਲੇ ਪਿਤਾਮਿਆਂ-ਸ਼ਕਤੀਵਾਨਾਂ ਤੇ ਸੰਪਤੀਵਾਨਾਂ—ਦੇ ਅਜਿਹੇ ਸ਼ੋਸ਼ਣੀ ਰੋਲ ਦੇ ਹਿੰਸਾਮੂਲਕ ਵਰਤਾਰਿਆਂ ਦੇ ਵਿਰੋਧ ਵਿਚ ਗੁਰਬਾਣੀ ਦਾ ਪ੍ਰਵਚਨ ਸ਼ੋਸ਼ਿਤ ਤੇ ਦਲਿਤ ਵਰਗ ਦਾ ਸਾਥੀ ਸੰਗੀ ਬਣਦਾ ਹੈ। ਇਸ ਸੰਬੰਧੀ ਗੁਰਬਾਣੀ ਦੀਆਂ ਹੇਠਲੀਆਂ ਪੰਗਤੀਆਂ ਨਮੂਨੇ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :

ਨੀਚਾ ਅੰਦਰਿ ਨੀਚ ਜਾਤਿ ॥
ਨੀਚੀ ਹੂ ਅਤਿ ਨੀਚ ॥
ਨਾਨਕ ਤਿਨ ਕੈ ਸੰਗਿ ਸਾਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਡਿਆ ਸਿਉ ਕੀਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸਿ ॥[64]

ਉਪਰੋਕਤ ਪੰਗਤੀਆਂ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੈ ਕਿ ਗੁਰਬਾਣੀ-ਪ੍ਰਵਚਨ ਦੀ ਸਾਂਝ ਆਪਣੇ ਸਮੇਂ ਦੇ ਸ਼ੋਸ਼ਿਤ ਤੇ ਦਮਿਤ ਵਰਗ ਨਾਲ ਹੈ। ਇਨ੍ਹਾਂ ਪੰਗਤੀਆਂ ਵਿਚ ਤਾਂ ਗੁਰੂ ਨਾਨਕ ਦੇਵ ਇਥੋਂ ਤਕ ਵੀ ਨਿਰਣਾ ਦੇਂਦੇ ਹਨ ਕਿ ਸਮਾਜ ਵਿਚ ਪਰਮਾਤਮਾ ਦੀ ਕਿਰਪਾ ਤੇ ਨਦਰਿ ਦਾ ਘੇਰਾ ਉਥੇ ਹੈ, ਜਿਥੇ ਦਮਿਤ, ਦਲਿਤ ਤੇ ਸ਼ੋਸ਼ਿਤ ਦੀ ਪਾਲਣਾ ਹੁੰਦੀ ਹੈ। ਅਜਿਹਾ ਨਿਰਣਾ ਦੇਣ ਵਾਲੇ ਗੁਰਬਾਣੀ ਦੇ ਪ੍ਰਵਚਨ ਦਾ ਉਦੇਸ਼ ਜਾਤਾਂ, ਭੇਖਾਂ, ਧਰਮਾਂ ਤੋਂ ਉਪਰੰਤ ਇਕ ਸਾਮਾਨਯ ਮਨੁੱਖ ਪੈਦਾ ਕਰਨਾ ਹੈ।[65] ਇਸ ਸੰਬੰਧੀ ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :

ਐ ਜੀ ਨ ਹਮ ਉਤਮ ਨੀਚ ਨ ਮਧਿਮ
ਹਰਿ ਸਰਣਾਗਤਿ ਹਰਿ ਕੇ ਲੋਗ ॥[66]

ਗੁਰਬਾਣੀ ਅਨੁਸਾਰ 'ਹਰਿ ਕੇ ਲੋਗ' ਉਹ ਹਨ ਜੋ ਹਰ ਤਰ੍ਹਾਂ ਦੇ ਭਿੰਨ ਭੇਦਾਂ ਤੋਂ ਉੱਪਰ ਉਠੇ ਹੋਏ ਹਨ। ਅਜਿਹੇ ਮਨੁੱਖਾਂ ਦੀ ਆਤਮਿਕਤਾ (Spirituality) ਦਾ ਸਿਰਜਨ ਕਰਨਾ, ਗੁਰਬਾਣੀ-ਪ੍ਰਵਚਨ ਦਾ ਕੇਂਦਰੀ ਉਦੇਸ਼ ਹੈ। ਇਸੇ ਨੂੰ ਮਨੁੱਖ ਤੋਂ ਦੇਵਤਾ ਰੂਪ ਵਿਚ ਰੂਪਾਂਤ੍ਰਿਤ ਕਰਨ ਵੱਲ ਗੁਰੂ ਆਪਣਾ ਪ੍ਰਕਾਰਜ ਕਰਦਾ ਹੈ :

ਬਲਿਹਾਰੀ ਗੁਰ ਆਪਣੇ
ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ ॥[67]

ਅਜਿਹੇ ਪ੍ਰਕਾਰਜ ਨੂੰ ਨਿਭਾਉਣ ਲਈ ਗੁਰੂ ਨਾਨਕ ਦੇਵ ਨੇ ਖਾਸ ਤੌਰ ਉਤੇ 'ਜਪੁ ਜੀ' ਬਾਣੀ ਦੇ ਪ੍ਰਵਚਨ ਨੂੰ ਸਿਰਜਿਆ ਹੈ। 'ਜਪੁ ਜੀ' ਦੀ ਪਹਿਲੀ ਪਉੜੀ ਵਿਚ ਹੀ ਗੁਰੂ ਨਾਨਕ ਦੇਵ ਆਪਣੇ ਸਮੇਂ ਦੇ ਧਾਰਮਿਕ ਕਰਮ ਕਾਂਡ ਦੇ ਬਾਹਰਲੇ ਵਿਖਾਵੇ ਵਾਲੇ ਪਖੰਡ ਦੇ ਪਾਜ ਨੂੰ ਉਘਾੜ ਕੇ ਅੰਦਰਲੀ ਮਾਨਸਿਕਤਾ ਦੇ ਨਿਯੰਤ੍ਰਣ ਤੇ ਰੂਪਾਂਤ੍ਰਣ ਉਤੇ ਬਲ ਦੇਂਦੇ ਹਨ। ਇਨ੍ਹਾਂ ਅਰਥਾਂ ਵਿਚ ਇਥੇ ਵੀ ਗੁਰਬਾਣੀ-ਪ੍ਰਵਚਨ ਦੇ ਸਿਰਜਨ ਦਾ ਨੇਮ/ਪੈਟਰਨ ਆਪਣੀ ਪਰੰਪਰਾ ਪ੍ਰਤੀ ਜੋ ਅਰੰਭ ਵਿਚ ਟਿੱਪਣੀ ਪੇਸ਼ ਕਰਦਾ ਹੈ, ਉਹ ਵੀ ਨਖੇਧਣ ਦੀ ਵਿਧੀ ਤੋਂ ਹੀ ਕਰਦਾ ਹੈ। ਇਸ ਸੰਬੰਧੀ ਇਥੇ ਪਹਿਲਾਂ 'ਜਪੁ ਜੀ' ਬਾਣੀ ਦੀ ਪਹਿਲੀ ਪਉੜੀ ਨੂੰ ਆਪਣੇ ਸਨਮੁਖ ਕਰ ਲੈਣਾ ਯੋਗ ਜਾਪਦਾ ਹੈ :

ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ ॥
ਚੁਪੈ ਚੁਪਿ ਨ ਹੋਵਈ, ਜੇ ਲਾਇ ਰਹਾ ਲਿਵਤਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥
ਹੁਕਮ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥[68]

'ਜਪੁਜੀ' ਦੀ ਉਪਰੋਕਤ ਪਉੜੀ ਗੁਰੂ ਨਾਨਕ ਦੇਵ ਦੀ ਸਿਰਜਨਾਤਮਕ ਮਾਨਸਿਕਤਾ ਦੇ ਕਾਰਜਸ਼ੀਲ ਹੋਣ ਦਾ ਬੁਨਿਆਦੀ ਨੇਮ/ਪੈਟਰਨ ਪੇਸ਼ ਕਰਦੀ ਹੈ। ਇਸ ਨੇਮ/ਪੈਟਰਨ ਦੇ ਕੇਂਦਰ ਵਿਚ ਗੁਰਬਾਣੀ-ਸਿਰਜਨ ਦੀ ਉਹ ਵਿਆਪਕ ਧਾਰਨਾ ਪਈ ਹੈ, ਜਿਸ ਰਾਹੀਂ ਗੁਰੂ ਨਾਨਕ ਆਪਣੇ ਤੋਂ ਪੂਰਬ ਪ੍ਰਾਪਤ ਪਰੰਪਰਾ ਨੂੰ ਆਲੋਚਨਾਤਮਕ ਬਿਰਤੀ ਰਾਹੀਂ ਪੇਸ਼ ਕਰਕੇ, ਨਵੀਨ ਅਰਥ-ਸਿਰਜਨ ਦੇ ਰਾਹ ਉਤੇ ਪਾਉਂਦੇ ਹਨ। ਗੁਰੂ ਨਾਨਕ ਦੀ ਮਾਨਸਿਕਤਾ ਦੀ ਇਹ ਚਿੰਤਨ-ਵਿਧੀ ਇਕ ਪਰਿਸ਼ੁਧ ਵਿਗਿਆਨੀ ਨਾਲ ਮੇਲ ਖਾਂਦੀ ਹੈ। ਵਿਗਿਆਨੀ ਆਪਣੇ ਸੰਦਾਂ ਤੇ ਵਿਧੀਆਂ ਰਾਹੀਂ ਆਪਣੇ ਤੋਂ ਪੂਰਬਲੀ ਪਰੰਪਰਾ ਵਿਚ ਰੂੜ੍ਹ ਹੋਈਆਂ ਮਿੱਥਾਂ ਨੂੰ, ਆਪਣੇ ਸਮੇਂ ਦੇ ਹਾਣ ਦਾ ਬਣਾਉਣ ਲਈ, ਆਪਣੇ ਪੁਨਰ-ਚਿੰਤਨ ਦਾ ਵਿਸ਼ਾ ਬਣਾਉਂਦਾ ਹੈ। ਆਪਣੇ ਇਸ ਉਦੇਸ਼ ਲਈ ਉਹ ਆਪਣੀ ਸਮੁੱਚੀ ਵਿਰਾਸਤ ਦੇ ਅੰਦਰ ਕੰਮ ਕਰਦੀਆਂ ਧਾਰਨਾਵਾਂ ਨੂੰ ਪੁਨਰ-ਚਿਤਵਨ ਦਾ ਵਿਸ਼ਾ ਬਣਾ ਕੇ ਨਵੀਆਂ ਸੰਭਾਵਨਾਵਾਂ ਨੂੰ ਜਗਾਉਣ ਲਈ, ਉਹਨਾਂ ਨੂੰ ਅਗਾਂਹ ਤੋਰਨ ਲਈ ਉੱਦਮਸ਼ੀਲ ਰਹਿੰਦਾ ਹੈ। ਵਿਗਿਆਨੀ ਦੀ ਗਿਆਨ-ਸ਼ਾਸਤਰੀ ਵਿਧੀ ਦਾ ਇਹ ਪ੍ਰਾਥਮਿਕ ਗੁਣ-ਲੱਛਣ ਹੈ। ਗੁਰੂ ਨਾਨਕ ਦੇਵ ਦੀ ਉਪਰੋਕਤ ਪਉੜੀ ਵੀ ਬ੍ਰਾਹਮਣੀ ਇਜਾਰਾਦਾਰੀ ਦੁਆਰਾ ਪ੍ਰਸਤੁਤ ਕੀਤੇ ਪਰੰਪਰਾਗਤ ਕਰਮ ਕਾਂਡ ਦੇ ਪ੍ਰਤੀ ਗਿਆਨ-ਵਿਗਿਆਨ ਦੀ ਸ਼ੋਧਕੀ ਵਿਧੀ ਰਾਹੀਂ ਪ੍ਰਤੀਉੱਤਰਸ਼ੀਲ ਹੈ। ਆਪਣੀ ਦੇਸੀ ਵਿਰਾਸਤ ਨੂੰ ਸਮਝਣ ਦੀ ਇਹੋ ਵਿਧੀ ਵਿਗਿਆਨਕ ਕਹੀ ਜਾ ਸਕਦੀ ਹੈ।

ਇਸ ਪਉੜੀ ਦੇ ਅਰੰਭ ਵਿਚ ਪਹਿਲੀਆਂ ਚਾਰ ਪੰਗਤੀਆਂ ਦੀ ਬਿਰਤੀ ਨਕਾਰਾਤਮਕ ਅਨੁਕਿਰਿਆ ਰਾਹੀਂ ਕਾਰਜਸ਼ੀਲ ਹੁੰਦੀ ਸਪੱਸ਼ਟ ਵੇਖੀ ਜਾ ਸਕਦੀ ਹੈ। ਹਰ ਪੰਗਤੀ ਦੇ ਪਹਿਲੇ ਅੱਧ ਵਾਲੇ ਵਾਕਾਂਸ਼ ਵਿਚ 'ਨ' ਦਾ ਬਾਰ ਬਾਰ ਦੁਹਰਾਉ, ਉਹਨਾਂ ਵਿਚ ਪੇਸ਼ ਕਰਮ ਕਾਡਾਂ ਦੇ ਬਾਹਰਲੇ ਵਿਖਾਵੇ ਵਾਲੇ ਸਰੂਪ ਨੂੰ ਨਖੇਧ ਦੇਂਦਾ ਹੈ। ਸਭ ਤੋਂ ਪਹਿਲੀ ਪੰਗਤੀ ਵਿਚ ਤੀਰਥਾਂ ਉਤੇ ਸਰੀਰ ਦੇ ਇਸ਼ਨਾਨ ਰਾਹੀਂ ਮਨ ਦੀ ਪਵਿੱਤਰਤਾ ਤੇ ਸੁੱਚਮ ਪ੍ਰਾਪਤ ਕਰਨ ਦੇ ਕਰਮ ਕਾਂਡ ਨੂੰ ਨਖੇਧਿਆ ਗਿਆ ਹੈ। ਇਸ ਤਰ੍ਹਾਂ ਦੂਜੀ ਪੰਗਤੀ ਵਿਚ ਸਰੀਰ ਦੀ ਇਕ ਟਿਕ ਸਮਾਧੀ ਰਾਹੀਂ ਮਨ ਦੀ ਚੁੱਪ ਤੇ ਸ਼ਾਂਤੀ ਪ੍ਰਾਪਤ ਕਰਨ ਦੀ ਵਿਧੀ ਨੂੰ ਨਖੇਧਿਆ ਗਿਆ ਹੈ। ਤੀਜੀ ਤੇ ਚੌਥੀ ਪੰਗਤੀ ਵੀ ਇਸ ਨਕਾਰਾਤਮਕ ਵਿਧੀ ਦਾ ਦੁਹਰਾਉ ਹੈ। ਨ ਸਾਰੇ ਬ੍ਰਹਮੰਡ ਦੇ ਬਾਹਰਲੇ ਪਦਾਰਥਾਂ ਦੇ ਢੇਰਾਂ ਦੀ ਪ੍ਰਾਪਤੀ ਨਾਲ ਮਨ ਦੀ ਤ੍ਰਿਸ਼ਨਾ ਮਿਟ ਸਕਦੀ ਹੈ ਤੇ ਨ ਹੀ ਵੇਦਾਂ ਦੇ ਪਾਠ ਆਦਿ ਨਾਲ ਪ੍ਰਾਪਤ ਚਤੁਰਾਈਆਂ ਤੇ ਸਿਆਣਪਾਂ ਰਾਹੀਂ ਮਨ ਦਾ ਨਿਯੰਤ੍ਰਣ ਤੇ ਰੂਪਾਂਤ੍ਰਣ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਰ੍ਹਾਂ ਪਹਿਲਾਂ ਗੁਰੂ ਨਾਨਕ ਆਪਣੀ ਪੂਰਬ-ਪ੍ਰਾਪਤ ਪਰੰਪਰਾ ਪ੍ਰਤੀ ਨਕਾਰਾਤਮਕ ਵਿਧੀ ਰਾਹੀਂ ਪ੍ਰਤੀਉੱਤਰਸ਼ੀਲ ਹੁੰਦੇ ਹਨ। ਵਿਗਿਆਨਕ ਚਿੰਤਨ ਦਾ ਇਹ ਪਹਿਲਾ ਲੱਛਣ ਹੈ। ਉਸ ਤੋਂ ਬਾਅਦ ਆਪਣੀ ਪਰੰਪਰਾ ਦੇ ਸਾਹਮਣੇ ਪ੍ਰਸ਼ਨਾਤਮਕ ਬਿਰਤੀ ਰਾਹੀਂ ਪੇਸ਼ ਹੋਣਾ ਵਿਗਿਆਨਕ ਚਿੰਤਨ ਦਾ ਅਗਲਾ ਪੜਾ ਹੈ। ਗੁਰੂ ਨਾਨਕ ਇਸ ਪਉੜੀ ਦੀ ਪੰਗਤੀ 'ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥' ਰਾਹੀਂ ਪ੍ਰਸ਼ਨਸ਼ੀਲ ਹੋ ਕੇ ਆਪਣੀ ਪਰੰਪਰਾ ਦੇ ਸਨਮੁਖ ਹੁੰਦੇ ਹਨ। ਅਗਲੀ ਪੰਗਤੀ ਵਿਚ ਆਪਣਾ ਪ੍ਰਸਤਾਵ ਉੱਤਰ ਵਜੋਂ ਪੇਸ਼ ਕਰਦੇ ਹਨ : 'ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ।' ਇਸ ਤਰ੍ਹਾਂ ਗੁਰੂ ਨਾਨਕ ਦੇਵ ਸੱਚ ਨੂੰ ਪ੍ਰਾਪਤ ਕਰਨ ਵਾਲੀਆਂ ਆਪਣੇ ਤੋਂ ਪੂਰਬ-ਪ੍ਰਚਲਿਤ ਵਿਧੀਆਂ ਨੂੰ ਪਹਿਲਾਂ ਨਿਸ਼ੇਧ ਦੇਂਦੇ ਹਨ। ਫਿਰ ਸਚਿਆਰ ਹੋਣ ਦੀ ਵਿਧੀ ਬਾਰੇ ਪ੍ਰਸ਼ਨ ਪੁੱਛ ਕੇ ਆਪਣਾ ਉੱਤਰ ਪੇਸ਼ ਕਰਦੇ ਹਨ, ਇਸ ਵਿਚ ਉਹ ਦੱਸਦੇ ਹਨ ਕਿ ਹੁਕਮ ਤੇ ਰਜ਼ਾ ਦੀ ਪ੍ਰਕਿਰਿਆ ਵਿਚ ਚਲਣ ਦੀ ਵਿਧੀ ਰਾਹੀਂ ਹੀ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ। ਪ੍ਰਸ਼ਨ ਹੈ ਇਹ ਹੁਕਮ ਕੀ ਹੈ ? ਗੁਰੂ ਸਾਹਿਬ ਇਸ ਦੀ ਵਿਆਖਿਆ ਲਈ ਹੁਕਮ ਤੇ ਹਉਮੈ ਦਾ ਦ੍ਵੈਤ ਖੜਾ ਕਰ ਕੇ ਹੁਕਮ ਦੀ ਪ੍ਰਕਾਰਜੀ ਵਿਆਖਿਆ ਕਿਉਂ ਪੇਸ਼ ਕਰਦੇ ਹਨ :

ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ, ਹੁਕਮਿ ਲਿਖਿ ਦੁਖੁ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭ ਕੋ, ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥[69]

ਇਨ੍ਹਾਂ ਪੰਗਤੀਆਂ ਵਿਚ ਗੁਰੂ ਨਾਨਕ ਦੇਵ ਦੇ ਵਿਸ਼ਵ ਦੇ ਵਿਰਾਟ ਪਸਾਰੇ ਦੇ ਪਿਛੇ ਕਾਰਜ਼-ਸ਼ੀਲ ਪ੍ਰਬੰਧ ਨੂੰ ਹੁਕਮ ਨਾਲ ਜੋੜਿਆ ਹੈ। ਪ੍ਰਪੰਚ ਜਾਂ ਖਿਲਾਰਾ ਤਾਂ ਸਤਈ ਹੁੰਦਾ ਹੈ। ਪਰ ਉਸ ਦੀ ਡੂੰਘ-ਸੰਰਚਨਾ ਵਿਚ ਪ੍ਰਬੰਧ ਕਾਰਜਸ਼ੀਲ ਹੁੰਦਾ ਹੈ। ਇਸ ਪ੍ਰਬੰਧਸ਼ੀਲ ਦ੍ਰਿਸ਼ਟੀ ਨੂੰ ਗੁਰੂ ਸਾਹਿਬ ਹੁਕਮ ਸ਼ਬਦ ਨਾਲ ਜੋੜ ਕੇ ਪੇਸ਼ ਕਰਦੇ ਹਨ। ਇਉਂ ਹੁਕਮ ਇਥੇ ਸਾਰੀ ਕਾਇਨਾਤ ਦੇ ਅੰਤਰਗਤ ਵਿਚਰਦੇ ਅਨਾਤਮ ਸਿਸਟਮ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਸ ਨੂੰ ਸਮਝਾਉਣ ਲਈ 'ਹਉਮੈ' ਦੇ ਵਿਰੋਧ ਵਿਚ ਰੱਖਿਆ ਗਿਆ ਹੈ। 'ਹਉਮੈ' ਦਾ ਅਰਥ ਹੈ : 'ਮੈਂ', ਮੈਂ,। 'ਮੈਂ' ਦੀ ਹੋਂਦ ਵਿਅਕਤੀ ਦੀ ਹਉਯੁਕਤ ਜੈਵਿਕਤਾ ਨਾਲ ਸੰਬੰਧਿਤ ਹੈ। ਵਿਅਕਤੀ ਦੀ ਹਉਯੁਕਤ ਜੈਵਿਕਤਾ ਆਤਮ ਕੇਂਦਰਿਤ ਹੁੰਦੀ ਹੈ ਤੇ ਹੁਕਮ ਦਾ ਸਿਸਟਮ ਅਨਾਤਮੀ ਪ੍ਰਬੰਧ ਹੁੰਦਾ ਹੈ। ਅਨਾਤਮੀ ਪ੍ਰਬੰਧ ਨੂੰ ਸਮਝ ਕੇ, ਆਪਣੀ ਵਿਅਕਤੀਗਤ ਹਉਂ ਨੂੰ ਇਸ ਦੇ ਅਧੀਨ ਕਰਨ ਨਾਲ ਹੀ ਜੈਵਿਕਤਾ ਹਉਂ-ਯੁਕਤ ਭਰਮ ਤੋਂ ਛੁਟਕਾਰਾ ਪਾ ਕੇ, ਦ੍ਰਿਸ਼ਟੀਸੰਪੰਨ ਮਾਨਵਤਾ ਵਿਚ ਜਾਗ੍ਰਿਤ ਹੋ ਸਕਦੀ ਹੈ। ਇਹੋ ਜੈਵਿਕਤਾ ਦਾ ਦੈਵੀ ਰੂਪ ਵਿਚ ਰੂਪਾਂਤ੍ਰਨ ਹੈ। ਇਸ ਤਰ੍ਹਾਂ ਗੁਰਬਾਣੀ-ਪ੍ਰਵਚਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਦੱਤ ਤਥਾ ਪ੍ਰਕਿਰਤਿਕ ਜੀਵ ਨੂੰ ਦ੍ਰਿਸ਼ਟੀਸੰਪੰਨ ਤੇ ਰੂਪਾਂਤ੍ਰਿਤ ਦੈਵੀ ਹੋਂਦ ਵਿਚ ਪਰਵਰਤਨ ਦੇਣ ਵਾਲੀ ਆਤਮਿਕਤਾ ਵਿਚ ਜਗਾਉਣ ਨਾਲ ਸੰਬੰਧਿਤ ਹੈ । ਇਸ ਰੂਪਾਂਤ੍ਰਣੀ ਯਾਤਰਾ ਦੀ ਦਿਸ਼ਾ ਦਾ ਪੈਟਰਨ/ਨੇਮ ਵੀ ਬਾਹਰਲੇ ਪ੍ਰਪੰਚੀ ਖਿਲਾਰਿਆ ਦੇ ਵਿਰੋਧ ਪਿਛੇ ਅੰਦਰ ਕਾਰਜਸ਼ੀਲ ਹੁਕਮ ਦੇ ਸਿਸਟਮ ਨੂੰ ਪਛਾਣਨ ਨਾਲ ਹੈ । ਇਸੇ ਦੀ ਪਛਾਣ ਰਾਹੀਂ ਮਾਨਵੀ ਜੈਵਿਕਤਾ ਗੁਰੂ ਦੀ ਕਿਰਪਾ ਦੁਆਰਾ ਰੂਪਾਂਤ੍ਰਿਤ ਦੈਵੀ ਹੋਂਦ ਵਿਚ ਬਦਲਦੀ ਹੈ । ਇਉਂ ਗੁਰਬਾਣੀ ਪ੍ਰਵਚਨ ਦਾ ਇਹ ਨੇਮ/ਪੈਟਰਨ ਵੀ ਬਾਹਰਲੇ ਸਮੂਰਤ ਖਿਲਾਰੇ ਪਿਛੇ ਕਾਰਜਸ਼ੀਲ ਆਂਤਰਿਕ ਸੰਗਠਨਾਤਮਕ ਤੇ ਪ੍ਰਬੰਧਸ਼ੀਲ ਦ੍ਰਿਸ਼ਟੀ ਪ੍ਰਤੀ ਜਾਗਰੂਕ ਹੋਣ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ ।

ਇਸ ਤਰ੍ਹਾਂ ਉਪਰੋਕਤ ਵਿਆਖਿਆ ਰਾਹੀਂ ਅਸੀਂ ਗੁਰਬਾਣੀ/ਪ੍ਰਵਚਨ ਵਿਚਲੀ ਸਿਰਜਨਾਤਮਕ ਮਾਨਸਿਕਤਾ ਨੂੰ ਕਾਰਜਸ਼ੀਲ ਹੁੰਦਿਆਂ ਵੇਖਿਆ ਹੈ । ਗੁਰੂ ਨਾਨਕ-ਚਿੰਤਨ ਦੀ ਇਸ ਜੁਗਤ ਨੂੰ ਅਜੋਕੇ ਮੁਹਾਵਰੇ ਵਿਚ ਉਥਾਪਣ ਜੁਗਤ ਦੇ ਰੂਪ ਵਿਚ ਗ੍ਰਹਿਣ ਕੀਤਾ ਜਾ ਸਕਦਾ ਹੈ । ਹਰ ਸਜਗ ਚਿੰਤਕ ਆਪਣੇ ਤੋਂ ਪੂਰਬ-ਪ੍ਰਾਪਤ ਪਰੰਪਰਾ ਵਿਚਲੀਆਂ ਵਿਧੀਆਂ ਨੂੰ ਪਹਿਲਾਂ ਵਿਸਥਾਪਿਤ ਕਰਦਾ ਹੈ ਤੇ ਫਿਰ ਆਪਣੇ ਨਵੀਨ ਅਰਥਾਂ ਦੇ ਸਿਰਜਨ ਲਈ ਸੰਗਠਨਾਤਮਕ ਬਿਰਤੀ ਰਾਹੀਂ ਉਹਨਾਂ ਨੂੰ ਨਵੇਂ ਪ੍ਰਸੰਗ ਵਿਚ ਵਿਸਥਾਪਿਤ ਕਰਦਾ ਹੈ । ਗੁਰਬਾਣੀ 'ਜਪੁ ਜੀ' ਬਾਣੀ ਵੀ ਇਨ੍ਹਾਂ ਅਰਥਾਂ ਵਿਚ ਗੁਰੂ ਨਾਨਕ ਚਿੰਤਨ ਦੀ ਪ੍ਰਮੁੱਖ ਜੁਗਤ/ਨੇਕ/ਪੈਟਰਨ ਨੂੰ ਪੇਸ਼ ਕਰਦੀ ਹੈ ।

ਗੁਰਬਾਣੀ-ਪ੍ਰਵਚਨ ਜਦੋਂ ਸਿਧਾਂਤਮੁਖ ਹੋ ਕੇ 'ਜਪੁ ਜੀ' ॥ ਵਰਗੀ ਬਾਣੀ ਦਾ ਸਿਰਜਨ ਕਰਦਾ ਹੈ ਤਾਂ ਉਸ ਦਾ ਉਦੇਸ਼ ਪ੍ਰਾਕਿਰਤਿਕ ਜੈਵਿਕਤਾ ਵਾਲੇ ਮਨੁੱਖ ਨੂੰ ਉਤਕ੍ਰਿਸ਼ਟ ਦੈਵੀ ਮਾਨਵਤਾ ਵਿਚ ਰੂਪਾਂਤ੍ਰਿਤ ਕਰਨ ਦਾ ਹੁੰਦਾ ਹੈ । ਪਰ ਜਦੋਂ ਇਹ ਪ੍ਰਵਚਨ ਵਿਹਾਰਮੁਖ ਸਮਾਜਕ ਵੇਰਵਿਆਂ ਵਾਲੀਆਂ ਬਾਣੀਆਂ ਦਾ ਸਿਰਜਨ ਕਰਦਾ ਹੈ ਤਾਂ ਇਹ ਸਮੁੱਚੇ ਸਮਾਜਕ ਸਮੱਸਿਆਵਾਦ ਨੂੰ ਅਗਭੂਮੀ ਉਤੇ ਲਿਆਂਦਾ ਹੈ । ਪਰ ਦੋਹਾਂ ਹੀ ਪ੍ਰਕਾਰ ਦੇ ਪ੍ਰਵਚਨਾਂ ਦਾ ਮੂਲ ਉਦੇਸ਼ ਮਾਨਵੀ ਸ਼ੋਸ਼ਣ ਦਾ ਵਿਰੋਧ ਕਰਨਾ ਅਤੇ ਮਾਨਵੀ ਆਜ਼ਾਦੀ ਦੀ ਸਥਾਪਤੀ ਕਰਨਾ ਹੀ ਹੁੰਦਾ ਹੈ । ਇਸ ਦਾ ਕਾਰਣ ਇਹ ਹੈ ਕਿ ਗੁਰਬਾਣੀ-ਪ੍ਰਵਚਨ ਦਾ ਮੂਲ ਸੁਰ ਧਰਮ-ਸਥਾਪਨਾ ਵਾਲਾ ਹੈ । ਬਦਲੇ ਹੋਏ ਹਾਲਾਤ ਦੇ ਪ੍ਰਸੰਗ ਵਿਚ, ਪਰੰਪਰਾ ਦੇ ਆਧਾਰ ਉਪਰ ਖੜ੍ਹੀ ਮਰਿਆਦਾ ਨੂੰ, ਉਸ ਦੇ ਆਪਣੇ ਸੰਤੁਲਨ ਵਿਚ ਕਾਇਮ ਕਰਨ ਦਾ ਯਤਨ ਭਾਰਤੀ ਦ੍ਰਿਸ਼ਟੀ ਤੋਂ ਧਰਮ ਸਥਾਪਤੀ ਹੈ ਤੇ ਗੁਰਬਾਣੀ ਮੱਧਕਾਲ ਵਿਚ ਨਿਸ਼ਚੇ ਹੀ ਇਸ ਧਰਮ ਸਥਾਪਤੀ ਦੇ ਆਲੰਬਰਦਾਰ ਦੇ ਰੂਪ ਵਿਚ ਸਾਹਮਣੇ ਆਉਣ ਵਾਲੀ ਲਹਿਰ ਨਾਲ ਸੰਬੰਧਿਤ ਹੈ । ਇਸ ਲਈ ਇਸ ਵਿਚਲੇ ਕਿਸੇ ਵੀ ਪ੍ਰਵਚਨ ਨੂੰ ਨਿਕਟ ਅਧਿਐਨ ਦਾ ਵਿਸ਼ਾ ਬਣਾ ਕੇ ਵੇਖੀਏ ਤਾਂ ਜਾਂ ਉਹ ਸਿਧਾਂਤ ਮੁੱਖ ਹੋ ਕੇ ਮਨੁੱਖੀ ਜੈਵਿਕਤਾ ਦੇ ਰੂਪਾਂਤ੍ਰਣ ਦੀ ਦਿਸ਼ਾ ਵਿਚ ਤੁਰ ਰਿਹਾ ਹੁੰਦਾ ਹੈ ਤੇ ਜਾਂ ਫਿਰ ਸਮਾਜਕ ਸਮੱਸਿਆਵਾਦ ਦੀ ਸ਼ੋਸ਼ਣੀ ਬਿਰਤੀ ਦਾ ਪਾਜ ਉਘਾੜ ਰਿਹਾ ਹੁੰਦਾ ਹੈ । ਉਦਾਹਰਣ ਲਈ ਗੁਰੂ ਨਾਨਕ ਦੇ ਸਮਕਾਲੀਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਾਜਕ ਸਮੱਸਿਆਵਾਦ ਨਾਲ ਸੰਬੰਧਿਤ ਇਕ ਸਲੋਕ ਨੂੰ ਨਿਕਟ ਅਧਿਐਨ ਦਾ ਵਿਸ਼ਾ ਬਣਾ ਕੇ ਵੇਖਣਾ ਉਚਿਤ ਜਾਪਦਾ ਹੈ :

ਹਰਣਾ ਬਾਜਾਂ ਤੇ ਸਿਕਦਾਰਾਂ, ਏਨਾ ਪੜ੍ਹਿਆ ਨਾਉ ॥
ਫਾਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ ॥
ਪਹਿਲੋ ਦੇ ਜੜ ਅੰਦਰਿ ਜੰਮੈ ਉਪਰਿ ਹੋਵੈ ਛਾਉ ॥
ਰਾਜੇ ਸ਼ੀਹ ਮੁਕਦਮ ਕੁਤੇ ॥
ਜਾਇ ਜਗਾਇਨ ਬੈਠੇ ਸੁਤੇ ॥
ਚਾਕਰ ਨਹਦਾ ਪਾਇਨ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆ ਹੋਸੀ ਸਾਰ ॥
ਨਕੀ ਵਢੀ ਲਾਇਤਬਾਰ ॥[70]

ਉਪਰੋਕਤ ਸਲੋਕ ਦੇ ਨਿਕਟ ਅਧਿਐਨ ਰਾਹੀਂ ਇਸ ਵਿਚ ਪੇਸ਼ ਗੁਰੂ ਨਾਨਕ ਦੇਵ ਦੀ ਵਿਸ਼ੇਸ਼ ਪ੍ਰਕਾਰ ਦੀ ਗਿਆਨ-ਸ਼ਾਸਤਰੀ ਮਾਨਸਿਕਤਾ ਤੇ ਟੀਚਾਯੁਕਤ ਟਿੱਪਣੀਸ਼ੀਲ ਦ੍ਰਿਸ਼ਟੀ ਦਾ ਦੀਦਾਰ ਸਹਿਜੇ ਹੀ ਹੋ ਜਾਂਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਦਾ ਬੁਨਿਆਦੀ ਧਰਾਤਲ ਨਾਮਮੁੱਖ ਅਧਿਆਤਮਕਤਾ ਨੂੰ ਬਣਾਇਆ ਹੈ। ਪਰੰਤੂ ਇਸ ਨਾਮਮੁਖੀ ਅਧਿਆਤਮਕ ਪੈਰਾਡਾਈਮ ਵਾਲੀ ਬਾਣੀ ਦੀ ਦ੍ਰਿਸ਼ਟੀ ਤੋਂ ਜਦੋਂ ਉਸ ਦੇ ਸਮਕਾਲੀਨ ਇਹਲੌਕਿਕ ਪ੍ਰਸੰਗਾਂ ਨੂੰ ਵੇਖਿਆ ਜਾਂਦਾ ਹੈ ਤਾਂ ਗੁਰੂ ਨਾਨਕ ਦੇਵ ਦੀ ਟਿੱਪਣੀਸ਼ੀਲ ਸ਼ੈਲੀ, ਆਲੋਚਨਾਤਮਕ ਦ੍ਰਿਸ਼ਟੀ ਤੇ ਵਸਤੂਮੂਲਕ ਵਿਸ਼ਲੇਸ਼ਣ ਬੜੀ ਭਰਪੂਰਤਾ ਨਾਲ ਉਭਰ ਕੇ ਸਾਹਮਣੇ ਆ ਜਾਂਦਾ ਹੈ। ਗੁਰੂ ਨਾਨਕ ਦੇਵ ਦੀ ਅਜਿਹੀ ਟਿੱਪਣੀਸ਼ੀਲ, ਆਲੋਚਨਾਤਮਕ ਤੇ ਵਸਤੂਮੂਲਕ ਸ਼ੈਲੀ ਤੋਂ ਜੋ ਗੱਲ ਗੁਰੂ ਨਾਨਕ ਦੇਵ ਬਾਰੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਗੁਰੂ ਨਾਨਕ ਆਪਣੇ ਸਮੇਂ ਦੇ ਚੰਗੇ ਤੇ ਹੰਢੇ ਹੋਏ ਸਮਾਜ-ਵਿਗਿਆਨੀ ਵੀ ਹਨ। ਹਰ ਚੰਗਾ ਸਮਾਜ-ਵਿਗਿਆਨੀ ਆਪਣੇ ਵੇਲੇ ਦੇ ਪ੍ਰਬੰਧ ਤੇ ਵਿਵਸਥਾ ਅਧੀਨ ਵਿਚਰਦੇ ਸਮਾਜ ਦੀਆਂ ਅੰਦਰਲੀਆਂ ਟੱਕਰਾਂ, ਵਿਰੋਧਾਂ ਤੇ ਸੁਪਾਨੀ ਬਣਤਰਾਂ ਨੂੰ ਪਛਾਣਦਾ ਤੇ ਉਨ੍ਹਾਂ ਨੂੰ ਸਪੱਸ਼ਟ ਜ਼ਬਾਨ ਦੇਂਦਾ ਹੈ। ਹਥਲੇ ਸਲੋਕ ਵਿਚ ਗੁਰੂ ਨਾਨਕ ਦੇਵ ਆਪਣੇ ਸਮੇਂ ਦੇ ਸਮਾਜ ਦੀਆਂ ਸੁਪਾਨੀ ਬਣਤਰਾਂ ਵਿਚਲੀਆਂ ਟੱਕਰਾਂ ਤੇ ਵਿਰੋਧਾਂ ਨੂੰ ਸਮੂਰਤ ਰੂਪ ਵਿਚ ਪ੍ਰਗਟ ਕਰਦੇ ਸਪੱਸ਼ਟ ਵਿਖਾਈ ਦੇਂਦੇ ਹਨ।

ਇਸ ਸਲੋਕ ਵਿਚ ਸਭ ਤੋਂ ਪਹਿਲੀ ਗੱਲ ਗੁਰੂ ਨਾਨਕ ਦੇਵ ਇਹ ਉਘਾੜਨਾ ਚਾਹੁੰਦੇ ਹਨ ਕਿ ਸਮਾਜਕ ਤੇ ਸਭਿਆਚਾਰਕ ਤੌਰ ਉਤੇ ਲੋਕ-ਸਮੂਹ ਦੀ ਅਗਵਾਈ ਪੜ੍ਹਿਆ ਲਿਖਿਆਂ ਨੇ ਕਰਨੀ ਹੁੰਦੀ ਹੈ, ਪਰੰਤੂ ਸਾਮੰਤਸ਼ਾਹੀ ਵਿਵਸਥਾ ਦੀ ਸ਼ੋਸ਼ਣ-ਪ੍ਰਕਿਰਿਆ ਪੜ੍ਹਿਆਂ-ਲਿਖਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਆਪਣੇ ਅਧੀਨ ਕਰਕੇ, ਉਨ੍ਹਾਂ ਦੇ ਅਜਿਹੇ ਕਿਰਦਾਰ ਤੇ ਪ੍ਰਤੀਬੱਧਤਾ ਨੂੰ ਖ਼ਤਮ ਕਰ ਦੇਂਦੀ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਜਿਹੇ ਪੜ੍ਹੇ ਲਿਖੇ ਲੋਕ ਆਪਣੀ ਜਾਤੀ ਦੇ ਲੋਕਾਂ ਨੂੰ ਸਹੀ ਰਸਤਾ ਦਿਖਾਉਣ ਦੀ ਬਜਾਏ, ਉਲਟਾ ਉਨ੍ਹਾਂ ਨੂੰ ਫਾਹੀ ਵਿਚ ਫਸਾਉਣ ਵਾਲੇ ਬਣ ਨਿੱਬੜਦੇ ਹਨ। ਆਪਣੀ ਇਸੇ ਧਾਰਨਾ ਨੂੰ ਸਮੂਰਤ ਬਣਾਉਣ ਲਈ ਗੁਰੂ ਨਾਨਕ ਦੇਵ 'ਹਰਣਾ, ਬਾਜਾਂ ਤੇ ਸਿਕਦਾਰਾਂ...' ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਇਸ ਦ੍ਰਿਸ਼ਟਾਂਤ ਰਾਹੀਂ ਉਹ ਆਪਣੇ ਸਮੇਂ ਦੇ ਲੀਡਰਾਂ ਦੇ ਚਰਿੱਤਰ ਦੀ ਤੁਲਨਾ ਹਰਣਾ ਤੇ ਬਾਜਾਂ ਦੇ ਚਰਿੱਤਰ ਨਾਲ ਕਰਦੇ ਹਨ। ਹਰਣ ਆਪਣੀ ਜਾਤੀ ਦੇ ਹੋਰ ਹਰਣਾ ਨੂੰ ਫਾਹੀ ਵਿਚ ਫਸਾਉਣ ਦਾ ਜ਼ਿੰਮੇਵਾਰ ਬਣਦਾ ਹੈ। ਇਸੇ ਤਰ੍ਹਾਂ ਬਾਜ਼ ਵੀ ਆਪਣੀ ਜ਼ਾਤ ਦੇ ਹੋਰ ਬਾਜ਼ਾਂ ਨੂੰ ਜੰਜਾਲਾਂ ਵਿਚ ਫਸਾਉਣ ਦਾ ਜ਼ਿੰਮੇਵਾਰ ਬਣਦਾ ਹੈ, ਜੋ ਹਰਣ ਤੇ ਬਾਜ਼ ਆਪਣੀ ਜਾਤੀ ਦੇ ਹੋਰ ਜੀਵਾਂ ਲਈ ਕਰਦੇ ਹਨ, ਬਿਲਕੁਲ ਉਸੇ ਤਰ੍ਹਾਂ ਦਾ ਕੰਮ ਸਮਾਜਕ ਪੱਧਰ ਉਪਰ ਲੋਕਾਂ ਦੀ ਅਗਵਾਈ ਕਰਨ ਵਾਲੇ ਸਿਕਦਾਰ ਜਾਂ ਲੀਡਰ ਗੁਰੂ ਨਾਨਕ ਦੇ ਸਮਕਾਲੀ ਸਮੇਂ ਵਿਚ ਕਰ ਰਹੇ ਹਨ। ਉਨ੍ਹਾਂ ਦਾ ਅਜਿਹਾ ਚਰਿੱਤ੍ਰ ਬਣਾਉਣ ਵਿਚ ਉਸ ਸਮੇਂ ਦੀ ਸਾਮੰਤਸ਼ਾਹੀ ਵਿਵਸਥਾ ਜ਼ਿੰਮੇਵਾਰ ਹੈ। ਇਸ ਸਾਮੰਤਸ਼ਾਹੀ ਵਿਵਸਥਾ ਨੇ ਆਪਣੀ ਸ਼ੋਸ਼ਣੀ ਪ੍ਰਕਿਰਿਆ ਦਾ ਹਥਕੰਡਾ ਇਨ੍ਹਾਂ ਲੀਡਰਾਂ ਨੂੰ ਬਣਾਇਆ ਹੋਇਆ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਾਮੰਤਸ਼ਾਹੀ ਵਿਵਸਥਾ ਇਨ੍ਹਾਂ ਸਿਕਦਾਰਾਂ ਦੀ ਲੀਡਰੀ ਦੁਆਰਾ ਮਾਨਵ-ਸ਼ੋਸ਼ਣ ਕਰਨ ਦਾ ਕੰਮ ਕਰ ਰਹੀ ਹੈ। ਇਸ ਦਾ ਭਾਵ ਇਹ ਹੈ ਕਿ ਸਾਮੰਤਸ਼ਾਹੀ ਵਿਵਸਥਾ ਆਪ ਸਿੱਧੇ ਤੌਰ ਉਤੇ ਸ਼ੋਸ਼ਣ ਕਰਨ ਦੀ ਬਜਾਏ ਇਨ੍ਹਾਂ ਸਿਕਦਾਰਾਂ ਤੇ ਲੀਡਰਾਂ ਦੀ ਵਰਤੋਂ ਕਰਦੀ ਹੈ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਪੜ੍ਹਿਆਂ ਲਿਖਿਆਂ ਨਾਲ ਜੋੜਦੇ ਹਨ। ਗੁਰੂ ਨਾਨਕ ਦੇਵ ਦਾ ਬਲ ਇਸ ਗੱਲ ਨੂੰ ਅਗ੍ਰਭੂਮਿਤ ਕਰਨ ਵਿਚ ਹੈ ਕਿ ਉਨ੍ਹਾਂ ਦੀ ਸਮਕਾਲੀ ਵਿਵਸਥਾ ਵਿਚ ਪੜ੍ਹੇ ਲਿਖੇ ਲੋਕ ਸ਼ੋਸ਼ਣੀ ਪ੍ਰਕਿਰਿਆ ਦਾ ਅੰਗ ਬਣ ਗਏ ਹਨ। ਇਸ ਲਈ ਉਨ੍ਹਾਂ ਦਾ ਅਸਲੀ ਕਿਰਦਾਰ ਨਸ਼ਟ ਹੋ ਚੁੱਕਿਆ ਹੈ। ਗੁਰੂ ਨਾਨਕ ਦੇਵ ਇਨ੍ਹਾਂ ਦੇ ਅਜਿਹੇ ਸ਼ੋਸ਼ਣੀ ਚਰਿਤ੍ਰ ਉੱਪਰ ਟਿੱਪਣੀ ਕਰਨ ਤੋਂ ਬਾਅਦ, ਅਜਿਹੇ ਬੰਦਿਆਂ ਨੂੰ ਜੀਆਦਾਨ ਦੇਣ ਲਈ, ਇਨ੍ਹਾਂ ਨੂੰ ਨਾਮਮੁਖ ਪਾਸਾਰ ਨਾਲ ਜੁੜਨ ਦੀ ਤਾਕੀਦ ਕਰਦੇ ਹਨ। ਸਲੋਕ ਦੀ ਤੀਜੀ ਪੰਗਤੀ ਵਿਚ ਗੁਰੂ ਨਾਨਕ ਦੇਵ ਪੜ੍ਹਿਆ ਪੰਡਤ ਜਾਂ ਬੀਨਾ ਸਿਕਦਾਰ ਉਸੇ ਨੂੰ ਆਖਦੇ ਹਨ ਜੋ ਲੋਕਾਂ ਦਾ ਸ਼ੋਸ਼ਣ ਕਰਨ ਦੀ ਬਜਾਏ, ਉਨ੍ਹਾਂ ਨੂੰ ਨਾਮ ਨਾਲ ਜੋੜਦਾ ਹੈ ਅਤੇ ਖ਼ੁਦ ਆਪ ਆਪਣੇ ਜ਼ਾਤੀ ਜੀਵਨ ਵਿਚ ਵੀ ਨਾਮ ਦੀ ਕਮਾਈ ਕਰਦਾ ਹੈ। ਗੁਰੂ ਨਾਨਕ-ਬਾਣੀ ਅਨੁਸਾਰ ਨਾਉ ਕਮਾਉਣਾ ਹੀ ਮਨੁੱਖ ਦੀ ਮਨੁੱਖਤਾ **ਹੈ**। ਨਾਉਂ ਕਮਾਣਾ ਮਨੁੱਖ ਦੀ ਚਿਹਨਕੀ ਆਜ਼ਾਦੀ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਦਾ ਇਕੋ ਇਕ ਕੇਂਦਰੀ ਧਰਾਤਲ ਹੈ। ਪਰ ਗੁਰੂ ਨਾਨਕ ਦੇ ਸਮੇਂ ਦੀ ਸਮਕਾਲੀ ਸ਼ੋਸ਼ਣਕਾਰੀ ਵਿਵਸਥਾ ਮਨੁੱਖ ਦੀ ਆਜ਼ਾਦੀ ਉਪਰ ਆਪਣੀ ਵਿਚਾਰਧਾਰਾ ਦਾ ਕਰੜਾ ਵਾਰਾ ਪਹਿਰਾ ਲਾਈ ਬੈਠੀ ਸੀ। ਇਸੇ ਕਾਰਨ ਹੀ ਸ਼ੋਸ਼ਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਿਰਿਆ ਨਾਲ ਇਕਸੁਰ ਹੋਏ ਪੜ੍ਹੇ ਲਿਖੇ ਤਥਾ ਬੁੱਧੀਮਾਨ ਵਿਅਕਤੀ ਆਪਣੇ ਸਹੀ ਕਿਰਦਾਰ ਤੋਂ ਸੱਖਣੇ ਹੋਏ ਪਏ ਸਨ।

ਪਰ ਗੁਰੂ ਨਾਨਕ ਦੇਵ ਜਿਸ ਪੜ੍ਹੇ ਲਿਖੇ ਤਥਾ ਬੁੱਧੀਮਾਨ ਕਿਰਦਾਰ ਵਾਲੇ ਵਿਅਕਤੀ ਨੂੰ ਉਭਾਰਨਾ ਚਾਹੁੰਦੇ ਹਨ, ਉਹ ਮਾਨਵ ਦੇ ਸਮਾਜਕ ਪ੍ਰਸੰਗ ਵਿਚ ਸ਼ੋਸ਼ਣੀ ਪ੍ਰਕਿਰਿਆ ਦਾ ਸਾਧਨ ਬਣਨ ਦੀ ਬਜਾਏ. ਨਾਮੁ ਜਪਾਉਣ ਤੇ ਨਾਮ ਕਮਾਉਣ ਵਾਲੇ ਜੀਵਨ ਨੂੰ ਬਿਤਾਉਂਦੇ ਹਨ। ਇਸ ਲਈ ਗੁਰੂ ਨਾਨਕ ਨਾਮ ਦੀ ਚਿਹਨਕੀ ਆਜ਼ਾਦੀ ਨੂੰ ਮਾਨਵ ਜੀਵਨ ਦੀ ਜੜ੍ਹ ਸਮਝਦੇ ਹਨ। ਜਿਵੇਂ ਰੁੱਖ ਸੰਘਣੀ ਛਾਉਂ ਤਾਂ ਹੀ ਦੇ ਸਕਦਾ ਹੈ ਜੇ ਉਹ ਆਪਣੀਆਂ ਜੜ੍ਹਾਂ ਦੇ ਆਧਾਰ ਉਪਰ ਵਿਗਸਿਆ ਹੋਵੇ। ਇਸ ਤਰ੍ਹਾਂ ਪੰਡਿਤ ਤੇ ਗਿਆਨੀ ਸਮਾਜ ਦੀ ਰਹਿਨੁਮਾਈ ਤਾਂ ਹੀ ਕਰ ਸਕਦਾ ਹੈ, ਜੇ ਉਹ ਆਪਣੀ ਚਿਹਨਕੀ ਆਜ਼ਾਦੀ ਪ੍ਰਤੀ ਅਸਾਧਾਰਣ ਤੌਰ ਉਤੇ ਚੇਤੰਨ ਹੋਵੇ। ਪਰੰਤੂ ਗੁਰੂ ਨਾਨਕ ਦੀ ਸਮਕਾਲੀ ਸਮਾਜ-ਵਿਵਸਥਾ ਵਿਚ ਅਜਿਹਾ ਸੰਭਵ ਨਹੀਂ ਰਿਹਾ ਸੀ। ਇਸੇ ਲਈ ਗੁਰੂ ਨਾਨਕ ਦੇਵ ਪੜ੍ਹਿਆ ਲਿਖਿਆਂ ਨੂੰ ਆਪਣੀ ਟਿੱਪਣੀ ਦਾ ਵਿਸ਼ੈ ਬਣਾਉਣ ਤੋਂ ਉਪਰੰਤ ਇਸ ਦਾ ਕਾਰਨ ਸਮੇਂ ਦੀ ਸ਼ੋਸ਼ਣੀ-ਪ੍ਰਕਿਰਿਆ ਵਿਚੋਂ ਲੱਭਦੇ ਹਨ।

ਸਲੋਕ ਦੀ ਪੰਜਵੀਂ ਪੰਗਤੀ ਵਿਚ ਗੁਰੂ ਨਾਨਕ ਦੇਵ ਮੁੜ ਦੁਬਾਰਾ ਸ਼ੋਸ਼ਣੀ ਪ੍ਰਕਿਰਿਆ ਦਾ ਇਕ ਹੋਰ ਸਮੂਰਤਣ ਪੇਸ਼ ਕਰਦੇ ਹਨ। ਇਥੇ ਉਹ ਰਾਜਿਆਂ ਨੂੰ 'ਸ਼ੀਹਾਂ' ਦੀ ਉਪਮਾ ਨਾਲ ਜੋੜਦੇ ਹਨ ਅਤੇ 'ਮੁਕੱਦਮ', ਮੁਸਾਹਿਬ ਜਾਂ ਅਹਲਕਾਰਾਂ ਨੂੰ ਕੁੱਤਿਆਂ ਦੀ ਉਪਮਾ ਨਾਲ ਪੇਸ਼ ਕਰਦੇ ਹਨ। ਇਨ੍ਹਾਂ ਦੇ ਕਾਰਵਿਹਾਰ ਦੀ ਗਤੀ ਪ੍ਰਗਤੀ ਇਉਂ ਦੱਸੀ ਹੈ ਕਿ ਅਹਲਕਾਰ. ਲੋਕ ਮਾਨੋ ਸ਼ੇਰਾਂ ਰੂਪੀ ਰਾਜਿਆਂ ਦੀਆਂ ਨਹੁੰਦਰਾਂ ਬਣੇ ਹੋਏ ਹਨ। ਉਹ ਅਮਨ ਅਮਾਨ ਤੇ ਸ਼ਾਂਤੀ ਵਿਚ ਬੈਠੀ ਲੋਕਾਈ ਨੂੰ ਐਵੇਂ ਹੀ ਬਿਨਾ ਕਾਰਨ ਪਰੇਸ਼ਾਨ ਕਰਦੇ ਹਨ। ਜਿਵੇਂ ਸ਼ੇਰ ਆਪਣਾ ਸ਼ਿਕਾਰ ਕਰਨ ਲਈ ਆਪਣੀਆਂ ਨਹੁੰਦਰਾਂ ਨੂੰ ਸਾਧਨ ਵਜੋਂ ਵਰਤਦਾ ਹੈ, ਇਸੇ ਤਰ੍ਹਾਂ ਉਸ ਸਮੇਂ ਦੇ ਰਾਜੇ ਆਪਣੇ ਅਹਿਲਕਾਰਾਂ ਨੂੰ ਲੋਕਾਈ ਉਤੇ ਜ਼ੁਲਮ ਕਰਨ ਲਈ ਇਕ ਸਾਧਨ ਵਜੋਂ ਵਰਤ ਕੇ ਪਰਜਾ ਦਾ ਸ਼ੋਸ਼ਣ ਕਰ ਰਹੇ ਹਨ। ਇਉਂ ਗੁਰੂ ਨਾਨਕ ਰਾਜਿਆਂ ਨੂੰ ਸ਼ੇਰ ਕਹਿ ਕੇ ਤੇ 'ਮੁਕਦਮਾਂ' ਨੂੰ ਕੁੱਤਿਆਂ ਦੀ ਤਸ਼ਵੀਹ ਦੇ ਕੇ ਇਹ ਦੱਸਦੇ ਹਨ ਕਿ ਇਹ ਰਾਜੇ ਸ਼ੀਹਾਂ ਵਰਗੇ ਹਨ ਜੋ ਆਪਣੇ ਮੁਕੱਦਮ ਕੁੱਤਿਆਂ ਰਾਹੀਂ ਲੋਕਾਂ ਦਾ ਲਹੂ ਪੀਂਦੇ ਹਨ। ਇਉਂ ਰਾਜਿਆਂ ਵਿਚ ਮੁਕਦਮਾਂ ਵਿਚ, ਚਾਕਰਾਂ ਵਿਚ ਇਕ ਰਿਸ਼ਤਾ ਹੈ ਤੇ ਉਹ ਰਿਸ਼ਤਾ ਦੂਜਿਆਂ ਦੀ ਰੱਤ ਪੀਣ ਵਾਲਾ ਰਿਸ਼ਤਾ ਹੈ। ਅਜਿਹੀ ਕਰੜੀ ਆਲੋਚਨਾ ਭਰੀ ਟਿੱਪਣੀ ਦੇਣ ਤੋਂ ਬਾਅਦ ਗੁਰੂ ਨਾਨਕ ਦੇਵ ਅੰਤ ਵਿਚ ਇਨ੍ਹਾਂ ਦੀ ਅੰਤਮ ਹੋਣੀ ਵੱਲ ਇਸ਼ਾਰਾ ਕਰਦੇ ਹਨ ਤੇ ਆਖਦੇ ਹਨ ਕਿ ਲੋਕਾਈ ਨੂੰ ਵਿਸਾਹ ਦੇ ਕੇ ਮਾਰਨ ਵਾਲੇ ਅਜਿਹੇ ਸ਼ਕਤੀਵਾਨ ਵਰਗਾਂ ਦਾ ਖਾਣਾ ਖਰਾਬ ਉਥੇ ਹੀ ਹੋਵੇਗਾ, ਜਿਥੇ ਇਨ੍ਹਾਂ ਨੂੰ ਕਰੜੀ ਆਲੋਚਨਾ ਦਾ ਵਿਸ਼ਾ ਬਣਾ ਕੇ ਕਰਨੀ ਦਾ ਨਿਆਂ ਹੋਵੇਗਾ। ਉਹ ਸੱਚੀ ਦਰਗਾਹ ਜਿਥੇ ਜੀਵਾਂ ਦੀ ਪਰਖ ਹੁੰਦੀ ਹੈ, ਉਥੇ ਅਜਿਹੇ ਸ਼ੋਸ਼ਣਹਾਰ ਪੜ੍ਹੇ ਹੋਏ ਬੰਦੇ ਬੇਇਤਬਾਰੇ ਸਮਝ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਦੇ ਨੱਕ-ਵੱਢ ਦਿੱਤੇ ਜਾਣਗੇ ।

ਇਸ ਅਵਸਥਾ ਉਤੇ ਪੁੱਜ ਕੇ ਗੁਰਬਾਣੀ ਦਾ ਪ੍ਰਵਚਨ ਸਪੱਸ਼ਟ ਟਿੱਪਣੀਸ਼ੀਲ ਆਲੋਚਨਾ ਦੇ ਬੋਲ ਉਚਾਰਦਾ ਵੇਖਿਆ ਜਾ ਸਕਦਾ ਹੈ। ਪਰ ਗੁਰਬਾਣੀ ਪ੍ਰਵਚਨ ਦਾ ਇਹ ਵਿਦਰੋਹ ਇਕ ਦਮ ਇਸ ਪੜਾ ਤਕ ਨਹੀਂ ਪੁਜਿਆ। ਇਸ ਪ੍ਰਵਚਨ ਦੀ ਆਪਣੀ ਇਕ ਵਿਕਾਸ-ਯਾਤਰਾ ਹੈ। ਇਸ ਪ੍ਰਵਚਨ ਦੀਆਂ ਦੋ ਧਿਰਾਂ ਹਨ। ਇਕ ਧਿਰ ਸ਼ਕਤੀਵਾਨਾਂ ਤੇ ਸੰਪਤੀਵਾਨਾਂ ਦੀ ਹਿੰਸਾਮੂਲਕ ਪ੍ਰਵਿਰਤੀ ਦੀ ਹੈ ਤੇ ਦੂਜੀ ਧਿਰ ਦਮਿਤ ਮਾਨਸਿਕਤਾ ਵਾਲੇ ਦਲਿਤ ਤੇ ਸ਼ਕਤੀਹੀਨ ਲੋਕਾਈ ਦੀ ਅਹਿੰਸਾਮੂਲਕ ਪ੍ਰਵਿਰਤੀ ਦੀ। ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਜਦੋਂ ਜਦੋਂ ਵੀ ਅਜਿਹੀ ਸਥਿਤੀ ਵਾਪਰੀ ਹੈ ਤਾਂ ਆਦਰਸ਼-ਵਾਦੀ ਸ੍ਰਿਸ਼ਟਾਚਾਰ ਦਾ ਜਨਮ ਹੋਇਆ ਹੈ ਤੇ ਅਜਿਹੇ ਆਦਰਸ਼ਵਾਦੀ ਸ੍ਰਿਸ਼ਟਾਚਾਰ ਨੇ ਜਨਮ ਦਲਿਤ ਵਰਗ ਦੀ ਦਮਿਤ ਮਾਨਸਿਕਤਾ ਵਿਚੋਂ ਹੀ ਲਿਆ ਹੈ। ਦਮਿਤ ਮਾਨਸਿਕਤਾ ਆਪਣੀਆਂ ਸੰਸਾਰਕ ਤੇ ਪਦਾਰਥਕ ਲੋੜਾਂ, ਥੋੜਾਂ ਤੇ ਮਜਬੂਰੀਆਂ ਨੂੰ ਜੇ ਕਰ ਅਹਿੰਸਵਾਦੀ ਸਬਰ, ਸੰਤੋਖ ਆਦਿ ਆਦਰਸ਼ਵਾਦੀ ਸ੍ਰਿਸ਼ਟਾਚਾਰ ਨਾਲ ਸਵੀਕਾਰ ਕਰਦੀ ਹੈ ਤਾਂ ਉਹ ਅਜਿਹਾ ਕਰ ਸਕਣ ਦੇ ਯੋਗ, ਇਸ ਆਦਰਸ਼ੀ ਸ੍ਰਿਸ਼ਟਾਚਾਰ ਦੁਆਰਾ ਹੀ ਹੁੰਦੀ ਹੈ। ਤਤਕਾਲੀ ਹਾਲਾਤ ਵਿਚ ਤਾਂ ਆਦਰਸ਼ਵਾਦੀ ਸ੍ਰਿਸ਼ਟਾਚਾਰ ਦਾ ਸਿੱਧਾ ਲਾਭ ਵੇਲੇ ਦੇ ਸ਼ਕਤੀਸ਼ਾਲੀ ਵਰਗ ਵਾਲੀ ਸਰਕਾਰ ਨੂੰ ਹੀ ਹੁੰਦਾ ਹੈ; ਕਿਉਂਕਿ ਉਨ੍ਹਾਂ ਨੂੰ ਆਪਣੀ ਰਾਜ-ਸਥਾਪਤੀ ਤੇ ਪ੍ਰਸ਼ਾਸਨੀ ਪ੍ਰਬੰਧ ਨੂੰ ਚਲਾਉਣ ਹਿੱਤ ਅਮਨ ਅਮਾਨ ਦਾ ਵਾਤਾਵਰਨ ਅਤਿ-ਅੰਤ ਲੋੜੀਂਦਾ ਹੈ। ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸ਼ਕਤੀਵਾਨਾਂ ਤੇ ਸੰਪਤੀਵਾਨਾਂ ਦੀ ਨੀਤੀ ਵਿਰੁੱਧ ਜਦ ਵੀ ਇਨਕਲਾਬੀ ਅਵਾਜ਼ ਉੱਠੀ ਹੈ, ਸ਼ਕਤੀਹੀਨ ਤੇ ਦਲਿਤ ਲੋਕਾਈ ਦੀ ਦਮਿਤ ਮਾਨਸਿਕਤਾ ਵਿਚੋਂ ਨਿਕਲੀ ਇਸੇ ਮਾਨਵਤਾ ਦੇ ਆਧਾਰ ਉਤੇ ਹੀ ਹੈ। ਇਸ ਦਾ ਭਾਵ ਇਹ ਨਹੀਂ ਕਿ ਦਮਿਤ ਭਾਵਾਂ ਵਿਚੋਂ ਉਤਪੰਨ ਹੋਇਆ ਆਦਰਸ਼ੀ ਸ੍ਰਿਸ਼ਟਾਚਾਰ ਕੇਵਲ ਆਦਰਸ਼ਵਾਦ ਦਾ ਹੀ ਪ੍ਰਚਾਰ ਕਰਦਾ ਹੈ ਅਤੇ ਪਦਾਰਥਕ ਤੇ ਸੰਸਾਰਕ ਸੁਖਾਂ ਦੀ ਪ੍ਰਾਪਤੀ ਵਲੋਂ ਬਿਲਕੁਲ ਹੀ ਲਾਪਰਵਾਹ ਹੈ। ਸਗੋਂ ਇਹ ਇਕ ਤਾਂ ਸੰਸਾਰਕ ਸੰਪਤੀ ਦੀ ਪ੍ਰਾਪਤੀ ਅਧੀਨ ਸੰਕਟ ਹੰਢਾਉਣ ਵਾਲੀ ਸਥਿਤੀ ਵਿਚ ਮਜਬੂਰਨ ਪਿਆ ਹੁੰਦਾ ਹੈ ਅਤੇ ਇਸ ਕਾਰਨ ਇਸ ਨੂੰ ਸੰਕਟ ਦਾ ਮੁਕਾਬਲਾ ਕਰਨ ਦਾ ਬਲ ਇਸੇ ਸ੍ਰਿਸ਼ਟਾਚਾਰ ਦੁਆਰਾ ਪ੍ਰਾਪਤ ਹੁੰਦਾ ਹੈ। ਅਤੇ ਦੂਸਰੀ ਗੱਲ ਇਹ ਕਿ ਇਹ ਆਪਣੀ ਇਸੇ ਸ਼ਕਤੀ ਦੇ ਆਧਾਰ ਉਤੇ ਇਕ ਭਰਵੀਂ ਮਾਨਵਤਾ ਸਿਰਜ ਲੈਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਸਰੀਰਕੱਤਾ ਤੇ ਪਦਾਰਥਕਤਾ, ਮਾਨਵਤਾ ਦੇ ਅਧੀਨ ਹੋ ਜਾਂਦੀ ਹੈ। ਅਤੇ ਇਤਿਹਾਸ ਦੇ ਕਿਸੇ ਵੀ ਬਿੰਦੂ ਉਪਰ ਉਹ ਆਪਣੀ ਅਜਿਹੀ ਮਾਨਵ ਸ਼ਕਤੀ ਨਾਲ ਹਿੰਸਾ ਦੀਆਂ ਕੀਤੀਆਂ ਵਧੀਕੀਆਂ ਵਿਰੁੱਧ ਡੱਟ ਜਾਂਦਾ ਹੈ। ਇਹ ਪ੍ਰਾਪਤੀ ਅਹਿੰਸਾਮੂਲਕ ਸਬਰ ਸੰਤੋਖ ਦੀਆਂ ਆਦਰਸ਼ਵਾਦੀ ਕੀਮਤਾਂ ਦੇ ਧਾਰਨ ਕਰਨ ਦਾ ਹੀ ਫ਼ਲ ਹੁੰਦੀ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਜਬਰ ਨੂੰ ਅੰਤਰ ਅਰਥਾਂ ਵਿਚ ਸਬਰ ਹੀ ਮਾਰਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਉਸ ਦਾ ਭਾਵ ਇਹ ਹੀ ਹੈ ਕਿ ਦਲਿਤ ਲੋਕਾਈ ਦੀ ਦਮਿਤ ਮਾਨਸਿਕਤਾ ਵਿਚ ਵਿਦਰੋਹੀ ਭਾਵਨਾ ਦੀ ਵਿਕਾਸ ਯਾਤਰਾ ਦੀ ਦਿਸ਼ਾ ਮੂਕ ਵਿਦਰੋਹ ਤੋਂ ਸਪੱਸ਼ਟ ਬੋਲ ਦੇ ਵਿਦਰੋਹ ਵੱਲ ਦੀ ਹੁੰਦੀ ਹੈ। ਬਾਬਾ ਫ਼ਰੀਦ, ਭਗਤਾਂ ਤੇ ਸੰਤਾਂ ਤੋਂ ਹੁੰਦਾ ਹੋਇਆ ਗੁਰਬਾਣੀ-ਪ੍ਰਵਚਨ ਜਦੋਂ ਗੁਰੂ ਨਾਨਕ ਤਕ ਪੁੱਜਦਾ ਹੈ ਤਾਂ ਉਹ ਇਸੇ ਪ੍ਰਕਾਰ ਦੀ ਵਿਕਾਸ ਯਾਤਰਾ ਕਰਦਾ ਹੈ।

ਗੁਰੂ ਨਾਨਕ ਦੇਵ ਦੇ ਅਵਤਾਰ ਧਾਰਨ ਤੋਂ ਪਹਿਲਾਂ ਹੀ ਮੱਧਕਾਲ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਰਾਜਨੈਤਿਕ ਪ੍ਰਬੰਧ ਸਥਾਪਿਤ ਹੋ ਚੁੱਕਾ ਸੀ। ਇਸ ਪ੍ਰਬੰਧ ਵਿਚ ਹਾਕਮ ਤੇ ਮਹਿਕੂਮ ਦੀ ਪਰਵਿਰਤੀ, ਸਭਿਆਚਾਰ ਦੇ ਅਵਚੇਤਨ ਵਿਚ ਇਸ ਤਰ੍ਹਾਂ ਪਰਵੇਸ਼ ਹੋ ਚੁੱਕੀ ਸੀ ਕਿ ਇਸ ਨੂੰ ਮਾਨਵੀ ਤਥਾ ਸਭਿਆਚਾਰਕ ਕੀਮਤ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਹ ਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਤੋਂ ਪਹਿਲਾਂ ਜਾਂ ਉਹਨਾਂ ਦੇ ਨਾਲ ਨਾਲ ਹੋਏ ਭਗਤਾਂ ਤੇ ਸੰਤਾਂ ਨੇ ਇਸ ਸਾਰੀ ਗੱਲ ਨੂੰ ਠਾਕਰ ਤੇ ਦਾਸ ਦੇ ਰਿਸ਼ਤੇ ਵਿਚ ਢਾਲ ਲਿਆ। ਜਰਵਾਣੇ ਹਾਕਮ ਦੇ ਮੁਕਾਬਲੇ ਉਪਰ ਆਪਣਾ ਠਾਕਰ ਸਿਰਜ ਲਿਆ ਅਤੇ ਇਸ ਠਾਕਰ ਦੇ ਗੁਣ ਜਿਵੇਂ ਕਿ ਗੁਰਬਾਣੀ ਸੰਕਲਿਤ ਕਰਦੀ ਹੈ, 'ਸਦ ਬਖਸਿੰਦ ਸਦਾ ਮਿਹਰਵਾਨਾ' ਦੇ ਬਣਾ ਲਏ ਤੇ ਆਪ ਪੂਰੀ ਨਿਰਮਾਣਤਾ ਸਹਿਤ ਇਸ ਦੀ ਅਧੀਨਗੀ ਨੂੰ, ਬਿਨਾਂ ਕਿਸੇ ਪ੍ਰਤੀਕਰਮ ਦੇ, ਕਬੂਲਣ ਲੱਗੇ।

ਇਸ ਸਾਰੀ ਗੱਲ ਨੂੰ ਬਾਬਾ ਫ਼ਰੀਦ, ਭਗਤਾਂ ਤੇ ਸੰਤਾਂ ਨੇ ਗੁਰਬਾਣੀ-ਪ੍ਰਵਚਨ ਦਾ ਰੂਪ ਦਿੱਤਾ। ਇਹ ਪ੍ਰਵਚਨ ਰਾਜਨੀਤਕ ਕੋਟੀਆਂ ਨੂੰ ਸਾਂਸਕ੍ਰਿਤਿਕ ਕਦਰਾਂ ਕੀਮਤਾਂ ਵਿਚ ਤਬਦੀਲ ਕਰਦਾ ਹੈ ਤੇ ਉਸ ਵਿਚੋਂ ਆਪਣੀ ਮਾਨਸਿਕਤਾ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਸੰਦੇਸ਼ ਪ੍ਰਾਪਤ ਕਰਦਾ ਹੈ। ਇਹੋ ਪ੍ਰਵਚਨ-ਸ਼ਕਤੀ ਹੈ ਜੋ ਭਾਰਤੀ ਪਰੰਪਰਾ ਦੇ ਮਰਯਾਦਾ-ਗਤ ਵਿਨਿਆਸ ਨੂੰ ਅਧਾਰ ਬਣਾ ਕੇ, ਸਮੇਂ ਦੀਆਂ ਰਾਜਨੀਤਕ ਕੋਟੀਆਂ ਨੂੰ ਸਭਿਆਚਾਰਕ ਪ੍ਰਵਚਨ ਵਿਚ ਤਬਦੀਲ ਕਰਦੀ ਹੈ ਤੇ ਇਸ ਤਰ੍ਹਾਂ ਆਪਣੇ ਸਮੇਂ ਦੇ ਥਿੜਕੇ ਤਾਲ ਨੂੰ ਕਾਇਮ ਰੱਖਣ ਦਾ ਕਾਰਜ ਕਰਦੀ ਹੈ। ਇਹ ਹੀ ਧਰਮ ਰੱਖਿਆ ਤਥਾ ਧਰਮ-ਦ੍ਰਿਸ਼ਟੀ ਹੈ। ਇਸ ਪ੍ਰਵਚਨ ਦਾ ਇਕ ਪਹਿਲੂ ਠਾਕਰ ਦੀ ਪੂਜਾ ਵਿਚ ਜੁੜਨਾ, ਉਸ ਦੀ ਤਾਬਿਆ ਵਿਚ ਬਹਿਣਾ, ਸਮਕਾਲੀ ਹਕੂਮਤ ਦੀ ਮਜਬੂਰੀ ਨਾਲ ਜੁੜਿਆ ਹੈ। ਪਰ ਇਸ ਸ੍ਰਿਸ਼ਟਾ-ਚਾਰਕ ਮੁਦਰਾ ਦੀ ਡੂੰਘੀ ਤਹਿ ਵਿਚ ਵਿਦਰੋਹ ਦੀ ਭਾਵਨਾ ਨਿਰੰਤਰ ਸਥੱਗਤ ਹੁੰਦੀ ਰਹਿੰਦੀ ਹੈ ਤੇ ਸ੍ਰਿਸ਼ਟਾਚਾਰਕ ਕੀਮਤਾਂ ਜੋ ਪ੍ਰਵਚਨ ਦੇ ਉਪਰਲੇ ਸਥਲ ਉਪਰ ਆ ਜਾਂਦੀਆਂ ਹਨ, ਇਸ ਨੂੰ ਕੱਜੀ ਰੱਖਦੀਆਂ ਹਨ। ਪਰ ਭਾਵਨਾ ਜਦੋਂ ਪ੍ਰਬਲ ਹੁੰਦੀ ਹੈ, ਉਸ ਦਾ ਵਿਦਰੋਹੀ ਸੁਰ, ਵੇਸ ਵਟਾ ਕੇ ਜ਼ਾਹਰ ਹੋ ਹੀ ਜਾਂਦਾ ਹੈ। ਉਦਾਹਰਣ ਲਈ ਅਸੀਂ ਦਮਿਤ ਮਾਨਸਿਕਤਾ ਵਿਚੋਂ ਮੂਕ ਵਿਦਰੋਹ ਦਾ ਸੁਰ ਭਗਤ ਰਵਿਦਾਸ ਦੇ ਹੇਠ ਲਿਖੇ ਪਦੇ ਵਿਚੋਂ ਸੁਣ ਸਕਦੇ ਹਾਂ:

ਬੇਗਮਪੁਰਾ ਸ਼ਹਿਰ ਕੋ ਨਾਉ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਖ ਅੰਦੋਹ ਨਹੀ ਤਿਹ ਠਾਉ ॥
ਨ ਤਸਵੀਸ ਖਿਰਾਜ ਨ ਮਾਲ ॥
ਖਉਫ ਨ ਖਤਾ ਨ ਤਰਸੁ ਜਵਾਲ ॥੧॥
ਅਬ ਮੋਹਿ ਖੂਬ ਵਤਨ ਗਹਿ ਪਾਈ ॥
ਊਹਾਂ ਖੈਰ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਸ਼ਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨ ਸਦਾ ਮਸਹੂਰ ॥
ਊਹਾ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ।
ਮਹਿਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤ ਹਮਾਰਾ ॥[71]

ਭਗਤ ਰਵਿਦਾਸ ਆਪਣੀ ਧਰਮ-ਦ੍ਰਿਸ਼ਟੀ, ਨਿਰਮਾਨਤਾ, ਸਦਭਾਵਨਾ, ਪ੍ਰੇਮ ਤੇ ਅਧਿਆਤਮਕਤਾ ਉਪਰ ਆਧਾਰਿਤ ਕਰਦਾ ਹੈ, ਪਰ ਉਸ ਦਾ ਪ੍ਰਵਚਨ ਇਹ ਸੰਦੇਸ਼ ਵੀ ਦੇਂਦਾ ਹੈ ਕਿ ਮੈਂ ਤਾਂ ਇਕ ਅਜਿਹੇ ਵਤਨ ਦਾ ਵਾਸੀ ਹਾਂ, ਜਿਥੇ ਕਿਸੇ ਤਰ੍ਹਾਂ ਦਾ ਕੋਈ ਅੰਕੁਸ਼ ਨਹੀਂ, ਕੋਈ ਹਾਕਮ ਨਹੀਂ, ਕੋਈ ਮਹਿਕੂਮ ਨਹੀਂ । ਅਵਲ ਤੇ ਦੋਇਮ ਦਰਜੇ ਦੇ ਸ਼ਹਿਰੀਆਂ ਦੀਆਂ ਕੋਈ ਕੋਟੀਆਂ ਨਹੀਂ । ਪੂਰੀ ਆਜ਼ਾਦੀ ਦਾ ਹੈ । ਕਹਿੰਦਾ ਤਾਂ ਉਹ ਇਹ ਹੈ ਕਿ ਮੈਂ ਮਾਨਸਿਕ ਤੌਰ ਉਤੇ ਇਸ ਦੇਸ਼ ਵਿਚ ਵਿਚਰਦਾ ਹਾਂ ਪਰ ਅਸਲ ਵਿਚ ਇਹ ਵਾਸਤਵਿਕ ਪ੍ਰਸਥਿਤੀਆਂ ਪ੍ਰਤੀ ਵਿਦਰੋਹ ਹੈ ਅਤੇ ਵਿਦਰੋਹ ਦਾ ਇਹ ਸੁਰ ਰਤਾ ਕੁ ਸ਼ਿਸ਼ਟਾਚਾਰ ਦੇ ਮੰਨੇ ਹੋਏ ਸੁਰ ਤੋਂ ਵੀ ਅਲੱਗ ਹੈ । ਇਵੇਂ ਲੱਗਦਾ ਹੈ ਕਿ ਇਥੇ ਵਿਦਰੋਹੀ ਭਾਵਨਾ ਸ਼ਿਸ਼ਟਾਚਾਰ ਦੇ ਪਰਦਿਆਂ ਤੋਂ ਬਾਹਰ ਝਾਕ ਰਹੀ ਹੈ । ਇਹ ਸਾਰੇ ਸ਼ਬਦ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਵਿਦਾਸ ਵਰਗੇ ਭਗਤ ਕੇਵਲ ਭਗਤੀ ਭਾਵਨਾ ਵਾਲੇ ਕਵੀ ਹੀ ਨਹੀਂ ਸਨ ਸਗੋਂ ਉਹ ਆਪਣੀ ਭਗਤੀ ਭਾਵਨਾ ਨਾਲ ਮੂਕ ਸੁਰ ਵਿਚ ਰਾਜਨੀਤਕ ਚੇਤੰਨਤਾ ਤੇ ਮਾਨਵੀ ਸੁਤੰਤਰਤਾ ਦੇ ਸੰਕਲਪ ਨੂੰ ਵੀ ਅਗ੍ਰਭੂਮਿਤ ਕਰਦੇ ਹਨ । ਇਸੇ ਤਰ੍ਹਾਂ ਦਾ ਮੂਕ ਵਿਦਰੋਹ ਦਾ ਸੁਰ ਨਾਮਦੇਵ ਦੇ ਹੇਠ ਲਿਖੇ ਪਦੇ ਵਿਚੋਂ ਵੀ ਸੁਣਿਆ ਜਾ ਸਕਦਾ ਹੈ :

ਪਾੜ ਪੜੋਸਣਿ ਪੂਛ ਲੇ ਨਾਮਾ, ਕਾ ਪਹਿ ਛਾਨਿ ਛਵਾਈ ਹੋ ॥
ਤੋ ਪਹਿ ਦੁਗਣੀ ਮਜੂਰੀ ਦੇ ਹਉ, ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥
ਰੀ ਬਾਈ ਬੇਢੀ ਦੇਨੁ ਨ ਜਾਈ ॥
ਦੇਖ ਬੇਢੀ ਰਹਿਓ ਸਮਾਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮਾਰੇ ਬੇਢੀ ਪ੍ਰਾਨ ਅਧਾਰਾ ॥੧॥ਰਹਾਉ॥

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕਊ ਛਾਨਿ ਛਵਾਵੈ ਹੋ ॥

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਜਾਈ ਹੋ ॥

ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ, ਪੂਛੇ ਕਹਨੁ ਨ ਜਾਈ ਹੋ ॥੩॥

ਬੇਢੀ ਕੇ ਗੁਣ ਸੁਨਿ ਰੀ ਬਾਈ, ਜਲਧਿ ਬਾਧਿ ਧਰੂ ਥਾਪਿਓ ਹੋ ॥

ਨਾਮੇ ਕੇ ਸੁਆਮੀ ਸੀਆ ਬਹੋਰੀ, ਲੰਕ ਭਭੀਖਣ ਅਪਿਓ ਹੋ ॥੪॥[72]

ਉਪਰੋਕਤ ਸ਼ਬਦ ਵਿਚ ਨਾਮਦੇਵ ਆਪਣੇ ਸੁਆਮੀ ਤੇ ਠਾਕੁਰ ਦੇ ਅਧਿਆਤਮਕ ਗੁਣ ਲੱਛਣਾਂ ਦੇ ਨਾਲ ਹੀ ਉਸ ਦਾ ਇਕ ਲੱਛਣ ਇਹ ਵੀ ਦਸਦਾ ਹੈ ਕਿ ਨਾਮੇ ਦਾ ਰਖਵਾਲਾ ਤੇ ਠਾਕੁਰ ਉਹ ਹੈ ਜੋ ਰਾਵਣ ਦੀ ਲੰਕਾ ਢਾਹ ਕੇ ਭਭੀਖਣ ਨੂੰ ਰਾਜ ਦਿਵਾ ਕੇ ਸੀਤਾ ਨੂੰ ਆਜ਼ਾਦ ਕਰਾ ਰਿਹਾ ਹੈ। ਪ੍ਰਵਚਨ ਵਿਚਲੀ ਅਜਿਹੀ ਭਾਵਨਾ ਦੀ ਦਲਿਤ ਵਰਗ ਦੀ ਸਾਮੰਤਵਾਦੀ ਨਜ਼ਾਮ ਪ੍ਰਤੀ ਵਿਦਰੋਹ ਦੀ ਮੂਕ ਆਵਾਜ਼ ਦਾ ਪ੍ਰਗਟਾਵਾ ਪੇਸ਼ ਕਰਦੀ ਹੈ। ਭਗਤ ਕਬੀਰ ਵਿਚ ਜਾ ਕੇ ਤਾਂ ਇਹ ਵਿਦਰੋਹ ਦਾ ਸੁਰ ਵਿਕਾਸ ਕਰਦਾ ਹੋਇਆ ਬੜਾ ਤਿੱਖਾ ਤੇ ਟਿੱਪਣੀਸ਼ੀਲ ਹੋ ਜਾਂਦਾ ਹੈ। ਭਗਤ ਕਬੀਰ ਕਹਿੰਦਾ ਹੈ :

ਕੋਊ ਹਰਿ ਸਮਾਨ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ,
ਝੂਠੇ ਕਰਤ ਦਿਵਾਜਾ ॥੧॥ਰਹਾਉ॥
ਤੇਰੋ ਜਨ ਹੋਇ ਸੋਇ ਕਤ ਡੋਲੈ,
ਤੀਨਿ ਭਵਨ ਪਰ ਛਾਜਾ ॥
ਹਾਥਿ ਪਸਾਰਿ ਸਕੈ ਕੋ ਜਨ ਕਉ,
ਬੋਲਿ ਸਕੈ ਨ ਅੰਦਾਜਾ ॥੧॥
ਚੇਤਿ ਅਚੇਤ ਮੂੜ ਮਨ ਮੇਰੇ,
ਬਾਜੇ ਅਨਹਦ ਬਾਜਾ ॥
ਕਹਿ ਕਬੀਰ ਸੰਸਾ ਭ੍ਰਮੁ ਚੂਕੋ,
ਧਰੂ ਪ੍ਰਹਿਲਾਦ ਨਿਵਾਜਾ ॥੨॥[73]

ਕਬੀਰ ਦੇ ਉਪਰੋਕਤ ਸ਼ਬਦ ਤੋਂ ਇਹ ਅਤਿਅੰਤ ਸਪੱਸ਼ਟ ਹੈ ਗੁਰਬਾਣੀ ਪ੍ਰਵਚਨ ਵਿਚ ਫਰੀਦ, ਭਗਤਾਂ, ਸੰਤਾਂ ਅਤੇ ਗੁਰੂਆਂ ਤਕ ਦੁਨਿਆਵੀ ਸ਼ਕਤੀਸੰਪੰਨ ਤੇ ਸੰਪਤੀਸੰਪੰਨਾ ਪ੍ਰਤੀ ਵਿਦਰੋਹ ਦਾ ਭਾਵਨਾ ਦਿਨੋ ਦਿਨ ਵੱਧਦੀ ਅਤੇ ਚੇਤੰਨ ਹੁੰਦੀ ਗਈ ਹੈ। ਦੁਨੀਆ ਦੇ ਰਾਜੇ ਨੂੰ ਝੂਠਾ ਪਾਤਸ਼ਾਹ ਕਹਿ ਕੇ, ਉਸ ਦੇ ਵਿਰੋਧ ਵਿਚ ਸੱਚੇ ਪਾਰਬ੍ਰਹਮ ਰਾਜੇ ਦੇ ਸੰਕਲਪ ਨੂੰ ਕਬੀਰ-ਬਾਣੀ ਜਿਹੜੇ ਅਨਹਦ ਨਾਦ ਵਿਚ ਪੇਸ਼ ਕਰਦੀ ਹੈ, ਗੁਰ-ਇਤਿਹਾਸ ਵਿਚ ਜਾ ਕੇ ਇਹੀ ਵਿਦਰੋਹੀ ਸੁਰ ਵਿਕਾਸ ਕਰਦਾ ਹੋਇਆ ਸਪੱਸ਼ਟ ਰੂਪ ਵਿਚ ਗੁਰੂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨ ਹੁਕਮਰਾਨਾਂ ਦੇ ਝੂਠੇ ਸਾਮਰਾਜਾਂ ਦੇ ਵਿਰੋਧ ਵਿਚ ਸੱਚੇ ਪਾਤਸ਼ਾਹ ਦੇ ਰੂਪ ਵਿਚ ਪੇਸ਼ ਕਰਨ ਦਾ ਸਪੱਸ਼ਟ ਬੋਲ ਅਲਾਪਦਾ ਵੇਖਿਆ ਜਾ ਸਕਦਾ ਹੈ। ਇਸ ਤਰ੍ਹਾਂ ਗੁਰਬਾਣੀ-ਪ੍ਰਵਚਨ ਵਿਚਲਾ ਵਿਦਰੋਹੀ ਸੁਰ ਮੂਕ ਵਿਦਰੋਹ ਤੋਂ ਸਪੱਸ਼ਟ ਵਿਦਰੋਹ ਵਲ ਯਾਤਰਾ ਕਰਦਾ ਵੇਖਿਆ ਜਾ ਸਕਦਾ ਹੈ।

ਉਪਰੋਕਤ ਅਧਿਐਨ ਵਿਚ ਪੇਸ਼ ਚਰਚਾ ਤੋਂ ਅਸੀਂ ਇਸ ਸਿੱਟੇ ਉਤੇ ਪੁੱਜ ਸਕਦੇ ਹਾਂ ਕਿ ਗੁਰਬਾਣੀ-ਪ੍ਰਵਚਨ ਦੀ ਵਿਕਾਸ ਯਾਤਰਾ ਵਿਚ ਗੁਰੂ ਨਾਨਕ ਦੇਵ ਦਾ ਇਕ ਅਹਿਮ ਰੋਲ ਹੈ। ਗੁਰੂ ਨਾਨਕ ਦੇਵ ਭਗਤਾਂ, ਸੰਤਾਂ ਦੇ ਗੁਰਬਾਣੀ-ਪ੍ਰਵਚਨ ਦੀ ਪਰਵਿਰਤੀ ਨੂੰ ਅਚੇਤ ਪਰਵਿਰਤੀ ਸਮਝਦੇ ਹਨ, ਇਸ ਲਈ ਉਹ ਸਮੇਂ ਦੀ ਹਕੂਮਤ ਨੂੰ ਤਾਂ ਆਪਣੇ ਦ੍ਰਿਸ਼ਟੀਸੰਪੰਨ ਪ੍ਰਤੀਉੱਤਰ ਦੀ ਪੱਧਰ ਉਤੇ ਮਿਲਦੇ ਹੀ ਹਨ, ਉਹ ਭਗਤਾਂ-ਸੰਤਾਂ ਦੇ ਸ੍ਰਿਸ਼ਟਾਚਾਰਕ ਵਤੀਰੇ ਵਾਲੇ ਪ੍ਰਵਚਨ ਨੂੰ ਵੀ ਸਾਵਧਾਨ ਹੋ ਕੇ ਮਿਲਦੇ ਹਨ। ਇਸ ਤਰ੍ਹਾਂ ਗੁਰੂ ਨਾਨਕ ਦੇਵ ਦਾ ਪ੍ਰਤੀਉੱਤਰ ਰਾਜਨੈਤਿਕਤਾ ਤੇ ਸ੍ਰਿਸ਼ਟਾਚਾਰਕਤਾ ਦੋਹਾਂ ਨੂੰ ਸਾਵਧਾਨੀ ਦੀ ਪੱਧਰ ਉਪਰ ਆਪਣੀ ਚਰਚਾ-ਪਰਿਚਰਚਾ ਦਾ ਵਿਸ਼ੇ ਬਣਾ ਕੇ ਚਲਦਾ ਹੈ। ਇਸ ਲਈ ਗੁਰੂ ਨਾਨਕ ਦੇਵ ਦੇ ਪ੍ਰਵਚਨ ਵਿਚ ਪ੍ਰਵਚਨ ਤਾਂ ਹੈ ਹੀ, ਪ੍ਰਵਚਨ-ਵਿਗਿਆਨ ਵੀ ਸ਼ਾਮਲ ਹੋ ਜਾਂਦਾ ਹੈ। ਇਸ ਪ੍ਰਵਚਨ ਤੇ ਪ੍ਰਵਚਨ-ਵਿਗਿਆਨ ਵਿਚਲਾ ਸਾਰਾ ਸੰਦੇਸ਼ ਬੜੀ ਆਸਾਨੀ ਨਾਲ ਧਰਮ ਤੇ ਧਰਮ-ਵਿਗਿਆਨ ਦੇ ਅਰਥ ਦੇ ਜਾਂਦਾ ਹੈ। ਸੋ ਸਾਡੀ ਜਾਚੇ ਗੁਰੂ ਨਾਨਕ ਦੇਵ ਧਰਮ ਦੀ ਸਥਾਪਨਾ ਵੀ ਕਰਦੇ ਹਨ ਤੇ ਧਰਮ-ਵਿਗਿਆਨ ਦੀ ਗੱਲ ਵੀ ਸਮਝਾਂਦੇ ਹਨ।

ਹਵਾਲੇ ਅਤੇ ਟਿੱਪਣੀਆਂ

1. ਭਾਈ ਵੀਰ ਸਿੰਘ, 'ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ', ਪੋਥੀ ਪਹਿਲੀ, ਪੰਨਾ 'ਅ'
2. ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਆਦਿ ਗ੍ਰੰਥ', ਪੰਨਾ 1411
3. R. N. Srivastava (Dr.), "Foreward", *Kartar Singh Duggal De Chonven Novelan Da Alochnatmak Adhayan*, P 4.
4. ਗੁਜਰੀ ਮਹਲਾ ੧. 'ਆਦਿ ਗ੍ਰੰਥ', ਪੰਨਾ 489.
5. ਮਾਝ ਕੀ ਵਾਰ. ਮਹਲਾ ੧, ਸਲੋਕ ੧, 'ਆਦਿ ਗ੍ਰੰਥ', ਪੰਨਾ 138
6. ਆਸਾ ਦੀ ਵਾਰ, ਮਹਲਾ ੧, ਆਦਿ ਗ੍ਰੰਥ', ਪੰਨਾ 462
7. ਗੌਂਡ ਮਹਲਾ ੫, 'ਆਦਿ ਗ੍ਰੰਥ', ਪੰਨਾ 864
10. **Matilal, Bimak Krishna**, '*The Word and the World*, **P. 6**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. Drever, James, *Dictionary of Psychology*, P. 204
12. Herrick, C. Judson, *The Evolution of Human Nature*, P. 55
13. Cobin, Martin, *Theory and Technique of Interpretation*, P. 192
14. Ibid., P. 192
15. Ibid., P. 23
16. Ibid., P. 192
17. Harry, S. Ashmore (ed.), *Encyclopaedia Britanica* Vol. 10 P. 370
18. Dudley, Lavinia P. (ed.), *The Encyclopedia Americana*, Vol. 12, P. 627
19. Skelton, Robin, *Poetic Pattern*, P. 33
20. Langer, S. K., *Problems of Art*, P. 15
21. Murphy, Gardner, *An Introduecion to Psychology*, P. 143
22. Ibid., P. 138
23. Ibid., P. 143
24. Read, Harbert, *The Origin of form in Art*, P. 154
25. Wood Worth, R. S,, and Schlosberg, H., *Experimental Psychology*, P. 404
26. Ibid.. 405
27. Skelton, Robin, *Poetic Pattern*, P. 34
28. Murphy, Gardner, *An Introduction to Psychology*, P. 143
29. Ibid. P. 144
30. Ibid. P. 145
31. Skelton, Robin., *Poetic Pattern*, P. 74
32. Ibid., P. 75
33. Arnheim, Rudolf., *Towards a Psychology of Art*, Pp. 236-37
34. ਤੁਖਾਰੀ ਮਹਲਾ ੧, ਬਾਰਹਮਾਹਾ, 'ਆਦਿ ਗ੍ਰੰਥ', ਪੰਨਾ 1108
35. ਰਾਮਕਲੀ ਮਹਲਾ ੧, ਸਿਧ ਗੋਸਟਿ, 'ਆਦਿ ਗ੍ਰੰਥ', ਪੰਨਾ 938
36. ਬਸੰਤ ਨਾਮਦੇਉ, 'ਆਦਿ ਗ੍ਰੰਥ', ਪੰਨਾ 1196
37. ਮਾਰੂ ਮਹਲਾ ੧, 'ਆਦਿ ਗ੍ਰੰਥ', ਪੰਨਾ 1013
38. ਗੂਜਰੀ ਮਹਲਾ ੧, 'ਆਦਿ ਗ੍ਰੰਥ', ਪੰਨਾ 505

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

39. ਮਾਲੀਗਉੜਾ ਮਹਲਾ ੫, 'ਆਦਿ ਗ੍ਰੰਥ', ਪੰਨਾ 986
40. ਧਨਾਸਰੀ ਮਹਲਾ ੫, 'ਆਦਿ ਗ੍ਰੰਥ', ਪੰਨਾ 677
41. ਬਸੰਤ ਨਾਮਦੇਵ, ਪੰਨਾ 1196
42. ਆਸਾ ਦੀ ਵਾਰ, ਮਹਲਾ ੧, ਪੰਨਾ 462
43. ਸਲੋਕ ਮਹਲਾ ੧, ਪੰਨਾ 1410
44. ਗਉੜੀ ਮਹਲਾ ੫, ਪੰਨਾ 182
45. ਧਨਾਸਰੀ ਰਵਿਦਾਸ ਜੀ, ਪੰਨਾ 694
46. ਗਉੜੀ ਮਹਲਾ, ਪੰਨਾ 225
47. ਗਉੜੀ ਕਬੀਰ, ਪੰਨਾ 340
48. ਸਿਰੀ ਰਾਗੁ ਮਹਲਾ ੧, ਪੰਨਾ 14
49. ਸੂਹੀ ਮਹਲਾ ੧, ਪੰਨਾ 752
50. ਮਾਝ ਕੀ ਵਾਰ, ਪੰਨੇ 141-42
51. ਸਿਰੀ ਰਾਗੁ ਮਹਲਾ ੩, ਪੰਨਾ 30
52. ਆਸਾ ਕੀ ਵਾਰ ਮਹਲਾ ੧, 'ਆਦਿ ਗ੍ਰੰਥ', ਪੰਨਾ 463
53. ਜਪੁ ਜੀ, 'ਆਦਿ ਗ੍ਰੰਥ', ਪੰਨਾ 1
54. ਉਹੀ, ਪੰਨਾ 1
55. ਉਹੀ, ਪੰਨਾ 3
56. ਉਹੀ,
57. ਉਹੀ, ਪੰਨਾ 7
58. ਜਪੁ ਜੀ ਪੰਨਾ 6
59. ਉਹੀ, ਪੰਨਾ 4
60. ਉਹੀ, ਪੰਨਾ 7
61. ਰਾਮਕਲੀ ਕੀ ਵਾਰ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਆਦਿ ਗ੍ਰੰਥ' ਪੰਨਾ 967
62. ਆਸਾ ਕੀ ਵਾਰ, ਸਲੋਕ ਮਹਲਾ ੧, 'ਆਦਿ ਗ੍ਰੰਥ', ਪੰਨਾ 471
63. ਉਹੀ, ਪੰਨਾ 971
64. ਸਿਰੀ ਰਾਗੁ ਮਹਲਾ ੧, 'ਆਦਿ ਗ੍ਰੰਥ', ਪੰਨਾ 15
65. ਸੁਰਜੀਤ ਹਾਂਸ, 'ਸਿਖ ਕੀ ਕਰਨ ?', ਪੰਨਾ 10
66. ਗੂਜਰੀ ਮਹਲਾ ੧, 'ਆਦਿ ਗ੍ਰੰਥ', ਪੰਨਾ 504
67. ਆਸਾ ਕੀ ਵਾਰ, ਸਲੋਕ ਮਹਲਾ ੧, 'ਆਦਿ ਗ੍ਰੰਥ', ਪੰਨੇ 462-63

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

68. ਗੁਰੂ ਨਾਨਕ ਦੇਵ, ਜਪੁ ਜੀ, 'ਆਦਿ ਗ੍ਰੰਥ', ਪੰਨਾ 1
69. ਉਹੀ,
70. ਰਾਗ ਮਲਾਰ ਕੀ ਵਾਰ, ਸਲੋਕ ਮਹਲਾ ੧ 'ਆਦਿ ਗ੍ਰੰਥ', ਪੰਨਾ 1288
71. ਗਉੜੀ ਰਵਿਦਾਸ, 'ਆਦਿ ਗ੍ਰੰਥ', ਪੰਨਾ 345
72. ਸੋਰਠਿ ਨਾਮਦੇਵ, 'ਆਦਿ ਗ੍ਰੰਥ', ਪੰਨਾ 657
73. ਬਿਲਾਵਲ ਕਬੀਰ, 'ਆਦਿ ਗ੍ਰੰਥ', ਪੰਨਾ 856

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਪੁਸਤਕ ਸੂਚੀ

ਸਾਹਿਬ ਸਿੰਘ (ਪ੍ਰੋ.), 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' (ਪੋਥੀ ਤੀਜੀ ਤੇ ਸਤਵੀਂ), ਰਾਜ ਪਬਲਿਸ਼ਰਜ਼, ਜਲੰਧਰ ।

ਸਾਹਿਬ ਸਿੰਘ (ਪ੍ਰੋ.), 'ਗੁਰਬਾਣੀ ਵਿਆਕਰਣ', ਸਿੰਘ ਬ੍ਰਦਰਜ਼, ਅੰਮ੍ਰਿਤਸਰ, 1976.

ਸੇਖੋਂ, ਸੰਤ ਸਿੰਘ, 'ਪੰਜਾਬੀ ਕਾਵਿ ਸ਼ਿਰੋਮਣੀ', ਲਾਹੌਰ ਬੁਕ ਸ਼ਾਪ, ਲੁਧਿਆਣਾ, 1964.

ਸੋਢੀ ਮਿਹਰਬਾਨ, 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', (ਸੰਪਾਦਕ ਕਿਰਪਾਲ ਸਿੰਘ), ਸਿੱਖ ਹਿਸਟਰੀ ਰਿਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ, 1962.

ਹਰਿਭਜਨ ਸਿੰਘ (ਡਾ.), 'ਅਧਿਅਨ ਤੇ ਅਧਿਆਪਨ', ਫ਼ਕੀਰ ਚੰਦ ਐਂਡ ਸੰਨਜ਼, ਅੰਮ੍ਰਿਤਸਰ, 1970.

——, 'ਮੂਲ ਤੇ ਮੁਲੰਕਣ', ਫ਼ਕੀਰ ਚੰਦ ਐਂਡ ਸੰਨਜ਼, ਅੰਮ੍ਰਿਤਸਰ, 1972.

——, 'ਪਾਰਗਾਮੀ', ਫ਼ਕੀਰ ਚੰਦ ਐਂਡ ਸੰਨਜ਼, ਅੰਮ੍ਰਿਤਸਰ, 1974.

——, 'ਪੰਜਾਬੀ ਸਮੀਖਿਆ ਸੰਸਕਾਰ', ਸਰਦਾਰ ਜੋਗਿੰਦਰ ਸਿੰਘ ਸੋਢੀ ਸਿਮਰਤੀ ਵਖਿਆਨ 1977, ਪੰਜਾਬੀ ਸਾਹਿਤ ਸਭਾ, ਦਿੱਲੀ, 1977.

——, 'ਰੂਪਕੀ', ਨਵਚੇਤਨ ਪਬਲਿਸ਼ਰਜ਼, ਘੰਟਾ ਘਰ, ਅੰਮ੍ਰਿਤਸਰ, 1976.

ਕਾਨ੍ਹ ਸਿੰਘ ਭਾਈ (ਨਾਭਾ), 'ਮਹਾਨ ਕੋਸ਼', ਭਾਸ਼ਾ ਵਿਭਾਗ, ਪਟਿਆਲਾ, 1926.

ਕਿਰਪਾਲ ਸਿੰਘ (ਸੰਤ), 'ਸੰਪਰਦਾਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ', ਦੂਜੀ ਸੈਂਚੀ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ. ਅੰਮ੍ਰਿਤਸਰ, 1970.

ਕਿਸ਼ਨ ਸਿੰਘ (ਪ੍ਰੋ.), 'ਗੁਰਬਾਣੀ ਦਾ ਸੱਚ', ਸੇਧ ਪ੍ਰਕਾਸ਼ਨ, ਨਵੀਂ ਦਿੱਲੀ, ਅਪ੍ਰੈਲ 1976.

ਗੋਪਾਲ ਸਿੰਘ (ਡਾ.), 'ਪੰਜਾਬੀ ਸਾਹਿਤ ਦਾ ਇਤਿਹਾਸ', ਜਸਵੰਤ ਪਬਲੀਕੇਸ਼ਨ, ਦਿੱਲੀ, 1952.

——, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸੇਸ਼ਤਾ', ਪੰਜਾਬੀ ਐਕਾਡਮੀ, ਦਿੱਲੀ, 1958.

——, 'ਰੋਮਾਂਚਿਕ ਪੰਜਾਬੀ ਕਵੀ', ਪੰਜਾਬੀ ਐਕਾਡਮੀ, ਦਿੱਲੀ, 1950.

ਘੁੰਮਣ, ਕਪੂਰ ਸਿੰਘ (ਸੰਪਾਦਕ), 'ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ', ਭਾਸ਼ਾ ਵਿਭਾਗ, ਪਟਿਆਲਾ, 1970.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਧ ਸਿੰਘ ਭਾਈ (ਡਾ.), 'ਗੁਰਮਤਿ ਨਿਰਣਯ', ਅਕਾਡਮੀ ਪ੍ਰੈਸ, ਪੰਜਾਬੀ ਭਵਨ, ਲੁਧਿਆਣਾ, 1962.

ਤੇਜਾ ਸਿੰਘ (ਪ੍ਰਿੰ.), 'ਸਾਹਿਤ ਦਰਸ਼ਨ', ਪ੍ਰਕਾਸ਼ ਪੁਸਤਕਾਲਾ, ਪਟਿਆਲਾ, 1951.

ਤਾਰਨ ਸਿੰਘ (ਡਾ.), 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 196?.

——, 'ਗੁਰੂ ਨਾਨਕ ਚਿੰਤਨ ਤੇ ਕਲਾ', ਨਿਊ ਬੁੱਕ ਕੰਪਨੀ, ਜਲੰਧਰ, 1969.

——, "ਭੂਮਿਕਾ", 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਮਿਹਰਬਾਨ ਲਿਖੀ ਲਿਖਵਾਈ' (ਸੰਪਾਦਕ ਕ੍ਰਿਰਪਾਲ ਸਿੰਘ), ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ, 1962.

ਤਰਲੋਕ ਸਿੰਘ ਕੰਵਰ, 'ਥਾਪਨਾ/ਉਥਾਪਨਾ', ਨੈਸ਼ਨਲ ਬੁਕ ਸ਼ਾਪ, ਦਿੱਲੀ, 1989.

——, 'ਸਭਿਆਚਾਰ ਵਿਗਿਆਨ', ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1991.

ਬਦਨ ਸਿੰਘ (ਗਯਾਨੀ), ਲੱਧਾ ਸਿੰਘ ਹਜ਼ੂਰੀ ਰਾਗੀ, ਭੂਮਿਕਾ, 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਫ਼ਰੀਦਕੋਟ ਵਾਲਾ', ਭਾਸ਼ਾ ਵਿਭਾਗ, ਪੰਜਾਬ, 1970.

ਬੁਧ ਸਿੰਘ (ਬਾਵਾ), ਹੰਸ ਚੋਗ', ਲਾਹੌਰ ਬੁੱਕ ਸ਼ਾਪ, ਲੁਧਿਆਣਾ, 1950.

ਬਲਬੀਰ ਸਿੰਘ (ਡਾ.), 'ਭੂਮਿਕਾ", 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ', ਕਰਤਾ ਵੀਰ ਸਿੰਘ (ਭਾ.), ਖਾਲਸਾ ਸਮਾਚਾਰ, ਅੰਮ੍ਰਿਤਸਰ, 1961.

ਭਾਈ ਗੁਰਦਾਸ, 'ਵਾਰਾਂ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1952.

ਭਾਈ ਮਨੀ ਸਿੰਘ, 'ਸਿੱਖਾਂ ਦੀ ਭਗਤਮਾਲਾ', ਖਾਲਸਾ ਸਮਾਚਾਰ, ਅੰਮ੍ਰਿਤਸਰ, ਸੰਨ 1966 (ਚੌਥੀ ਐਡੀਸ਼ਨ)

ਮੋਹਨ ਸਿੰਘ (ਡਾ.), 'ਜਤਿੰਦਰ ਸਾਹਿਤ ਸਰੋਵਰ', ਪ੍ਰੇਮ-ਸਾਹਿਤ ਨਿਕੇਤਨ, ਦਿੱਲੀ, 1950.

——, "ਭੂਮਿਕਾ", 'ਰੁਮਾਂਟਿਕ ਪੰਜਾਬੀ ਕਵੀ' (ਕਰਤਾ ਡਾ. ਗੋਪਾਲ ਸਿੰਘ), ਪੰਜਾਬੀ ਐਕਾਡਮੀ, ਦਿੱਲੀ, 1950.

——, 'ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼' (ਪ੍ਰਕਾਸ਼ਕ ਅਤੇ ਪ੍ਰਕਾਸ਼ਨ ਤਿੱਥੀ ਨਹੀਂ ਦਿੱਤੀ) ਭੂਮਿਕਾ, ਤਿਥੀ: 1948.

ਵੀਰ ਸਿੰਘ (ਭਾਈ), 'ਸੰਥਯਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ', ਖਾਲਸਾ ਸਮਾਚਾਰ, ਅੰਮ੍ਰਿਤਸਰ, (ਤੀਜੀ ਪੋਥੀ) 1961.

——, "ਭੂਮਿਕਾ", 'ਗੁਰਮਤਿ ਨਿਰਣੈ', ਕਰਤਾਂ ਭਾਈ ਜੋਧ ਸਿੰਘ, ਅਕਾਡਮੀ ਪ੍ਰੈਸ, ਪੰਜਾਬੀ ਭਵਨ, ਲੁਧਿਆਣਾ, ਸੰਨ 1932.

——, 'ਗੁਰੂ ਨਾਨਕ ਚਮਤਕਾਰ', ਖਾਲਸਾ ਸਮਾਚਾਰ, ਅੰਮ੍ਰਿਤਸਰ, 1973.

——, (ਸੰਪਾ.) 'ਪੁਰਾਤਨ ਜਨਮ ਸਾਖੀ', ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ, 1959.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

English

Arnheim, Rudolf, *Towards a Psychology of Art*, University of California Press, Berkeley and Los Angeles, California, 1967.

Barthes, Roland, 'To write an Intrasitive verd' from *The Languages of Criticism and the Sciences of Man—The Structuralist Controvercy* (Ed.) Richard Macksy and Eugenio Donato, The John Hopkins Press, London, 1970.

Barthes, Roland, *Critical Essays*, as quoted by Broekaman Jan M., *Structuralism* D. Reidel Publishing Company Boston, 1974.

Beardsley Monroe C., *The Possibility of Criticism* Wayne State University Press. Detroit, 1970.

Beardsley, Monroe C., *Aesthetics, Problems in the Philosophy of Criticism*, Harcourt Brace & World, Inc., New York, 1958.

Cassirer, Ernst, *An Essay on Man*, New Haven, Yale University Press, 1944.

Cobin, Martin, *Theory and Technique of Interpretation* Prentice—Hall Inc. Englewood Cliffs, N.Y. 1955.

Coleridge, Samuel Taylor, *Biographia Literaria* as quoted by (Ed.) Handy, William J., and Westbrook, Max *Twentieth Century Criticism*, The Free Press, New York 1974.

Culler, Jonathan, Linguistic Basis of Structuralism Article included in *Structuralism an Introduction* (Ed.) Robey David, Clarendon Press, Oxford, 1973.

Culler, Jonathan, *Structuralist Poetics* Routledge and kegan Paul, Londoan, 1975.

Culler Jonathan, *On Deconstruction*, Routledge and Kegan Paul, London, 1983.

Daiches, David, *Critical Approaches to Literature*, Orient Longmans, Bombay, 1967.

Dolezel, Lubomir, 'Towards a Structural Theory of Content in Prose Fiction', (Ed.) Chatman, Seymour, *Literary Style*,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

A Symposium, Oxford University Press, London, 1971.

Drever, James, *A Dictionary of Psychology*, Penguine Books 1966.

Dudley, Lavínia P., (Ed.) *The Encyclopedia Americana* Americana Corporation International Headquarters, New York, Vol. 12, 1970.

Falk, Eugene H., *Types of Thematic Structure*, The University of Chicago Press, Chicago, 1967.

Firbas, Jan, 'On the Interplay of Prosodic and Non-Prosodic Means of Functional Sentence Perspective', Article included in *The Prague School of Linquistics and Language Teachinq* Fried, V. (Ed.) Oxford University Press, London, 1972.

Fowler, Roger (Ed.), *A Dictionary of Modern Critical Terms* Routledge and Kegan Paul, Ltd, London, 1987.

Frederick, S. Perls & others, *Gestalt Therapy*, Sir Isaacpitman and Sons Ltd. London, 1951.

Frye, Northrop, *Anatomy of Criticism* Princeton University Press, Princeton, 1957.

Garvin, Paul L., (Ed.) *A Prague School Reader on Esthetics Literary Structure and syle*, Georgetown University Press, Washington, 1964.

George and Portia Kernodle, *Invitation to the Theatre* Harcourt Brace Jovanuich, Inc., New York, 1970.

Goodman, Paul *The Structure of Literature*, As quoted in *Princeton Encyclopedia of Poetry & Poetics* Ed. Preminger, Alex, Princeton University Press, Princeton, New Jersey 1965.

Gradon Pamela, *Form & Style in Early Literature*, Methuen and Co. Ltd., London, 1971.

Guilford (J.P.), *Fields of Psychology*, Affiliated East-West Press Pvt. Ltd., New Delhi, East-West Student Edition, 1968.

Guiraud, Pierre, *Semiology* (Trans.) Gross George, Routledge and Kegan Paul, London, 1975.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Hawkes, Terence, *Structuralism and Semiotics* Methuen and Co. Ltd. London, 1977

Herrick, C. Judson, *The Evolution of Human Nature*, Harper and Brothers, New York, 1966.

Howe, Reuel L., *The Miracle of Dialoque*, The Seabury Press, New York, 1963.

Kanwar, Tarlok Singh, *Symbolism in Modern Panjabi Poetry 1900-1950*, Ph. D. Thesis, Delhi University Library, 1966.

Katz, David, *Gestatalt Psychology* Methuen & Co , Ltd London, 1951.

Kohli, Surinder Singh (Dr.), *A Critical Study of Adi Granth*, The Panjabi Writers Cooperative Industrial Society Ltd., New Delhi, 1961.

Langer, S. K., *Problems of Art*, Routledge and Kegan P London, 1957

Langer, S K , *Feeling and Form* Routledge and Kegan Paul London, 1953.

Lernes, Daniel, (Ed.), *Parts & Wholes*, Seminar by: The Hayden Colloquium of the Massachesetts Institute of Technology, The Free Press of Glencol, New York, 1963.

Matilal, Bimal Krishna, *The Word and the World, India's Contribution to the Study of Language*, Oxford University Press, Delhi, 1990.

Meetham, A. R., (Ed.), *Encyclopaedia of Linguistics Information and Control*, Pergamon Press, London, 1969.

Mensikova, Antonie, 'Sentence Patterns in the Theory and Practice of Teaching the Grammar of French as a Foreign Language', Article included in *The Praque School of Linguistics and Language Teaching* Fried, V. (Ed.) Oxford University Press, London, 1972.

Morse, William C. & Wingo, G. Max, *Psychology & Teaching*, D. B. Taraporeuata Sons and Co., Pvt, Ltd., Bombay-I, 1968.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Mukarovsky, Jan, 'Standard Language and Poetic Language' Article included in *A Praque School Reader on Esthetics Literary Structure and Style*, (Ed.), Garvin, Paul L., Georgetown University Press, Washington, 1964.

Murphy, Gardner, *An Introduction to Psychology*, Oxford and IBH Publishing Co, Calcutta, (Third Indian Print), 1972.

Nagel, Ernest, 'Wholes, Sums, And Organic Unities' Article included in the, *Parts and Wholes*, (Ed.), Lerner, Daniel, The Free Press of Glencoe, New York, 1963.

Neill, John O, (Ed.), *Maurice Merleaue-Ponty Phenomenoloqy Lanquage and Sociology*, Heinemann Educational Books Ltd. London, 1974.

Preminger, Alex, (Ed.), *Princeton Encyclopedia of Poetry and poetics*, Princeton University Press, Princeton, 1965.

Ranson, John Crowe, As quoted in Wimsatt and Brooks, *Literary Criticism a Short History*, Oxford and IBH Publishing Co , New Delhi, 1964.

Read, Herbert, *The Origin of Form in Art*, Thanas and Hudson, London, 1962.

Robey, David and Jefferson Ann (Ed.), *Modern Literary* Theory, Batsford Academic and Educational, London, 1985.

Saussure, Ferdinand De, *Course in General Linguistics* (Ed.), Bally, Charles, and others, Fontana/Collins, 1974.

Saxena, S. K., *Aesthetics of Hindustani Music*, Article Published in 'Sangeet Natak' (Journal of the Sangeet Natak Akademi, New Delhi) April-June, 1973.

Shklovsky, Victor, 'Art as Technique', Article included in *Russian Formulistic Criticism, Frour Essays*, (Trans Lemon, Lee T. and Reis, Marion J., University of Nebraska Press, Lincoin, U.S.A , 1965.

Skelton, Robin, *The Practice of Poetry*, Heinemann, London, 1971.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Skelton, Robin, *Poetic Pattern*, Routledge and Kegan Paul, London, 1957.

Smith, Barbara Herrnstein, *Poetic Closure : A study of How Poems End*, The University of Chicago Press, Chicago, 1970.

S.ivastava, R. N., Foreward, 'Kartar Singh Duggal De Chonven Novelan Da Alochnatmak Adhayan' by Dr. Rajinder Kaur, Nivian Ekta Publications, Delhi, 1991.

Stolnitz, Ferame, 'The Aesthetic Attitude', Article included in the *Introduciory Readings in Aesthetics*, by Hosper, John, (Ed.), The Free Press, New York, 1969.

Tomashevskv, Boris, 'Thematics', Article included in *Russian Formalist Criticism Four Essays*, (Trans) Lemon, Lee, T., and Reis, Marion J., University of Nebraska Press, Lincoln, U.S.A., 1965.

Volosinov, V. N., *Marxism and the Philosophy of Languagc*, Seminar Press. New York, 1973.

Weinberg, Barnard, Introduction, *Types of Thematic Sturcture*, By Falk, Eugene H., The University of Chicago Press, Chicago, 1967.

Wertheimer, Max, 'Principles of perceptual Organisation', Article included in *Readings in Perception*, Edited by David, C Beardslee and Micheal, Wertheimer, Affliated East-West Press Pvt,, Ltd., New Delhi, 1970,

Wilden, Anthony, "Systam and Structure", Tavistock Publications, 1972.

8305

Wimsatt, J R. William K., and Brooks, Cleanth, *Literary Criticism : A Short History*, Oxford and IBH Publishing Co., Calcutta, 1957.

Woodworth, R. S., and Scholsberg H., *Experimental Psychology* (Revised) Oxford & IHB Publishing Co. Calcutta, 1971.

Young, Robert, *Untying the Text : A Post Structuralist Reader*, Routledge and Kegan Paul Ltd. London, 1981.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar